# ਆਲੋਚਨਾ

ਜਨਵਰੀ,
ਫ਼ਰਵਰੀ,
ਮਾਰਚ,
੧੯੬੫

ਤ੍ਰੈਮਾਹੀ

| | |
|---|---|
| ਸੁਰਿੰਦਰ ਸਿੰਘ ਨਰੂਲਾ | ਮੈਂ ਕਿਵੇਂ ਲਿਖਦਾ ਹਾਂ ? |
| ਗੁਰਦੇਵ ਸਿੰਘ | ਪੰਜਾਬੀ ਕਿੱਸਾ-ਕਾਵਿ ਵਿਚ ਪ੍ਰਕਿਰਤੀ |
| ਕੁਦਰੀਆਵਤਸੀਵ | ਪੰਜਾਬੀ ਸਾਹਿੱਤ ਤੇ ਇਤਿਹਾਸ ਨੂੰ ਜੱਟਾਂ ਦੀ ਦੇਣ |
| ਪ੍ਰੇਮ ਪ੍ਰਕਾਸ਼ ਸਿੰਘ | ਸਾਹਿੱਤਿਕ ਭਾਸ਼ਾ ਦਾ ਸਰੂਪ ਅਤੇ ਪੰਜਾਬੀ |
| ਗੁਰਬਖ਼ਸ਼ ਸਿੰਘ | ਪੰਜਾਬੀ ਭਾਸ਼ਾ ਵਿਚ ਨਾਸਿਕੀਕਰਣ |
| ਗੋਵਿੰਦ ਨਾਥ ਰਾਜਗੁਰੂ | ਯੋਗੀ ਸ਼ਿਵਨਾਥ |
| ਇੰਦਰ ਨਾਥ ਮਦਾਨ | ਮੈਥਿਲੀ ਸ਼ਰਣ ਗੁਪਤ |
| ਸੰਤ ਸਿੰਘ ਸੇਖੋਂ | ਪੱਬੀ |
| ਜੈ ਭਗਵਾਨ ਗੋਇਲ | ਨਾਨਕ ਪ੍ਰਕਾਸ਼ ਕ੍ਰਿਤ ਭਾਈ ਸੰਤੋਖ ਸਿੰਘ |
| ਹਰਿ ਭਜਨ ਸਿੰਘ | 'ਬੇੜਾ ਬੰਧ ਨ ਸਕਿਓ' ਦੀ ਆਲੋਚਨਾ |
| ਸੀਤਾ ਰਾਮ ਬਾਹਰੀ | ਪਟੀ ਮ. ੧ ਦਾ ਰਚਣ-ਕਾਲ |
| ਸਾਹਿਬ ਸਿੰਘ | ਗੁਰੂ ਨਾਨਕ ਦੇਵ ਜੀ ਦਾ ਜੀਵਨ-ਬ੍ਰਿਤਾਂਤ |

ਪੰਜਾਬੀ ਸਾਹਿੱਤ ਅਕਾਡਮੀ
ਲੁਧਿਆਣਾ

ਸੰਪਾਦਕ
ਪ੍ਰੀਤਮ ਸਿੰਘ

# ਪੰਜਾਬੀ ਸਾਹਿੱਤ ਅਕਾਡਮੀ ਦੀਆਂ ਪ੍ਰਕਾਸ਼ਨਾਂ

| | | |
|---|---|---|
| ੧. ਪੰਜਾਬ ਉੱਤੇ ਅੰਗ੍ਰੇਜ਼ਾਂ ਦਾ ਕਬਜ਼ਾ | —ਗੰਡਾ ਸਿੰਘ | ੨.੦੦ |
| ੨. ਆਦਮੀ ਦੀ ਪਰਖ | —ਸ਼ਮਸ਼ੇਰ ਸਿੰਘ ਅਸ਼ੋਕ | ੧.੫੦ |
| ੩. ਪੰਜਾਬੀ ਭਾਸ਼ਾ ਦਾ ਇਤਿਹਾਸ | —ਵਿਦਿਆ ਭਾਸਕਰ ਅਰੁਣ | ੬.੦੦ |
| ੪. ਸ੍ਰੀ ਮਦ ਭਗਵਦ ਗੀਤਾ | —ਸ਼ਮਸ਼ੇਰ ਸਿੰਘ ਅਸ਼ੋਕ | ੨.੦੦ |
| ੫. ਵਾਰ ਸ਼ਾਹ ਮੁਹੰਮਦ | —ਸੀ: ਰਾ: ਕੋਹਲੀ, ਸੇਵਾ ਸਿੰਘ | ੪.੦੦ |
| ੬. ਪ੍ਰਾਰੰਭਿਕ ਅਰਥ ਵਿਗਿਆਨ | —ਮਨੋਹਰ ਲਾਲ ਦੂਸਰ | ੬.੮੦ |
| ੭. ਅਮਰ ਜੋਤੀ | —ਗੁਰਾਂ ਦਿੱਤਾ ਖੰਨਾ | ੧.੦੦ |
| ੮. ਅੱਗ ਦੀ ਕਹਾਣੀ | —ਗੁਰਬਚਨ ਸਿੰਘ | ੧.੦੦ |
| ੯. ਖਾਧ ਖ਼ੁਰਾਕ ਤੇ ਪਾਲਣ ਪੋਸਣ | —ਕਿਸ਼ਨ ਸਿੰਘ | ੨.੫੦ |
| ੧੦. ਲੋਕ ਆਖਦੇ ਹਨ | —ਵਣਜਾਰਾ ਬੇਦੀ | ੫.੮੦ |
| ੧੧. ਪੱਛਮੀ ਆਲੋਚਨਾ ਦੇ ਸਿੱਧਾਂਤ | —ਰੋਸ਼ਨ ਲਾਲ ਆਹੂਜਾ | ੪.੦੦ |
| ੧੨. ਮੋਤੀ ਦੀ ਕਹਾਣੀ | —ਗੁਰਬਚਨ ਸਿੰਘ | ੧.੦੦ |
| ੧੩. ਜੀਵਨ ਤੰਦਾਂ | —ਖੇਮ ਸਿੰਘ ਗਰੇਵਾਲ | ੩.੭੫ |
| ੧੪. ਪਿੰਗਲ ਤੇ ਅਰੂਜ਼ | —ਜੋਗਿੰਦਰ ਸਿੰਘ | ੬.੨੫ |
| ੧੫. ਨੀਲੀ ਤੇ ਰਾਵੀ | —ਕਰਤਾਰ ਸਿੰਘ ਸ਼ਮਸ਼ੇਰ | ੫.੦੦ |
| ੧੬. ਸਖਿਆ ਕੋਸ਼ | —ਗੁਰਬਖ਼ਸ਼ ਸਿੰਘ ਕੇਸਰੀ | ੬.੫੦ |
| ੧੭. ਸ਼ਹੀਦ ਬਿਲਾਸ | —ਗਰਜਾ ਸਿੰਘ | ੩.੫੦ |
| ੧੮. ਨਵਾਂ ਚੰਨ | —ਰਾਬਿੰਦਰ ਨਾਥ ਟੈਗੋਰ | |
| ੧੯. ਮੇਰਾ ਬਚਪਨ | | ੧.੫੦ |
| ੨੦. ਟੈਗੋਰ ਕਹਾਣੀਆਂ | — ,, | ੨.੬੦ |
| ੨੧. ਦੋ ਭੈਣਾਂ | — ,, | ੩.੦੦ |
| ੨੨. ਭਾਰਤੀ ਸੰਸਕ੍ਰਿਤੀ ਦਾ ਕੇਂਦਰ | — ,, | ੨.੪੦ |
| ੨੩. ਰਾਸ਼ਟਰ ਵਾਦ | — ,, | ੧.੫੦ |
| ੨੪. ਸੁਨਹਿਰੀ ਨੌਕਾ | — ,, | ੨.੫੦ |
| ੨੫. ਟੈਗੋਰ ਡਰਾਮੇ | — ,, | ੨.੦੦ |
| ੨੬. ਉਹ | — ,, | ੨.੫੦ |
| ੨੭. ਕੌਰਵ-ਪਾਂਡਵ | — ,, | ੨.੫੦ |
| ੨੮. ਵਿਸ਼ਵ-ਪਰਿਚਯ | — ,, | ੩.੦੦ |
| ੨੯. ਚੋਣਵੇਂ ਨਿਬੰਧ | — ,, | ੨.੦੦ |
| ੩੦. ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ | — ,, | :੪੦ |
| (ਦੋ ਭਾਗ) | —ਗੰਡਾ ਸਿੰਘ | ੨੧.੦੦ |
| ੩੧. ਬੁੱਧ ਜਾਤਕ ਕਥਾਵਾਂ | | |
| ੩੨. ਭਾਰਤੀ ਕਾਵਿ-ਸ਼ਾਸਤ੍ਰ | —ਗੁਰਾਂਦਿੱਤਾ ਖੰਨਾ | ੪.੮੦ |
| ੩੩. ਧਰਤੀ ਤੇ ਆਕਾਸ਼ | —ਪ੍ਰੇਮ ਪ੍ਰਕਾਸ਼ ਸਿੰਘ | ੬.੫੦ |
| ੩੪. ਸ਼ੀਰੀਂ ਫ਼ਰਹਾਦ | —ਗੁਰਸ਼ਰਨ ਸਿੰਘ | ੩.੦੦ |
| | —ਸ਼ਮਸ਼ੇਰ ਸਿੰਘ ਅਸ਼ੋਕ | ੩.੫੦ |

*Approved for use in the Schools and Colleges of the Punjab vide D. P. I's, letter No. 3397–B–6/48–55–25796 dated July, 1955.*

ਪੰਜਾਬ ਦੇ ਜੀਵਨ ਤੇ ਚਿੰਤਨ, ਸਾਹਿੱਤ ਤੇ ਕਲਾ ਦੀ

# ਆਲੋਚਨਾ

ਜਿਲਦ : ੧੧]
ਅੰਕ : ੧]
ਜਨਵਰੀ, ਫਰਵਰੀ, ਮਾਰਚ, ੧੯੬੫
[ਕੁਲ ਅੰਕ : ੬੨

## ਲੇਖ-ਸੂਚੀ

| | | |
|---|---|---|
| | ੩ | ਸੰਪਾਦਕ ਦੀ ਦ੍ਰਿਸ਼ਟੀ ਤੋਂ |
| **ਫੁਟਕਲ ਸਮੀਖਿਆ** | | |
| ਸੁਰਿੰਦਰ ਸਿੰਘ ਨਰੂਲਾ | ੯ | ਮੈਂ ਕਿਵੇਂ ਲਿਖਦਾ ਹਾਂ ? |
| ਗੁਰਦੇਵ ਸਿੰਘ | ੨੩ | ਪੰਜਾਬੀ ਕਿੱਸਾ-ਕਾਵਿ ਵਿਚ ਪ੍ਰਕਿਰਤੀ |
| ਮ. ਕ. ਕੁਦਰੀਆਵਤਸੇਵ | ੩੬ | ਪੰਜਾਬ ਦੇ ਇਤਿਹਾਸ, ਭਾਸ਼ਾ ਤੇ ਸਾਹਿੱਤ ਨੂੰ ਜੱਟਾਂ ਦੀ ਦੇਣ |
| **ਭਾਸ਼ਾ ਵਿਗਿਆਨ** | | |
| ਪ੍ਰੇਮ ਪ੍ਰਕਾਸ਼ ਸਿੰਘ | ੪੭ | ਸਾਹਿੱਤਿਕ ਭਾਸ਼ਾ ਦਾ ਸਰੂਪ ਤੇ ਪੰਜਾਬੀ |
| ਗੁਰਬਖ਼ਸ਼ ਸਿੰਘ | ੫੭ | ਪੰਜਾਬੀ ਭਾਸ਼ਾ ਵਿਚ ਨਾਸਿਕੀਕਰਣ /ਸਚਿੱਤਰ/ |
| **ਲੇਖਕ ਪਰਿਚਯ** | | |
| ਗੋਵਿੰਦ ਨਾਥ ਰਾਜਗੁਰੂ | ੬੨ | ਯੋਗੀ ਸ਼ਿਵਨਾਥ |
| ਇੰਦਰ ਨਾਥ ਮਦਾਨ | ੬੯ | ਮੈਥਿਲੀ ਸ਼ਰਣ ਗੁਪਤ |
| ਨੂਤਨ ਮਣੀ | ੭੪ | ਗੁਪਤ ਜੀ ਦਾ ਜੀਵਨ ਤੇ ਰਚਨਾ |
| **ਪੁਸਤਕ ਵਿਚਾਰ** | | |
| ਸੰਤ ਸਿੰਘ ਸੇਖੋਂ | ੭੬ | ਪੱਬੀ /ਪ੍ਰਭਜੋਤ ਦੀ ਇਨਾਮੀ ਰਚਨਾ/ |
| ਜੈ ਭਗਵਾਨ ਗੋਇਲ | ੯੫ | ਨਾਨਕ ਪ੍ਰਕਾਸ਼ /ਕ੍ਰਿਤ ਭਾਈ ਸੰਤੋਖ ਸਿੰਘ/ |
| **ਨਮਖ ਚਿਤਵੀਐ** | | |
| ਰਿ ਭਜਨ ਸਿੰਘ | ੧੦੪ | 'ਬੇੜਾ ਬੰਧ ਨ ਸਕਿਓ' /ਸੂਹੀ ਲਲਿਤ/ |
| **ੂ ਨਾਨਕ ਚਰਚਾ** | | |
| ਰਾ ਰਾਮ ਬਾਹਰੀ | ੧੧੦ | ਪਟੀ ਮ. ੧ ਦਾ ਰਚਣ-ਕਾਲ |
| ਹਿਬ ਸਿੰਘ | ੧੨੧ | ਗੁਰੂ ਨਾਨਕ ਦੇਵ ਜੀ ਦਾ ਜੀਵਨ |

Statement about ownership and other particulars about newspaper 'THE ALOCHANA' to be published in the first issue every year after last day of February.

FORM IV
( See Rule 8 )

| | | |
|---|---|---|
| 1. | Place of publication | Ludhiana |
| 2. | Periodicity of its publication | Quarterly |
| 3. | Printer's Name<br>Nationality<br>Address | Prof. Parminder Singh M.A.<br>Indian<br>168, Model Gram, Ludhiana. |
| 4. | Publisher's Name<br>Nationality<br>Address | Prof. Parminder Singh M.A.<br>Indian<br>168, Model Gram, Ludhiana. |
| 5. | Editor's Name<br>Nationality<br>Address | Pritam Singh<br>Indian<br>Professor, Govt. College, Ludhiana. |
| 6. | Names and addresses of individuals who own the newspaper and partners or shareholders holding more than one percent of the total capital. | Panjabi Sahitya Akademi, Ludhiana. |

I, Parminder Singh M.A., hereby declare that the particulars given above are true to the best of my knowledge and belief.

Date 20—3—65

Sd/ Parminder Singh

# ਸੰਪਾਦਕ ਦੀ ਦ੍ਰਿਸ਼ਟੀ ਤੋਂ

ਆਲੋਚਨਾ ਦੇ ਨਵੇਂ ਤਿਮਾਹੀ ਰੂਪ ਦਾ ਪਹਿਲਾ ਅੰਕ ਆਪ ਦੇ ਹੱਥਾਂ ਵਿਚ ਹੈ।

ਮਾਸਿਕ ਤੋਂ ਤਿਮਾਹੀ ਕਰ ਦੇਣ ਦਾ ਫ਼ੈਸਲਾ ਪੰਜਾਬੀ ਸਾਹਿੱਤ ਅਕਾਡਮੀ ਨੇ ਇਹ ਮਹਿਸੂਸ ਕਰ ਕੇ ਕੀਤਾ ਸੀ ਕਿ ਪੰਜਾਬੀ ਦਾ ਨਵਾਂ ਸੁਸਿੱਖਿਅਤ ਪਾਠਕ, ਆਲੋਚਨਾ ਦੇ ਲੇਖਕਾਂ ਪਾਸੋਂ ਜਿਸ ਪੱਧਰ ਦੀ ਮੰਗ ਕਰਦਾ ਹੈ, ਉਸ ਨੂੰ ਹਰ ਮਹੀਨੇ ਛਪਣ ਵਾਲੇ ਪੱਤਰ ਵਿਚ, ਇਕਸਾਰ ਸਥਿਰ ਰੱਖਣਾ ਸੌਖਾ ਨਹੀਂ, ਕਿਉਂਕਿ ਅਕਾਡਮੀ ਪਾਸ. ਹੁਣ ਵਾਲੀ ਅਵਸਥਾ ਵਿਚ, ਨਾ ਲੋੜੀਂਦੀਆਂ ਸਹੂਲਤਾਂ ਹਨ, ਨਾ ਸਾਮਗ੍ਰੀ। ਖ਼ਿਆਲ ਇਹ ਸੀ ਕਿ ਤਿਮਾਹੀ ਦਾ ਵਕਫ਼ਾ ਉਪਰੋਕਤ ਸਹੂਲਤਾਂ ਦੀ ਘਾਟ ਨੂੰ ਪੂਰਨ ਵਿਚ ਸਹਾਈ ਹੋ ਸਕੇਗਾ।

ਇਹ ਤਾਂ ਸਮਾਂ ਹੀ ਦੱਸੇਗਾ ਕਿ ਪੱਧਰ-ਪ੍ਰਾਪਤੀ ਦੀ ਜਿਸ ਸੱਧਰ ਨਾਲ ਆਲੋਚਨਾ ਨੂੰ ਤਿਮਾਹੀ ਰੂਪ ਦਿੱਤਾ ਗਿਆ ਹੈ ਉਸ ਦੀ ਪੂਰਤੀ ਵਿਚ ਸੰਪਾਦਕ ਸਫਲ ਹੁੰਦਾ ਹੈ ਕਿ ਨਹੀਂ, ਪਰ ਸਾਨੂੰ ਵਿਸ਼ਵਾਸ ਹੈ ਕਿ ਹਥਲਾ ਅਕ, ਆਉਂਦੇ ਅੰਕਾਂ ਦੀ ਨੁਹਾਰ ਬਾਰੇ, ਕੁੱਝ ਨਾ ਕੁੱਝ ਸੂਚਨਾ ਜ਼ਰੂਰ ਦੇ ਸਕੇਗਾ।

ਇਸ ਅੰਕ ਦੀ ਤਰਤੀਬ ਇਸ ਤਰ੍ਹਾਂ ਹੈ ਕਿ ਪਹਿਲਾਂ ਫੁਟਕਲ ਆਲੋਚਨਾ-ਪਰਕ ਨਿਬੰਧ ਹਨ, ਉਸ ਤੋਂ ਪਿੱਛੋਂ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਲੇਖ ਹਨ, ਫੇਰ ਦੋ ਲੇਖਕਾਂ ਤੇ ਦੋ ਪੁਸਤਕਾਂ ਨੂੰ ਵਿਚਾਰ-ਅਧੀਨ ਲਿਆਂਦਾ ਗਿਆ ਹੈ। ਇਕ ਕਵਿਤਾ ਦੀ ਸਮਾਲੋਚਨਾ ਤੇ ਗੁਰੂ ਨਾਨਕ ਸਾਹਿਬ ਬਾਰੇ ਚਰਚਾ ਅੰਤ ਵਿਚ ਹੈ।

ਆਸ ਹੈ ਆਗਾਮੀ ਅੰਕਾਂ ਦੀ ਤਰਤੀਬ ਵੀ, ਥੋੜ੍ਹੇ ਬਹੁਤ ਘਾਟੇ ਵਾਧੇ ਨਾਲ, ਇਸੇ ਤਰ੍ਹਾਂ ਦੀ ਹੀ ਹੋਵੇਗੀ।

ਸਾਡੀ ਪ੍ਰਬਲ ਇੱਛਾ ਹੈ ਕਿ ਹਰ ਅੰਕ ਵਿਚ ਗੁਰੂ ਨਾਨਕ ਸਾਹਿਬ ਦੀ ਚਰਚਾ ਲਈ ਕੁੱਝ ਪੱਤਰੇ ਰਾਖਵੇਂ ਰੱਖੇ ਜਾਣ ਤਾਂ ਜੋ ਪੰਜਾਬੀ ਵਿਦਵਾਨਾਂ ਨੂੰ, ਗੁਰੂ ਸਾਹਿਬ ਦੀ ਸਹੰਸਰ-ਪੱਖੀ ਸ਼ਖ਼ਸੀਅਤ ਤੇ ਰਚਨਾ ਦੇ ਸਮਝਣ-ਸਮਝਾਉਣ ਦਾ ਮੌਕਾ ਮਿਲਦਾ ਹੀ ਰਹੇ।

ਅਸੀਂ ਆਉਂਦੇ ਅੰਕਾਂ ਵਿਚ ਇਹ ਵੀ ਜਤਨ ਕਰਾਂਗੇ ਕਿ ਪਾਠਕਾਂ ਦੀ ਪੰਜਾਬ ਦੇ ਅਣਛਪੇ ਲਿਖਤੀ ਸਾਹਿੱਤ–ਭੰਡਾਰ ਨਾਲ ਬਾਕਾਇਦਾ ਜਾਣਕਾਰੀ ਕਰਾਈ ਜਾ ਸਕੇ।

ਸ੍ਰੀ ਰੂਪਕ ਹਰਿ ਜੀ ਨੇ ਹਰ ਅੰਕ ਵਿਚ ਤਿਮਾਹੀ ਦੇ ਪੰਜਾਬੀ ਰੰਗ-ਮੰਚ ਦਾ ਸਰਵੇਖਣ ਦੇਣਾ ਮੰਨ ਲਿਆ ਹੈ ਤੇ ਡਾ: ਨੂਤਨ ਮਣੀ, ਹਿੰਦੀ ਦੇ ਸਾਹਿੱਤਕ ਖੇਤਰ ਦੀਆਂ ਸਰ–ਗਰਮੀਆ ਨਾਲ ਸਾਡੀ ਜਾਣਕਾਰੀ ਕਰਾਇਆ ਕਰਨਗੇ। ਜੇ ਹੋ ਸਕਿਆ ਤਾਂ ਅਸੀਂ ਪਾਠਕਾਂ ਨੂੰ ਭਾਰਤ ਦੀ ਹਰ ਭਾਸ਼ਾ ਦੇ ਸਾਹਿੱਤਿਕ ਅਖਾੜੇ ਦੇ ਦੁਆਲੇ ਘੁਮਾਉਣ ਦਾ ਜਤਨ ਕਰਾਂਗੇ, ਪਰ ਇਹ ਓਦੋਂ ਹੀ ਸੰਭਵ ਹੋ ਸਕੇਗਾ ਜਦੋਂ ਅਸੀਂ ਇਸ ਦਾ ਸੰਤੋਖ–ਜਨਕ ਪ੍ਰਬੰਧ ਕਰ ਸਕੇ।

ਸਾਹਿੱਤਿਕ ਪ੍ਰਕਾਰ ਦੇ ਵਿਸ਼ੇਸ਼ ਦੇਸੀ ਤੇ ਵਿਦੇਸ਼ੀ ਵਕੂਏ, ਆਲੋਚਨਾ ਦੇ ਪਾਠਕਾਂ ਨਾਲ ਸਾਂਝੇ ਕਰਨ ਦਾ ਬਾਕਾਇਦਾ ਜਤਨ ਕੀਤਾ ਜਾਵੇਗਾ; ਜਿਵੇਂ ਇਸ ਵਾਰੀ, ਸ੍ਰੀਮਤੀ ਪ੍ਰਭਜੋਤ ਕੌਰ ਜੀ ਦੀ 'ਪੱਬੀ' ਨੂੰ, ਭਾਰਤੀਯ ਸਾਹਿਤਯ ਅਕਾਡਮੀ, ਦਿੱਲੀ ਨੇ, ਰਾਸ਼ਟਰੀ ਸਨਮਾਨ ਦੇ ਯੋਗ ਮੰਨਿਆ ਹੈ (ਆਲੋਚਨਾ ਦੀ ਵਧਾਈ), ਇਸ ਲਈ ਪੁਸਤਕ ਦਾ ਇਕ ਉਚੇਚਾ ਅਧਿਐਨ ਛਾਪਿਆ ਜਾ ਰਿਹਾ ਹੈ। ਇਸੇ ਤਰ੍ਹਾਂ ਹਿੰਦੀ ਦੇ ਇਕ ਵੱਡੇ ਬਜ਼ੁਰਗ ਸ੍ਰੀ ਮੈਥਿਲੀ ਸ਼ਰਣ ਗੁਪਤ ਦੇ ਪੂਰੇ ਹੋ ਜਾਣ ਉੱਤੇ ਇਕ ਉਚੇਚੇ ਲੇਖ ਰਾਹੀਂ ਸ਼ਰਧਾਂਜਲੀ ਭੇਟ ਕੀਤੀ ਗਈ ਹੈ।

ਹੁਣ ਕੁੱਝ ਵਾਰਤਾ ਨਵੀਂ ਸੰਪਾਦਕੀ ਨੀਤੀ ਦੀਆਂ ਨੀਹਾਂ ਬਾਰੇ ਕਰਨ ਦੀ ਲੋੜ ਹੈ। ਆਸ ਹੈ ਕਿ ਪਾਠਕ ਇਸ ਨੀਤੀ ਨਾਲ ਕੇਵਲ ਸਹਿਮਤ ਹੀ ਨਹੀਂ ਹੋਣਗੇ, ਆਪਣਾ ਆਸ਼ੀਰਵਾਦ ਵੀ ਭੇਜਣਗੇ :

*ਸਾਡੀ ਨਵੀਂ ਨੀਤੀ ਦਾ ਪਹਿਲਾ ਨਿਯਮ ਇਹ ਹੋਵੇਗਾ ਕਿ ਕਿਸੇ ਵਿਰਲੇ ਲੇਖ ਨੂੰ ਛੱਡ ਕੇ ਆਲੋਚਨਾ ਵਿਚ ਛਪਣ ਲਈ ਹਰ ਲੇਖਕ ਨੂੰ ਆਪ ਸਿੱਧਾ ਪੰਜਾਬੀ ਵਿਚ ਲਿਖਣਾ ਪਿਆ ਕਰੇਗਾ। ਜੇ ਛੋਟ ਹੋਈ ਤਾਂ ਕਿਸੇ ਗ਼ੈਰ-ਪੰਜਾਬੀ ਦੀ ਹਾਲਤ ਵਿਚ ਹੀ ਹੋਵੇਗੀ, ਜਿਵੇਂ ਕਿ ਇਸ ਅੰਕ ਵਿਚ ਵੀ ਹੋਈ ਹੈ।

ਪੰਜਾਬ ਨੇ ਬੜੇ ਆਦਰ–ਯੋਗ ਤੇ ਅੰਤਰ-ਰਾਸ਼ਟਰੀ ਖਿਆਤੀ ਵਾਲੇ ਵਿਦਵਾਨਾਂ ਤੇ ਵਿਸ਼ੇਸ਼ੱਗਾਂ ਨੂੰ ਜਨਮ ਦਿੱਤਾ ਹੈ। ਪਰ ਇਨ੍ਹਾਂ ਵਿੱਚੋਂ ਕਿਸੇ ਇਕ ਨੇ ਵੀ ਆਪਣੇ ਵਿਸ਼ੇਸ਼ ਕੰਮ ਦੇ ਪ੍ਰਗਟਾਉ ਲਈ ਪੰਜਾਬੀ ਭਾਸ਼ਾ ਨੂੰ ਆਪਣਾ ਮੂਲ ਮਾਧਿਅਮ ਨਹੀਂ ਬਣਾਇਆ। ਕਾਰਣ ਕੁੱਝ ਵੀ ਹੋਣ ਵਾਕਿਆ ਇਹੀ ਹੈ ਕਿ ਨਾ ਉਨ੍ਹਾਂ ਨੇ ਇਸ ਦੀ ਕਦੀ ਲੋੜ ਹੀ ਸਮਝੀ ਹੈ ਤੇ ਨਾ ਉਨ੍ਹਾਂ ਤੋਂ ਕਦੇ ਕਿਸੇ ਨੇ ਮੰਗ ਹੀ ਕੀਤੀ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਪੰਜਾਬੀ ਮਾਵਾਂ ਦਾ ਦੁੱਧ ਪੀ ਕੇ ਵੱਡੇ ਹੋਏ, ਪੰਜਾਬੀ ਵਿਚ ਬੜੀਆਂ ਸੁਹਣੀਆਂ ਗੱਲਾਂ ਕਰਨ ਵਾਲੇ ਇਹ ਮੰਨੇ ਪਰਮੰਨੇ ਵਿਦਵਾਨ, ਆਪਣੀ ਭਾਸ਼ਾ ਤੇ ਆਪਣੇ ਲੋਕਾਂ ਲਈ, ਓਪਰੇ ਦੇ ਓਪਰੇ ਰਹਿ ਕੇ ਹੀ ਤੁਰ ਜਾਂਦੇ ਰਹੇ ਹਨ। ਅਸੀਂ ਇਸ ਵਿਸ਼ਵਾਸ਼ ਨਾਲ

ਇਹ ਨੀਤੀ ਧਾਰਨ ਕਰਨ ਲੱਗੇ ਹਾਂ ਕਿ ਕੋਈ ਸਮਾਂ ਸੀ ਜਦੋਂ ਦੁਨੀਆਂ ਦੀ ਕੋਈ ਵੀ ਭਾਸ਼ਾ ਮਨੁੱਖੀ ਅਨੁਭੂਤੀਆਂ ਜਾਂ ਗਿਆਨ ਤੇ ਵਿਗਿਆਨ ਨੂੰ ਪੂਰੀ ਤਰ੍ਹਾਂ ਵਿਅਕਤ ਕਰਨ ਦੇ ਸਮਰੱਥ ਨਹੀਂ ਸੀ ਪਰ ਜਦੋਂ ਕਿਸੇ ਵਿਦਵਾਨ ਨੇ ਉਸ ਨੂੰ ਮਾਧਿਅਮ ਬਣਾਉਣ ਦੀ ਦਲੇਰੀ ਕੀਤੀ, ਉਸ ਵਿਚ ਉੱਨਤੀ ਦੀ ਸੰਭਾਵਨਾ ਜਾਗ ਪਈ। ਹਰ ਉੱਨਤ ਭਾਸ਼ਾ ਦਾ ਇਤਿਹਾਸ ਤਕਰੀਬਨ ਇੱਕੋ ਤਰ੍ਹਾਂ ਦੇ ਰਸਤਿਆਂ ਉੱਤੋਂ ਦੀ ਲੰਘਿਆ ਹੈ ਤੇ ਹਰ ਇਕ ਬੋਲੀ ਵਿਚ ਕਿਸੇ ਦੂਜੀ ਬੋਲੀ ਵਰਗੀ ਉੱਨਤੀ ਕਰ ਲੈਣ ਦੀ ਸੰਭਾਵਨਾ ਮੌਜੂਦ ਹੁੰਦੀ ਹੈ। ਪੰਜਾਬੀ ਨੂੰ ਅਸੀਂ ਉਨ੍ਹਾਂ ਬੋਲੀਆਂ ਵਿਚ ਸ਼ਾਮਿਲ ਕਰਨ ਤੋਂ ਇਨਕਾਰ ਕਰਦੇ ਹਾਂ ਜਿਨ੍ਹਾਂ ਦੀ ਉੱਨਤੀ-ਮੁਖੀ ਅਵਸਥਾ ਬਾਰੇ ਕਿਸੇ ਤਰ੍ਹਾਂ ਦਾ ਸ਼ੱਕ ਹੋ ਸਕਦਾ ਹੈ। ਜਿਸ ਬੋਲੀ ਦਾ ਹਜ਼ਾਰ ਵਰ੍ਹੇ ਦਾ ਇਤਿਹਾਸ ਹੋਵੇ, ਹਜ਼ਾਰਾਂ ਦੀ ਗਿਣਤੀ ਵਿਚ ਲਿਖਣ ਵਾਲੇ ਹੋ ਗੁਜ਼ਰੇ ਹੋਣ ਜਾਂ ਮੌਜੂਦ ਹੋਣ ਤੇ ਕਰੋੜਾਂ ਮਨੁੱਖ ਉਸ ਨੂੰ ਆਪਣੀ ਮਾਦਰੀ ਭਾਸ਼ਾ ਮੰਨਦੇ ਹੋਣ,—ਉਸ ਬੋਲੀ ਦੀ ਸਮਰੱਥਾ ਤੇ ਸੰਭਾਵਨਾ ਬਾਰੇ ਕਦੀ ਸ਼ੱਕ ਦੀ ਗੁੰਜਾਇਸ਼ ਹੋਣੀ ਹੀ ਨਹੀਂ ਸੀ ਚਾਹੀਦੀ। ਪਜਾਬੀ ਦੀ ਪ੍ਰਗਟਾਉ-ਕੁਸ਼ਲਤਾ ਬਾਰੇ ਨਿਸਚਿੰਤ ਹੋਣ ਕਰਕੇ, ਤੇ ਆਪਣੇ ਪੰਜਾਬ ਦੇ ਵਿਦਵਾਨਾਂ ਦੀ ਯੋਗਤਾ ਉੱਤੇ ਵਿਸ਼ਵਾਸ਼ ਹੋਣ ਦੇ ਕਾਰਨ, ਅਸੀਂ ਆਲੋਚਨਾ ਵਿਚ ਛਪਣ ਵਾਲੇ ਮਜ਼ਮੂਨਾਂ ਉੱਤੇ ਸਿੱਧੇ ਪੰਜਾਬੀ ਵਿਚ ਲਿਖੇ ਹੋਣ ਦੀ ਕਰੜੀ ਸ਼ਰਤ ਲਾ ਦਿੱਤੀ ਹੈ।

ਪੰਜਾਬ ਦੇ ਜਿਨ੍ਹਾਂ ਵਿਦਵਾਨਾਂ ਨੂੰ ਅੱਗੇ ਪੰਜਾਬੀ ਵਿਚ ਲਿਖਣ ਦਾ ਉੱਕਾ ਕੋਈ ਅਭਿਆਸ ਨਹੀਂ ਸੀ, ਉਨ੍ਹਾਂ ਨੂੰ ਜਦੋਂ ਆਲੋਚਨਾ ਲਈ ਪੰਜਾਬੀ ਵਿਚ ਉਚੇਚੇ ਲੇਖ ਲਿਖ ਕੇ ਦੇਣ ਦੀ ਬੇਨਤੀ ਕੀਤੀ ਗਈ ਤਾਂ ਕਈਆਂ ਦਾ ਪਹਿਲਾ ਪ੍ਰਤਿਕਰਮ ਨਿਰਾਸ਼ਾ ਦਾ ਸੀ ਤੇ ਕਈਆਂ ਦਾ ਹੈਰਾਨੀ ਵਾਲਾ:—'ਪੰਜਾਬੀ ਵਿਚ ਤਾਂ ਸੱਚੀਂ ਮੈਂ ਕਦੀ ਲਿਖਿਆ ਹੀ ਨਹੀਂ!', ਪਰ ਪੰਜਾਬੀ ਵਿਸ਼ੇਸ਼ੱਗਾਂ ਪਾਸੋਂ, ਪੰਜਾਬੀ ਤੋਂ ਬਿਨਾਂ, ਕਿਸੇ ਹੋਰ ਭਾਸ਼ਾ ਵਿਚ ਕੋਈ ਲੇਖ ਸ੍ਵੀਕਾਰ ਕਰਨ ਤੋਂ ਪੱਕੀ ਨਾਂਹ ਕਰਨ ਦਾ ਨਤੀਜਾ ਇਹ ਹੋਇਆ ਹੈ ਕਿ ਕਈ ਮਿਹਰਬਾਨਾਂ ਨੂੰ ਸਿੱਧੇ ਪੰਜਾਬੀ ਵਿਚ ਲਿਖਣ ਦੀ ਸੰਗ ਤੋੜਨੀ ਪਈ ਹੈ। ਸਾਨੂੰ ਖ਼ੁਸ਼ੀ ਹੈ ਕਿ ਅਸੀਂ ਪਹਿਲੇ ਅੰਕ ਵਿਚ ਹੀ ਕੁੱਝ ਐਸੇ ਵਿਦਵਾਨਾਂ ਦੇ ਲੇਖ ਛਾਪ ਰਹੇ ਹਾਂ ਜਿਨ੍ਹਾਂ ਨੇ ਅੱਗੇ ਕਦੀ ਪੰਜਾਬੀ ਵਿਚ ਲਿਖਣ ਦਾ ਖ਼ਿਆਲ ਹੀ ਨਹੀਂ ਸੀ ਬਣਾਇਆ। ਜਿੱਥੇ ਅਸੀਂ ਇਨ੍ਹਾਂ ਵਿਦਵਾਨਾਂ ਦੇ ਸਹਿਯੋਗ ਲਈ ਅਤਿਅੰਤ ਰਿਣ-ਬੱਧ ਹਾਂ, ਉੱਥੇ ਸਾਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਇਹ ਤਜਰਬਾ ਇਨ੍ਹਾਂ ਦੋਸਤਾਂ ਨੂੰ ਵੀ ਕਈ ਪੱਖਾਂ ਤੋਂ ਲਾਹੇਵੰਦ ਸਾਬਤ ਹੋਵੇਗਾ।

ਸਾਨੂੰ ਭਰੋਸਾ ਹੈ ਕਿ ਆਉਂਦੇ ਅੰਕਾਂ ਲਈ ਅਸੀਂ ਇਸ ਸ਼੍ਰੇਣੀ ਦੇ ਬਹੁਤ ਸਾਰੇ ਹੋਰ ਪੰਜਾਬੀ ਵਿਦਵਾਨਾਂ ਨੂੰ ਮੂਲ ਪੰਜਾਬੀ ਵਿਚ ਲਿਖਣ ਲਈ ਪ੍ਰੇਰ ਸਕਾਂਗੇ।

** ਸਾਡੀ ਸੰਪਾਦਕੀ ਨੀਤੀ ਦਾ ਦੂਜਾ ਵੱਡਾ ਨਿਯਮ ਇਹ ਹੋਵੇਗਾ ਕਿ ਆਲੋਚਨਾ ਦੇ ਕਲਾਵੇ ਨੂੰ ਨਿਰੋਲ ਪੰਜਾਬੀ ਸਾਹਿੱਤ ਤੱਕ ਸੀਮਿਤ ਰੱਖੀ ਰੱਖਣ ਦੀ ਥਾਂ ਇਤਨਾ ਕੁ ਵਿਸ਼ਾਲ ਕਰ ਲਿਆ ਜਾਵੇ ਕਿ ਪੰਜਾਬ ਦੇ ਜੀਵਨ, ਇਤਿਹਾਸ, ਕਲਾ, ਆਦਿ ਨਾਲ ਸੰਬੰਧਿਤ ਸਭ ਵਿਸ਼ੇ ਉਸ ਦੇ ਅੰਦਰ ਸਮਾ ਜਾਣ। ਇਕ ਤਾਂ ਇਨ੍ਹਾਂ ਵਿਸ਼ਿਆਂ ਦਾ ਸਾਹਿੱਤ ਨਾਲ ਅਨਿੱਖੜ ਸੰਬੰਧ ਹੈ, ਦੂਜੇ ਪੰਜਾਬੀ ਭਾਸ਼ਾ ਤੇ ਉਸ ਦੇ ਰਾਹੀਂ ਪੰਜਾਬੀ ਪਾਠਕ ਦੇ ਦ੍ਰਿਸ਼ਟੀ-ਖੇਤਰ ਨੂੰ ਵਿਸ਼ਾਲਤਰ ਕਰਨ ਦਾ ਹੋਰ ਕੋਈ ਸੌਖੇਰਾ ਢੰਗ ਨਹੀਂ ਹੈ। ਆਖ਼ਰ ਕੀ ਕਾਰਣ ਹੈ ਕਿ ਪੰਜਾਬ ਦੇ ਪੁਰਾਤਤ੍ਵ, ਪ੍ਰਾਚੀਨ ਇਤਿਹਾਸ, ਧਰਮ, ਦਰਸ਼ਨ, ਪੁਰਾਣ, ਚਿਤਰ-ਕਲਾ, ਭਵਨ-ਉਸਾਰੀ, ਸੰਗੀਤ ਤੇ ਨਿਰਤ ਆਦਿ ਬਾਰੇ ਜਦੋਂ ਵੀ ਕੋਈ ਪੰਜਾਬੀ ਵਿਸ਼ੇਸ਼ੱਗ ਉਚੇਰੀ ਪੱਧਰ ਦੀ ਖੋਜ ਜਾਂ ਵਿਆਖਿਆ ਪੇਸ਼ ਕਰੇ ਤਾਂ ਉਸ ਦਾ ਸੁਭਾਵਿਕ ਮਾਧਿਅਮ ਅੰਗਰੇਜ਼ੀ ਜਾਂ ਹਿੰਦੀ ਹੀ ਹੋਵੇ ? ਪੰਜਾਬੀ ਦੇ ਰਿਸਾਲਿਆਂ ਵਿਚ ਜਾਂ ਤਾਂ ਇਸ ਪ੍ਰਕਾਰ ਦੇ ਵਿਸ਼ਿਆਂ ਉੱਤੇ ਮਜ਼ਮੂਨ ਅਸਲੋਂ ਛਪਦੇ ਹੀ ਨਹੀਂ ਤੇ ਜੇ ਕਦੀ ਵਰ੍ਹੇ ਛਿਮਾਹੀ ਕੋਈ ਭੁੱਲਿਆ ਭਟਕਿਆ ਛਪਦਾ ਹੈ ਤਾਂ ਉਹ ਕਿਸੇ ਹੋਰ ਭਾਸ਼ਾ ਤੋਂ ਅਨੁਵਾਦਿਤ ਹੁੰਦਾ ਹੈ।

ਅਸੀਂ ਆਲੋਚਨਾ ਰਾਹੀਂ ਇਹ ਪਿਰਤ ਪਾਉਣੀ ਚਾਹੁੰਦੇ ਹਾਂ ਕਿ ਸਾਹਿੱਤ ਨਾਲ ਸਾਕ ਰੱਖਣ ਵਾਲੇ ਹਰ ਤਰ੍ਹਾਂ ਦੇ ਵਿਸ਼ਿਆਂ ਉੱਤੇ ਪੰਜਾਬੀ ਵਿਦਵਾਨ ਮੌਲਿਕ ਮਜ਼ਮੂਨ ਤਿਆਰ ਕਰਨ।

ਡਾਕਟਰ ਮੁਲਕ ਰਾਜ ਆਨੰਦ ਨੇ 'ਮਾਰਗ' ਵਿਚ ਭਾਰਤ ਦੀਆਂ ਕਲਾ-ਸ਼ੈਲੀਆਂ ਬਾਰੇ ਕਈ ਬੜੇ ਸ਼ਾਨਦਾਰ ਮਜ਼ਮੂਨ ਲਿਖੇ ਹਨ, ਪਰ ਪੰਜਾਬੀ-ਹਿਤੈਸ਼ੀ ਹੋਣ ਦੇ ਬਾਵਜੂਦ ਭੀ ਕੀ ਉਨ੍ਹਾਂ ਨੂੰ ਇਹ ਝੁਰਨਾ ਕਦੀ ਝੁਰਿਆ ਹੈ ਕਿ ਕਲਾ ਬਾਰੇ ਕੋਈ ਗੰਭੀਰ,ਹੀ ਮੌਲਿਕ ਲੇਖ ਸਿੱਧਾ ਪੰਜਾਬੀ ਵਿਚ ਲਿਖਿਆ ਜਾਵੇ ? ਉਨ੍ਹਾਂ ਨੂੰ ਜੇ ਕਦੀ ਪੰਜਾਬੀ ਵਿਚ ਲਿਖਣ ਦੀ ਫ਼ੁਰਸਤ ਮਿਲ ਜਾਏ ਜਾਂ ਜ਼ਬਾਨੀ ਕਲਾਮੀ ਕਦੀ ਪੰਜਾਬੀ ਸ੍ਰੋਤਿਆਂ ਨਾਲ ਪੰਜਾਬੀ ਵਿਚ ਗੱਲਾਂ ਕਰਨੀਆਂ ਪੈ ਹੀ ਜਾਣ ਤਾਂ ਉਹ ਅਜੰਤਾ ਦੀਆਂ ਮੂਰਤਾਂ ਵਿਚ ਮਨੁੱਖੀ ਢਾਂਚੇ ਦੀ ਪੇਸ਼ਕਾਰੀ ਜਾਂ ਰਾਜਪੂਤ-ਕਲਾ ਵਿਚ ਵਰਤੇ ਗਏ ਰੰਗਾਂ ਦੇ ਰਸਾਇਣਿਕ ਵਿਸ਼ਲੇਸ਼ਣ ਜਾਂ ਗੁਰੂ ਗ੍ਰੰਥ ਸਾਹਿਬ ਦੀਆਂ ਕਲਮੀ ਬੀੜਾਂ ਦੀ ਸੁਨਹਿਰੀ ਹਾਸ਼ੀਆ-ਆਰਾਈ ਉੱਤੇ ਇਸਲਾਮੀ ਨੱਕਾਸ਼ੀ ਦੇ ਪ੍ਰਭਾਵ ਬਾਰੇ ਕੋਈ ਚਰਚਾ ਨਹੀਂ ਛੇੜਨਗੇ, ਸਗੋਂ ਨਿਰੋਲ ਸਾਹਿੱਤਿਕ ਜਾਂ ਰਾਜਨੀਤਿਕ ਭੱਖ-ਅਭੱਖ ਦੀ ਕਥਾ ਲੈ ਬੈਠਣਗੇ। ਅਸੀਂ ਜਾਣਦੇ ਹਾਂ ਕਿ ਕਸੂਰ ਸਾਡਾ ਪੰਜਾਬੀ ਸਰੋਤਿਆਂ ਦਾ ਹੀ ਹੋਵੇਗਾ ਪਰ ਜਿੰਨੀ ਦੇਰ ਤੱਕ ਸਾਡੇ ਵਿਦਵਾਨ ਇਹੀ ਵਾਤਾਵਰਣ ਰੱਖੀ ਰੱਖਣਗੇ ਓਨੀ ਦੇਰ ਤੱਕ ਪੰਜਾਬ ਦਾ ਸਾਂਸਕ੍ਰਿਤਿਕ ਤਲ ਉਚੇਰਾ ਹੋਣਾ ਔਖਾ ਹੈ। ਸ. ਕਪੂਰ ਸਿੰਘ, ਮੈਂਬਰ ਪਾਰਲੀਮੈਂਟ, ਡਾ. ਮਹਿੰਦਰ

ਸਿੰਘ ਰੰਧਾਵਾ, ਡਾ. ਬਹਾਦਰ ਚੰਦ ਛਾਬੜਾ, ਡਾ. ਹਰੀ ਰਾਮ ਗੁਪਤ, ਡਾ. ਕਰਮ ਸਿੰਘ ਗਿਲ, ਕ੍ਰਮਵਾਰ, ਦਰਸ਼ਨ, ਚਿਤਰ-ਕਲਾ, ਪੁਰਾਤਤ੍ਵ, ਸਿੱਖ ਇਤਿਹਾਸ ਤੇ ਅਰਥ-ਸ਼ਾਸਤਰ ਵਿਚ ਸਿਰੇ ਦੇ ਵਿਸ਼ੇਸ਼ੱਗ ਹਨ, ਪਰ ਜੇ ਉਹ ਆਪਣੀਆਂ ਵਿਸ਼ੇਸ਼ ਪ੍ਰਾਪਤੀਆਂ ਪੰਜਾਬੀ ਵਿਚ ਪੇਸ਼ ਕਰਨ ਤੋਂ ਸੰਕੋਚ ਹੀ ਕਰਦੇ ਰਹਿਣ, ਤਾਂ ਜੋ ਨੁਕਸਾਨ ਪੰਜਾਬੀ ਭਾਸ਼ਾ ਤੇ ਪੰਜਾਬੀ ਸਮਾਜ ਦਾ ਹੁੰਦਾ ਹੈ ਉਸ ਦਾ ਅਨੁਮਾਨ ਲਾਉਣਾ ਔਖਾ ਨਹੀਂ । ਇਸ ਸੰਬੰਧ ਵਿਚ ਬੰਗਲਾ, ਮਰਾਠੀ ਤੇ ਹਿੰਦੀ ਦੇ ਵਿਦਵਾਨਾਂ ਨੇ ਸਾਡੇ ਵਿਦਵਾਨਾਂ ਲਈ ਕਈ ਚੰਗੇ ਪੂਰਨੇ ਪਾਏ ਹਨ । ਉਨ੍ਹਾਂ ਤੋਂ ਸਿੱਖਣ ਦੀ ਲੋੜ ਹੈ।

ਅਸੀਂ ਆਲੋਚਨਾ ਰਾਹੀਂ, ਵਿਸ਼ੇ-ਵਸਤੂ ਦੀ ਲੋੜੀਂਦੀ ਵਿਭਿੰਨਤਾ ਲਿਆਉਣ ਦਾ ਜਤਨ ਕਰਾਂਗੇ । ਇਸ ਖੇਤਰ ਵਿਚ ਵੀ ਸਾਨੂੰ ਭਰੋਸਾ ਹੈ ਕਿ ਅਸੀਂ ਆਪਣੇ ਪ੍ਰਮੁੱਖ ਵਿਸ਼ੇਸ਼ੱਗਾਂ ਪਾਸੋਂ ਗੌਰਵ-ਭਰੇ ਮੌਲਿਕ ਲੇਖ ਤਿਆਰ ਕਰਾਉਣ ਵਿਚ ਸਫਲ ਹੋਵਾਂਗੇ । ਇਸ ਸ਼੍ਰੇਣੀ ਦਾ ਇਕ ਵਾਕਫ਼ੀ-ਭਰਪੂਰ ਲੇਖ ਪਟਿਆਲੇ ਦੇ ਸੁਰਗਵਾਸੀ ਮਹਾਰਾਜਾ ਭੂਪਿੰਦਰ ਸਿੰਘ ਜੀ ਦੇ ਪ੍ਰਸਿੱਧ ਸੰਗੀਤੱਗ ਸਪੁੱਤਰ, ਕੰਵਰ ਮ੍ਰਿਗੇਂਦ੍ਰ ਸਿੰਘ ਜੀ ਦਾ ਤਿਆਰ ਕੀਤਾ, ਅਸੀਂ ਅਗਲੇ ਅੰਕ ਵਿਚ ਛਾਪ ਰਹੇ ਹਾਂ।

***ਤੀਜਾ ਨਿਯਮ ਅਸੀਂ ਆਪਣੇ ਸਾਹਮਣੇ ਇਹ ਰੱਖਿਆ ਹੈ ਕਿ ਵਾਹ ਲਗਦੀ ਉੱਤਮ ਸ਼੍ਰੇਣੀ ਦੇ ਲੇਖ ਹੀ ਛਾਪੇ ਜਾਇਆ ਕਰਨ । ਜਿਹੜਾ ਲੇਖ, ਕਿਸੇ ਨਾ ਕਿਸੇ ਤਰ੍ਹਾਂ, ਮੌਜੂਦ ਗਿਆਨ ਦੀ ਸੀਮਾ ਨੂੰ ਅਗੇਰੇ ਲਿਜਾਂਦਾ ਹੈ, ਨਵੀਂ ਵਿਆਖਿਆ ਜਾਂ ਨਵੇਂ ਤੱਥ ਸਾਹਮਣੇ ਲਿਆਉਂਦਾ ਹੈ, ਜਾਂ ਤੱਥਾਂ ਨੂੰ ਕੇਵਲ ਨਵੇਲੀ ਤਰਤੀਬ ਦੇਣ ਵਿਚ ਹੀ ਸਫਲ ਹੁੰਦਾ ਹੈ, ਉਹ ਬੜੇ ਮਾਣ ਨਾਲ ਛਾਪਿਆ ਜਾਵੇਗਾ । ਪਰ ਜਿਨ੍ਹਾਂ ਲੇਖਾਂ ਨੂੰ ਅੰਗ੍ਰੇਜ਼ੀ ਜਾਂ ਹਿੰਦੀ ਦੀਆਂ ਟੂਕਾਂ ਦੇ ਗੌਰਵ ਨਾਲ ਹੀ ਵਜ਼ਨਦਾਰ ਬਣਾਉਣ ਜਾਂ ਅੱਗੇ ਪ੍ਰਕਾਸ਼ਿਤ ਸਾਮਗ੍ਰੀ ਨੂੰ ਆਪਣੇ ਨਾਂ ਨਾਲ ਸ਼ਿੰਗਾਰਣ ਦਾ ਚਤਰ ਜਤਨ ਕੀਤਾ ਹੁੰਦਾ ਹੈ (ਜਿਵੇਂ ਕਿ, ਅਫ਼ਸੋਸ ਹੈ ਸਾਡੀ ਅੱਜ ਦੀ ਆਲੋਚਨਾ ਵਿਚ ਆਮ ਹੋ ਰਿਹਾ ਹੈ) ਤਾਂ ਸੰਪਾਦਕ ਉਸ ਨੂੰ ਛਾਪਣ ਦੇ ਲਾਲਚ ਤੋਂ ਬਚਣ ਦੀ ਜ਼ਰੂਰ ਕੋਸ਼ਿਸ਼ ਕਰੇਗਾ ।

ਕਮਜ਼ੋਰ ਲੇਖ ਸ਼ਾਇਦ ਆਲੋਚਨਾ ਵਿਚ ਨਾ ਛਪ ਸਕਣ । ਸਾਡਾ ਜ਼ੋਰ ਇਸ ਗੱਲ ਉੱਤੇ ਲੱਗੇਗਾ ਕਿ ਮੱਧਮ ਪ੍ਰਕਾਰ ਦੇ ਲੇਖਾਂ ਲਈ ਵੀ ਆਲੋਚਨਾ ਦੀ ਉਦਾਰਤਾ ਦਾ ਘੇਰਾ ਨਿਰੰਤਰ ਸੁੰਗੜਦਾ ਜਾਵੇ ।

ਸੰਪਾਦਕ ਦਾ ਟੀਚਾ ਇਹ ਹੈ ਕਿ ਇਹ ਪਰਚਾ ਹੌਲੀ ਹੌਲੀ ਪੰਜਾਬ ਤੇ ਪੰਜਾਬੀ ਨਾਲ ਸੰਬੰਧਿਤ ਹਰ ਵਿਸ਼ੇ ਬਾਰੇ ਮੌਲਿਕ ਚਿੰਤਨ, ਮੌਲਿਕ ਵਿਆਖਿਆ ਤੇ ਮੌਲਿਕ ਖੋਜ ਜਾਂ ਸ਼ੈਲੀ ਵਾਲੇ ਉੱਚੀ ਪੱਧਰ ਦੇ ਲੇਖਾਂ ਲਈ ਰਾਖਵਾਂ ਹੋ

ਜਾਵੇ ਤਾਂ ਜੋ ਅੰਗ੍ਰੇਜ਼ੀ ਤੇ ਹਿੰਦੀ, ਆਦਿ ਤੋਂ ਨਕਲ ਜਾਂ ਨਕਲ-ਦਰ-ਨਕਲ ਵਾਲੇ ਵਹਿਣ ਨੂੰ ਠੱਲ੍ਹ ਹੀ ਨਾ ਪਵੇ ਸਗੋਂ ਇਕ ਐਸੀ ਉਲਟੀ ਧਾਰਾ ਵਗਣ ਲਗ ਪਵੇ ਕਿ ਸਾਹਿੱਤ, ਕਲਾ, ਦਰਸ਼ਨ ਜਾਂ ਇਤਿਹਾਸ ਆਦਿ ਬਾਰੇ, ਮੂਲ ਪੰਜਾਬੀ ਵਿਚ ਪੇਸ਼ ਕੀਤੀ ਖੋਜ ਜਾਂ ਵਿਆਖਿਆ ਨੂੰ, ਪ੍ਰਮਾਣ ਸਮਝ ਕੇ, ਹਿੰਦੀ ਤੇ ਅੰਗ੍ਰੇਜ਼ੀ ਵਿਚ ਅਨੁਵਾਦਿਆ ਜਾਣ ਲਗ ਪਵੇ !

ਜਿੰਨੀ ਦੇਰ ਆਲੋਚਨਾ ਭਿਸ ਟੀਚੇ ਨੂੰ ਛੋਹ ਨਹੀਂ ਲੈਂਦਾ ਸੰਪਾਦਕ ਆਪਣੀ ਘਾਲ ਨੂੰ ਸਫਲ ਨਹੀਂ ਮੰਨੇਗਾ ।

ਇਹ ਸੰਪਾਦਕ ਦਾ 'ਗਰੀਬੀ ਦਾਅਵਾ' ਹੈ ਤੇ ਇਸ ਨੂੰ ਸਿਰੇ ਚਾੜ੍ਹਨ ਲਈ ਉਹ ਹਰ ਪੰਜਾਬੀ-ਹਿਤੈਸ਼ੀ ਤੋਂ ਸਹਿਯੋਗ ਦੀ ਦਾਤ ਮੰਗਦਾ ਹੈ ।


ਸੰਤ ਸਿੰਘ ਸੇਖੋਂ ਨੂੰ ਪੰਜਾਬ ਸਰਕਾਰ ਵੱਲੋਂ ਸਨਮਾਨ ਮਿਲਣ ਦੀ ਖ਼ੁਸ਼ੀ ਵਿਚ 'ਆਲੋਚਨਾ', ਜੂਨ ਅੰਕ ਵਿਚ, ਸੁਰਿੰਦਰ ਸਿੰਘ ਨਰੂਲਾ ਦਾ

**ਸੇਖੋਂ ਦਾ ਸਰਵਾਂਗ ਮੁਲੰਕਣ**

ਪੇਸ਼ ਕਰ ਰਿਹਾ ਹੈ ।

# ਮੈਂ ਕਿਵੇਂ ਲਿਖਦਾ ਹਾਂ ?

ਸੁਰਿੰਦਰ ਸਿੰਘ ਨਰੂਲਾ

ਬਹੁਤ ਸਾਰੇ ਪਾਠਕ ਅਤੇ ਕਈ ਆਲੋਚਕ ਇਸ ਵਿਚਾਰ ਦੇ ਹਨ ਕਿ ਸਾਹਿੱਤ-ਰਚਨਾ ਕਿਸੇ ਰੱਬੀ ਪ੍ਰੇਰਣਾ ਦਾ ਸਿੱਟਾ ਹੁੰਦੀ ਹੈ। ਮੈਂ ਅਜਿਹੇ ਪਾਠਕਾਂ ਅਤੇ ਆਲੋਚਕਾਂ ਦਾ ਪੂਰਾ ਸਤਿਕਾਰ ਕਰਦਾ ਹੋਇਆ ਵੀ ਇਸ ਗੱਲ ਵਿਚ ਦ੍ਰਿੜ੍ਹ ਵਿਸ਼ਵਾਸ਼ ਰੱਖਦਾ ਹਾਂ ਕਿ ਕੇਵਲ ਰੱਬੀ ਪ੍ਰੇਰਨਾ ਸਾਹਿੱਤ-ਰਚਨਾ ਦਾ ਸਰੋਤ ਨਹੀਂ ਹੋ ਸਕਦੀ। ਕੇਵਲ ਰੱਬੀ ਪ੍ਰੇਰਨਾ ਵਿਚ ਵਿਸ਼ਵਾਸ਼ ਰੱਖਣ ਵਾਲੇ ਲੋਕ ਜਾਂ ਤਾਂ ਆਲਸ-ਮਾਰੇ ਹੁੰਦੇ ਹਨ ਜਾਂ ਮਨੋ-ਵਿਗਿਆਨ ਤੋਂ ਉੱਕਾ ਹੀ ਕੋਰੇ। ਸਾਡੇ ਮਨ ਦੀਆਂ ਅਤਰੀਵ ਤੈਹਾਂ ਵਿਚ ਅਜਿਹੀਆਂ ਕ੍ਰਿਆਵਾਂ ਹੁੰਦੀਆਂ ਹਨ, ਜਿਹੜੀਆਂ ਦੈਨਿਕ ਰੁਝੇਵਿਆਂ, ਬਾਹਰੀ ਭੁਲੇਖਿਆਂ ਜਾਂ ਝੂਠੀਆਂ-ਸੱਚੀਆਂ ਸੁਪਨ-ਦਰਸ਼ੀ ਆਸ਼ਾਵਾਂ ਦੇ ਅਧੀਨ ਕੁੱਝ ਸਮੇਂ ਲਈ ਸਿੱਥਲ ਹੋ ਜਾਂਦੀਆਂ ਹਨ, ਪਰ ਇਹ ਕਦੇ ਕਦੇ, ਸਭ ਹੱਦਾਂ ਬੰਨੇ ਤੋੜ ਕੇ, ਆਪਣੇ ਪੂਰਨ ਵੇਗ ਵਿੱਚ, ਬਾਹਰੀ ਰੂਪ ਧਾਰਨ ਕਰ ਲੈਂਦੀਆਂ ਹਨ। ਜਦੋਂ ਇਨ੍ਹਾਂ ਅਰਧ-ਚੇਤਨ ਕ੍ਰਿਆਵਾਂ ਦਾ ਬਾਹਰੀ ਰੂਪ ਇਸ ਤਰ੍ਹਾਂ ਇਕ-ਦਮ ਪ੍ਰਗਟਦਾ ਹੈ ਤਾਂ ਬਹੁਤ ਸਾਰੇ ਲੋਕ ਇਸ ਨੂੰ ਰੱਬੀ-ਪ੍ਰੇਰਣਾ ਜਾਂ ਦੈਵੀ ਅਨੁਭਵ ਸਮਝ ਲੈਂਦੇ ਹਨ। ਅਸਲ ਗੱਲ ਇਹ ਹੈ ਕਿ ਅਜਿਹੀ ਆਵੇਸ਼ਮਈ ਘੜੀ ਵੇਲੇ ਅਰਧ-ਚੇਤਨ ਮਨ ਵਿੱਚੋਂ ਕੋਈ ਫੁਰਨਾ ਵਿਅਕਤ ਹੋਣ ਨੂੰ ਤੜਪਦਾ ਹੈ ਅਤੇ ਚੇਤਨ ਮੰਡਲ ਵਿਚ ਦਾਖ਼ਲ ਹੁੰਦਾ ਹੈ, ਪਰ ਜਦੋਂ ਇਸ ਤਰ੍ਹਾਂ ਹੁੰਦਾ ਹੈ ਤਾਂ ਅਰਧ-ਚੇਤਨ ਦੇ ਪਰਛਾਵੇਂ ਫੈਲ ਕੇ ਚੇਤਨ ਦੀਆਂ ਹੱਦਾਂ ਲੰਘਦੇ ਹਨ ਅਤੇ ਕਈ ਸਾਹਿੱਤਕਾਰ ਇਨ੍ਹਾਂ ਪਰਛਾਵਿਆਂ ਨੂੰ ਰੱਬੀ ਦੂਤ ਸਮਝ ਬੈਠਦੇ ਹਨ।

ਕਾਗਜ਼, ਰੁਸ਼ਨਾਈ ਅਤੇ ਕਲਮ ਲੈ ਕੇ ਲਿਖਣ ਬੈਠਿਆਂ ਜਿਹੜਾ ਸਾਹਿੱਤਕਾਰ ਆਪਣੇ ਆਪ ਨੂੰ ਨਿਰੋਲ ਅਰਧ-ਚੇਤਨਾ ਦੇ ਹਵਾਲੇ ਕਰ ਦੇਂਦਾ ਹੈ, ਜਾਂ ਜਿਹੜਾ ਸਾਹਿਤਕਾਰ ਚੇਤਨ ਦੀ ਲੋ ਦਾ ਆਸਰਾ ਲੈਂਦਾ ਤੇ ਅਰਧ-ਚੇਤਨ ਦੇ ਪਰਛਾਵਿਆਂ

ਤੋਂ ਨੱਸਦਾ ਹੈ, ਉਹ ਆਪਣੇ ਆਪ ਨਾਲ ਵਫ਼ਾਦਾਰੀ ਨਹੀਂ ਕਰਦਾ। ਪਹਿਲਾ ਸਾਹਿੱਤਕਾਰ ਉਹਲੇ, ਪਰਦੇ, ਧੁੰਦ ਨੂੰ ਉਪਜਾਉਂਦਾ ਹੈ ਅਤੇ ਦੂਜਾ ਸਾਹਿੱਤ-ਰਚਨਾ ਦੇ ਰੂਪਕ ਪੱਖ ਦਾ ਠੱਪੇਦਾਰ ਬਣ ਜਾਂਦਾ ਹੈ। ਸਾਹਿੱਤਕਾਰ ਦਾ ਕਰਤੱਵ ਹੈ ਕਿ ਉਹ ਕਿਸੇ ਕੀਮਤ ਤੇ ਵੀ ਚੇਤਨਤਾ ਨੂੰ ਨਾ ਤਿਆਗੇ ਪਰ ਅਜਿਹਾ ਕਰਦਾ ਹੋਇਆ, ਉਹ ਅਰਧ-ਚੇਤਨਾ ਦੀਆਂ ਡੂੰਘਾਣਾਂ ਵਿਚ ਵਿਚਰ ਰਹੀਆਂ ਅਦਭੁਤ ਕ੍ਰਿਆਵਾਂ ਉੱਤੇ ਵੀ ਨਜ਼ਰ ਰੱਖੇ।

ਸਾਹਿੱਤਕਾਰੀ ਦੀ ਹਾਲਤ ਵਿਚ, ਅਰਧ-ਚੇਤਨਾ ਦੀ ਇਹ ਕ੍ਰਿਆ ਇਕ ਪਲ ਲਈ ਵੀ ਚੱਲ ਸਕਦੀ ਹੈ ਤੇ ਇਕ ਦਿਨ ਲਈ ਵੀ; ਕਈ ਮਹੀਨੇ ਵੀ ਵਾਪਰ ਸਕਦੀ ਹੈ ਤੇ ਕਈ ਸਾਲ ਵੀ।

ਚੇਤਨ ਸਾਹਿੱਤਕਾਰ ਉਹ ਹੈ, ਜਿਸ ਨੂੰ ਇਸ ਗੱਲ ਦਾ ਪਤਾ ਹੋਵੇ ਕਿ ਕਦੋਂ ਇਹ ਕ੍ਰਿਆ ਆਪਣੇ ਵਿਕਾਸ ਦੀ ਚਰਮ-ਸੀਮਾ ਉੱਤੇ ਪੁੱਜ ਕੇ ਮੁੜ ਅਰਧ-ਚੇਤਨ ਦੇ ਰਸਾਤਲ ਵੱਲ ਮੁੜਨ ਲੱਗੀ ਹੈ ਅਤੇ ਇਸ ਪ੍ਰਕਾਰ ਦੀ ਪ੍ਰਤਿਕ੍ਰਿਆ ਤੋਂ ਪਹਿਲਾਂ ਹੀ ਸਾਹਿੱਤਕਾਰ ਨੂੰ ਚਾਹੀਦਾ ਹੈ ਕਿ ਆਪਣੀ ਚੇਤਨਤਾ ਦੀ ਨਿਕਾਸ-ਪ੍ਰਣਾਲੀ ਦੇ ਪਟ ਖੋਲ੍ਹ ਦੇਵੇ ਤਾਂ ਜੋ ਅਰਧ-ਚੇਤਨ ਦੀਆਂ ਇਹ ਲਹਿਰਾਂ ਮੁੜ ਅਰਧ-ਚੇਤਨ ਵਿਚ ਗੁੰਮ ਨਾ ਹੋ ਜਾਣ ਜਾਂ ਦੈਨਿਕ ਕ੍ਰਿਆਵਾਂ ਦੀਆਂ ਹੱਦਾਂ ਨੂੰ ਲੰਘ ਕੇ ਸਮਾਜ ਦੀ ਨਿਸ਼ਕਰਮ, ਅਸਿਰਜਨਾਤਮਕ ਧਰਤੀ ਵਿਚ ਲੋਪ ਨਾ ਹੋ ਜਾਣ। ਮੈਂ ਇਹ ਸਮਝਦਾ ਹਾਂ ਕਿ ਅਦਭੁਤ ਸਾਹਿੱਤਕਾਰ ਅਤੇ ਸਾਧਾਰਣ ਸਾਹਿੱਤਕਾਰ ਵਿਚ ਇਹੋ ਹੀ ਅੰਤਰ ਹੈ ਕਿ ਪਹਿਲੇ ਨੂੰ ਫ਼ੈਸਲੇ ਦੀ ਇਸ ਘੜੀ ਦਾ ਪਤਾ ਹੁੰਦਾ ਹੈ ਤੇ ਦੂਜਾ ਇਸ ਘੜੀ ਤੋਂ ਖੁੰਝ ਕੇ ਕੇਵਲ ਨਮੂਨਿਆਂ ਦੀ ਤਲਾਸ਼ ਵਿਚ ਰਹਿੰਦਾ ਹੈ। ਇਹ ਨਮੂਨਾ ਵਿਸਕੀ-ਸੋਡਾ, ਕੋਈ ਸੱਚ ਮੁੱਚ ਦੀ ਜਾਂ ਸੁਪਨ-ਦੇਸ਼ ਦੀ ਸੁੰਦਰੀ, ਕਾਫ਼ੀ ਦਾ ਪਿਆਲਾ, ਸਿਗਰਟ ਦਾ ਸੂਟਾ, ਜਾਂ ਕਿਸੇ ਦੀਰਘ ਮਾਨਸਿਕ ਰੋਗ ਤੋਂ ਉਪਜੀ ਟੁੰਬ ਹੋ ਸਕਦੀ ਹੈ।

ਮੈਂ ਹਮੇਸ਼ਾਂ ਇਸ ਗੱਲ ਦੀ ਕੋਸ਼ਿਸ਼ ਕੀਤੀ ਹੈ ਕਿ ਆਪਣੇ ਅਰਧ-ਚੇਤਨ ਦੀ ਕ੍ਰਿਆ ਦੇ ਵਿਕਾਸ ਦੀ ਇਸ ਚਰਮ-ਸੀਮਾ ਦੀ ਉਡੀਕ ਵਿਚ ਰਹਾਂ ਅਤੇ ਜਦੋਂ ਵੀ ਇਹ ਘੜੀ ਆਵੇ, ਪੂਰਨ ਹੋਸ਼ ਹਵਾਸ ਵਿਚ ਆਪਣੇ ਆਪ ਨੂੰ ਵਿਅਕਤ ਕਰਾਂ ਅਤੇ ਮੇਰੀ ਅਰਧ-ਚੇਤਨਾ ਕਿਸੇ ਕ੍ਰਿਆਵੀ ਵਿਕਾਸ ਹੋਣ ਤੋਂ ਪਹਿਲਾਂ ਹੀ ਨਿਰਾਰਥ ਦਲਦਲ ਵਿਚ ਫਸ ਕੇ ਨਾ ਰਹਿ ਜਾਏ।

ਹੁਣ ਸਵਾਲ ਇਹ ਉੱਠਦਾ ਹੈ ਕਿ ਅਰਧ-ਚੇਤਨ ਵਿਚ ਕ੍ਰਿਆ ਦਾ ਆਰੰਭ ਕਿਸ ਤਰ੍ਹਾਂ ਹੁੰਦਾ ਹੈ ਅਤੇ ਕੀ ਇਸ ਕ੍ਰਿਆ ਦੇ ਵਿਕਾਸ-ਪੜਾਵਾਂ ਦਾ ਕਿਸੇ ਪ੍ਰਕਾਰ ਨਿਰਣਾ ਕੀਤਾ ਜਾ ਸਕਦਾ ਹੈ ? ਮੈਂ ਹਮੇਸ਼ਾਂ ਹੀ ਆਪਣੀਆਂ ਇਨ੍ਹਾਂ ਮਾਨਸਿਕ ਕ੍ਰਿਆਵਾਂ ਤੋਂ ਜਾਣੂੰ ਰਿਹਾ ਹਾਂ।

ਜਿਹਾ ਕਿ ਮੇਰੇ ਆਮ ਪਾਠਕ ਜਾਣਦੇ ਹਨ, ਮੈਂ ਆਪਣੇ ਬਹੁਤੇ ਨਾਵਲ, ਫ਼ਰੀਦਕੋਟ ਦੇ ਸਰਕਾਰੀ ਕਾਲਜ ਨਾਲ ਸੰਬੰਧ ਦੇ ਜੀਵਨ-ਕਾਲ ਵਿਚ ਲਿਖੇ ਹਨ। ਮੈਂ ਕਾਲਜ ਵਿਚ ਪੜ੍ਹਾਉਣ ਦਾ ਕਿੱਤਾ ਕਰਦਾ ਹਾਂ ਅਤੇ ਇਸ ਕਾਰਨ ਮੈਨੂੰ ਸਾਲ ਵਿਚ ਗਰਮੀਆਂ, ਸਰਦੀਆਂ, ਅਤੇ ਬਸੰਤ ਰੁੱਤ ਦੀਆਂ ਲੰਮੀਆਂ ਛੁੱਟੀਆਂ ਹੁੰਦੀਆਂ ਹਨ। ਮੈਂ ਇਹ ਛੁੱਟੀਆਂ ਅਕਸਰ ਸੈਲ-ਸਪਾਟੇ ਵਿਚ ਬਿਤਾਉਂਦਾ ਹਾਂ ਅਤੇ ਇਸ ਤਰ੍ਹਾਂ ਆਮ ਲੋਕਾਂ ਨਾਲ ਇਕ ਪ੍ਰਕਾਰ ਦਾ ਵਿਸ਼ਾਲ ਸੰਪਰਕ ਪ੍ਰਾਪਤ ਕਰਨ ਵਿਚ ਸਫਲ ਹੁੰਦਾ ਹਾਂ, ਪਰ ਅੱਡ ਅੱਡ ਥਾਵਾਂ ਦਾ ਰਟਨ ਕਰਨ ਪਿੱਛੋਂ ਮੈਂ ਕੁੱਝ ਸਮਾਂ ਆਪਣੇ ਜੱਦੀ ਸ਼ਹਿਰ ਅੰਮ੍ਰਿਤਸਰ ਵਿਚ ਬਿਤਾਉਂਦਾ ਰਿਹਾ ਹਾਂ। ਹੁਣ ਤੱਕ ਮੇਰਾ ਛੁੱਟੀਆਂ ਦਾ ਪ੍ਰੋਗਰਾਮ ਸਦਾ ਇਹੋ ਹੀ ਰਿਹਾ ਹੈ। ਇਸ ਸੈਲ-ਸਪਾਟੇ ਵਿਚ, ਮੈਂ ਹਜ਼ਾਰਾਂ ਲੋਕਾਂ ਦੇ ਚਿਹਰੇ ਮੁਹਰੇ ਘੋਖੇ ਹਨ, ਉਨ੍ਹਾਂ ਦੇ ਵਾਕੰਸ਼ਾਂ ਨੂੰ ਆਪਣੀ ਯਾਦ-ਸ਼ਕਤੀ ਨਾਲ ਜੀਉਂਦਿਆਂ ਰੱਖਣ ਦਾ ਜਤਨ ਕੀਤਾ ਹੈ, ਕਿਤੇ ਸਾਧਾਰਣ ਵਾਕ ਦੀਆਂ ਅਸਾਧਾਰਣ ਸੰਭਾਵਨਾਵਾਂ ਬਾਰੇ ਵਿਚਾਰ ਕੀਤਾ ਹੈ। ਕਿਸੇ ਦੀਆਂ ਅੱਖਾਂ, ਕਿਸੇ ਦਾ ਮੂੰਹ ਮੱਥਾ, ਕਿਸੇ ਦੀ ਗਰਦਨ ਦੀ ਨੁਹਾਰ, ਕਿਸੇ ਦੇ ਹੱਥ ਦਾ ਉਲਾਰ, ਕਿਸੇ ਦੀ ਚਾਲ ਢਾਲ, ਕਿਸੇ ਦੀ ਦੰਦਾਂ ਦੀ ਬੀੜ, ਕਿਸੇ ਦੀ ਗੱਲ੍ਹ ਦਾ ਤਿਲ, ਅਜਿਹੇ ਅਜੀਬ ਢੰਗ ਨਾਲ ਮੇਰੇ ਅੱਡ ਅੱਡ ਪਾਤਰਾਂ ਦੇ ਚਿਹਰੇ ਮੁਹਰੇ ਦਾ ਹਿੱਸਾ ਬਣਦੇ ਹਨ ਕਿ ਮੈਂ ਹੈਰਾਨ ਰਹਿ ਜਾਂਦਾ ਹਾਂ। ਕਦੇ ਕਦੇ ਕੋਈ ਘਟਨਾ ਵਾਪਰਦੀ ਹੈ, ਜਿਹੜੀ ਮੇਰੇ ਅਰਧ-ਚੇਤਨ ਨੂੰ ਹੰਗਾਲਦੀ ਰਹਿੰਦੀ ਹੈ ਅਤੇ ਜਿੰਨਾ ਚਿਰ ਮੈਂ ਉਸ ਨੂੰ ਵਿਅਕਤ ਨਹੀਂ ਕਰਦਾ, ਮੇਰੀ ਮਾਨਸਿਕ ਅਤੇ ਸਥੂਲ ਕਾਇਆ ਦੀ ਛਬ ਅਨੋਖੀ ਹੀ ਰਹਿੰਦੀ ਹੈ।

ਮੈਂ ਆਪਣਾ ਪਹਿਲਾ ਨਾਵਲ 'ਪਿਉ ਪੁੱਤਰ' ੧੯੪੪ ਵਿਚ ਲਿਖਿਆ। ਇਹ ਅਮ੍ਰਿਤਸਰ ਬਾਰੇ ਮੇਰਾ ਪਹਿਲਾ ਨਾਵਲ ਸੀ, ਪਰ ਬੀਜ ਰੂਪ ਵਿਚ ਇਸ ਨਾਵਲ ਦਾ ਜਨਮ ੧੯੩੮ ਵਿਚ ਹੋ ਚੁੱਕਾ ਸੀ। ਉਸ ਸਾਲ ਅਮ੍ਰਿਤਸਰ ਵਿਚ ਬੜੀ ਵਰਖਾ ਹੋਈ ਸੀ ਅਤੇ ਸਾਡੇ ਜੱਦੀ ਮਕਾਨ ਦੀ ਹੇਠਲੀ ਛੱਤ ਦੀਆਂ ਨਾਨਕਸ਼ਾਹੀ ਇੱਟਾਂ ਢਹਿ ਗਈਆਂ ਸਨ। ਹੇਠਲੀ ਕੋਠੜੀ ਵਿੱਚੋਂ ਸਾਮਾਨ ਕੱਢਦਿਆਂ ਮੇਰੇ ਸੁਰਗਵਾਸੀ ਪਿਤਾ ਜੀ ਨੇ ਆਖਿਆ, "ਕਾਕਾ, ਇਹ ਸਭ ਚੀਜ਼ਾਂ ਮੇਰੇ ਨਾਨੇ ਦੀਆਂ ਨੇ, ਮੈਂ ਉਨ੍ਹਾਂ ਕੋਲੋਂ ਹਕੀਮੀ ਦਾ ਕੰਮ ਸਿੱਖਿਆ ਸੀ।" ਮੈਂ ਪੁਰਾਣੀਆਂ ਕੜਾਹੀਆਂ, ਤਸਲਿਆਂ, ਕਾੜ੍ਹਨੀਆਂ, ਆਦਿ ਵੱਲ ਹੈਰਾਨੀ ਨਾਲ ਵੇਖਿਆ ਤੇ ਚੁੱਪ ਕਰ ਗਿਆ। ਫੇਰ ਥੋੜ੍ਹੇ ਦਿਨਾਂ ਪਿੱਛੋਂ ਮੇਰੀ ਭੂਆ ਨੇ, ਜਾਂ ਕਿਸੇ ਹੋਰ ਨੇ, ਮੈਨੂੰ ਕੋਠੜੀ ਵਿਚੋਂ ਸੱਪ ਦੇ ਨਿਕਲਣ ਦੀ ਗੱਲ ਸੁਣਾਈ। 'ਪਿਉ ਪੁੱਤਰ' ਦੇ ਪਾਠਕਾਂ ਨੂੰ ਨਾਵਲ ਦੇ ਪ੍ਰਸੰਗ ਵਿਚ ਇਹ ਦੋਵੇਂ ਘਟਨਾਵਾਂ ਯਾਦ ਹੋਣਗੀਆਂ, ਪਰ ੧੯੩੮ ਤੋਂ ਲੈ ਕੇ ੧੯੪੪ ਤੱਕ ਮੈਂ ਇਹ ਗੱਲ ਅਸਲੋਂ ਵਿਸਾਰ ਛੱਡੀ ਹੋਈ ਸੀ। ਜਦੋਂ ਪ੍ਰੋਫੈਸਰ ਮੋਹਨ ਸਿਘ ਨਾਲ ਮੈਂ, ੧੯੪੪ ਵਿਚ, ਕੰਮ ਕਰਦਾ ਸਾਂ ਤਾਂ ਮੈਂ ਪ੍ਰਸਿੱਧ

ਫ਼ਰਾਂਸੀਸੀ ਨਾਵਲ "ਬੁੱਢਾ ਗੇਰੀਓ" ਪੜ੍ਹਿਆ। ਉਸ ਦਾ ਮੁੱਖ-ਪਾਤਰ ਗੇਰੀਓ, ਆਪਣੀ ਔਲਾਦ ਲਈ, ਆਪਣਾ ਸਭ ਕੁੱਝ ਕੁਰਬਾਨ ਕਰ ਦੇਂਦਾ ਹੈ। ਮੇਰੇ ਪਿਤਾ ਜੀ ਨੇ ਵੀ ਇਹ ਹੀ ਕੀਤਾ ਸੀ। ਫ਼ਰਾਂਸੀਸੀ ਨਾਵਲ ਪੜ੍ਹਨ ਪਿੱਛੋਂ ਮੈਨੂੰ ਅਨੇਕ ਅਜਿਹੀਆਂ ਘਟਨਾਵਾਂ ਯਾਦ ਆਈਆਂ ਜਿਹੜੀਆਂ ਮੇਰੇ ਬਚਪਨ ਨਾਲ ਸੰਬੰਧ ਰੱਖਦੀਆਂ ਸਨ, ਪਰ ਨਾਵਲ ਮੈਂ ਆਪਣੇ ਪਿਤਾ ਜੀ ਬਾਰੇ ਲਿਖਣ ਦਾ ਵਿਚਾਰ ਕਰ ਰਿਹਾ ਸਾਂ। ਇਕ ਦਿਨ ਸ਼ਾਮ ਨੂੰ ਮੈਕਲੌਡ ਰੋਡ, ਲਾਹੌਰ ਦੇ ਇਕ ਹੋਟਲ ਤੋਂ ਰੱਜਵਾਂ ਖ਼ਾਣਾ ਖਾ ਕੇ ਮੈਂ ਘਰ ਮੁੜਿਆ। ਰਾਹ ਵਿਚ ਨਿਸਬਤ ਰੋਡ ਉੱਤੇ ਮੈਨੂੰ ਦੋ ਮੁਸਲਮਾਨ ਦੋਸਤ ਮਿਲੇ। ਉਨ੍ਹਾਂ ਵਿੱਚੋਂ ਇਕ ਦਾ ਬੁੱਢਾ ਚਾਚਾ ਉਸ ਦੇ ਨਾਲ ਸੀ। ਉਸ ਨੇ ਆਪਣੇ ਚਾਚੇ ਨਾਲ ਮੇਰੀ ਜਾਣ ਪਛਾਣ ਕਰਾਉਂਦਿਆਂ ਕਿਹਾ "ਮੇਰਾ ਪਾਲਣ ਪੋਸਣ ਚਾਚੇ ਨੇ ਹੀ ਕੀਤਾ ਹੈ।" ਮੈਨੂੰ ਇਸ ਗੱਲ ਦਾ ਪਤਾ ਸੀ ਕਿ ਮੇਰੇ ਮੁਸਲਮਾਨ ਮਿੱਤਰ ਦਾ ਬਚਪਨ ਬੜਾ ਦੁੱਖ-ਭਰਿਆ ਸੀ ਅਤੇ ਉਸ ਦਾ ਚਾਚਾ, ਜਿਸ ਨੇ ਉਸ ਦੀ ਸਹਾਇਤਾ ਕੀਤੀ ਸੀ, ਬੜਾ ਖ਼ੁਦਾ-ਤਰਸ ਬੰਦਾ ਸੀ। ਉਨ੍ਹਾਂ ਨੂੰ ਮਿਲ ਕੇ ਮੈਂ ਅੱਗੇ ਵਧਿਆ ਹੀ ਸਾਂ ਕਿ ੧੯੩੮ ਵਾਲੀ ਆਪਣੇ ਪਿਤਾ ਨਾਲ ਕੀਤੀ ਗੱਲ-ਬਾਤ ਮੈਨੂੰ ਯਾਦ ਆ ਗਈ ਅਤੇ ਉਨ੍ਹਾਂ ਦਾ ਤਿਆਗ ਵੀ। ਘਰ ਪਹੁੰਚਣ ਉੱਤੇ ਮੈਂ ਪ੍ਰੋਫ਼ੈਸਰ ਮੋਹਨ ਸਿੰਘ ਨਾਲ ਸੈਰ ਕਰਨ ਲਈ ਮੁੜ ਤੁਰ ਪਿਆ। ਰਸਤੇ ਵਿਚ ਮੋਹਨ ਸਿੰਘ ਕਿਸੇ ਸਾਹਿੱਤਕਾਰ ਦੀ ਰਚਨਾ ਦਾ ਜ਼ਿਕਰ ਕਰਦਾ ਰਿਹਾ। ਮੈਂ 'ਹੂੰ', 'ਹਾਂ' ਕਰੀ ਜਾਂਦਾ ਸਾਂ। ਇਕ ਦੋ ਵਾਰ ਮੋਹਨ ਸਿੰਘ ਨੇ ਮੈਨੂੰ ਮੋਢਿਓਂ ਫੜ ਕੇ ਰਾਹ ਲੰਘਦੀਆਂ ਕਾਰਾਂ ਦੇ ਹੇਠਾਂ ਆਉਣ ਤੋਂ ਵੀ ਬਚਾਇਆ। ਮੇਰਾ ਅਰਧ-ਚੇਤਨ ਮਨ ਸ਼ੀਸ਼ੇ ਦੀ ਘੁੰਮਦੀ ਨਲਕੀ ਵਾਂਗੂੰ ਚੱਕਰ ਲਾ ਰਿਹਾ ਸੀ। ਉਹ ਸਾਰੀ ਰਾਤ ਮੈਂ ਜਾਗੋ-ਮੀਟੇ ਦੀ ਹਾਲਤ ਵਿਚ ਰਿਹਾ। ਸਵੇਰੇ ਉੱਠਣ ਉੱਤੇ 'ਪਿਉ ਪੁੱਤਰ' ਦੀ ਸਾਰੀ ਗੋਂਦ ਮੇਰੇ ਦਿਮਾਗ਼ ਵਿਚ ਸੀ। ਮੈਂ ਦੂਜੇ ਦਿਨ ਮੋਹਨ ਸਿੰਘ ਨੂੰ ਆਖਿਆ ਕਿ ਮੈਂ ਘਰ ਵਾਪਸ ਜਾਣਾ ਚਾਹੁੰਦਾ ਹਾਂ ਤੇ ਸ਼ਾਇਦ ਮੈਂ ਲਾਹੌਰ ਵਾਪਸ ਨਾ ਆ ਸਕਾਂ।

ਮੋਹਨ ਸਿੰਘ ਨੇ ਮੈਨੂੰ ਬਥੇਰਾ ਰੋਕਿਆ ਪਰ ਅਮ੍ਰਿਤਸਰ ਮੈਨੂੰ ਬੁਲਾ ਰਿਹਾ ਸੀ।

ਅਮ੍ਰਿਤਸਰ ਪਹੁੰਚਣ ਉੱਤੇ ਮੈਂ ਆਪਣੇ ਚਾਚਿਆਂ ਕੋਲੋਂ, ਆਪਣੀ ਭੂਆ ਕੋਲੋਂ, ਗੱਲਾਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸਾਰਾ ਸਾਰਾ ਦਿਨ ਮੈਂ ਬਾਉਰਾਨਾ ਹੋ ਕੇ ਇਨ੍ਹਾਂ ਗੱਲਾਂ ਦੀ ਭਾਲ ਵਿਚ ਲੱਗਾ ਰਹਿੰਦਾ। ਰਾਤ ਭਰ ਜਾਗ ਕੇ, ਉਨ੍ਹਾਂ ਨੂੰ ਆਪਣੀ ਯਾਦ ਲਈ ਇਕੱਤਰ ਕਰਦਾ ਸਾਂ। ਇਸ ਤਰ੍ਹਾਂ ਮੇਰੇ ਕੋਲ ਕਾਫ਼ੀ ਮਸਾਲਾ ਹੋ ਗਿਆ। ਪਰ ਇਨ੍ਹਾਂ ਗੱਲਾਂ ਦੇ ਚੌਖਟੇ ਵਾਲਾ ਪੁਰਾਣਾ ਅਮ੍ਰਿਤਸਰ ਤਾਂ ਬਦਲ ਚੁੱਕਾ ਸੀ, ਉਸ ਦੀ ਪੁਰਾਣੀ ਮੂਰਤ ਕਿੱਥੋਂ ਲੱਭੇ ?

ਕਈ ਵਾਰ ਮੈਂ ਦੁਪਹਿਰੇ ਅਮ੍ਰਿਤਸਰ ਮਿਊਨਿਸਪੈਲਿਟੀ ਦੀ ਲਾਇਬ੍ਰੇਰੀ ਜਾਂਦਾ ਹੁੰਦਾ ਸਾਂ। ਮੈਂ ਉੱਥੇ ਅਮ੍ਰਿਤਸਰ ਦੇ ਪੁਰਾਣੇ ਰੀਕਾਰਡਾਂ ਦੀ ਭਾਲ ਕੀਤੀ; ਕਿਰਮ-

ਖਾਧੀਆਂ ਫ਼ਾਈਲਾਂ ਵਿੱਚੋਂ ਪੁਰਾਣੇ ਅਮ੍ਰਿਤਸਰ ਦੇ ਨਕਸ਼ੇ, ਜਨਮ ਮਰਨ ਦਿਆਂ ਖ਼ਾਨਿਆਂ ਵਿੱਚੋਂ ਲੋਕਾਂ ਦਿਆਂ ਪੇਸ਼ਿਆਂ ਤੇ ਹੋਰ ਗੱਲਾਂ ਦੀ ਭਾਲ ਕੀਤੀ। ਕੋਈ ਛੇ ਮਹੀਨੇ ਦੀ ਲਗਾਤਾਰ ਮਿਹਨਤ ਪਿੱਛੋਂ, ਪੁਰਾਣੇ ਅਮ੍ਰਿਤਸਰ ਬਾਰੇ ਲੋੜੀਂਦੀ ਵਾਕਫ਼ੀ ਇਕੱਠੀ ਹੋ ਗਈ।

ਹੁਣ ਮੇਰੇ ਕੋਲ ਕੱਚਾ ਮਸਾਲਾ ਮੌਜੂਦ ਸੀ। ਉਹ ਚੱਕ ਵੀ ਮੈਂ ਘੜ ਲਿਆ ਸੀ, ਜਿਸ ਉੱਤੇ ਮੈਂ ਆਪਣੇ ਨਾਵਲ ਦੇ ਭਾਂਡੇ ਨੂੰ ਉਸਾਰਨਾ ਚਾਹੁੰਦਾ ਸਾਂ, ਪਰ ਜਿਹੜਾ ਮਸਾਲਾ ਮੇਰੇ ਕੋਲ ਸੀ, ਉਸ ਵਿਚ ਉਨ੍ਹਾਂ ਲਹਿਰਾਂ ਦਾ ਨਾਮ-ਮਾਤਰ ਜ਼ਿਕਰ ਹੀ ਸੀ, ਜਿਨ੍ਹਾਂ ਦੁਆਰਾ ਮੈਂ ਆਪਣੇ ਸਮਾਜਿਕ ਦ੍ਰਿਸ਼ਟੀ-ਕੋਣ ਨੂੰ ਵਿਅਕਤ ਕਰਨਾ ਚਾਹੁੰਦਾ ਸਾਂ। ਇਸ ਪਿੱਛੋਂ ਮੈਂ ਸਿੰਘ ਸਭਾ, ਨਾਮਧਾਰੀ ਤੇ ਆਰੀਆ ਸਮਾਜ ਦੀਆਂ ਲਹਿਰਾਂ ਬਾਰੇ ਸਰਕਾਰੀ ਤੇ ਗ਼ੈਰ-ਸਰਕਾਰੀ ਕਿਤਾਬਾਂ ਦਾ ਪਾਠ ਸ਼ੁਰੂ ਕੀਤਾ ਪਰ ਇਸ ਤਰ੍ਹਾਂ ਕਰਦਿਆਂ ਕਦੇ ਵੀ ਮੇਰੇ ਮਨ ਵਿਚ ਇਹ ਵਿਚਾਰ ਨਹੀਂ ਸੀ ਆਇਆ ਕਿ ਮੈਂ ਆਪਣੇ ਪਿਤਾ ਜੀ ਬਾਰੇ ਜਿਹੜਾ ਨਾਵਲ ਲਿਖਣਾ ਸੀ, ਉਸ ਵਿਚ ਮੈਂ ਉਨ੍ਹਾਂ ਨੂੰ ਕਿਸੇ ਖ਼ਾਸ ਰਾਜਸੀ ਜਾਂ ਭਾਈਚਾਰਕ ਲਹਿਰ ਨਾਲ ਸੰਬੰਧਿਤ ਕਰ ਕੇ ਦਰਸਾਉਣਾ ਹੈ। ਮੈਨੂੰ ਖ਼ਿਆਲ ਆਇਆ ਕਿ ਮੇਰੇ ਪਿਤਾ ਜੀ ਇਨ੍ਹਾਂ ਲਹਿਰਾਂ ਨਾਲ ਕੁੱਝ ਸੰਬੰਧ ਨਹੀਂ ਸਨ ਰੱਖਦੇ; ਪਰ ਉਹ ਉਸ ਸਮੇਂ ਆਪਣਾ ਜੀਵਨ ਤਾਂ ਬਿਤਾਉਂਦੇ ਰਹੇ ਸਨ, ਫੇਰ ਉਨ੍ਹਾਂ ਉੱਤੇ ਇਨ੍ਹਾਂ ਲਹਿਰਾਂ ਦਾ ਪ੍ਰਭਾਵ ਕਿਉਂ ਨਾ ਹੋਇਆ ? ਇਸ ਤਰ੍ਹਾਂ ਪੰਜਾਬ ਦੀ ਗਭਲੀ ਸ਼੍ਰੇਣੀ ਦਾ ਸਮਾਜਿਕ ਪੱਖ ਮੇਰੇ ਸਾਹਮਣੇ ਵਿਅਕਤ ਹੋ ਗਿਆ। ਮੈਨੂੰ ਇਹ ਗਿਆਨ ਹੋਇਆ ਕਿ ਮੇਰੇ ਪਿਤਾ ਜੀ ਨੇ ਨਿੱਜੀ ਰੂਪ ਵਿਚ ਤਿਆਗ ਤਾਂ ਕੀਤਾ ਸੀ ਪਰ ਸਮਾਜਿਕ ਤਿਆਗ ਦੀ ਭਾਵਨਾ ਦਾ ਅਨੁਭਵ ਨਾ ਹੋਣ ਕਰਕੇ, ਨਾ ਤਾਂ ਉਹ ਨਿੱਜੀ ਉਲਝਣਾਂ ਵਿੱਚੋਂ ਨਿਕਲ ਸਕੇ ਅਤੇ ਨਾ ਹੀ ਉਨ੍ਹਾਂ ਦਾ ਕਰਮ ਸਮਾਜ ਲਈ ਗੁਣਕਾਰੀ ਤੇ ਕਲਿਆਣਕਾਰੀ ਹੋਇਆ। ਇਸ ਤਰ੍ਹਾਂ, ਮਾਰਕਸਵਾਦ ਦੁਆਰਾ ਜਿਹੜਾ ਨਿਰੋਲ ਸਿੱਧਾਂਤਿਕ ਅਨੁਭਵ ਮੈਂ ਪ੍ਰਾਪਤ ਕੀਤਾ ਸੀ, ਉਹ ਪੱਥਰ ਵਰਗੀ ਸਚਾਈ ਦਾ ਰੂਪ ਧਾਰਨ ਕਰ ਕੇ, ਮੇਰੇ ਸਾਹਮਣੇ ਰੂਪਮਾਨ ਹੋ ਗਿਆ ਅਤੇ ਇਸ ਤਰ੍ਹਾਂ ਮੇਰੇ ਨਿੱਜੀ ਅਨੁਭਵ, ਮਾਨਸਿਕ ਚਿੰਤਨ ਅਤੇ ਪੁਸਤਕ ਅਧਿਐਨ ਨੂੰ ਇਕ ਸਿੱਧਾਂਤਿਕ ਤਲ ਮਿਲ ਗਿਆ। ਇਹ ਸਭ ਕੁੱਝ ਮਿਲ ਗਿਆ ਪਰ ਇਸ ਸਭ ਕੁੱਝ ਨੂੰ ਮੈਂ ਕਲਾ ਦਾ ਰੂਪ ਕਿਸ ਤਰ੍ਹਾਂ ਦੇਵਾਂ ? ਅਨੇਕ ਉਪ-ਨਿਆਸ ਮੈਂ ਪੜ੍ਹੇ ਸਨ। ਹਰ ਇਕ ਵਿਚ ਕਲਾ ਦਾ ਸੁਨੱਖਾ ਰੂਪ, ਮੈਨੂੰ ਕੁੱਝ ਅੱਖਰਦਾ ਸੀ ਤੇ ਮੈਂ ਕਿਸੇ ਇਕ ਨਾਵਲ ਦੇ ਕਲਾ-ਰੂਪ ਨੂੰ ਅਪਣਾਉਣਾ ਨਹੀਂ ਸੀ ਚਾਹੁੰਦਾ। ਫ਼ਰਾਂਸੀਸੀ ਨਾਵਲ "ਬੁੱਢਾ ਗੋਰੀਓ" ਮੇਰੇ ਲਈ ਆਧਾਰ ਨਹੀਂ ਸੀ ਹੋ ਸਕਦਾ ਕਿਉਂਕਿ "ਬੁੱਢੇ ਗੋਰੀਓ" ਦੇ ਤਿਆਗ ਤੋਂ ਛੁੱਟ, ਉਸ ਦੀ ਕੋਈ ਗੱਲ ਵੀ ਮੇਰੇ ਨਾਵਲ ਨਾਲ ਸਾਂਝੀ ਨਹੀਂ ਸੀ। ਮੈਨੂੰ ਕੋਈ ਰਾਹ ਨਹੀਂ ਸੀ ਸੁੱਝਦਾ, ਸੋ ਮੈਂ ਨਾਵਲ ਲਿਖਣ ਦਾ ਇਰਾਦਾ ਮੁਲਤਵੀ ਕਰ ਦਿੱਤਾ। ਓਦੋਂ ਹੀ ਮੈਂ ਖ਼ਾਲਸਾ ਕਾਲਜ,ਅਮ੍ਰਿਤਸਰ ਵਿਚ ਮੁਲਾਜ਼ਮ ਹੋ ਗਿਆ;

ਸ਼ਾਮ ਨੂੰ ਅਮੋਲ ਜੀ ਨਾਲ ਕੰਮ ਕਰਦਾ ਸਾਂ। ਇਕ ਇਹ ਵਿਚਾਰ ਸੀ ਕਿ ਮੈਂ ਦਿੱਲੀ ਨੌਕਰੀ ਦੀ ਭਾਲ ਵਿਚ ਜਾਵਾਂ, ਪਰ ਮੇਰਾ ਦਿਲ ਅਮ੍ਰਿਤਸਰੋਂ ਜਾਣ ਨੂੰ ਨਹੀਂ ਸੀ ਕਰਦਾ ਅਤੇ ਕਿਸੇ ਅੰਤ੍ਰੀਵ ਪ੍ਰੇਰਣਾ ਦਾ ਬੱਝਾ, ਮੈਂ ਅਮ੍ਰਿਤਸਰ ਹੀ ਟਿਕਿਆ ਰਿਹਾ।

ਇਕ ਮੇਰਾ ਪੁਰਾਣਾ ਮਿੱਤਰ ਹਰਬੰਸ ਲਾਲ ਚਿਤਰਕਾਰ ਹੈ। ਉਹ ਅੱਜਕਲ ਵੀ ਅਮ੍ਰਿਤਸਰ ਵਿਚ ਰਹਿੰਦਾ ਹੈ। ਮੈਂ ਆਪਣੇ ਦਿਨ ਦਾ ਫ਼ਾਲਤੂ ਸਮਾਂ ਉਸ ਨਾਲ ਬਿਤਾਉਂਦਾ ਸਾਂ। ਇਕ ਦਿਨ ਮੈਂ ਉਸ ਦੇ ਘਰ ਉਸ ਨੂੰ ਸੈਰ ਲਈ ਬੁਲਾਉਣ ਗਿਆ। ਜਦੋਂ ਮੈਂ ਬੈਠਕ ਦੀਆਂ ਪੌੜੀਆਂ ਚੜ੍ਹ ਰਿਹਾ ਸਾਂ ਤਾਂ ਮੈਨੂੰ ਪਹਿਲੀ ਛੱਤ ਉੱਤੇ, ਬਹੁਤ ਸਾਰੇ ਲੋਕਾਂ ਦੀ ਆਵਾਜਾਈ ਦਾ ਅਨੁਭਵ ਹੋਇਆ। ਉਸ ਵੇਲੇ ਪਹਿਲੀ ਛੱਤ ਦੀ ਕਿਸੇ ਕੋਠੜੀ ਵਿਚ ਕਿਰਾਏਦਾਰਨ ਨੇ ਆਪਣੇ ਪਹਿਲੇ ਬੱਚੇ ਨੂੰ ਜਨਮ ਦਿੱਤਾ ਸੀ। ਹਰਬੰਸ ਲਾਲ, ਮੇਰੇ ਨਾਲ ਨਹਿਰ ਉੱਤੇ ਸੈਰ ਕਰਨ ਗਿਆ। ਵਾਪਸੀ ਉੱਤੇ ਮੈਂ ਉਸ ਦੇ ਘਰ ਆ ਕੇ ਸ਼ਤਰੰਜ ਖੇਡਦਾ ਰਿਹਾ। ਫੇਰ ਮੈਂ ਅੱਧੀ ਰਾਤ ਵੇਲੇ ਹਾਲ ਬਾਜ਼ਾਰ ਵਿੱਚੋਂ ਲੰਘਦਾ ਘਰ ਜਾ ਰਿਹਾ ਸਾਂ ਕਿ ਪੁਰਾਣੇ ਅਮ੍ਰਿਤਸਰ ਬਾਰੇ ਲਾਇਬ੍ਰੇਰੀ ਵਿੱਚੋਂ ਇਕੱਤਰ ਕੀਤੀਆਂ ਗੱਲਾਂ ਦਾ ਚੇਤਾ ਆ ਗਿਆ! ਮੈਂ ਆਪਣੇ ਆਪ ਨੂੰ ਇਕ ਪ੍ਰਕਾਰ ਦੀ ਸੁਪਨ-ਅਵਸਥਾ ਵਿਚ ਮਹਿਸੂਸ ਕੀਤਾ, ਜਿਵੇਂ ਮੈਂ ੪੦ ਸਾਲ ਪਹਿਲਾਂ ਦੇ ਅਮ੍ਰਿਤਸਰ ਦਾ ਨਿਵਾਸੀ ਹੋਵਾਂ।

ਮੈਂ ਰਾਤ ਦੇ ਕੋਈ ੧ ਵਜੇ ਘਰ ਪਹੁੰਚਿਆ। ਮੇਰੀ ਮਾਤਾ ਜੀ ਨੇ ਬੜਾ ਬੋਲ-ਬੁਲਾਰਾ ਕੀਤਾ, ਪਰ ਪਿਤਾ ਜੀ ਨੇ ਬੜੇ ਠਰ੍ਹੰਮੇਂ ਨਾਲ ਆਖਿਆ, "ਮੁੰਡੇ ਨੂੰ ਸੌਣ ਦੇ, ਇਸ ਦਾ ਬਾਕਾਇਦਾ ਕੰਮ ਲੱਗ ਜਾਊ ਤਾਂ ਆਪੇ ਸਭ ਕੁੱਝ ਠੀਕ ਹੋ ਜਾਊ।" ਉਨ੍ਹਾਂ ਮੈਨੂੰ ਪਿਆਰ ਨਾਲ ਦੁੱਧ ਪਿਲਾਇਆ ਤੇ ਮੈਂ ਆਪਣੇ ਕਮਰੇ ਵਿਚ ਚਲਿਆ ਗਿਆ। ਮੈਨੂੰ ਨੀਂਦਰ ਨਹੀਂ ਸੀ ਆ ਰਹੀ। ਕੋਈ ਢਾਈ ਜਾਂ ਤਿੰਨ ਵਜੇ ਸਨ। ਮੈਂ 'ਪਿਉ ਪੁੱਤਰ' ਲਿਖਣਾ ਸ਼ੁਰੂ ਕੀਤਾ ਤੇ ਪੰਦਰਾਂ ਦਿਨ, ਸਿਵਾਏ ਕਾਲਜ ਪੜ੍ਹਾਉਣ ਜਾਣ ਦੇ, ਘਰੋਂ ਹੀ ਨਾ ਨਿਕਲਿਆ। ਮਾਤਾ ਜੀ ਖ਼ੁਸ਼ ਸਨ ਕਿ ਮੁੰਡਾ ਰਾਸ ਹੋ ਗਿਆ ਹੈ। ਪਿਤਾ ਜੀ ਕਹਿੰਦੇ ਸਨ,"ਕਾਕਾ, ਅੰਦਰੇ ਨਾ ਪਿਆ ਰਿਹਾ ਕਰ।" ਮੈਂ ਚੁੱਪ ਚਾਪ 'ਪਿਉ ਪੁੱਤਰ' ਲਿਖਦਾ ਰਹਿੰਦਾ—ਉਸੇ ਤਰ੍ਹਾਂ, ਜਿਵੇਂ ਖ਼ੋਲ ਵਿਚ ਰੇਸ਼ਮ ਦਾ ਕੀੜਾ, ਰੇਸ਼ਮ ਦੀਆਂ ਤੰਦਾਂ ਬੁਣਦਾ ਹੈ, ਸੁੱਧ ਬੁੱਧ ਗਵਾ ਕੇ—ਅੰਤਰੀਵ ਰੀਝ ਅਤੇ ਪ੍ਰੇਰਣਾ ਦਾ ਬੱਝਾ।

ਏਸੇ ਤਰ੍ਹਾਂ, ਇਕ ਵਾਰ ੧੯੪੨ ਵਿਚ, ਲਾਹੌਰ ਦੇ ਸਟੇਸ਼ਨ ਉੱਤੇ ਮੈਂ ਇਕ ਸਰਦਾਰ ਨੂੰ ਫ਼ਸਟ ਕਲਾਸ ਦੇ ਡੱਬੇ ਵਿੱਚੋਂ ਉਤਰਦਿਆਂ ਤੱਕਿਆ। ਉਸ ਦੇ ਪਿੱਛੇ ਪਿੱਛੇ ਅੱਗੜ-ਪਿੱਛੜ ਤਿੰਨ ਜਾਂ ਚਾਰ ਜਵਾਨ ਕੁੜੀਆਂ ਉਤਰੀਆਂ ਅਤੇ ਉਤਰਦੇ ਸਾਰ ਹੀ, ਕੋਈ ਆਪਣੇ ਵੈਨਿਟੀ ਬੈਗ ਨੂੰ ਵੇਖਣ ਲੱਗ ਗਈ, ਕੋਈ ਦੁਪੱਟਾ ਸਵਾਰਨ ਲਗ ਪਈ ਤੇ ਕੋਈ ਐਨਕ ਠੀਕ ਕਰਨ ਲਗ ਪਈ। ਇਕ ਦੇ ਕੋਲ ਚਿਤਰਕਾਰੀ ਦਾ ਸਾਮਾਨ ਸੀ, ਦੂਜੀ ਉਤਰਦਿਆਂ ਹੀ ਆਪਣੇ ਕੁੱਤੇ ਨਾਲ ਕਲੋਲ ਕਰਨ ਲਗ ਪਈ ਤੇ ਬੁੱਢਾ ਸਰਦਾਰ ਸਿਰ ਲਮਕਾਈ, ਇਕ ਪਾਸੇ ਟਰੰਕ ਉੱਤੇ ਜਾ ਬੈਠਾ। ਮੈਂ ਉਸ ਦੀ ਤਰਸਯੋਗ ਹਾਲਤ ਵੇਖੀ

ਤੇ ਉਸ ਦੀ ਹਾਲਤ ਉੱਤੇ ਇਕ ਠੰਢੀ ਆਹ ਭਰੀ । ਗੱਲ ਆਈ ਗਈ ਹੋ ਗਈ, ਪਰ ਜਦੋਂ ੧੯੪੮ ਵਿਚ ਮੈਂ ਫ਼ਰੀਦਕੋਟ ਨੌਕਰ ਹੋਇਆ ਤਾਂ ਇਕ ਦਿਨ ਕਲੱਬ ਵਿਚ ਬਿਲੀਅਰਡ ਖੇਡਦਿਆਂ, ਕੈਨਨ ਬਣਾਉਂਦਿਆਂ, ਪਤਾ ਨਹੀਂ ਇਹ ਦ੍ਰਿਸ਼ ਕਿੱਥੋਂ ਯਾਦ ਆ ਗਿਆ । ਬਿਲੀਅਰਡ ਦੇ ਗੇਂਦ ਵਿਸ਼ਾਲ ਆਕਾਰ ਧਾਰਨ ਕਰ ਗਏ, ਅਤੇ ਉਨ੍ਹਾਂ ਉੱਤੇ ਉਸ ਬੁੱਢੇ ਸਰਦਾਰ ਅਤੇ ਉਸ ਨਾਲ ਉਤਰੀਆਂ ਕੁੜੀਆਂ ਦੇ ਚਿਹਰੇ ਮੋਹਰੇ ਉੱਭਰ ਆਏ । ਫੇਰ ਤਕਰੀਬਨ ਦੋ ਸਾਲ, ਸਮੇਂ ਸਮੇਂ, ਮੈਂ ਕਲੱਬ ਵਿਚ ਬਿਲੀਅਰਡ ਜਾਂ ਟੈਨਿਸ ਖੇਡਦਾ ਰਿਹਾ । ਲੋਕਾਂ ਨੂੰ ਤਿੰਨ-ਪੱਤੀ ਖੇਡਦਿਆਂ, ਦਾਰੂ ਪੀਂਦਿਆਂ ਜਾਂ ਸਟੇਡੀਅਮ ਦੀਆਂ ਪੌੜੀਆਂ ਉੱਤੇ ਅੱਡ ਅੱਡ ਮੌਸਮਾਂ ਵਿਚ ਬੈਠ ਕੇ ਗੱਲਾਂ ਕਰਦਿਆਂ, ਆਪਣੀਆਂ ਜਾਂ ਦੂਸਰਿਆਂ ਦੀਆਂ ਔਰਤਾਂ ਨਾਲ ਕਲੋਲ ਕਰਦਿਆਂ, ਵੇਖਦਾ ਰਿਹਾ । ਸੈਂਕੜੇ ਵਾਰ ਉਹੀ ਬੁੱਢਾ ਸਰਦਾਰ ਤੇ ਉਸ ਦੀਆਂ ਨੌਜਵਾਨ ਕੁੜੀਆਂ ਦੇ ਰਾਂਗਲੇ ਪਰਛਾਵੇਂ ਮੇਰੀਆਂ ਅੱਖੀਆਂ ਸਾਹਮਣੇ ਆਏ ਅਤੇ ਛਲੇਡਿਆਂ ਵਾਂਗ ਲੋਪ ਹੋ ਗਏ । ਫੇਰ ਇਕ ਵਾਰ ਮੈਂ ਕੋਈ ਇਕ ਮਹੀਨਾ ਅਮ੍ਰਿਤਸਰ ਰਿਹਾ । ਉਸ ਅਰਸੇ ਵਿਚ ਮੈਂ ਕੋਈ ਅਜਿਹਾ ਪਰਛਾਵਾਂ ਜਾਂ ਛਲੇਡਾ ਨਾ ਦੇਖਿਆ, ਜਿਹੜਾ ਮੈਨੂੰ ਪੁਰਾਣੀ ਘਟਨਾ ਦੀ ਯਾਦ ਕਰਾਉਂਦਾ ਅਤੇ ਜਦੋਂ ਮੈਂ ਫ਼ਰੀਦਕੋਟ ਮੁੜਿਆ ਤਾਂ ਤੜਕੇ ਦੀ ਬੱਸ ਵਿਚ ਆਉਂਦਿਆਂ ਮੈਨੂੰ ਠੰਢ ਲਗ ਗਈ ਤੇ ਮੈਂ ਬੀਮਾਰ ਹੋ ਗਿਆ । ਇਸ ਬੀਮਾਰੀ ਵਿਚ ਮੈਨੂੰ ਨੀਂਦਰ ਘੱਟ ਆਉਂਦੀ ਸੀ । ਮੈਂ ਚੱਵੀ ਘੰਟੇ ਸੋਚਦਾ ਰਹਿੰਦਾ ਸਾਂ । ਇਕ ਰਾਤ ਨੂੰ ਮੈਂ ਦੋ ਵਜੇ ਉੱਠਿਆ, ਬੇ-ਹਿਸਾਬਾ ਬੁਖ਼ਾਰ ਸੀ ਤੇ ਸਿਰ ਵੀ ਭਾਰਾ ਭਾਰਾ ਸੀ । ਮੈਂ ਨਾਈਟ ਗਾਊਨ ਪਾ ਕੇ, ਹੀਟਰ ਲਾਗੇ ਬੈਠ ਗਿਆ ਅਤੇ ਲਿਖਣ ਲਗ ਪਿਆ । ਮੈਂ ਪੂਰੇ ਹੋਸ਼ ਹਵਾਸ ਵਿਚ ਸਾਂ ਤੇ ਬੀਮਾਰੀ ਨੂੰ ਵਿਸਾਰ ਚੁੱਕਾ ਸਾਂ । ਮੈਂ ਇੱਕੋ ਬੈਠਕ ਵਿਚ ਅੱਠ ਘੰਟੇ ਲਿਖਦਾ ਰਿਹਾ । ਮੈਂ ਉਨ੍ਹਾਂ ਦਿਨਾਂ ਵਿਚ ਅਣਵਿਆਹਿਆ ਸਾਂ ਅਤੇ ਮੇਰੇ ਨੌਕਰ ਨੂੰ ਪਤਾ ਸੀ ਕਿ ਸਰਦਾਰ ਜੀ ਬੀਮਾਰ ਹਨ ਅਤੇ ਆਪਣੀ ਮਰਜ਼ੀ ਨਾਲ ਉੱਠਣਗੇ । ਜਦੋਂ ਉਹ ਚਾਹ ਆਦਿ ਪੁੱਛਣ ਆਇਆ ਤਾਂ ਮੈਂ 'ਰੰਗ ਮਹੱਲ' ਦੇ ਦੋ ਕਾਂਡ ਲਿਖ ਚੁੱਕਾ ਸਾਂ । ਹੈਰਾਨੀ ਦੀ ਗੱਲ ਇਹ ਹੈ ਕਿ ਉਸੇ ਦਿਨ ਮੇਰਾ ਬੁਖ਼ਾਰ ਉਤਰ ਗਿਆ ਤੇ ਮੇਰਾ ਸਰੀਰ ਹਲਕਾ ਫੁੱਲ ਹੋ ਗਿਆ । ਅਗਲੇ ਪੰਦਰਾਂ ਦਿਨ ਮੈਂ ਇਹੋ ਹੀ ਅਮਲ ਦੁਹਰਾਉਂਦਾ ਰਿਹਾ । ਹਰ ਰੋਜ਼, ਬਿਨਾਂ ਕਿਸੇ ਬਾਹਰੀ ਟੁੰਬ ਦੇ, ਮੈਂ ਇਕ ਜਾਂ ਦੋ ਵਜੇ ਉੱਠਦਾ ਸਾਂ । ਸਵੇਰੇ ਕੋਈ ਯਾਰਾਂ ਵਜੇ ਕਾਲਜ ਜਾਣ ਤੋਂ ਪਹਿਲਾਂ ਛੇ ਜਾਂ ਸੱਤ ਘੰਟੇ ਲਿਖਦਾ, ਕਾਲਜ ਪੜ੍ਹਾਉਂਦਾ, ਸ਼ਾਮ ਨੂੰ ਕਲੱਬ ਵਿਚ ਜਾ ਕੇ ਬਿਲੀਅਰਡ ਖੇਡਦਾ, ਗੱਪ ਸ਼ੱਪ ਮਾਰਦਾ, ਕਈ ਵਾਰ ਕਲੱਬ ਜਾਣ ਦੀ ਥਾਂ ਲੰਮੀ ਸੈਰ ਕਰਦਾ, ਪਰ ਰਾਤ ਨੂੰ ਜਗਰਾਤਾ ਕੱਟ ਕੇ ਨਾਵਲ ਲਿਖਦਾ ਸਾਂ । ਮੈਂ ਦੁਪਹਿਰੇ ਕੋਈ ਦੋ ਘੰਟੇ ਸੌਂਦਾ ਤੇ ਮੇਰੀ ਸਾਰੀ ਨੀਂਦਰ ਦਾ ਸਮਾਂ ਤਿੰਨ ਜਾਂ ਚਾਰ ਘੰਟੇ ਹੀ ਬਣਦਾ ਸੀ ਪਰ ਮੈਂ ਕੋਈ ਅਕੇਵਾਂ ਜਾਂ ਥਕੇਵਾਂ ਮਹਿਸੂਸ ਨਹੀਂ ਸਾਂ ਕਰਦਾ ।

ਆਪਣੇ ਪਹਿਲੇ ਨਾਵਲ 'ਪਿਉ ਪੁੱਤਰ' ਅਤੇ ਦੂਜੇ ਨਾਵਲ 'ਰੰਗ ਮਹੱਲ' ਬਾਰੇ ਮੈਂ ਦੱਸ ਆਇਆ ਹਾਂ। ਮੇਰੇ ਬਾਕੀ ਦੇ ਦਸ ਨਾਵਲ ਵੀ ਏਸੇ ਤਰ੍ਹਾਂ ਹੀ ਲਿਖੇ ਗਏ ਹਨ। ਮੇਰੇ ਕਈ ਪਾਠਕ ਪੁੱਛ ਸਕਦੇ ਹਨ ਕਿ ਜੇ ਇਹ ਹੀ ਗੱਲ ਸਾਰਿਆਂ ਨਾਵਲਾਂ ਨਾਲ ਵਾਪਰੀ ਤਾਂ ਇਨ੍ਹਾਂ ਨਾਵਲਾਂ ਵਿਚਾਲੇ ਜਿਹੜੀ ਭਾਈਚਾਰਕ, ਸਮਾਜਿਕ ਜਾਂ ਰਾਜਸੀ ਚਰਚਾ ਮਿਲਦੀ ਹੈ, ਉਸ ਦੀ ਸਾਮਗਰੀ ਮੈਂ ਕਿੱਥੋਂ ਪ੍ਰਾਪਤ ਕਰ ਲਈ? ਮੇਰੇ ਸਾਰੇ ਆਲੋਚਕਾਂ ਤੇ ਬਹੁਤ ਸਾਰੇ ਪਾਠਕਾਂ ਦਾ ਖਿਆਲ ਹੈ ਕਿ ਮੇਰੇ ਸਿੱਧਾਂਤਿਕ ਵਿਸ਼ਲੇਸ਼ਣ ਵਾਲੇ ਨਾਵਲ 'ਦੀਨ ਤੇ ਦੁਨੀਆ', 'ਲੋਕ-ਦੁਸ਼ਮਣ' 'ਨੀਲੀ ਬਾਰ' (ਜਿਹੜਾ ਪਿੱਛੋਂ 'ਆਪਣੇ ਪਰਾਏ' ਦੇ ਨਾਂ ਹੇਠ ਛਪਿਆ) ਦਾ ਆਧਾਰ, ਰਾਜਸੀ ਤੌਰ ਉੱਤੇ, ਮਾਰਕਸਵਾਦ ਤੇ ਨਿੱਜੀ ਪੱਖ ਤੋਂ ਫ਼ਰਾਇਡਵਾਦ ਅਤੇ ਯੁੰਗ ਦਾ ਲਿੰਗ ਬਾਰੇ ਦਰਸ਼ਨ ਹੈ। ਇਸ ਤੋਂ ਛੁੱਟ ਮੈਂ ਅਮ੍ਰਿਤਸਰੀ ਜੀਵਨ ਦੇ ੧੮੮੦ ਤੋਂ ਲੈ ਕੇ ੧੯੪੨ ਦੇ ਇਤਿਹਾਸ ਨੂੰ ਆਪਣੇ ਤਕਰੀਬਨ ਅੱਧੀ ਦਰਜਨ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਮੈਂ ਇਕ ਗੱਲ ਦਾ ਸਪਸ਼ਟ ਨਿਰਣਾ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਕਿਸੇ ਦਰਸ਼ਨ ਜਾਂ ਕਲਾ-ਪੱਖ ਦੀ ਦਾਸਤਾ ਕਬੂਲ ਨਹੀਂ ਕੀਤੀ ਅਤੇ ਮੈਨੂੰ ਇਸ ਗੱਲ ਦੀ ਇੱਲਤ ਹੈ ਕਿ ਮੈਂ ਉਪਰੋਕਤ ਦਰਸ਼ਨ ਬਾਰੇ ਅਤੇ ਅਮ੍ਰਿਤਸਰੀ ਜੀਵਨ ਬਾਰੇ ਜਾਂ ਉੱਥੇ ਵਾਪਰੀਆਂ ਘਟਨਾਵਾਂ ਬਾਰੇ ਹਮੇਸ਼ਾਂ ਖੋਜ-ਪੜਤਾਲ ਕਰਦਾ ਰਹਾਂ, ਪਰ ਜਦੋਂ ਮੈਂ ਕੁੱਝ ਲਿਖ ਰਿਹਾ ਹੁੰਦਾ ਹਾਂ ਤਾਂ ਮੇਰੀ ਲਿਖਣ-ਰੁਚੀ ਦੀ ਨੁਹਾਰ ਹਮੇਸ਼ਾਂ ਉਹੀ ਹੁੰਦੀ ਹੈ ਜਿਸ ਦਾ ਜ਼ਿਕਰ ਮੈਂ 'ਪਿਉ ਪੁੱਤਰ' ਤੇ 'ਰੰਗ ਮਹੱਲ' ਦੇ ਪ੍ਰਸੰਗ ਵਿਚ ਕਰ ਆਇਆ ਹਾਂ। ਮੇਰੇ ਹਰ ਇਕ ਨਾਵਲ ਦੀ ਟੁੰਬ ਕੋਈ ਨਿੱਕੀ-ਘਟਨਾ ਹੀ ਹੁੰਦੀ ਰਹੀ ਹੈ, ਅਤੇ ਫੇਰ ਇਹ ਟੁੰਬ ਜਾਂ ਪ੍ਰੇਰਨਾ, ਅਨੇਕ-ਪੱਖੀ ਵ੍ਰੋਰੀ ਵਾਂਗ, ਅਰਧ-ਚੇਤਨ ਮਨ ਵਿਚ ਘੁੰਮਦੀ ਰਹੀ ਹੈ। ਮੌਕਾ ਮਿਲਣ ਉੱਤੇ ਇਸ ਨੇ ਉਪਨਿਆਸ ਦਾ ਰੂਪ ਧਾਰਨ ਕਰ ਲਿਆ ਹੈ। ਮੇਰੇ ਆਲੋਚਕ ਆਖਦੇ ਹਨ, "ਨਰੂਲਾ ਫ਼ਰਾਇਡ ਅਤੇ ਯੁੰਗ ਤੋਂ ਪ੍ਰਭਾਵਿਤ ਹੈ।" ਕਦੇ ਮੈਨੂੰ ਭੁਲੇਖਾ ਸੀ ਕਿ ਮੈਂ ਮਾਰਕਸਵਾਦੀ ਜਾਂ ਸਮਾਜਵਾਦੀ ਹਾਂ। ਕਦੇ ਮੈਂ ਟਕਸਾਲੀ ਜਾਂ ਗੰਵਾਰੂ ਬੋਲੀ ਦਾ ਭੇਦ ਸਮਝਿਆ ਜਾਂ ਸਮਝਾਇਆ ਹੋਵੇਗਾ; ਕਦੇ ਨਾਵਲ ਦੇ ਕਾਂਡਾਂ ਜਾਂ ਵਸਤੂ ਬਾਰੇ ਚਰਚਾ ਕਰਦਿਆਂ, ਸਿੱਧਾਂਤਿਕ ਵਿਸ਼ਲੇਸ਼ਣ ਦੇ ਉਲਝੇ ਹੋਏ ਸੂਤਰ ਦੀਆਂ ਪੇਚ-ਲੀਆਂ ਗੰਢਾਂ ਨੂੰ ਖੋਲ੍ਹਿਆ ਜਾਂ ਹੋਰ ਉਲਝਾਇਆ ਹੋਵੇਗਾ; ਪਰ ਸੱਚੀ ਗੱਲ ਇਹ ਹੈ ਕਿ ਮੇਰੇ ਚੇਤਨ ਤੇ ਅਰਧ-ਚੇਤਨ ਵਿਚਾਲੇ ਜਿਹੜਾ ਧੁੰਧੂਕਾਰ ਹੈ, ਉਸ ਨੂੰ ਮੈਂ, ਸੂਝ ਬੂਝ ਅਤੇ ਬੁੱਧੀ-ਪ੍ਰਕਾਸ਼ ਦੁਆਰਾ, ਸਾਫ਼ ਅਤੇ ਚੇਤਨ ਰੂਪ ਵਿਚ ਵੇਖਣ ਦਾ ਜਤਨ ਕੀਤਾ ਹੈ।

ਅਰਧ-ਚੇਤਨ ਅਤੇ ਚੇਤਨ ਦੀਆਂ ਹੱਦਾਂ ਕਿੱਥੇ ਮਿਲਦੀਆਂ ਹਨ, ਭਾਵੁਕਤਾ ਅਤੇ ਬੋਧਿਕਤਾ ਦਾ ਮੇਲ ਕਿਸ ਘੜੀ ਅਤੇ ਕਿਸ ਦੁਮੇਲ ਉੱਤੇ ਹੁੰਦਾ ਹੈ—ਇਸ ਸਭ ਕੁੱਝ ਦੀ ਟੋਲ ਹੀ ਮੇਰੇ ਸਾਹਿੱਤਿਕ ਜੀਵਨ ਦਾ ਉਦੇਸ਼ ਹੈ। ਮੈਂ ਇਨ੍ਹਾਂ ਦੋਹਾਂ ਹੱਦਾਂ ਦੇ ਵਿਚਾਲੇ ਵਿਚਰ ਰਹੀ ਧੁੰਦ ਨੂੰ ਪਾਰ ਕਰਨਾ ਚਾਹੁੰਦਾ ਹਾਂ। ਇਸ ਵਿਚਾਲੇ ਵਿਚਰ ਰਹੇ ਪਰਛਾਵਿਆਂ

ਨੂੰ ਫੜਨਾ ਚਾਹੁੰਦਾ ਹਾਂ; ਭਾਵੁਕਤਾ ਅਤੇ ਬੌਧਿਕਤਾ ਨੂੰ ਇਕ ਸੁਰ ਕਰ ਕੇ, ਮਨੁੱਖੀ ਅਨੁਭਵ ਦੇ ਤ੍ਰੇੜ ਤ੍ਰੇੜ ਵਿਅਕਤਿਤ੍ਵ ਨੂੰ ਸੰਪੂਰਣ ਰੂਪ ਅਤੇ ਪੂਰੇ ਜਲਾਲ ਤੇ ਜਮਾਲ ਵਿਚ ਵੇਖਣਾ ਚਾਹੁੰਦਾ ਹਾਂ। ਏਸੇ ਲਈ ਹਰ ਸਿੱਧਾਂਤ ਮੇਰੇ ਲਈ ਕੇਵਲ ਇਕ ਮਾਧਿਅਮ ਹੈ, ਨਿਰੋਲ ਸਤਿ ਦੀ ਪ੍ਰਾਪਤੀ ਦਾ। ਬੋਲੀ, ਸ਼ੈਲੀ, ਅਤੇ ਸਾਹਿੱਤਿਕ ਰੂਪ-ਕਰੂਪ, ਮੇਰੇ ਲਈ ਕੋਈ ਭਾਵ ਜਾਂ ਅਰਥ ਨਹੀਂ ਰੱਖਦੇ। ਮੇਰਾ ਸਾਹਿੱਤਿਕ ਜੀਵਨ ਇਕ ਟੋਲ ਤੇ ਭਾਲ ਹੈ, ਇਸ ਸਤਿ ਦੀ ਪ੍ਰਾਪਤੀ ਦੀ। ਜਿਸ ਦਿਨ ਮੈਂ ਅਰਧ-ਚੇਤਨ ਤੋਂ ਉਪਜੀ ਭਾਵਨਾ ਨੂੰ ਉਸ ਦੇ ਪੂਰੇ ਪੂਰੇ ਸਰੂਪ ਵਿਚ ਪੇਸ਼ ਕਰ ਸਕਿਆ, ਮੇਰਾ ਸਾਹਿੱਤਿਕ ਕਰਤੱਵ ਪੂਰਾ ਹੋ ਜਾਵੇਗਾ।

ਇਹ ਕਦੋਂ ਹੋਵੇਗਾ, ਇਸ ਬਾਰੇ ਮੈਂ ਕੁੱਝ ਨਹੀਂ ਜਾਣਦਾ, ਪਰ ਮੈਂ ਇਸ ਗੱਲ ਉੱਤੇ ਤੁਲਿਆ ਪਿਆ ਹਾਂ ਕਿ ਮੈਂ ਇਸ ਨੂੰ ਪ੍ਰਾਪਤ ਜ਼ਰੂਰ ਕਰਨਾ ਹੈ। ਅੱਜ ਤੋਂ ਕੋਈ ਵੀਹ ਪੰਝੀ ਵਰ੍ਹੇ ਪਹਿਲਾਂ ਮੈਂ ਆਪਣੀ ਪਹਿਲੀ ਪੁਸਤਕ ਲਿਖੀ ਸੀ ਤਾਂ ਕਿਹਾ ਸੀ, "ਮੈਂ ਸੱਚ ਜਿਹਾ ਕੌੜਾ ਤੇ ਇਨਸਾਫ਼ ਜਿਹਾ ਨਿਰਪੱਖ ਹੋਵਾਂਗਾ, ਮੈਂ ਇਸ ਗੱਲ ਉੱਤੇ ਤੁਲਿਆ ਪਿਆ ਹਾਂ ਤੇ ਅਝੁਕ ਰਹਾਂਗਾ।" ਜਿਸ ਸੱਚ ਦੀ ਮੈਨੂੰ ਭਾਲ ਹੈ, ਉਸ ਦਾ ਦਰਸ਼ਨ, ਉਸ ਫ਼ੈਸਲੇ ਦੀ ਘੜੀ ਵਿਚ ਹੁੰਦਾ ਹੈ, ਜਦੋਂ ਅਰਧ-ਚੇਤਨ ਤੋਂ ਉੱਠੀ ਕਾਂਗ, ਆਪਣੀ ਚਰਮ ਸੀਮਾ ਨੂੰ ਛੋਹਣ ਪਿੱਛੋਂ, ਆਪਣੀ ਹੀ ਪ੍ਰਤਿਕ੍ਰਿਆ ਦੁਆਰਾ, ਰਸਾਤਲ ਨੂੰ ਜਾਣ ਲਗਦੀ ਹੈ। ਮੈਂ ਇਸ ਜਵਾਰ ਭਾਟੇ ਦੇ ਵੇਗ ਨੂੰ ਸਬਲ ਜਤਨ ਰਾਹੀਂ, ਨਿੱਜੀ ਤੇ ਸਮਾਜਿਕ ਜੀਵਨ ਦਾ ਭਾਗ ਬਣਾਉਣਾ ਚਾਹੁੰਦਾ ਹਾਂ।

## ੨

ਇਸ ਮੌਕੇ ਉੱਤੇ ਆਧੁਨਿਕ ਪੰਜਾਬੀ ਉਪਨਿਆਸਕਾਰੀ ਦੀਆਂ ਕੁੱਝ ਸਮੱਸਿਆਵਾਂ ਵਲ ਆਪਣੇ ਸਮਕਾਲੀ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮੇਰੀ ਇੱਛਾ ਹੈ ਕਿ ਸਾਫ਼-ਦਿਲੀ, ਨੇਕ-ਨੀਅਤੀ ਅਤੇ ਨਿਮਰਤਾ ਨਾਲ ਇਨ੍ਹਾਂ ਸਮੱਸਿਆਵਾਂ ਬਾਰੇ ਗੰਭੀਰ ਤੇ ਉਸਾਰੂ ਵਿਚਾਰ ਕਰਾਂ।

ਉਪਨਿਆਸਕਾਰ ਦੇ ਨਾਤੇ, ਸਾਹਿੱਤ ਦੇ ਇਸ ਕਿੱਤੇ ਦਾ ਜਿਹੜਾ ਅਭਿਆਸ ਮੈਂ ਕਰੀਬ ਕਰੀਬ ਦੋ ਦਹਾਕਿਆਂ ਵਿਚ ਕੀਤਾ ਹੈ, ਉਸ ਤੋਂ ਮੈਂ ਇਸ ਸਿੱਟੇ ਉੱਤੇ ਪੁੱਜਿਆ ਹਾਂ ਕਿ ਹੁਣ ਉਪਨਿਆਸਕਾਰੀ ਦੇ ਪਿੜ ਵਿਚ ਪੰਜਾਬੀ ਲੇਖਕਾਂ ਦੀ ਪ੍ਰਾਪਤੀ ਦੇ ਦਲੇਰ ਮੁਲੰਕਣ ਦਾ ਵੇਲਾ ਆ ਗਿਆ ਹੈ। ਇਨ੍ਹਾਂ ਸਮੱਸਿਆਵਾਂ ਦਾ, ਜਿਨ੍ਹਾਂ ਵੱਲ ਮੈਂ ਸੰਕੇਤ ਕੀਤਾ ਹੈ, ਇਕ ਪੱਖ ਇਹ ਹੈ ਕਿ ਪੰਜਾਬੀ ਉਪਨਿਆਸ ਦੇ ਨਿਰਮਾਤਾ ਆਪਣੀ ਵਿਸ਼ਾਲ ਅਤੇ ਵਿਸਤ੍ਰਿਤ ਸਾਮਗ੍ਰੀ ਦੇ ਬਾਵਜੂਦ ਆਪਣੇ ਅੰਦਰ ਇਕ ਖੋਖਲਾਪਨ ਮਹਸੂਸ ਕਰਦੇ ਹਨ, ਘੱਟੋ ਅੱਟ ਮੈਂ ਜ਼ਰੂਰ ਕਰਦਾ ਹਾਂ। ਸ੍ਵਅਧਿਐਨ ਦੁਆਰਾ, ਆਲੋਚਕਾਂ ਦੀਆਂ ਟਿੱਪਣੀਆਂ ਦਾ ਸਦਕਾ, ਜਾਂ ਦੂਰ-ਆਲੋਚਕਾਂ ਦੀਆਂ ਸਿੱਠਣੀਆਂ ਦਾ ਸਦਕਾ, ਮੈਂ ਇਹ ਮਹਸੂਸ ਕੀਤਾ ਹੈ ਕਿ ਮੇਰੇ ਉਪਨਿਆਸਾਂ ਦੀ ਬੋਲੀ ਵਿਚ ਕੁੱਝ ਨਾ ਕੁੱਝ ਘਾਟ ਜ਼ਰੂਰ

ਹੈ, ਪਰ ਆਪਣੀ ਪੂਰੀ ਈਮਾਨਦਾਰੀ ਅਤੇ ਆਲੋਚਕਾਂ ਦੀ ਸਾਰੀ ਸਿਰ-ਖਪਾਈ ਦੇ ਬਾਵਜੂਦ ਮੈਂ ਬੋਲੀ ਦੀਆਂ ਊਣਤਾਈਆਂ ਦੀ ਪੂਰਤੀ ਨਹੀਂ ਕਰ ਸਕਿਆ ਅਤੇ ਉਪਨਿਆਸ ਦੀ ਬੋਲੀ ਦਾ ਸਰੂਪ ਮੇਰੀ ਕਲਪਨਾ ਵਿਚ ਪ੍ਰਤੱਖ ਨਹੀਂ। ਬੋਲੀ ਦੀ ਸਮੱਸਿਆ ਬਾਰੇ ਵਿਚਾਰ ਕਰ ਕੇ ਮੈਂ ਇਸ ਪੀਡੀ ਗੁੰਝਲ ਦੀਆਂ ਕੁੱਝ ਤੰਦਾਂ ਨਿਖੇੜ ਸਕਿਆ ਹਾਂ ਪਰ ਹਾਲੇ ਤੱਕ ਮੈਨੂੰ ਉਹ ਸਿਰਾ ਨਹੀਂ ਲੱਭਾ ਜਿਸ ਦੁਆਰਾ ਕਿ ਮੈਂ ਪੇਚਲੀ ਗੰਢ ਦੇ ਧਾਗੇ ਨੂੰ ਇਕ ਨਵੀਂ ਰੀਲ ਉੱਤੇ ਜੜ੍ਹਾ ਸਕਾਂ। ਆਖ਼ਰ ਬੋਲੀ ਦੀ ਸ਼ੁੱਧਤਾ ਬਾਰੇ, ਬੋਲੀ ਦੇ ਵਿਕ੍ਰਿਤ ਰੂਪ ਬਾਰੇ, ਏਨਾ ਰੌਲਾ ਕਿਉਂ ਹੈ ? ਕੀ ਕਦੇ ਪੰਜਾਬੀ ਵਾਰਤਕ ਵਿਚ ਕੋਈ ਅਜਿਹਾ ਲੇਖਕ ਵੀ ਹੋਇਆ ਹੈ ਜਿਸ ਨੇ ਕਦੇ ਬੋਲੀ ਦਾ ਸਰਵ-ਸ੍ਰੇਸ਼ਟ ਰੂਪ ਸਾਡੇ ਅੱਗੇ ਰੱਖਿਆ ਹੋਵੇ ? ਇਸ ਬਾਰੇ ਵਿਚਾਰ ਕਰਦਿਆਂ, ਮੈਂ ਪੁਰਾਣੀ ਤੇ ਨਵੀਂ ਵਾਰਤਕ ਦੇ ਅਨੇਕ ਰਚਨਹਾਰਿਆਂ ਦੀਆਂ ਕ੍ਰਿਤੀਆਂ ਦੇ ਨਮੂਨੇ ਵੇਖੇ ਹਨ। ਆਧੁਨਿਕ ਕਾਲ ਦੇ ਵਾਰਤਕ-ਲਿਖਾਰੀਆਂ ਵਿਚ ਨਾ ਤਾਂ ਪੁਰਾਣੀ ਵਾਰਤਕ ਦੇ ਲਿਖਾਰੀਆਂ ਵਾਲਾ ਸੰਜਮ ਹੈ ਅਤੇ ਨਾ ਹੀ ਉਹ ਉੱਜਲ-ਦੀਦਾਰੀ ਹੈ ਜਿਹੜੀ ਕਿਸੇ ਰਚਨਾ ਦੇ ਮਸਤਕ ਨੂੰ ਉਜਾਗਰ ਕਰ ਦਿੰਦੀ ਹੈ। ਆਖ਼ਰ ਇਹ ਕਿਉਂ ਹੈ ? ਇਸ ਬਾਰੇ ਮੈਂ ਆਪਣੇ ਵਿਚਾਰ ਸੁਹਿਰਦ ਲੇਖਕਾਂ, ਆਲੋਚਕਾਂ ਤੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

ਜਦੋਂ ਕੋਈ ਲੇਖਕ ਕਿਸੇ ਨਵੇਂ ਵਿਸ਼ੇ ਦੀ ਚੋਣ ਕਰਦਾ ਹੈ ਤਾਂ ਅਜਿਹਾ ਕਰਨ ਲੱਗਿਆਂ ਉਹ ਵਿਅਕਤੀਗਤ ਰੂਪ ਵਿਚ ਆਪਣੀ ਸਮਾਜਿਕ ਚੇਤਨਾ ਤੋਂ ਨਿੱਖੜ ਕੇ ਚਲਦਾ ਹੈ ਅਤੇ ਕਈ ਵਾਰ ਉਸ ਦੇ ਕਦਮਾਂ ਹੇਠਾਂ ਨਵੀਂ ਕਲਪਣਾ ਦੀ ਉਪਜ, ਕੂਲੀ, ਹਰਿਆਵਲ-ਭਰੀ, ਖ਼ੁਸ਼ਬੂ-ਭਿੰਨੇ ਵਾਤਾਵਰਣ ਵਾਲੀ ਧਰਤੀ ਹੁੰਦੀ ਹੈ। ਉਸ ਦੇ ਪੱਬ ਜ਼ਮੀਨ ਤੇ ਨਹੀਂ ਟਿਕਦੇ ਅਤੇ ਉਹ ਉਡਾਰੀਆਂ ਲਾਉਣ ਉੱਤੇ ਮਜਬੂਰ ਹੋ ਜਾਂਦਾ ਹੈ। ਇਸ ਦੇ ਸਿੱਟੇ ਵਜੋਂ ਉਸ ਦੀ ਵਾਰਤਕ ਵਿਚ, ਪੁਰਾਣੇ ਯਾਤਰੂਆਂ ਵਾਂਗ, ਟਿਕਾਉ ਨਹੀਂ ਰਹਿੰਦਾ—ਅਜਿਹੇ ਯਾਤਰੂ, ਜਿਹੜੇ ਪਰੰਪਰਾ ਦੇ ਯੁਗਾਂ ਯੁਗਾਂਤਰਾਂ ਤੋਂ ਚਲੇ ਆ ਰਹੇ ਸ਼ਾਹਰਾਹ ਉੱਤੇ ਚਲ ਰਹੇ ਹੋਣ। ਪੂਰਨ ਸਿੰਘ ਅਜਿਹਾ ਹੀ ਵਾਰਤਕ ਲਿਖਾਰੀ ਸੀ। ਜੇਕਰ ਉਹ ਆਪਣੇ ਪੈਰਾਂ ਹੇਠਾਂ ਦੀ ਨਰੋਈ ਮਿੱਟੀ ਦੀ ਛੋਹ ਨੂੰ ਆਪਣੀ ਵਾਰਤਕ ਦੁਆਰਾ ਰੂਪਮਾਨ ਨਾ ਕਰਦਾ ਤਾਂ ਉਹ ਭਾਈ ਵੀਰ ਸਿੰਘ ਤਾਂ ਭਾਵੇਂ ਬਣ ਜਾਂਦਾ, ਪੂਰਨ ਸਿੰਘ ਨਹੀਂ ਸੀ ਬਣ ਸਕਦਾ। ਇਸ ਤਰ੍ਹਾਂ ਇਕ ਪ੍ਰਮਾਣਿਕ ਟੀਚੇ ਦੇ ਅਭਾਵ ਦੇ ਕਾਰਣ ਆਧੁਨਿਕ ਵਾਰਤਕ ਲਿਖਾਰੀ ਦੀ ਵਾਰਤਕ ਦੀ ਸ਼ੁੱਧਤਾ ਜਾਂ ਨਖਸ਼ਿਖ ਦੇ ਸੁਚੱਜ ਦਾ ਨਿਰਣਾ, ਉਸ ਦੇ ਵਿਸ਼ੇ ਨੂੰ ਅੱਖੋਂ ਉਹਲੇ ਰੱਖ ਕੇ ਨਹੀਂ ਹੋ ਸਕਦਾ। ਮੇਰੇ ਕਈ ਆਲੋਚਕਾਂ ਨੇ ਮੇਰੇ ਨਾਵਲਾਂ ਵਿਚ ਆਏ ਲੰਬੇ ਲੰਬੇ ਵਾਕਾਂ, ਬੇ-ਮੁਹਾਰੇ ਪੈਰਿਆਂ, ਉਲਝਾਉ ਅਲੰਕਾਰਾਂ ਤੇ ਕੋੜ੍ਹੇ ਤ੍ਰੇੜ ਬਿੰਬਾਵਲੀ ਦਾ ਜ਼ਿਕਰ ਕੀਤਾ ਹੈ, ਪਰ ਉਹ ਭੁੱਲ ਜਾਂਦੇ ਹਨ ਕਿ ਬੋਲੀ ਤਾਂ ਕੇਵਲ ਵਸਤੂ ਦੇ ਸਰੀਰ ਨੂੰ ਲੁਕਾਉਣ ਵਾਲਾ ਇਕ ਉਹਲਾ ਹੈ। ਵਸਤੂ ਦੇ ਸਰੀਰ ਉੱਤੇ ਮੈਂ ਫਬਵੇਂ, ਭਾਵੇਂ ਕੁਚੱਜੇ ਲਿਬਾਸ ਪੁਆਏ ਹਨ, ਪਰ ਵਸਤੂ ਤੋਂ ਅੱਡਰਾ ਕਰਕੇ ਬੋਲੀ ਦੀ ਨਿਰਖ ਪਰਖ

ਲੇਖਕ ਨਾਲ ਅਨਿਆਂ ਹੈ। ਬੋਲੀ ਇਕ ਮਾਧਿਅਮ ਹੈ ਜਿਸ ਦੁਆਰਾ ਲੇਖਕ ਆਪਣੇ ਅੰਤਰੀਵ ਮਾਨਸਿਕ ਅਨੁਭਵ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ, ਆਪਣੇ ਵਿਚਾਰਾਂ ਨੂੰ ਬਾਹਰੀ ਰੂਪ ਦੇਂਦਾ ਹੈ ਅਤੇ ਆਧੁਨਿਕ ਸਮੇਂ ਵਿਚ, ਜਦੋਂ ਕਿ ਲੇਖਕ ਦੀ ਸੋਚਣੀ ਨਾ ਤਾਂ ਪਰੰਪਰਾਗਤ ਵਿਚਾਰਾਂ ਵਾਂਗ ਸਰਲ ਤੇ ਸਪਸ਼ਟ ਹੈ ਅਤੇ ਨਾ ਹੀ ਪੂਰਣ ਰੂਪ ਵਿਚ ਉਸਾਰੂ ਤੇ ਉਭਾਰੂ ਹੈ, ਬੋਲੀ ਦਾ ਉਲਝਾਉਪਨ, ਵਾਕਾਂ ਤੇ ਵਾਕੰਸ਼ਾਂ ਦਾ ਉੱਘੜ ਦੁੱਘੜ ਹੋਣਾ, ਮਾਨਸਿਕ ਖਿੱਚੋਤਾਣ ਨਾਲ ਸੰਬੰਧਿਤ ਵਿਚਾਰ-ਪ੍ਰਣਾਲੀ ਦਾ ਲਿਫਣਾ ਤੇ ਸਿਮਟਣਾ, ਕੁੱਝ ਅਜਿਹੇ ਕਾਰਣ ਹਨ ਜਿਨ੍ਹਾਂ ਕਰਕੇ ਬੋਲੀ ਦੇ ਨਿੱਖੜਵੇਂ ਰੂਪ ਦੀ ਲਾਲਸਾ ਕਰਨੀ ਕੁੱਝ ਅਗਾਊਂ ਹੈ। ਨਾਨਕ ਸਿੰਘ ਦੇ ਵਿਸ਼ੇ ਬਾਰੇ ਤਾਂ ਦੋ ਰਾਵਾਂ ਹੋ ਸਕਦੀਆਂ ਹਨ; ਇਹ ਵੀ ਕਿਸੇ ਹੱਦ ਤੱਕ ਠੀਕ ਹੈ ਕਿ ਉਸ ਦੇ ਵਿਚਾਰਾਂ ਦੀ ਨਲਕੀ ਦੀਆਂ ਫੁਹੇਰੀਆਂ ਪਾਠਕ ਦੀਆਂ ਅੱਖੀਆਂ ਨੂੰ ਮੁੜ ਮੁੜ ਕਾਲੇ ਚਿੱਟੇ ਦਾ ਪਰਿਵਰਤਨ ਹੀ ਦਰਸਾਉਂਦੀਆਂ ਹਨ, ਪਰ ਬੋਲੀ ਉੱਤੇ ਉਸ ਦਾ ਅਧਿਕਾਰ ਜਿਹੋ ਜਿਹਾ ਵੀ ਉਹ ਹੈ, ਕੀ ਉਸ ਦੇ ਵਿਸ਼ੇ ਨੂੰ ਸੀਮਿਤ ਨਹੀਂ ਕਰਦਾ? ਕੀ ਇਹ ਸੱਚ ਨਹੀਂ ਕਿ ਨਾਨਕ ਸਿੰਘ, ਆਪਣੀ ਬੋਲੀ ਦੀਆਂ ਹੱਦਾਂ ਤੋਂ ਜਾਣੂੰ ਹੁੰਦਾ ਹੋਇਆ, ਨਵੇਂ ਵਿਸ਼ੇ ਦੀ ਚੋਣ ਨਹੀਂ ਕਰਦਾ? ਪੰਜਾਬੀ ਦੇ ਦੂਸਰੇ ਨਾਵਲਕਾਰਾਂ ਦੀ ਬੋਲੀ ਦੇ ਅਭਿਆਸ ਦੀ ਪਰੰਪਰਾ ਕੁੱਝ ਅਜੇਹੀ ਹੈ ਕਿ ਉਸ ਦਾ ਸਾਡੇ ਪ੍ਰਦੇਸ਼ ਦੀ ਭਾਸ਼ਈ ਪਰੰਪਰਾ ਨਾਲ ਸਿੱਧਾ ਸੰਬੰਧ ਨਹੀਂ। ਪੱਛਮੀ ਹਾਕਮਾਂ ਵੱਲੋਂ ਭਾਰਤ ਵਿਚ ਪ੍ਰਚਲਿਤ ਵਿਦਿਆ-ਪ੍ਰਣਾਲੀ ਵਿਚ ਉਰਦੂ ਫ਼ਾਰਸੀ ਦੀ ਪ੍ਰਧਾਨਤਾ ਅਤੇ ਅੰਗ੍ਰੇਜ਼ੀ ਦੀ ਸਮਰਾਟਸ਼ਾਹੀ ਦੇ ਕਾਰਣ, ਪੰਜਾਬੀ ਦੇ ਆਧੁਨਿਕ ਉਪ-ਨਿਆਸਕਾਰਾਂ ਦੀ ਸੋਚਣੀ ਦੀ ਨੁਹਾਰ ਗ਼ੈਰ-ਪੰਜਾਬੀ ਰਹੀ ਹੈ ਅਤੇ ਪਰਿਸ਼੍ਰਮ ਦਾ ਤਾਉ ਮੱਠਾ ਹੋਣ ਕਰ ਕੇ ਕਲਪਣਾ ਦੀ ਭੱਠੀ ਵਿੱਚੋਂ ਨਿਕਲੇ ਭਾਂਡੇ, ਪਕਿਆਈ ਦੀ ਭਾਅ ਦੇ ਨਾਲ ਨਾਲ ਕਚਿਆਈ ਦੀ ਨੀਲਾਹਟ ਤੇ ਕਾਲਖ ਵੀ ਦਰਸਾਉਂਦੇ ਹਨ। ਆਧੁਨਿਕ ਪੰਜਾਬੀ ਉਪਨਿਆਸਕਾਰੀ ਦੇ ਪਿੜ ਵਿਚ, ਬੋਲੀ ਦੀ ਸਮੱਸਿਆ ਦਾ, ਮੇਰੀ ਜਾਚੇ, ਇੱਕੋ ਹੱਲ ਹੈ ਕਿ ਪੰਡਿਤਊ ਗੋਰਖ-ਧੰਧਿਆਂ ਨੂੰ ਛੱਡ ਕੇ, ਵਾਸਤਵਿਕਤਾ ਦੀ ਪੱਧਰ ਉੱਤੇ, ਬੋਲੀ ਅਤੇ ਵਿਸ਼ੇ ਦੇ ਪਰਸਪਰ ਸੰਬੰਧ ਨੂੰ ਮੁੱਖ ਰਖ ਕੇ, ਨਵੇਂ ਭਾਸ਼ਈ ਆਧਾਰ ਲੱਭੇ ਜਾਣ। ਭਾਈ ਵੀਰ ਸਿੰਘ ਦੀ ਬੋਲੀ ਅਧੁਨਿਕ ਪੰਜਾਬੀ ਉਪਨਿਆਸਕਾਰੀ ਦੀ ਬੋਲੀ ਦੇ ਟਾਕਰੇ ਵਿਚ ਸੰਜਮ-ਭਰਪੂਰ ਤੇ ਪ੍ਰਭਾਵਸ਼ਾਲੀ ਹੈ ਪਰ ਕੀ ਇਸ ਗੱਲ ਦਾ ਸੰਬੰਧ ਉਸ ਦੇ ਅਧਿਆਤਮਕ ਚਿੰਤਨ ਨਾਲ ਨਹੀਂ? ਅਧਿਆਤਮਕ ਵਿਸ਼ੇ ਦੀ ਬੋਲੀ ਦੀ ਪਰੰਪਰਾ, ਪੰਜਾਬੀ ਸਾਹਿੱਤ ਵਿਚ, ਕਮ-ਅਜ਼-ਕਮ, ਸੱਤ ਅੱਠ ਸੌ ਸਾਲ ਪੁਰਾਣੀ ਹੈ। ਜੇਕਰ ਭਾਈ ਵੀਰ ਸਿੰਘ ਨੇ ਚਰਨ ਸਿੰਘ ਵਾਂਗ 'ਰਣਜੀਤ ਕੌਰ' ਲਿਖਣੀ ਹੁੰਦੀ, ਤੇ 'ਸਤਵੰਤ ਕੌਰ' ਨੂੰ ਗੰਭੀਰ ਦੀ ਥਾਂ ਇਕ ਚਚਲ ਪਾਤਰ ਚਿਤਰਨਾ ਹੁੰਦਾ, ਤਾਂ ਉਹ ਆਪਣੀ ਬੋਲੀ ਦੀਆਂ ਹੱਦਾਂ ਦੇ ਕਾਰਣ, ਮੇਰੀ ਜਾਚੇ, ਇਕ ਸਫਲ ਲਿਖਾਰੀ ਨਾ ਹੋ ਸਕਦਾ। ਇਸੇ ਤਰ੍ਹਾਂ ਨਾਨਕ ਸਿੰਘ ਦੀ ਨਾਇਕਾ ਸਰੋਜ ਦੀ ਬੋਲੀ ਦ੍ਰਿੜ੍ਹਤਾ ਵਾਲੀ ਤਾਂ ਜ਼ਰੂਰ ਹੈ ਪਰ

ਉਸ ਵਿਚ ਉਹ ਗੰਭੀਰਤਾ ਨਹੀਂ ਜਿਹੜੀ ਨਾਮ-ਖ਼ੁਮਾਰੀ ਤੋਂ ਉਪਜਦੀ ਹੈ । ਮੈਂ ਆਪਣੀਆਂ ਨਾਇਕਾਵਾਂ ਤੇ ਨਾਇਕਾਂ ਬਾਰੇ ਏਨਾ ਕਹਿਣਾ ਚਾਹੁੰਦਾ ਹਾਂ ਕਿ ਬੋਲੀ ਦੁਆਰਾ ਉਨ੍ਹਾਂ ਦੇ ਮਨ ਦਾ ਵੇਗ ਇਕ ਅਜਿਹੇ ਪ੍ਰਗਟਾਵੇ ਦਾ ਰੂਪ ਧਾਰਣ ਕਰਦਾ ਹੈ ਜਿਸ ਵਿਚ ਸ਼ੁੱਧਤਾ, ਸੰਜਮ ਅਤੇ ਪਵਿੱਤਰਤਾ ਨਹੀਂ, ਪਰ ਸਪਸ਼ਟਤਾ, ਸਰਲਤਾ ਅਤੇ ਨਿਝੱਕਪੁਣਾ ਜ਼ਰੂਰ ਹੈ । ਜੇਕਰ ਮੈਂ ਬੋਲੀ ਦੀ ਪੁਰਾਤਨ ਪਰੰਪਰਾ ਨੂੰ ਮੁੱਖ ਰੱਖਦਾ ਤਾਂ ਧੁੰਦਾਰ ਸ਼ੀਸ਼ਿਆਂ ਉਹਲੇ ਮੇਰੇ ਪਾਤਰਾਂ ਦਾ ਨਖਸ਼ਿਖ ਵਿਗੜ ਜਾਣਾ ਸੀ । ਮੇਰੇ ਪਾਤਰ ਕੁਹਜੇ ਹਨ, ਬੇਸ਼ਕਲੇ ਤੇ ਬਦਸ਼ਗਨੇ ਹਨ ਪਰ ਉਨ੍ਹਾਂ ਦਾ ਜੀਵਨ ਅਜਿਹੀਆਂ ਚਿੱਟੀਆਂ ਕਬਰਾਂ ਵਾਂਗ ਨਹੀਂ, ਜਿਨ੍ਹਾਂ ਵਿਚ ਕਿ ਜਰਜਰੇ ਪਿੰਜਰਾਂ ਨੂੰ ਪਿਛਾਂਹ-ਖਿੱਚੂ ਰੁਚੀਆਂ, ਕੀੜੇ ਬਣ ਕੇ ਖਾਂਦੀਆਂ ਹੋਣ । ਮੇਰੇ ਪਾਤਰ ਦਿਨ ਦੇ ਚਿੱਟੇ ਚਾਨਣ ਵਿਚ ਵਿਚਰਦੇ ਹਨ, ਆਪਣੇ ਨੰਗੇਜ ਤੋਂ ਜਾਣੂ ਹਨ, ਆਪਣੇ ਕੁਹਜ ਨੂੰ ਲੁਕਾਉਂਦੇ ਨਹੀਂ, ਅਤੇ ਘੱਟੋ ਘੱਟ ਮੈਂ ਤਾਂ ਉਨ੍ਹਾਂ ਨੂੰ ਸ਼ਾਬਾਸ਼ ਆਖਦਾ ਹਾਂ ਕਿ ਸ਼ਰੀਫ਼ਾਨਾ ਦੰਭ ਤੋਂ ਬਚਦੇ, ਭਲਮਣਸਾਈ ਦਾ ਝੂਠਾ ਦਾਵਾ ਨਹੀਂ ਕਰਦੇ । ਅਜਿਹੇ ਪਾਤਰਾਂ ਨੂੰ ਮੈਂ ਸਾਊ ਬੋਲੀ ਕਿੱਥੋਂ ਦਿੰਦਾ ? ਉਹ ਪਾਤਰ ਜਿਨ੍ਹਾਂ ਦਾ ਅੰਦਰਲਾ ਤ੍ਰੇੜੋ ਤ੍ਰੇੜ ਹੈ, ਜਿਨ੍ਹਾਂ ਦਾ ਵਾਤਾਵਰਣ ਨਿੱਤ ਘਟਦੀਆਂ ਤਬਦੀਲੀਆਂ ਦੇ ਕਾਰਣ, ਭੂ-ਕੰਪ ਦੀ ਭੁਆਟਣੀ ਪਿੱਛੋਂ ਦੇ ਚੌਗਿਰਦੇ ਵਾਂਗ ਉੱਖੜਿਆ ਪੁੱਖੜਿਆ ਹੈ, ਭਲਾ ਅਜਿਹੇ ਪਾਤਰ ਆਪਣੇ ਵਾਕਾਂ ਨੂੰ, ਆਪਣੇ ਵਾਕੰਸ਼ਾਂ ਨੂੰ, ਕਿਸ ਪ੍ਰਕਾਰ ਸਾਊ, ਸਬਲ ਤੇ ਪਰੰਪਰਾਗਤ ਬਣਾ ਸਕਦੇ ਸਨ ? ਕਾਸ਼ ! ਮੇਰੀ ਬੋਲੀ ਦੇ ਆਲੋਚਕਾਂ ਨੇ ਪੂਰਬੀ ਤੇ ਪੱਛਮੀ ਵਿਦਵਾਨਾਂ ਦੇ ਉਹ ਨਾਵਲ ਪੜ੍ਹੇ ਹੁੰਦੇ, ਜਿਨ੍ਹਾਂ ਵਿਚ ਬੋਲੀ ਨੂੰ ਇਕ ਮਾਧਿਅਮ ਦੇ ਰੂਪ ਵਿਚ ਵਰਤਿਆ ਗਿਆ ਹੈ, ਟੀਚੇ ਦੇ ਰੂਪ ਵਿਚ ਨਹੀਂ । ਮੇਰਾ ਤੇ ਮੇਰੇ ਸਮਕਾਲੀਆਂ ਦਾ ਕਸੂਰ ਇਹ ਹੈ ਕਿ ਅਸਾਂ ਆਪਣੇ ਵਿਸ਼ੇ ਨਾਲ ਈਮਾਨਦਾਰੀ ਵਰਤਦਿਆਂ, ਬੋਲੀ ਨਾਲ ਬੇਵਫ਼ਾਈ ਨਹੀਂ ਕੀਤੀ । ਕਈ ਵਾਰ ਇਸ ਗੱਲ ਦੇ ਉਦਾਹਰਣ ਦਿਤੇ ਜਾਂਦੇ ਹਨ ਕਿ ਫ਼ਲਾਣੇ ਦੇਸ ਦੇ ਫ਼ਲਾਣੇ ਨਾਵਲਕਾਰ ਦੇ ਫ਼ਲਾਣੇ ਨਾਵਲ ਦਾ ਵਿਸ਼ਾ ਪ੍ਰਗਤੀਸ਼ੀਲ ਹੈ ਤੇ ਬੋਲੀ ਪਰੰਪਰਾ ਤੇ ਵਿਦਵਤਾ ਦਾ ਸਿਖਰ । ਮੈਂ ਬੜੀ ਨਿਮਰਤਾ ਨਾਲ ਆਪਣੇ ਪਾਠਕਾਂ ਤੇ ਆਲੋਚਕਾਂ ਤੋਂ ਪੁੱਛਦਾ ਹਾਂ ਕਿ ਕੀ ਪਾਤਰਾਂ ਦੀ ਬੋਲੀ ਉਨ੍ਹਾਂ ਦੇ ਕਰਮ ਤੋਂ ਅੱਡਰੀ ਹੋ ਸਕਦੀ ਹੈ ? ਤੇ ਅੱਜ ਸਾਡੇ ਭਾਰਤੀ ਸਮਾਜ ਦੇ ਪਾਤਰਾਂ ਦਾ ਕਰਮ ਕੀ ਹੈ—ਜੀਵਨ ਤੋਂ ਭਾਂਜ, ਆਤਮਾ ਨਾਲ ਵਿਸ਼ਵਾਸ਼ਘਾਤ, ਸਮਾਜਿਕ ਜ਼ਿੱਮੇਵਾਰੀ ਤੋਂ ਮੂੰਹ-ਮੋੜਨ ਤੇ ਨਿੱਜੀ ਅਨੁਭਵ ਉੱਤੇ ਪਰਦਾਪੋਸ਼ੀ ? ਤੇ ਕੀ ਇਸ ਸਾਰੇ ਪਖੰਡ-ਪਸਾਰੇ ਨੂੰ ਨੰਗਿਆਂ ਕਰਨ ਲਈ ਬੋਲੀ, ਬੇਹਯਾਈ ਦੀ ਹੱਦ ਤਕ ਸਪਸ਼ਟ ਨਹੀਂ ਹੋਣੀ ਚਾਹੀਦੀ—ਫਿਟੇ ਮੂੰਹ ਕਹਿਣ ਦੀ ਸੀਮਾ ਤੱਕ ਸੰਖੇਪ ਤੇ ਸਰਲ, ਅਲੰਕਾਰਾਂ ਤੋਂ ਰਹਿਤ, ਅਟਕ ਮਟਕ ਤੋਂ ਸੱਖਣੀ ਅਤੇ ਬਿੰਬਾਵਲੀ ਦੇ ਹਾਰ ਸ਼ਿੰਗਾਰ ਤੋਂ ਮੁਕਤ ? ਬੋਲੀ ਦੀ ਕਿਸੇ ਹੋਰ ਤਰ੍ਹਾਂ ਦੀ ਚੋਣ, ਵਿਸ਼ੇ ਨਾਲ ਧ੍ਰੋਹ, ਪਾਠਕਾਂ ਨਾਲ ਦਗ਼ਾ, ਪਾਤਰਾਂ ਨਾਲ ਬੇਵਫ਼ਾਈ ਤੇ ਸਮੇਂ ਨਾਲ ਧੋਖਾ ਹੈ । ਮੈਂ ਆਪਣੀ ਬੋਲੀ ਬਾਰੇ ਸ਼ਰਮਸਾਰ ਨਹੀਂ ਅਤੇ ਮੇਰੇ

ਸਮਕਾਲੀਆਂ ਨੂੰ ਇਸ ਉਲਝਣ ਬਾਰੇ ਇਸੇ ਤਰ੍ਹਾਂ ਸੋਚਣਾ ਚਾਹੀਦਾ ਹੈ ।

ਬੋਲੀ ਦੇ ਪ੍ਰਸੰਗ ਵਿਚ ਵਿਚਾਰ ਕਰਦਿਆਂ, ਵਿਸ਼ੇ ਦਾ ਜ਼ਿਕਰ ਆਇਆ ਹੈ—ਇਸ ਸਮੱਸਿਆ ਦਾ ਵੀ ਪੂਰਾ ਨਿਰਣਾ ਹੋਣਾ ਚਾਹੀਦਾ ਹੈ । ਕੋਈ ਉਪਨਿਆਸਕਾਰ ਆਪਣੇ ਵਿਸ਼ੇ ਦੀ ਚੋਣ ਕਿਸ ਤਰ੍ਹਾਂ ਕਰਦਾ ਹੈ ਤੇ ਉਸ ਦੀ ਸਿਰਜਨਾਤਮਕ ਸ਼ਕਤੀ ਦਾ ਸ੍ਰੋਤ ਕੀ ਹੈ ? ਇਹ ਅਜਿਹੇ ਪ੍ਰਸ਼ਨ ਹਨ, ਜਿਨ੍ਹਾਂ ਦੇ ਠੀਕ ਉੱਤਰਾਂ ਬਿਨਾਂ ਪੰਜਾਬੀ ਦੇ ਆਧੁਨਿਕ ਉਪਨਿਆਸਕਾਰਾਂ ਦਾ ਕਲਪਣਾ-ਮੰਡਲ ਉਹਲੇ, ਧੁੰਦ ਤੇ ਗ਼ੁਬਾਰ ਵਿਚ ਰਹੇਗਾ । ਪੰਜਾਬੀ ਉਪਨਿਆਸ ਦੀ ਕੋਈ ਲੰਮੀ ਪਰੰਪਰਾ ਨਹੀਂ ਤੇ ਇਸ ਦਾ ਸ੍ਰੋਤ ਭਾਈ ਵੀਰ ਸਿੰਘ ਦੇ ਉਪਨਿਆਸਾਂ ਦੇ ਮਾਰੂ ਥਲ ਵਿਚ ਗੁੰਮ ਹੋ ਜਾਂਦਾ ਹੈ । ਜਿਵੇਂ ਸਫ਼ਰ ਕਰਦਾ ਹੋਇਆ ਕੋਈ ਮੁਸਾਫ਼ਰ ਸਹਿਯਾਤਰੀ ਦੀ ਸੁਰਾਹੀ ਵਿੱਚੋਂ ਦੋ ਘੁੱਟ ਪਾਣੀ ਲੈ ਕੇ ਝੱਟ ਲੰਘਾਉਂਦਾ ਹੈ, ਕੁੱਝ ਇਨ ਬਿੰਨ ਹੀ, ਪੰਜਾਬੀ ਉਪਨਿਆਸਕਾਰ, ਆਪਣੀ ਚੰਗੀ ਜਾਂ ਮੰਦੀ ਚੋਣ ਦੇ ਕਾਰਣ, ਪਕੇਰੀ ਜਾਂ ਕਚੇਰੀ ਸੂਝ ਬੂਝ ਦਾ ਸਦਕਾ, ਦੇਸ਼ੀ ਜਾਂ ਵਿਦੇਸ਼ੀ ਉਪਨਿਆਸ-ਪਰੰਪਰਾਵਾਂ ਤੋਂ ਪ੍ਰੇਰਣਾ ਉਧਾਰੀ ਲੈਂਦਾ ਹੈ । ਇਸ ਦੇ ਵਿਸ਼ੇਸ਼ ਇਤਿਹਾਸਿਕ ਕਾਰਣ ਹਨ, ਜਿਨ੍ਹਾਂ ਦਾ ਨਿਰਣਾ, ਇਸ ਥਾਂ ਕਰਨਾ ਅਯੋਗ ਹੋਵੇਗਾ । ਪਰੰਤੂ ਪਿਛਲੇ ਕੁੱਝ ਵਰ੍ਹਿਆਂ ਵਿਚ, ਵਿਸ਼ੇਸ਼ ਕਰ ਕੇ ਸਿੱਖ ਇਤਿਹਾਸ ਬਾਰੇ ਤ੍ਰੈ-ਨਾਵਲੀ ਲਿਖਣ ਲੱਗਿਆਂ ਅਤੇ ਸਮਾਜਿਕ ਪਿਛੋਕੜ ਨੂੰ ਉਸਾਰਨ ਲੱਗਿਆਂ, ਮੈਂ ਇਕ ਨਵਾਂ ਅਧਿਐਨ ਕੀਤਾ ਹੈ । ਪੰਜਾਬ ਵਿਚ, ਜਿਹੜੀ ਸਾਹਿੱਤਿਕ ਪਰੰਪਰਾ ਹੈ, ਉਸ ਦੇ ਵਿਸ਼ਾਲ ਭੂਤ ਕਾਲ ਵਿਚ, ਨਾਵਲ ਦੇ ਅੱਡ ਅੱਡ ਅਸ਼, ਦਰਿਆ ਦੇ ਪਾਟ ਵਿਚ, ਸੁਰਣ-ਕਣੀਆਂ ਵਾਂਗ, ਲੁਕੇ ਪਏ ਹਨ । ਕਹਾਣੀ ਦੀ ਰੋਚਕਤਾ, ਕਹਾਣੀ ਦਾ ਉੱਥਾਨ ਤੇ ਪਤਨ, ਪਾਤਰਾਂ ਦਾ ਨਖਸ਼ਿਖ, ਬੋਲ ਚਾਲ ਦੀ ਤੀਬਰਤਾ, ਮਾਨਸਿਕ ਨਿਰਣੇ ਦਾ ਕਰਮ ਅਤੇ ਪ੍ਰਤਿਕਰਮ, ਗੁਰੂ-ਘਰ ਨਾਲ ਸੰਬੰਧਿਤ ਸਾਖੀਆਂ ਅਤੇ ਅਣਛਪੀਆਂ ਲੋਕ-ਕਥਾਵਾਂ ਵਿਚ ਖਿੰਡਿਆ ਪਿਆ ਹੈ । ਜਦੋਂ ਕੋਈ ਪਾਠਕ ਕਿਸੇ ਨਾਵਲੀ ਕਹਾਣੀ ਦੀ ਟੁੰਬ ਨੂੰ ਮਹਸੂਸ ਕਰਦਾ ਹੈ ਤਾਂ ਉਸ ਦੇ ਅੰਦਰਲੇ ਨੂੰ ਇਕ ਹਲੂਣਾ ਮਿਲਦਾ ਹੈ, ਜਿਹੜਾ ਉਸ ਦੀ ਅੰਤਰੀਵ ਚੇਤਨਾ ਨੂੰ ਇਕ ਨਵੀਂ ਛੁਹ ਦੇ ਕੇ ਜਗਾਉਂਦਾ ਹੈ ਅਤੇ ਪਾਠਕ ਦੀ ਚੇਤਨਾ ਮੂਲ ਰੂਪ ਵਿਚ ਕਰਵਟ ਲੈਂਦੀ ਹੈ, ਜਿਵੇਂ ਕਿ ਮਾਂ ਦੇ ਗਰਭ ਵਿਚ ਅਣਜੰਮਿਆਂ ਬੱਚਾ, ਹਿੱਲ ਕੇ, ਨਵੇਂ ਜੀਵ ਦੀ ਸੂਚਨਾ ਦੇਂਦਾ ਹੈ । ਜਦੋਂ ਇਹ ਚੇਤਨਾ ਆਪਣਾ ਹੱਡ-ਮਾਸ, ਆਪਣਾ ਲਹੂ, ਆਪਣੀ ਪਰੰਪਰਾ ਅਤੇ ਆਪਣੇ ਚੌਗਿਰਦੇ ਦੇ ਦਾਣਾ ਪਾਣੀ ਤੋਂ ਨਾ ਲਵੇ, ਤਾਂ ਖ਼ਾਲੀ ਪੇਟ ਦੇ ਅਫਾਰੇ ਵਾਂਗ ਇਹ ਗੜਗੜਾਂਦੀ ਤਾਂ ਜ਼ਰੂਰ ਹੈ ਪਰ ਨਵੇਂ ਜੀਵਨ ਦਾ ਸਨੇਹਾ ਨਹੀਂ ਦਿੰਦੀ । ਮੈਂ ਇਹ ਮਹਸੂਸ ਕਰਦਾ ਹਾਂ ਕਿ ਪੰਜਾਬੀ ਦੇ ਉਪਨਿਆਸਕਾਰਾਂ ਨੂੰ ਆਪਣੇ ਪਿੜ ਦੀ ਸੈਰਾਬੀ ਲਈ, ਪਾਣੀ ਦੇ ਨਵੇਂ ਸਰੋਤ ਲੱਭਣ ਦੀ ਥਾਂ, ਆਪਣੇ ਸਾਹਿੱਤ ਦੇ ਭੂਤ ਕਾਲ ਵਲ ਮੁੜਨਾ ਪਵੇਗਾ । ਇਹ ਹੋ ਸਕਦਾ ਹੈ ਕਿ ਇਸ ਡਗਰ ਉੱਤੇ ਮੁੜਦਿਆਂ ਤੇ ਸਰੋਤ ਦੀ ਭਾਲ ਕਰਦਿਆਂ, ਅਣਜਾਣੀਆਂ ਕ੍ਰਿਤੀਆਂ, ਅਣਮਾਣੀਆਂ ਹੀਰਾਂ ਅਤੇ

ਦੱਬੀਆਂ ਘੁੱਟੀਆਂ ਮਨੋਬਿਰਤੀਆਂ ਦੀਆਂ ਘਾਟੀਆਂ ਆਉਣ, ਪਰ ਦੁੱਧ ਦੀ ਨਹਿਰ, ਫ਼ਰਹਾਦ ਦੇ ਕੁਹਾੜੇ ਵਾਂਗ, ਸਿਰ ਨੀਵਾਂ ਸੁੱਟ ਕੇ ਕੰਮ ਕਰਨ ਨਾਲ ਹੀ ਨਿਕਲਣੀ ਹੈ ਅਤੇ ਉਸ ਬਿਨਾਂ, ਸਮਰੱਥਾ ਦੇ ਯਾਰ ਦੀ ਪ੍ਰਾਪਤੀ ਨਹੀਂ ਹੋਣੀ।

ਉਪਨਿਆਸਕਾਰ, ਆਪਣੇ ਵਿਸ਼ੇ ਦੀ ਚੋਣ ਕਰਦਾ ਹੋਇਆ, ਆਪਣੇ ਆਲੇ-ਦੁਆਲੇ ਉੱਤੇ ਝਾਤ ਮਾਰਦਾ ਹੈ ਪਰ ਉਸ ਦੀ ਇਹ ਝਾਤ ਕੇਵਲ ਵਕਤੀ ਨਹੀਂ ਹੋਣੀ ਚਾਹੀਦੀ। ਉਸ ਨੂੰ ਤਾਂ ਸ਼ਿਵ ਜੀ ਦੀ ਦ੍ਰਿਸ਼ਟੀ ਦੀ ਲੋੜ ਹੈ, ਜਿਸ ਦੁਆਰਾ ਉਹ ਤ੍ਰੈਲੋਕੀ ਨੂੰ ਵੇਖ ਸਕੇ—ਭੂਤ ਕਾਲ ਦਾ ਗਿਆਨ, ਵਰਤਮਾਨ ਦੀ ਵਰਤੋਂ, ਅਤੇ ਭਵਿੱਖ ਦੀ ਨੁਹਾਰ ਦੀ ਪਛਾਣ। ਅਜਿਹਾ ਕਰਨ ਲੱਗਿਆਂ ਜੇ ਉਹ ਆਪਣੇ ਵਿਰਸੇ ਉੱਤੇ ਝਾਤ ਨਹੀਂ ਮਾਰਦਾ ਤਾਂ ਉਸ ਦਾ ਇਹ ਯਤਨ ਕੇਵਲ ਕੁਦਰਤ ਦੀ ਨਕਲ ਹੋਵੇਗਾ, ਯਥਾਰਥ-ਰੂਪ ਵਿਚ ਸਾਹਿੱਤ ਨਹੀਂ ਹੋਵੇਗਾ। ਜਦੋਂ ਮੈਂ ਇਹ ਵਿਚਾਰ ਪ੍ਰਗਟਾਉਂਦਾ ਹਾਂ ਤਾਂ ਮੇਰਾ ਕਦੀ ਵੀ ਇਹ ਭਾਵ ਨਹੀਂ ਕਿ ਪੱਛਮ ਤੋਂ ਮਿਲੀ ਪ੍ਰੇਰਣਾ ਨੂੰ ਤਿਆਗ ਦਿੱਤਾ ਜਾਵੇ। ਮੈਂ ਕੇਵਲ ਇਹ ਚਾਹੁੰਦਾ ਹਾਂ ਕਿ ਪੱਛਮ ਤੋਂ ਮਿਲੀ ਪ੍ਰੇਰਣਾ ਦਾ ਸਦਕਾ ਜਿਹੜੀ ਪੁਸ਼ਪ-ਲਤਾ ਅਸਾਂ ਕਿਤਾਬੀ ਅਧਿਐਨ ਦੇ ਗਮਲੇ ਵਿਚ ਉਗਾਈ ਹੈ, ਉਸ ਨੂੰ ਘੱਟੇ ਰੋਲਣ ਦੀ ਥਾਂ, ਪਰੰਪਰਾ, ਪਿਤਾ ਪੁਰਖੀ ਤੇ ਵਿਰਾਸਤ ਦੇ ਮਹਾਨ ਬਿਰਛ ਦੇ ਤਨੇ ਨਾਲ ਲਾ ਕੇ, ਉਸ ਦਾ ਰੁਖ਼ ਆਕਾਸ਼ ਵੱਲ ਨੂੰ ਮੋੜ ਦਿਤਾ ਜਾਵੇ। ਇਹ ਕਿਵੇਂ ਹੋ ਸਕਦਾ ਹੈ ? ਇਹੀ ਆਧੁਨਿਕ ਪੰਜਾਬੀ ਉਪਨਿਆਸਕਾਰੀ ਦੀ ਸਾਰਿਆਂ ਤੋਂ ਵੱਡੀ ਸਮੱਸਿਆ ਹੈ। ਇਸ ਸਮੱਸਿਆ ਨੂੰ ਹੱਲ ਕਰਨ ਦਾ ਜਤਨ ਕਰਨਾ ਹਰ ਪੰਜਾਬੀ ਉਪਨਿਆਸਕਾਰ ਦਾ ਕਰਤੱਵ ਹੈ ਅਤੇ ਅਜਿਹਾ ਕਰਨ ਨਾਲ ਉਹ ਪਾੜ ਦੂਰ ਹੋ ਸਕਦਾ ਹੈ ਜਿਹੜਾ ਕਿ ਭਾਈ ਵੀਰ ਸਿੰਘ ਕਾਲ ਵਿਚ ਸ਼ਹਿਰੀ ਤੇ ਪੇਂਡੂ ਪਾਠਕਾਂ ਦੀ ਚੇਤਨਾ ਵਿਚ ਪਰੰਪਰਾਗਤ ਸਾਹਿੱਤ ਨੂੰ ਨਜ਼ਰੋਂ ਉਹਲੇ ਰੱਖਣ ਦੇ ਕਾਰਣ ਪੈਦਾ ਹੋਇਆ। ਪੰਜਾਬੀ ਦਾ ਕਿਹੜਾ ਨਾਵਲਕਾਰ ਇਹ ਕਰ ਸਕੇਗਾ— ਇਸ ਦਾ ਜਵਾਬ ਭਵਿੱਖ ਦੇਵੇਗਾ, ਪਰ ਇਕ ਗੱਲ ਸਪਸ਼ਟ ਹੈ ਕਿ

'ਹੋਰ ਵੀ ਉਠਸੀ ਮਰਦ ਕਾ ਚੇਲਾ।'

*   *   *   *   *

ਇਹ ਲੇਖ ਪੰਜਾਬੀ ਸਾਹਿੱਤ ਅਕਾਡਮੀ ਦੇ
ਸਾਲਾਨਾ ਸਮਾਗਮ ਵਿਚ ੧੩. ੧੨. ੬੪
ਨੂੰ ਲੁਧਿਆਣੇ ਵਿਚ ਪੜ੍ਹਿਆ ਗਿਆ।

# ਪੰਜਾਬੀ ਕਿੱਸਾ-ਕਾਵਿ ਵਿਚ ਪ੍ਰਕਿਰਤੀ

ਗੁਰਦੇਵ ਸਿੰਘ

## ਕਿੱਸੇ ਦੀ ਪਰਿਭਾਸ਼ਾ

ਵਾਰਿਸ ਸ਼ਾਹ ਦੀ 'ਹੀਰ' ਵਿਚ ਇਸ਼ਕ ਨੂੰ ਸੰਸਾਰ ਦਾ ਮੂਲ ਕਿਹਾ ਗਿਆ ਹੈ :

ਅੱਵਲ ਹਮਦ ਖ਼ੁਦਾ ਦਾ ਵਿਰਦ ਕੀਜੇ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ ।
ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ, ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ ।

ਪਰਮਾਤਮਾ ਇਕ ਮਹਾਨ ਆਸ਼ਿਕ ਹੈ ਤੇ ਗੁਰੂ, ਪੀਰ ਅਤੇ ਸਾਈਂ ਲੋਕ ਉਸ ਦੇ ਮਾਸ਼ੂਕ ਹਨ । ਮਨੁੱਖ ਵਿਚ ਭਖਦੀ ਪ੍ਰੀਤ-ਚੰਗਿਆੜੀ ਏਸੇ ਇਸ਼ਕ ਦਾ ਨਿਸ਼ਾਨ-ਮਾਤਰ ਹੈ । ਕਿੱਸਾ (ਮਲਵਈ:ਚਿੱਠਾ)ਕਾਵਿ ਵਿਚ, ਏਸੇ ਨਿਸ਼ਾਨ ਦੇ ਝਲਕਾਰੇ ਸਾਨੂੰ ਦਿੱਸਦੇ ਹਨ ।ਪ੍ਰੇਮ ਤੇ ਬਿਰਹਾ ਕਿੱਸੇ ਦੇ ਟਕਸਾਲੀ ਵਿਸ਼ੇ ਹਨ । ਜੰਗ ਦੇ, ਜਾਂ ਚੋਰਾਂ ਡਾਕੂਆਂ ਦੇ ਕਿੱਸੇ, ਓਸੇ ਸ਼ੌਕ ਨਾਲ ਨਹੀਂ ਮਾਣੇ ਜਾਂਦੇ ਜਿਸ ਨਾਲ ਪ੍ਰੀਤ-ਜੋੜੀਆਂ ਦੇ ਕਿੱਸੇ ਮਾਣੇ ਜਾਂਦੇ ਹਨ । ਪੰਜਾਬੀ ਵਿਚ ਬਹੁਤੇ ਕਿੱਸੇ ਹਨ ਵੀ ਪ੍ਰੀਤ ਸੰਬੰਧੀ । ਇਸੇ ਲਈ ਪੰਜਾਬੀ ਆਲੋਚਨਾ ਨੇ, ਬਹੁਤ ਕਰਕੇ, ਪ੍ਰੀਤ-ਕਿੱਸੇ ਨੂੰ ਹੀ ਕਿੱਸਾ ਮੰਨਿਆ ਹੈ ।ਸਵਿਨਰਟਨ ਸਾਹਿਬ ਨੇ, ਕਿੱਸੇ ਵਿਚ, 'ਮਜਬੂਰ ਪ੍ਰੀਤ ਦੇ ਦੁੱਖਾਂ ਸੁੱਖਾਂ, ਅਲੌਕਿਕ ਜੀਵਾਂ ਅਤੇ ਜਿੰਨਾਂ ਪਰੀਆਂ'[1] ਦੀਆਂ ਵਾਰਤਾਵਾਂ ਨੂੰ ਸ਼ਾਮਿਲ ਕੀਤਾ ਹੈ । ਕਿੱਸੇ ਵਿਚ ਪ੍ਰੀਤ ਤੋਂ ਬਿਨਾਂ, ਬੀਰਤਾ, ਭਗਤੀ, ਚੋਰੀ, ਡਕੈਤੀ, ਜਾਦੂ, ਬਾਦਸ਼ਾਹੀ, ਆਦਿ ਅਨੇਕਾਂ ਵਿਸ਼ੇ ਆਉਂਦੇ ਹਨ, ਪਰ ਕਿਉਂਕਿ ਪੰਜਾਬੀ ਕਿੱਸਾ-ਕਾਵਿ ਦੀ ਪਰੰਪਰਾ ਦਾ ਮੁੱਢ ਇਕ ਪ੍ਰੀਤ-ਕਿੱਸੇ ਤੋਂ ਬੱਝਿਆ, ਇਸ ਲਈ ਕਿੱਸੇ ਦੀ ਪਰਿਭਾਸ਼ਾ 'ਕਵਿਤਾ ਵਿਚ

---

1. "......incredible descriptions of the miseries and the joys of helpless love......the fantastic tales of giants, goblins, and fairies."

(Romantic Tales From The Panjab ਕ੍ਰਿਤ Charles Swynnerton, Archibald Constable and Co., Ltd. London. 1908)

ਪ੍ਰੀਤ-ਗਾਥਾ' ਹੁੰਦੀ ਰਹੀ ਹੈ ਜੋ, ਸਪਸ਼ਟ ਹੈ, ਠੀਕ ਨਹੀਂ । ਸਾਡੇ ਵਿਚਾਰ ਅਨੁਸਾਰ ਕਿੱਸਾ ਉਸ ਬਿਰਤਾਂਤਕ ਕਾਵਿ ਦਾ ਨਾਂ ਹੈ ਜੋ ਕਿਸੇ ਲੰਮੀ ਕਥਾ ਅਥਵਾ ਕਹਾਣੀ ਨੂੰ ਨਾਟਕੀ ਢੰਗ ਨਾਲ ਬਿਆਨ ਕਰਦਾ ਤੇ ਸ਼ਬਦ-ਚਿਤਰਾਂ ਜਾਂ ਅਲੰਕਾਰਾਂ ਨਾਲ ਭੂਸ਼ਿਤ ਹੁੰਦਾ ਹੈ । ਉਸ ਦਾ ਮੁੱਖ ਪਾਤਰ ਸਾਰੇ ਕਿੱਸੇ ਉੱਤੇ ਛਾਇਆ ਹੁੰਦਾ ਹੈ ਅਤੇ ਸ਼ਿੰਗਾਰ ਜਾਂ ਹੋਰ ਰਸ, ਥਾਂ-ਪੁਰ-ਥਾਂ ਪ੍ਰਾਪਤ ਹੁੰਦੇ ਹਨ ।

ਕਈ ਵੇਰ ਕਿੱਸਾ-ਲੇਖਕ, 'ਕਵੀ ਉਵਾਚ' ਦੁਆਰਾ, ਕੋਈ ਆਦਰਸ਼, ਵਿਅਕਤੀਗਤ ਭਾਵਨਾ, ਕਥਾ-ਵਿਆਖਿਆ ਜਾਂ ਆਲੋਚਨਾ ਵੀ ਦੇ ਜਾਂਦਾ ਹੈ । ਨਾਟਕੀ ਵਰਣਨ ਤੇ ਕਥਾ ਦੇ ਅਤੀ ਰੋਚਕ ਹੋਣ ਕਾਰਨ ਕਿੱਸੇ ਨੂੰ ਅਸੀਂ ਜਨਤਾ-ਕਾਵਿ ਕਹਿ ਸਕਦੇ ਹਾਂ ।

## ਸੰਜੋਗ ਤੇ ਵਿਜੋਗ ਦੀ ਭਾਵਨਾ ਵਿਚ ਪ੍ਰਕਿਰਤੀ

ਜੀਅ ਜੰਤ ਸਭਿ ਤੇਰਾ ਖੇਲੁ ॥
ਵਿਜੋਗ ਮਿਲਿ ਵਿਛੁੜਿਆ ਸੰਜੋਗੀ ਮੇਲ ॥ (ਆਸਾ ਮ: ੪)

ਨਾਇਕ ਤੇ ਨਾਇਕਾ ਦੀ ਪਰਸਪਰ ਰਤੀ-ਭਾਵਨਾ ਨੂੰ ਹੀ ਸੰਜੋਗ ਕਿਹਾ ਜਾਂਦਾ ਹੈ । ਰਤੀ (ਸਥਾਈ ਭਾਵ) ਤੇ ਹਰਸ਼, ਮੋਹ, ਆਦਿ (ਸੰਚਾਰੀ ਭਾਵ) ਸੰਜੋਗ ਅਵਸਥਾ ਨਾਲ ਸੰਬੰਧਿਤ ਹਨ ।

ਸੰਜੋਗ, ਸ਼ਿੰਗਾਰ ਦਾ ਜਨਮਦਾਤਾ ਹੈ । ਇਸ ਸੰਜੋਗ-ਸ਼ਿੰਗਾਰ ਵਿਚ ਪ੍ਰਕਿਰਤੀ ਮਨੁੱਖੀ ਹੁਲਾਸ ਨੂੰ ਵਧਾਉਣ ਦੀ ਚੇਸ਼ਟਾ ਕਰਦੀ ਹੈ ਅਤੇ ਸਰੀਰਿਕ ਉਪਭੋਗ ਦੀ ਵਸਤ ਭੀ ਬਣਦੀ ਹੈ । ਸੰਜੋਗ-ਅਵਸਥਾ ਵਿਚ ਨਾਇਕ ਤੇ ਨਾਇਕਾ, ਪ੍ਰਕਿਰਤੀ ਤੋਂ ਪ੍ਰੇਰਿਤ ਹੋ ਕੇ ਇਕ ਦੂਜੇ ਵੱਲ ਵਧੇਰੇ ਆਕਰਸ਼ਿਤ ਹੁੰਦੇ ਹਨ । ਚੰਨ ਚਾਨਣੀ ਰਾਤ, ਝਰ ਝਰ ਝਰਦੇ ਝਰਨੇ, ਭੌਰੇ, ਕਲੀਆਂ, ਆਦਿ, ਪ੍ਰੇਮੀ ਤੇ ਪ੍ਰੇਮਿਕਾ ਨੂੰ ਪ੍ਰੇਰਣਾ ਦਿੰਦੇ ਹਨ । ਜੋਬਨ ਵਿਚ ਆਈ ਬਹਾਰ, ਪੰਛੀਆ ਦੇ ਚੁਹਲ ਕਰਦੇ ਜੋੜੇ, ਖੇੜੇ ਤੇ ਉਪਭੋਗ ਦਾ ਸੱਦਾ ਦਿੰਦੇ ਹਨ । ਆਪਣੇ ਜੜ੍ਹ, ਚੇਤਨ, ਵਿਕ੍ਰਾਲ ਜਾਂ ਕੋਮਲ ਰੂਪ ਵਿਚ ਪ੍ਰਕਿਰਤੀ ਮਨੁੱਖ ਦੇ ਪ੍ਰੇਮ, ਸੁਖ ਅਤੇ ਆਨੰਦ ਨੂੰ ਹੁਲਾਸਦੀ ਹੈ । ਜੰਗਲ, ਬੇਲੇ, ਸ਼ੀਂਹ, ਬੀਂਡੇ, ਸੱਪ, ਚੂਹੇ, ਆਦਿ ਆਪਣੀ ਭਿਅੰਕਰਤਾ ਤੇ ਵਿਹੁ ਗਵਾ ਕੇ ਸੰਜੋਗ ਦੇ ਸਨੇਹੀ ਬਣ ਜਾਂਦੇ ਹਨ :

ਬੇਲਾ ਬੈਠ ਸਿੰਞਾਤੋਸੁ ਸੱਭੋ ਜਾਂ ਤਾਂ ਬੂਟੇ ਕਾਹੀਂ ।
ਸ਼ੀਂਹ ਬਰਿੰਡੇ ਬਿਸੀਅਰ ਸੂਕਣ ਏ ਸਭ ਮਿਤ੍ਰ ਤੁਸਾਹੀਂ ।
ਆਖ ਦਮੋਦਰ ਕਾਮਲ ਰੰਝੇਟਾ, ਮਹਿਰਮ ਥੀਆ ਸਭ ਜਾਹੀਂ ।

(ਹੀਰ : ਦਮੋਦਰ)

ਦਿੱਸਦੀਆਂ ਪ੍ਰਾਕ੍ਰਿਤਿਕ ਵਸਤਾਂ ਹੀ ਨਹੀਂ, ਅਦਿੱਖ ਸ਼ਕਤੀਆਂ ਭੀ ਉਕਤ ਜੋੜੇ ਤੋਂ ਦਲ ਬਲ ਜਾਂਦੀਆਂ ਹਨ ਅਤੇ ਆਪਣੀ ਸ਼ੁੱਭ ਇੱਛਾ ਭੇਟ ਕਰਦੀਆਂ ਹੋਈਆਂ, ਆਪਣਾ ਸੰਗੀ

ਬਣਾ ਲੈਣ ਦੀ ਚੇਸ਼ਟਾ ਕਰਦੀਆਂ ਹਨ :

ਪੰਜ ਅਸਵਾਰ ਜੋੜੇ ਸਭ ਕਾਲੇ ਚੱਲ ਅਜਗੈਬੂੰ ਆਏ।
ਹੱਥ ਫਰੇਂਦੇ ਸਿਰ ਦੋਹਾਂ ਦੇ ਸਿਰ ਚੁੰਮਣ ਤੇ ਸਧਰਾਏ।
(ਹੀਰ : ਦਮੋਦਰ)

ਸੰਜੋਗ, ਨਾਇਕ ਦੀ ਕਾਇਰਤਾ ਨੂੰ, ਬੀਰਤਾ ਵਿਚ ਪਰਿਵਰਤਿਤ ਕਰਨ ਦੀ ਸਮਰੱਥਾ ਰੱਖਦਾ ਹੈ; ਨਾਇਕ ਨੂੰ ਕੋਈ ਬੰਦਾ ਅਪਣੇ ਸਮਾਨ ਨਹੀਂ ਜਾਪਦਾ ਤੇ ਕਟਕਾਂ ਦੇ ਕਟਕ ਭਿੜਾ ਕੇ ਮਾਰ ਦੇਣਾ ਉਸ ਦੇ ਖੱਬੇ ਹੱਥ ਦਾ ਕੰਮ ਹੋ ਜਾਂਦਾ ਹੈ। ਰਾਠ ਉਸ ਤੋਂ ਤ੍ਰਹਿੰਦੇ ਹਨ ਕਿਉਂਕਿ ਉਸ ਨੂੰ ਨਾਇਕਾ ਦਾ ਸ਼ੁੱਭ ਸੰਜੋਗ ਪ੍ਰਾਪਤ ਹੈ :

ਕੋਈ ਨ ਦੀਹਦਾ ਸੂਰਮਾਂ ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀਂ, ਮੈਥੋਂ ਭੀ ਰਾਠ ਡਰੇ।
(ਮਿਰਜ਼ਾ-ਸਾਹਿਬਾਂ : ਪੀਲੂ)

ਪ੍ਰਕਿਰਤੀ ਦੀ ਵਿਕਲਤਾ, ਵਿਰਾਟਤਾ ਤੇ ਵਿਕ੍ਰਾਲਤਾ ਨਾਇਕ ਵਿਚ ਆ ਪ੍ਰਵਿਸ਼ਟ ਹੁੰਦੀ ਹੈ। ਪ੍ਰਕਿਰਤੀ ਦਾ ਨਾਇਕ ਵਿਚ ਪ੍ਰਵਿਸ਼ਟ ਇਹ ਚੰਡੀ-ਰੂਪ, ਅੰਤਾਂ ਦਾ ਮੁਗਧਕਾਰੀ ਹੈ। ਕਈ ਵੇਰ ਪ੍ਰਕਿਰਤੀ ਦਾ ਸੌਰ-ਪਰਿਵਾਰ ਨਾਇਕ-ਨਾਇਕਾ ਦੇ ਸੰਜੋਗ ਨੂੰ ਝੁਰਮਟ ਪਾ ਕੇ ਝਾਤੀਆਂ ਮਾਰ ਮਾਰ ਵੇਖਣਾ ਲੋੜਦਾ ਹੈ ਤੇ ਚਾਮ੍ਹਲੀ ਪ੍ਰਕਿਰਤੀ ਨਾਇਕਾ ਤੋਂ ਅਰਦਾਸ ਕਰਾਉਂਦੀ ਹੈ :

ਕਰੇ ਦੁਆਈਂ ਸੱਸੜੀ ਰੱਬਾ ਦੇਹੁ ਨ ਚਾੜ੍ਹੀਂ ਝੱਬ।
(ਸੱਸੀ-ਪੁੰਨੂੰ : ਹਾਫ਼ਿਜ਼ ਬਰਖ਼ੁਰਦਾਰ)

ਪ੍ਰੋ: ਸੀਤਾ ਰਾਮ ਬਾਹਰੀ ਆਖਦੇ ਹਨ, 'ਸਾਡੇ ਪੰਜਾਬੀ ਕਾਵਿ ਵਿਚ ਸੰਜੋਗ ਦਾ ਚਿਤਰਣ ਅਧਿਕ ਨਹੀਂ ਹੈ, ਸਗੋਂ ਵਿਜੋਗ ਦੇ ਵਰਣਨ ਨਾਲ ਸਾਡੇ ਕਵੀਆਂ ਨੂੰ ਬਹੁਤਾ ਪਿਆਰ ਰਿਹਾ ਹੈ'[1]। ਆਓ, ਵਿਜੋਗ ਬਾਰੇ ਕੁੱਝ ਵਿਚਾਰ ਕਰੀਏ।

ਵਿਜੋਗ ਵਿਚ ਪਰਸਪਰ ਪ੍ਰੇਮ ਦੀ ਪ੍ਰਬੱਲਤਾ ਤਾਂ ਬੜੀ ਵਧ ਜਾਂਦੀ ਹੈ, ਪਰ ਨਾਇਕ ਅਥਵਾ ਨਾਇਕਾ ਨੂੰ ਸੰਜੋਗ ਦੀ ਪ੍ਰਾਪਤੀ ਨਹੀਂ ਹੁੰਦੀ। ਪੰਡਿਤ ਰਾਮ ਦਹਨ ਮਿਸ਼੍ਰ ਅਨੁਸਾਰ, "ਬੂੰਦਾਂ ਦਾ ਪੈਣਾ, ਘਟਾ ਦਾ ਛਾਣਾ, ਫੁੱਲਾਂ ਦਾ ਖਿੜਨਾ"[2] ਆਦਿਕ ਉੱਦੀਪਨ ਦਾ ਕੰਮ ਕਰਦੇ ਹਨ। ਨੀਵੀਆਂ ਨਜ਼ਰਾਂ, ਕੰਮ ਵਿਚ ਅਰੁਚੀ, ਆਦਿਕ ਅਨੁਭਾਵ ਹੁੰਦੇ ਹਨ। ਸੰਚਾਰੀਆਂ ਵਿੱਚੋਂ ਸ਼ੰਕਾ, ਆਲਸ, ਚਿੰਤਾ, ਸੁਪਨੇ ਅਤੇ ਸੰਤਾਪ ਮੌਜੂਦ ਰਹਿੰਦੇ ਹਨ। ਵਿਜੋਗ ਦੀਆਂ ਹੇਠਾਂ-ਲਿਖੀਆਂ ਚਾਰ ਅਵਸਥਾਵਾਂ ਸੰਭਵ ਹਨ :

੧. **ਅਭਿਲਾਸ਼ਾ** : ਇਹ ਪੂਰਵ-ਅਨੁਰਾਗੀ ਦਸ਼ਾ ਹੈ। ਇਸ ਦਸ਼ਾ ਵਿਚ ਨਾਇਕ ਜਾਂ

---

੧. ਪ੍ਰਕਿਰਤੀ ਚਿਤਰਣ ਕਾਵਿ ਧਾਰਾ—ਪ੍ਰੋ: ਸੀਤਾ ਰਾਮ ਬਾਹਰੀ—ਪੰਜਾਬੀ ਦੁਨੀਆ, ਅਕਤੂਬਰ-ਨਵੰਬਰ, ੧੯੬੫; ਪਟਿਆਲਾ।

੨. ਕਾਵਜ ਦਰਪਣ ਕ੍ਰਿਤ ਰਾਮ ਦਹਨ ਮਿਸ਼੍ਰ, ਤੀਜੀ ਛਾਪ, ੧੯੫੫, ਸਫ਼ਾ ੧੭੪।

ਨਾਇਕਾ ਉਸ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ ਜੋ ਦੋਹਾਂ ਦੇ ਸੰਜੋਗ ਤੋਂ ਪਹਿਲਾਂ ਪ੍ਰੇਮ ਕਾਰਨ ਹੁੰਦੀ ਹੈ। ਕਿਸੇ ਦੇ ਗੁਣਾਂ ਨੂੰ ਸੁਣਨ ਜਾਂ ਚਿਤਰ ਆਦਿ ਵੇਖਣ ਨਾਲ਼ ਇਹ ਦਸ਼ਾ ਉਪਜਦੀ ਹੈ।

੨. **ਰੋਸ :** ਮਨ ਵਿਚ ਹੋਣ ਵਾਲਾ ਉਹ ਵਿਕਾਰ ਜੋ ਪੀਆ ਦੇ ਕਿਸੇ ਦੋਸ਼ ਜਾਂ ਅਪਰਾਧ ਕਾਰਨ ਕੁੱਝ ਸਮੇਂ ਲਈ ਉਦਾਸ ਕਰ ਦੇਵੇ।

੩. **ਪਰਵਾਸ :** ਨਾਇਕ ਜਾਂ ਨਾਇਕਾ ਦੇ ਦੂਜੀ ਥਾਂ ਚਲੇ ਜਾਣ ਕਾਰਨ ਉਪਜੀ ਵਿਜੋਗੀ ਦਸ਼ਾ ਪਰਵਾਸ ਅਖਵਾਉਂਦੀ ਹੈ।

੪. **ਮ੍ਰਿਤੂ :** ਇਹ ਸਥਾਈ ਤੇ ਅੱਤ ਦਰਜੇ ਦਾ ਵਿਜੋਗ ਹੈ, ਨਾਇਕ ਜਾਂ ਨਾਇਕਾ ਵਿੱਚੋਂ ਕਿਸੇ ਇਕ ਦੀ ਮੌਤ ਏਸ ਦਾ ਕਾਰਨ ਹੈ ਅਤੇ ਇਸ ਵਿਚ ਸੰਜੋਗ ਦੀ ਆਸ ਉੱਕਾ ਨਹੀਂ ਰਹਿੰਦੀ।

ਹੀਰ ਦੀ ਪੂਰਵ-ਅਨੁਰਾਗੀ ਦਸ਼ਾ ਦਮੋਦਰ ਦੇ ਇਨ੍ਹਾਂ ਸ਼ਬਦਾਂ ਤੋਂ ਪ੍ਰਤੱਖ ਹੈ :

ਤਾਂ ਚੋਰੀ ਵੇਖੇ ਹੀਰ ਸਿਆਲੀ ਮੂੰਹੋਂ ਨ ਮੂਲ ਅਲਾਏ।<br>
ਧਰਤੀ ਉੱਤੇ ਲੀਕਾਂ ਖੱਟੇ ਆਖ ਨ ਮੂੰਹੋਂ ਸੁਣਾਏ।

(ਹੀਰ : ਦਮੋਦਰ)

ਰਾਂਝੇ ਦਾ ਰੋਸ ਹੇਠ ਲਿਖੀਆਂ ਸਤਰਾਂ ਵਿੱਚੋਂ ਸਪਸ਼ਟ ਹੈ :

ਖਾਧਾ ਸੱਪ, ਤੇ ਪੱਟੀ ਪੈਰੇ ਮੈਨੂੰ ਹੱਥ ਨ ਲਾਈਂ।<br>
ਤੁਧ ਮੈਂ ਸਾਕ ਕਿਵੇਹਾ ਹੀਰੇ ? ਮੈਂ ਜੁੱਲਾਂ ਹਜ਼ਾਰੇ ਤਾਈਂ।

(ਹੀਰ : ਦਮੋਦਰ)

ਹੀਰ ਦੇ ਪਰਵਾਸ ਕਾਰਨ ਰਾਂਝੇ ਦੀ ਜੋ ਦਸ਼ਾ ਹੋਈ, ਉਸ ਦੇ ਆਪਣੇ ਸ਼ਬਦਾਂ ਵਿਚ ਸੁਣੋ :

ਰਗ ਰਗ ਰੋਮ ਹਜੂਮ ਹੀਰੇ ਦਾ ਜ਼ਿਕਰ ਕਰੀ ਹਰ ਜਾਈ।<br>
ਹੱਭੇ ਕੁੜੀਆਂ ਤਾਰੇ ਦਿੱਸੋਸੁ ਵਿਚ ਚੰਦ ਸਲੇਟੀ ਨਾਹੀਂ।

(ਹੀਰ : ਦਮੋਦਰ)

ਹੀਰ ਦਾ ਝੰਗ ਤੋਂ ਵਿਜੋਗ ਉਸ ਲਈ ਮੌਤ ਸਮਾਨ ਹੈ :

ਰੋਂਦੇ ਪੱਤਰ ਦਰਖ਼ਤਾਂ ਸੰਦੇ, ਰੋਵਣ ਬੂਟੇ ਕਾਹੀਂ।<br>
ਰੋਵੇ ਬੁੱਢੀ, ਨੱਢੀ, ਲੋਕਾ ! ਰੋਵਣ ਸੱਤੇ ਪਾਹੀਂ। (ਹੀਰ : ਦਮੋਦਰ)

ਸਾਰੀ ਪ੍ਰਕਿਰਤੀ ਉਸ ਦੀ ਇਸ ਮਰਨ-ਦਸ਼ਾ ਵਿਚ ਉਸ ਨਾਲ ਸਹਾਨੁਭੂਤੀ ਦਰਸਾ ਰਹੀ ਹੈ। ਸੰਜੋਗ ਤੇ ਵਿਜੋਗ ਦੋਹਾਂ ਦਸ਼ਾਵਾਂ ਨੂੰ ਉਜਾਗਰ ਕਰਨ ਲਈ ਪ੍ਰਕਿਰਤੀ ਦਾ ਪ੍ਰਯੋਗ ਹੋਇਆ ਹੈ। ਸੰਜੋਗ ਵਿਚ ਪ੍ਰਾਕਿਰਤਿਕ ਵਸਤਾਂ ਦਾ ਜੋ ਪ੍ਰਭਾਵ ਨਾਇਕ ਜਾਂ ਨਾਇਕਾ ਉੱਤੇ ਹੁੰਦਾ ਹੈ, ਵਿਜੋਗ ਵਿਚ ਉਹ ਬਿਲਕੁਲ ਵਿਪਰੀਤ ਹੋ ਜਾਂਦਾ ਹੈ। ਚਾਨਣੀ ਰਾਤ, ਝਰਦੇ ਝਰਨੇ, ਭੌਰੇ, ਕਲੀਆਂ, ਬਸੰਤ ਰੁੱਤ, ਪੰਛੀਆਂ ਦੇ ਚੁਹਲ ਕਰਦੇ ਜੋੜੇ, ਸਰਬ

ਪ੍ਰਕਿਰਤੀ ਦੀ ਜੜ੍ਹਤਾ, ਚੇਤਨਤਾ ਤੇ ਕੋਮਲਤਾ, ਵਿਜੋਗ ਵਿਚ ਵਾਧਾ ਕਰਨਹਾਰੇ ਹੋ ਜਾਂਦੇ ਹਨ। ਉਹੀ ਵਸਤਾਂ ਜੋ ਸੰਜੋਗ ਵਿਚ ਸੁਖ ਦਾ ਕਾਰਨ ਸਨ, ਹੁਣ ਵਿਜੋਗ ਵਿਚ ਦੁਖੀ ਤੇ ਪੀੜਿਤ ਕਰਦੀਆਂ ਹਨ। ਬਿਰਹਾ ਦੀ ਅੱਗ ਤੇਜ਼ ਹੋ ਕੇ ਹੋਰ ਭੜਕ ਪੈਂਦੀ ਹੈ ਤੇ ਪ੍ਰਕਿਰਤੀ ਦਾ ਸੁਕੁਮਾਰ ਰੂਪ ਅਤਿਅੰਤ ਵਿਕਰਾਲ ਹੋ ਜਾਂਦਾ ਹੈ :

ਰਾਤ ਹਨੇਰੀ ਸ਼ੂਕਦੀ ਬਦਲੀ ਮਾਰੇ ਅੱਖ।
ਉਹ ਭਾਵੇਂ ਮੋਈ ਕਾਦਰਾ ਸਿਦਕ ਪਿਆ ਦਿਲ ਰੱਖ।
... ..ਤਖ਼ਤਾ ਪੱਟ ਜ਼ਮੀਨ ਦਾ ਰੇਤੇ ਸਿੱਟੀ ਛੰਡ।
ਰੁੱਖ ਉਡਾਏ ਕਾਦਰਾ ਮੀਂਹ ਅੰਧੇਰੀ ਫੰਡ।
ਜੋ ਵਸਨੀਕ ਪਹਾੜ ਦੇ ਰੁੜ੍ਹਦੇ ਜਾਣ ਤਮਾਮ।
ਰਿੱਛ ਲੰਗੂਰਾਂ ਬਾਂਦਰਾਂ ਉੱਤੇ ਮੌਤ ਹਰਾਮ।
(ਸੋਹਣੀ : ਕਾਦਰ ਯਾਰ)

## ਪ੍ਰੀਤ ਵਿਚ ਬਿਰਹਾ ਦਾ ਸਥਾਨ

ਬਿਰਹਾ ਬਿਰਹਾ ਆਖੀਐ, ਬਿਰਹਾ ਤੂ ਸੁਲਤਾਨ।
ਜਿਸ ਤਨ ਬਿਰਹਾ ਨ ਊਪਜੈ ਸੋ ਤਨ ਜਾਣ ਮਸਾਣ ॥ ੪੬ ॥
(ਸ਼ੇਖ਼ ਫ਼ਰੀਦ)

ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਬਿਰਹਾ ਦੀਆਂ ਦਸ ਅਵਸਥਾਵਾਂ ਹਨ ਜਿਨ੍ਹਾਂ ਦੇ ਨਾਂ ਹਨ : ਅਭਿਲਾਸ਼ਾ, ਚਿੰਤਾ, ਸਿਮਰਤੀ (ਯਾਦ), ਗੁਣ-ਕਥਨ, ਉਦਵੇਗ (ਘਬਰਾਹਟ, ਬੇਚੈਨੀ, ਵਿਆਕੁਲਤਾ), ਪ੍ਰਲਾਪ (ਵਿਅਰਥ ਤੇ ਫ਼ਜ਼ੂਲ ਗੱਲਾਂ), ਉਨਮਾਦ (ਪਾਗਲਪਨ), ਵਿਆਧ (ਰੋਗ, ਪੀੜ, ਮੁਸੀਬਤ), ਜੜ੍ਹਤਾ (ਮੂਰਖਤਾ, ਅਚੱਲਤਾ, ਖ਼ਾਮੋਸ਼ੀ, ਬੇਸੁਰਤੀ) ਅਤੇ ਮ੍ਰਿਤੀ (ਮੌਤ ਜਾਂ ਮ੍ਰਿਤੂ)। ਡਾ: ਕਿਰਣ ਕੁਮਾਰੀ ਅਨੁਸਾਰ ਅਭਿਲਾਸ਼ਾ, ਸਿਮਰਤੀ, ਗੁਣ-ਕਥਨ; ਉਦਵੇਗ, ਉਨਮਾਦ, ਵਿਆਧ, ਜੜ੍ਹਤਾ ਤੇ ਮਰਨ-ਅਵਸਥਾਵਾਂ ਦਾ ਪ੍ਰਯੋਗ ਕਾਵਿ ਵਿਚ ਵਧੇਰੇ ਹੋਇਆ ਹੈ।[1]

ਬਿਰਹਾ ਵਿਚ ਮਨੁੱਖ ਵਿਰਕਤ ਹੋ ਜਾਂਦਾ ਹੈ, ਪ੍ਰਕਿਰਤੀ ਦੇ ਸੌਂਦਰਯ ਅਤੇ ਸੁਹਜ ਦਾ ਉਸ ਨੂੰ ਗਿਆਨ ਨਹੀਂ ਰਹਿੰਦਾ, ਪਰ ਪ੍ਰੀਤ ਵਿਚ ਉਕਤ ਅਵਸਥਾ, ਮਸਤੀ ਜਾਂ ਬੇਖ਼ੁਦੀ ਨੂੰ ਜਨਮ ਦਿੰਦੀ ਹੈ।

ਬਿਰਹੀ ਦੀ ਚੇਤਨ ਸੱਤਾ ਘਟ ਜਾਂਦੀ ਹੈ ਤੇ ਲਟਬੌਰਾਪਨ ਉਸ ਉੱਤੇ ਛਾ ਜਾਂਦਾ ਹੈ। ਮਿਲਾਪ ਦੀ ਕਾਮਨਾ ਨਾਇਕ ਤੇ ਨਾਇਕਾ, ਦੋਹਾਂ ਨੂੰ, ਹਰ ਘੜੀ ਲੱਗੀ ਰਹਿੰਦੀ ਹੈ।

੧. ਹਿੰਦੀ ਕਾਵਯ ਮੇਂ ਪ੍ਰਕ੍ਰਿਤਿ ਚਿਤ੍ਰਣ ਕ੍ਰਿਤ ਡਾ: ਕਿਰਣ ਕੁਮਾਰੀ ਗੁਪਤ, ਪ੍ਰਯਾਗ, ੧੯੫੭ ਈ., ਸਫ਼ਾ ੪੦.

ਕਈ ਵੇਰ ਸੰਜੋਗ ਉੱਕਾ ਸੰਦੇਹ-ਜਨਕ ਹੁੰਦਾ ਹੈ। ਇਸ ਤਰ੍ਹਾਂ, ਸੰਜੋਗ ਦੀ ਅਸੰਭਾਵਨਾ, ਨਾਇਕ ਜਾਂ ਨਾਇਕਾ ਉੱਤੇ ਛਾ ਜਾਂਦੀ ਹੈ। ਇਸ ਨੂੰ ਅਸੀਂ ਚਿੰਤਾ-ਦਸ਼ਾ ਕਹਾਂਗੇ। ਚਿੰਤਾ ਤੇ ਬੇਚੈਨੀ ਜਦੋਂ ਵਧ ਜਾਣ ਤਾਂ ਬਿਰਹਣੀ ਕਈ ਵਾਰ ਬੇਮਤਲਬ ਤੇ ਫ਼ਜ਼ੂਲ ਗੱਲਾਂ ਭੀ ਕਰ ਸਕਦੀ ਹੈ। ਇਹੀ ਦਸ਼ਾ ਹੋਰ ਤੀਖਣ ਹੋ ਕੇ ਪਾਗਲਪਨ ਦੀ ਹੱਦ ਨੂੰ ਛੋਹ ਸਕਦੀ ਹੈ। ਸੰਸਾਰ ਦੇ ਵੈਦ ਤੇ ਹਕੀਮ ਆ ਕੇ ਨਬਜ਼ ਵੇਖਦੇ ਹਨ, ਪਰ ਲੱਭਣ ਤਾਂ ਜੇ ਰੋਗ ਸਰੀਰਿਕ ਹੋਵੇ—ਕਲੇਜੇ ਦੀ ਕਰਕ ਦਾ ਇਲਾਜ ਉਨ੍ਹਾਂ ਕੋਲ ਹੈ ਨਹੀਂ। ਏਸੇ ਬਿਰਹਾ ਕਾਰਨ ਕੋਇਲਾ, ਕਾਲਖ ਦੀ ਵਿਆਧੀ ਨੂੰ ਪ੍ਰਾਪਤ ਹੈ—ਅਗਨੀ ਦਾ ਸੰਜੋਗ ਪ੍ਰਾਪਤ ਹੁੰਦਾ ਹੈ ਤਾਂ ਇਸ ਦਾ ਅੰਗ ਅੰਗ ਭਖ ਕੇ ਪ੍ਰਕਾਸ਼ਵਾਨ ਹੋ ਜਾਂਦਾ ਹੈ। ਇਸ ਸੰਜੋਗ ਬਿਨਾਂ ਇਹ ਮੁਰਦਾ ਹੈ—ਕਾਲਖ ਦਾ ਇਕ ਰੋੜਾ।

ਪਰ ਬਿਰਹਾ ਨਿਰਦੋਸ਼ ਵੀ ਹੈ, ਪ੍ਰੀਤ ਦਾ ਪ੍ਰੀਖਿਅਕ ਵੀ ਹੈ। ਪ੍ਰੀਤ ਨੂੰ ਪੁਸ਼ਟ, ਚਿਰ-ਸਥਾਈ ਅਤੇ ਪ੍ਰਚੰਡ ਕਰਨ ਲਈ ਬਿਰਹਾ ਆਵੱਸ਼ਕ ਹੈ। ਜਿਸ ਨੂੰ ਬਿਰਹਾ ਦੇ ਬਾਣ ਨਹੀਂ ਲੱਗੇ, ਉਹ ਪ੍ਰੀਤ ਦੇ ਫੁੱਲਾਂ ਦੀ ਸਾਰ ਕੀ ਜਾਣੇਗਾ? ਬਿਰਹਾ ਦੇ ਬਾਣ ਜਿੰਨੇ ਕੱਸਵੇਂ ਲੱਗਣਗੇ ਯਾਰ ਦਾ ਵਿਸਾਲ ਓਨਾ ਹੀ ਵਧੇਰੇ ਮਾਣਨ-ਯੋਗ ਹੋਵੇਗਾ। ਬਾਬਾ ਫ਼ਰੀਦ ਲਈ, ਬਿਰਹਾ, ਏਸੇ ਲਈ ਸੁਲਤਾਨ ਹੈ ਤੇ ਬਿਰਹਾ ਬਿਨਾਂ ਜਿੰਨੇਂ ਸਰੀਰ ਤੁਰੇ ਫਿਰਦੇ ਹਨ, ਸਭ ਮਸਾਣ-ਰੂਪ ਹਨ।

ਪੰਜਾਬੀ ਦੇ ਪ੍ਰੀਤ-ਕਿੱਸਿਆਂ ਵਿਚ, ਬਿਰਹਾ ਨੂੰ ਵਿਸ਼ੇਸ਼ ਤੌਰ ਉੱਤੇ ਗਾਂਵਿਆ ਗਿਆ ਹੈ। ਪੁਰਖ ਦੇ ਬਿਰਹਾ ਨਾਲੋਂ ਇਸਤ੍ਰੀ-ਬਿਰਹਾ ਨੂੰ ਵਧੇਰੇ ਪ੍ਰਗਟ ਰੂਪ ਵਿਚ ਚਿਤਰਿਆ ਗਿਆ ਹੈ। ਪ੍ਰਕਿਰਤੀ ਉਪਰੋਕਤ ਚਿਤਰਣ ਨੂੰ ਵਧੇਰੇ ਪੁਸ਼ਟ ਤੇ ਕਲਾਮਈ ਬਣਾਉਂਦੀ ਹੈ। ਹੁਣ ਅਸੀਂ ਪ੍ਰੀਤ ਤੇ ਹੋਰ ਵਿਸ਼ਿਆਂ ਉੱਤੇ ਲਿਖੇ ਕਿੱਸਾ-ਸਾਹਿੱਤ ਵਿਚ ਪ੍ਰਕਿਰਤੀ-ਚਿਤਰਣ ਦੀ ਨੁਹਾਰ ਨੂੰ ਵਾਚਾਂਗੇ। ਇਹ ਨੁਹਾਰ, ਅਲੰਕਾਰ,ਉਪਦੇਸ਼, ਆਲੰਬਨ, ਉੱਦੀਪਨ ਆਦਿ ਕਈ ਰੂਪ ਧਾਰ ਗਈ ਹੈ। ਸੁਤੰਤਰ ਚਿਤਰਣ ਸਾਨੂੰ ਕਿਧਰੇ ਘੱਟ ਹੀ ਮਿਲਦਾ ਹੈ, ਕਿਉਂਕਿ ਕਿੱਸਾਕਾਰਾਂ ਦਾ ਮੂਲ ਉੱਦੇਸ਼ ਕਹਾਣੀ ਸੁਣਾਉਣਾ ਸੀ,ਪ੍ਰਕਿਰਤੀ-ਚਿਤਰਣ ਨਹੀਂ।

## ਸੂਰਮਗਤੀ; ਡਕੈਤੀ ਤੇ ਚੋਰੀ ਦੇ ਕਿੱਸੇ

ਕਿਸ਼ਨ ਸਿੰਘ ਆਰਿਫ਼ ਦੀ ਰਚਨਾ 'ਦੁੱਲਾ ਭੱਟੀ' ਇਕ ਵਿਦ੍ਰੋਹੀ ਬੀਰ, ਜਾਂ ਡਕੈਤ ਦੀ ਜੀਵਨ-ਕਥਾ ਹੈ। ਪ੍ਰਕਿਰਤੀ ਦੇ ਨਿਰੂਪਣ ਲਈ ਕਵੀ ਨੇ ਉੱਦੀਪਨ ਤੇ ਅਲੰਕਾਰ-ਰੂਪ ਹੀ ਪ੍ਰਯੁਕਤ ਕੀਤੇ ਹਨ। ਮੁਗ਼ਲਾਂ ਨੂੰ ਭੇਤ ਲੱਗ ਗਿਆ ਹੈ; ਉਹ ਦੁੱਲੇ ਦੇ ਪਰਿਵਾਰ ਨੂੰ ਗਿਫ਼ਤਾਰ ਕਰ ਰਹੇ ਹਨ; ਪਿੰਡ ਸਾਰਾ ਉਨ੍ਹਾਂ ਨੇ ਲੁੱਟ ਲਿਆ ਹੈ। ਉਪਰੋਕਤ ਕਥਾ ਨੂੰ ਪੁਸ਼ਟ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰਕਿਰਤੀ ਦਾ ਉੱਦੀਪਨ ਕਿਵੇਂ ਪ੍ਰਗਟ ਹੋਇਆ ਹੈ? ਇਕ ਉਦਾਹਰਣ ਵੇਖੋ:

ਬੇਟੀ ਦੁੱਲੇ ਦੀ ਨਾਮ ਸਲੀਮੋਂ ਜਿਹੜੀ ਰੋ ਰੋ ਕੇ ਰੁੱਖ ਰੁਵਾਂਵਦੀ ਏ ।[1]

ਪ੍ਰਾਕ੍ਰਿਤਿਕ ਰੂਪਕਾਂ, ਉਪਮਾਵਾਂ ਤੇ ਦ੍ਰਿਸ਼ਟਾਂਤਾਂ ਦੇ ਅਨੇਕ ਉਦਾਹਰਣ ਪੇਸ਼ ਕੀਤੇ ਜਾ ਸਕਦੇ ਹਨ :

ਘੋੜਾ ਵੜਿਆ ਹਵਾ ਦੇ ਵਾਂਗ ਲੈ ਕੇ, ਜਾ ਫ਼ੌਜ, ਅੱਗੇ ਲਲਕਾਰਦਾ ਹੈ ।[2]

ਜਾਂ

ਵਾਂਗ ਪੱਤਿਆਂ ਮੁਗ਼ਲ ਉਡਾਇ ਸੁੱਟੇ, ਰੁੱਖ ਜ਼ਿਮੀਂ ਉੱਤੇ ਝਾੜ ਝਾੜ ਲੋਕੇ ।[3]

'ਭੂਮੀਆ ਚੋਰ' ਕ੍ਰਿਤ ਭਾ. ਸ਼ੇਰ ਸਿੰਘ ਵਿਚ ਪ੍ਰਾਕ੍ਰਿਤਿਕ ਤੱਥਾਂ ਦੀ ਵਰਤੋਂ ਹੋਈ ਹੈ; ਜਿਵੇਂ : ਹਾਥੀ ਨੂੰ ਮਲ ਮਲ ਨੁਹਾਈਏ, ਛਾਰ ਉਡਾਊਗਾ ।
ਰੱਸੇ ਦੇ ਚੱਬਣ ਵਾਲ਼ਾ, ਰੱਸਾ ਚੱਬ ਜਾਊਗਾ ।[4]

ਰੀਟਾ ਦੀਨ ਦਾ 'ਸੁੱਚਾ ਸਿੰਘ ਸੂਰਮਾ' ਸੂਫ਼ਮਗਤੀ ਦਾ ਕਿੱਸਾ ਹੈ । ਰੀਟਾ ਦੀਨ ਨੇ ਪ੍ਰਕਿਰਤੀ ਨੂੰ ਕੇਵਲ ਅਲੰਕਾਰ ਰੂਪ ਵਿੱਚ ਚਿਤਰਿਆ ਹੈ । ਘੁੱਕਰ ਦੀ ਕੁਟਿਲਤਾ ਸੁੱਚੇ ਦੀ ਬੇਦਾਗ਼ ਦੋਸਤੀ ਨੂੰ ਛਿੱਥਿਆਂ ਪਾ ਦਿੰਦੀ ਹੈ :

'ਐਵੇਂ ਚੁੱਕ ਝੂਠ ਦਾ ਪਹਾੜ ਤੋਲਿਆ',[5] ਜਾਂ 'ਜਾਵਣ ਗਿੱਦੜ ਦੌੜ ਕੇ ਗੱਜਣ ਰਣ ਮੇਂ ਸ਼ੇਰ'[6], ਜਾਂ 'ਤੜਫਦੀ ਫੇਰ ਮੱਛੀ ਦੇ ਸਮਾਨ ਜੀ'[7], ਜਾ 'ਕੂੰਜ ਦੇ ਵਾਂਙਕੁਰਲਾਂਵਾਂ ਤੇਰੀ ਬਰਦੀ[8], ਆਦਿਕ ।

## ਰਾਜੇ, ਰਾਣੀਆਂ ਦੇ ਕਿੱਸੇ

ਰਾਜਾ ਨਲ ਤੇ ਸ਼ਾਹ ਬਹਿਰਾਮ ਪ੍ਰਸਿੱਧ ਕਿੱਸਿਆਂ ਵਿੱਚੋਂ ਹਨ । ਏਸੇ ਤਰ੍ਹਾਂ ਭਰਥਰੀ ਹਰੀ, ਹਰੀ ਚੰਦ, ਰਸਾਲੂ; ਆਦਿਕ ਰਾਜਿਆਂ ਦੇ ਜੀਵਨ ਭੀ ਸਾਨੂੰ ਕਿੱਸਾ ਰੂਪ ਵਿਚ ਮਿਲਦੇ ਹਨ । ਇਨ੍ਹਾਂ ਕਿੱਸਿਆਂ ਵਿਚ ਪ੍ਰਕਿਰਤੀ ਕਿਸੇ ਵਿਲੱਖਣ ਰੂਪ ਵਿਚ ਨਹੀਂ ਆਈ ਸਗੋਂ ਆਪਣੇ ਪਰੰਪਰਾਗਤ ਪ੍ਰਯੋਗ ਵਿਚ ਹੀ ਮਿਲਦੀ ਹੈ , 'ਨਲ-ਦਮਯੰਤੀ' ਵਿਚ ਰੱਜਬ ਅਲੀ ਨੇ ਪ੍ਰਕਿਰਤੀ ਦਾ ਇਕ ਅਤੀ ਸੁੰਦਰ ਚਿਤਰ ਇਉਂ ਲਟਕਾਇਆ ਹੈ :—

ਲੰਘਦੀ ਵਾ ਸ਼ਾਂ ਸ਼ਾਂ ਕਰਦੀ, ਸ਼ੂਕਦੇ ਬੇਲੇ ਐ ।
ਕਾਲੇ ਮੂੰਹ ਵਾਲੇ ਬਾਂਦਰ, ਰਲ਼ ਕੇ ਤੇ ਖੇਲੇ ਐ ।
ਬਿਰਛਾਂ 'ਤੇ ਪੀਂਘ ਝੂਟਦੇ, ਚੜ੍ਹ ਕੇ ਰਿੱਛ ਵਿਹਲੇ ਐ ।[9]

---

੧, ੨, ਤੇ ੩. ਦੁੱਲਾ ਭੱਟੀ ਕ੍ਰਿਤ ਕਿਸ਼ਨ ਸਿੰਘ ਆਰਿਫ਼-ਪ੍ਰਕਾਸ਼ਕ ਭਾ. ਜਵਾਹਰ ਸਿੰਘ, ਕਿਰਪਾਲ ਸਿੰਘ ਅਮ੍ਰਿਤਸਰ, ਪੰਨਾ ੪੧.

੪. ਭੂਮੀਏ ਚੋਰ ਦਾ ਕਿੱਸਾ, ਭਾ. ਸ਼ੇਰ ਸਿੰਘ, ਪ੍ਰਕਾਸ਼ਕ ਭਾ. ਕਿਸ਼ਨ ਸਿੰਘ ਮੋਗਾ, ੧੯੪੯, ਪੰ. ੫.

੫, ੬, ੭, ਤੇ ੮. ਸੁੱਚਾ ਸਿੰਘ ਸੂਰਮਾ, ਰੀਟਾ ਦੀਨ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਸੰਮਤ ੧੯੬੦ ਈ., ਪੰ. ੭

੯. ਨਲ-ਦਮਯੰਤੀ, ਰੱਜਬ ਅਲੀ, ਸ੍ਰੀ ਗੁਰਮਤ ਪ੍ਰੈਸ-ਅਮ੍ਰਿਤਸਰ-੧੯੫੫.

'ਨਲ-ਦਮਯੰਤੀ' (ਰੱਜਬ ਅਲੀ) ਵਿਚ ਸਾਨੂੰ ਕੁੱਝ ਕੁ ਮੌਲਿਕ ਪ੍ਰਾਕ੍ਰਿਤਿਕ ਅਲੰਕਾਰਾਂ ਦੀ ਝਲਕ ਪਈ ਹੈ। 'ਭੰਵਰ ਸੋਹਿਤਿਓਂ', 'ਸਹੇ ਦਾ ਬਦਨ', 'ਪਤਲੀ ਪਤੰਗ', 'ਮੋਟੀ ਅੱਖ ਭਟਨੇਰ ਦਾ ਕੁਰੰਗ ਜਿਉਂ', ਲਾਲ ਲਾਲ ਰੰਗ ਲਾਲੜੀ ਦਾ, ਰੰਗ ਜਿਉਂ ਦਾਮਣੀ ਦੱਮਕੇ ਜਿਉਂ', ਆਦਿਕ ਅਤੀ ਮੋਹਣੇ ਉਪਮਾ ਤੇ ਰੂਪਕ ਹਨ।

'ਸ਼ਾਹ-ਬਹਿਰਾਮ' ਅਮਾਮ ਬਖ਼ਸ਼ ਰਚਿਤ ਕਿੱਸਾ ਹੈ ਜਿਸ ਵਿਚ ਪ੍ਰਕਿਰਤੀ ਕੇਵਲ ਅਲੰਕਾਰ ਰੂਪ ਵਿਚ ਆਈ ਹੈ। ਸਾਰੇ ਅਲੰਕਾਰਾਂ ਵਿਚ ਅਮਾਮ ਬਖ਼ਸ਼ ਨੇ ਪਰੰਪਰਾ ਨੂੰ ਬੜੀ ਵਫ਼ਾਦਾਰੀ ਨਾਲ ਨਿਭਾਇਆ ਹੈ। 'ਘੋੜਾ ਬੱਦਲ ਵਾਂਗੂ ਗੱਜੇ', 'ਕੱਦ ਪਹਾੜ ਜਿੱਡਾ', 'ਹੁਸਨ-ਸੂਰਜ ਲਾਟਾਂ ਮਾਰੇ', 'ਵਾ ਬਿਰਹੋਂ ਦੀ', ਆਦਿ ਅਲੰਕਾਰ ਉਸ ਨੇ ਵੇਖਾ ਵੇਖੀ ਪ੍ਰਕਿਰਤੀ ਵਿੱਚੋਂ ਲੈਣ ਦੀ ਕੋਸ਼ਿਸ਼ ਕੀਤੀ ਹੈ।

## ਭਗਤਾਂ ਦ ਕਿੱਸੇ

ਕਾਦਰਯਾਰ ਦੇ 'ਪੂਰਨ ਭਗਤ' ਨੂੰ ਪੰਜਾਬੀ ਕਿੱਸਾ-ਕਾਵਿ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਮਤ੍ਰੇਈ ਮਾਂ, ਉਮਰੋਂ ਛੋਟੀ ਹੋਣ ਕਰਕੇ, ਆਪਣੇ ਪਤੀ ਨਾਲ ਸੰਤੁਸ਼ਟ ਨਹੀਂ। ਪੂਰਨ ਨੂੰ ਉਹ ਆਪਣੀ ਭੁੱਖ ਦਾ ਸ਼ਿਕਾਰ ਬਣਾਉਣਾ ਲੋਚਦੀ ਹੈ, ਪਰ ਪੂਰਨ ਹਾਲਾਤ ਤੋਂ ਆਤੁਰ ਹੋ ਕੇ, ਖੂਹ ਵਿਚ ਸੁੱਟੇ ਜਾਣ ਨੂੰ ਚੰਗਾ ਸਮਝਦਾ ਹੈ। ਕਾਦਰਯਾਰ ਨੇ ਕਿੱਸੇ ਦਾ ਆਰੰਭ ਪ੍ਰਕਿਰਤੀ ਦੀ ਆਰਤੀ ਤੋਂ ਕੀਤਾ ਹੈ:

> ਲੋਹ ਕਲਮ ਤੇ ਜ਼ਿਮੀਂ ਅਸਮਾਨ ਤਾਰੇ ਚੰਦ ਸੂਰਜ ਵੀ ਸੀਸ ਨਿਵਾਉਂਦੇ ਨੇ।
> ਕਾਦਰਯਾਰ ਮੀਆ ਜੰਗਲ ਜੂਹ ਬੇਲੇ ਸੱਭੇ ਰੱਬ ਦਾ ਵਿਰਦ ਕਮਾਉਂਦੇ ਨੇ।[1]

ਕਾਦਰਯਾਰ ਨੇ ਅਲੰਕਾਰ-ਰੂਪ ਵਿਚ ਪ੍ਰਕਿਰਤੀ ਚਿਤਰਣ ਰੱਜ ਕੇ ਕੀਤਾ ਹੈ। 'ਮਹਤਾਬ' ਉਸ ਦਾ ਅਤੀ ਪਿਆਰਾ ਉਪਮਾਨ ਹੈ ਤੇ ਸਭ ਤੋਂ ਵਧੀਕ ਉਸ ਨੇ ਏਸੇ ਦੀ ਵਰਤੋਂ ਕੀਤੀ ਹੈ। ਕਾਦਰਯਾਰ ਨੂੰ ਯੋਗ ਦੀ ਵਾਕਫ਼ੀਅਤ ਭੀ ਦਿੱਸਦੀ ਹੈ। ਯੋਗ ਦਾ ਪ੍ਰਭਾਵ ਉਸ ਦੀ ਹੇਠਲੀ ਤੁਕ ਤੋਂ ਸਪਸ਼ਟ ਹੈ:

'ਵੇਖੋ ਲੱਗੀ ਵਗਾਉਣੇ ਨਦੀ ਪੁੱਠੀ', 'ਝੂਠ ਪਹਾੜ ਜੇਡਾ', 'ਪੱਥਰ ਜੀ ਹੋਇਆ', 'ਜਿਵੇਂ ਸ਼ੇਰ ਘਾਇਲ ਕੀਤਾ ਵਿਚ ਬੇਲੇ', ਆਦਿ ਟੂਕਾਂ, ਉਸ ਦੇ ਪ੍ਰਕਿਰਤੀ ਵਿੱਚੋਂ ਲਏ ਅਲੰਕਾਰਾਂ ਦੀਆਂ ਸੂਚਕ ਹਨ।

## ਪ੍ਰੀਤ ਕਿੱਸੇ

ਪ੍ਰੀਤ-ਕਿੱਸਿਆਂ ਵਿਚ ਪ੍ਰਕਿਰਤੀ ਦੀ ਸੁੰਦਰਤਾ, ਵਿਕਲਤਾ, ਵਿਲੱਖਣਤਾ ਅਤੇ ਵਿਸਤਾਰ ਨੂੰ ਅਲੰਕਾਰ ਰੂਪ ਵਿਚ ਪ੍ਰਯੁਕਤ ਕੀਤਾ ਗਿਆ ਹੈ। ਇਹ ਅਲੰਕਾਰ, ਪੁਰਸ਼ ਜਾਂ ਨਾਇਕ ਦੀ ਸੁੰਦਰਤਾ ਲਈ ਘੱਟ ਵਰਤੇ ਗਏ ਹਨ, ਵਧੇਰੇ ਨਾਰੀ ਜਾਂ ਨਾਇਕਾ ਦੀ ਸੁੰਦਰਤਾ ਲਈ ਆਏ ਹਨ। ਸੰਜੋਗ ਨੂੰ ਪੁਸ਼ਟ ਤੇ ਪ੍ਰਭਾਵ-ਸ਼ਾਲੀ ਬਣਾਉਣ ਲਈ ਪ੍ਰਕਿਰਤੀ

---

੧. ਪੂਰਨ ਭਗਤ: ਕਾਦਰਯਾਰ, ਪ੍ਰਕਾਸ਼ਕ, ਭਾ. ਜਵਾਹਰ ਸਿੰਘ ਕਿਰਪਾਲ ਸਿੰਘ, ਅਮ੍ਰਿਤਸਰ, ਪੰ: ੧

ਦੀ ਸੁੰਦਰਤਾ ਕੰਮ ਆਈ ਹੈ। ਇਸ ਦੇ ਵਿਪਰੀਤ ਪ੍ਰਕਿਰਤੀ ਦਾ ਵਿਰਾਟ ਤੇ ਭਿਅੰਕਰ ਰੂਪ ਵਿਜੋਗ ਨੂੰ ਹੋਰ ਦੁਖਦਾਈ ਸਿੱਧ ਕਰਦਾ ਹੈ। ਪ੍ਰਕਿਰਤੀ ਦਾ ਵਿਲੱਖਣ ਤੇ ਵਿਸਤ੍ਰਿਤ ਰੂਪ ਵਾਰਿਸ ਦੀ ਦ੍ਰਿਸ਼ਟੀ ਵਿਚ ਸਮਾ ਗਿਆ ਹੈ ਅਤੇ ਕਈਆਂ ਨੇ ਉਸ ਦੇ ਇਸ ਵਿਸਤਾਰ ਨੂੰ ਔਗੁਣ ਭੀ ਕਹਿ ਦਿੱਤਾ ਹੈ। ਪ੍ਰਕਿਰਤੀ ਵਿਚ ਪਰਮ ਤੱਤ ਦਾ ਚਿਤਰਣ ਭੀ ਕਈ ਥਾਈਂ ਪ੍ਰੀਤ ਕਿੱਸਿਆਂ ਵਿਚ ਲੱਭਦਾ ਹੈ। ਆਲੰਬਨ-ਉੱਦੀਪਨ ਰੂਪ ਵਿਚ ਪ੍ਰਕਿਰਤੀ ਚਿਤਰਣ ਦੇ ਅਨੇਕਾਂ ਉਦਾਹਰਣ ਮਿਲਦੇ ਹਨ। ਅੱਗੇ ਇਨ੍ਹਾਂ ਦਾ ਸੰਖਿਪਤ ਵਰਣਨ ਦਿੱਤਾ ਜਾਵੇਗਾ। ਕਾਵਿ-ਰੀਤਾਂ[1] ਤਾਂ ਲਗਭਗ ਸਾਰੇ ਕਿੱਸਾਕਾਰਾਂ ਨੇ ਪਰੰਪਰਾ ਤੋਂ ਲਈਆਂ ਹਨ। ਫ਼ਜ਼ਲ ਸ਼ਾਹ ਦੁਆਰਾ ਕਾਵਿ-ਰੀਤ ਦਾ ਪ੍ਰਯੋਗ ਵੇਖੋ :

ਮਸਤ ਹੋ ਚਕੋਰ ਨੇ ਦੀਦ ਲਾਈ ਵੇਖ ਚੰਦ ਦਾ ਹੁਸਨ ਜਮਾਲ ਮੀਆਂ।[2]

## ਪ੍ਰਕਿਰਤੀ-ਚਿਤਰਣ ਦਾ ਵਿਕਾਸ

**ਆਲੰਬਨ-ਉੱਦੀਪਨ :**

'ਪਾਣੀ ਇਸ਼ਕ ਝਨਾਂ ਦਾ ਜਾਦੂਗਰ ਵਹੇ'

(ਸੋਹਣੀ ਮਹੀਂਵਾਲ : ਕਾਦਰਯਾਰ)

ਕਿਸੇ ਨੇ ਇਸ਼ਕ ਵਿਹਾਜਣਾ ਹੋਵੇ ਤਾਂ ਝਨਾਂ ਕੋਲ ਜਾਵੇ। ਝਨਾਂ ਆਸ਼ਿਕਾਂ ਦਾ ਦਰਿਆ ਹੈ। ਪੰਜਾਬ ਦਾ ਸਮੁੱਚਾ ਇਸ਼ਕ ਇਸ ਦੇ ਪੱਤਣਾਂ ਤੇ ਪਲਿਆ ਤੇ ਪ੍ਰਵਾਨ ਚੜ੍ਹਿਆ। ਪੰਜਾਬ ਇਸ਼ਕ ਦੀ ਧਰਤੀ ਹੈ ਤੇ ਝਨਾਂ ਦੇ ਪਾਣੀਆਂ ਨੇ ਇਸ ਦੀ ਧਰਤੀ ਵਿਚ ਇਸ਼ਕ ਨੂੰ ਪੁੰਗਰਨ ਦੇ ਵਸੀਲੇ ਦਿੱਤੇ ਹਨ। ਝਨਾਂ ਨਾਲ ਸੰਬੰਧਿਤ ਬੇਲੇ, ਬਰੇਟੇ, ਜੂਹਾਂ, ਝੱਲ, ਆਦਿ ਭੀ ਅਤੇ ਮੱਝਾਂ, ਚੀਤੇ, ਸ਼ੇਰ, ਬਘੇਰ, ਸੱਪ, ਆਦਿ ਭੀ ਆਲੰਬਨ-ਉੱਦੀਪਨ ਦੇ ਤੌਰ ਉੱਤੇ, ਕਿੱਸਾ ਕਾਵਿ ਵਿਚ ਆ ਜਾਣੇ ਗ਼ੈਰ ਕੁਦਰਤੀ ਨਹੀਂ ਸਨ। ਪ੍ਰਸਿੱਧ ਨਾਇਕ ਨਾਇਕਾਵਾਂ, ਅਥਵਾ ਹੀਰ ਰਾਂਝਾ ਤੇ ਸੋਹਣੀ ਮਹੀਂਵਾਲ, ਆਦਿ ਦੀਆਂ ਭਾਵਨਾਵਾਂ ਨੂੰ, ਕਿੱਸਾ ਕਾਰ ਕਵੀ ਏਨ੍ਹਾਂ ਉੱਤੇ ਆਧਾਰਿਤ ਕਰਦੇ ਰਹੇ ਹਨ ਤੇ ਕਈ ਵੇਰ ਉਨ੍ਹਾਂ ਦੇ ਸੰਜੋਗ ਵਿਜੋਗ ਵਿਚ ਭਾਈਵਾਲ ਦਰਸਾਉਂਦੇ ਰਹੇ ਹਨ।

**ਅਲੰਕਾਰ :**

ਕਿੱਸਾ ਕਾਵਿ ਵਿਚ ਪ੍ਰਕਿਰਤੀ ਦਾ ਅਲੰਕਾਰ ਰੂਪ ਬਾਕੀ ਸਾਰੇ ਰੂਪਾਂ ਨਾਲੋਂ

---

੧. "कवि-संप्रदाय की स्वतंत्रता पारसपरिक समझौते से उत्पन्न प्राकृतिक सत्य में स्वतंत्रता है। इस स्वतंत्रता को संस्कृत में 'कवि समय' और अंग्रेज़ी में Poetic Convention कहते हैं।"

'हिंदी काव्य में प्राकृतिक चित्रण कृत डा. किरण कुमारी, हिंदी साहित्य सम्मेलन प्रयाग, १९५७ ई., ਸਫ਼ਾ ੨੧.

੨. ਸੋਹਣੀ : ਫ਼ਜ਼ਲ ਸ਼ਾਹ, ਪੂਰਨ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, ਪੰ. ੩.

ਪ੍ਰਮੁਖ ਹੈ । ਜਿੰਨੇ ਅਲੰਕਾਰ—ਉਪਮਾ, ਰੂਪਕ, ਦ੍ਰਿਸ਼ਟਾਂਤ, ਆਦਿ ਕਿੱਸਾ ਕਾਵਿ ਵਿਚ ਪ੍ਰਕਿਰਤੀ ਵਿੱਚੋਂ ਲਏ ਗਏ ਹਨ, ਓਨੇ ਹੋਰ ਕਿਸੇ ਪੰਜਾਬੀ ਕਾਵਿ--ਰੂਪ ਵਿਚ ਨਹੀਂ ਲਏ ਗਏ । ਮੂੰਹ ਲਈ ਮਹਤਾਬ, ਕੱਦ ਲਈ ਸਨੋਬਰ, ਦੰਦਾਂ ਲਈ ਅਨਾਰ (ਚੰਬੇ ਦੀਆਂ ਕਲੀਆਂ), ਠੋਡੀ ਲਈ ਸੇਬ, ਜ਼ੁਲਫ਼ਾਂ ਲਈ ਨਾਗ (ਬਿਸੀਅਰ), ਆਦਿ ਪ੍ਰਯੁਕਤ ਕਰਨ ਵਿਚ, ਹਰ ਕਿੱਸਾਕਾਰ ਨੇ ਆਪਣੀ ਸ਼ਾਨ ਸਮਝੀ ਹੈ, ਅਥਵਾ ਇਨ੍ਹਾਂ ਦੀ ਵਰਤੋਂ ਦੀ ਰੀਤ ਨੂੰ ਬੜੀ ਈਮਾਨਦਾਰੀ ਤੇ ਵਫ਼ਾ ਨਾਲ ਨਿਭਾਇਆ ਹੈ ।

ਦਮੋਦਰ ਤੇ ਪੀਲੂ ਦੇ ਪਿੱਛੋਂ ਪਹਿਲਾ ਪ੍ਰਤਿਨਿਧ ਕਿੱਸਾਕਾਰ ਹਾਫ਼ਿਜ਼ ਬਰਖ਼ੁਰਦਾਰ ਹੈ ਤੇ ਦੂਜਾ ਅਹਮਦ । ਹਾਫ਼ਿਜ਼ ਦੇ 'ਸੱਸੀ-ਪੁੰਨੂੰ', 'ਮਿਰਜ਼ਾ-ਸਾਹਿਬਾਂ', ਤੇ 'ਯੂਸਫ਼—ਜ਼ੁਲੈਖ਼ਾ' ਤਿੰਨ ਪ੍ਰਸਿੱਧ ਕਿੱਸੇ ਹਨ । ਇਨ੍ਹਾਂ ਵਿਚ ਪ੍ਰਕਿਰਤੀ ਦੇ ਹੇਠ-ਲਿਖੇ ਰੂਪ ਮਿਲਦੇ ਹਨ :

**ਕਾਦਰ ਦੀ ਕੁਦਰਤ** :

੧. ਅਸੀਂ ਕੁਦਰਤ ਤੇਰੀ ਨੂੰ ਰੱਬ ਜੀ ! ਲੱਖ ਵਾਰੀ ਬਲ ਜਾਹ ।
੨. ਓਸ ਕੁਦਰਤ ਡਿੱਠੀ ਰੱਬ ਦੀ ਪਿਆ ਅਯਾਲ ਤ੍ਰਾਹ ।

( ਸੱਸੀ-ਪੁੰਨੂੰ : ਹਾਫ਼ਿਜ਼ )

ਕਿੱਸਾ-ਕਾਵਿ ਦੇ ਕਾਦਰ-ਕੁਦਰਤ ਸਿੱਧਾਂਤ ਨੂੰ ਅੱਗੇ ਜਾ ਕੇ ਵਿਸਤਾਰ-ਸਹਿਤ ਪੜਤਾਲਿਆ ਜਾਵੇਗਾ ।

**ਕੁਦਰਤ ਦੀ ਸਿੱਖਿਆ** : ਪ੍ਰਕਿਰਤੀ ਦੀ ਅਨੰਤਤਾ, ਪ੍ਰਕਿਰਤੀ ਦੇ ਪੰਛੀ, ਆਦਿ ਉਸ ਲਈ ਸਿੱਖਿਆ ਦਾ ਸਾਧਨ ਹਨ । 'ਅੰਬਰ ਹੱਥ ਨ ਅੱਪੜਨ ਜੇ ਕੀਜੇ ਯਤਨ ਹਜ਼ਾਰ,' 'ਇੱਲ੍ਹਾਂ ਕਿਨ ਪਰਣਾਈਆਂ, ਕਿਨ ਪਿੰਜਰੇ ਘੱਤੇ ਕਾਉਂ,' ਆਦਿ ਅਨੇਕਾਂ ਤੁਕਾਂ ਉਦਾਹਰਣ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ।

**ਅਲੰਕਾਰ** : ਯੂਸਫ਼-ਜ਼ੁਲੈਖ਼ਾ ਵਿਚ ਉਸ ਨੇ ਸਭ ਤਸ਼ਬੀਹਾਂ ਪ੍ਰਕਿਰਤੀ ਵਿੱਚੋਂ ਲਈਆਂ ਹਨ । ਬਿਜਲੀ, ਆਸਮਾਨ, ਮਜੀਠ, ਨਾਮ, ਮੋਤੀ, ਫੁੱਲ, ਸੂਰਜ, ਚੰਦਨ, ਤਿਲੀਅਰ, ਦਰਿਆ, ਚਨ, ਤਾਰੇ, ਚੰਬਾ, ਕਲੀਆਂ, ਸੇਬ, ਆਦਿ ਕੁੱਝ ਉਦਾਹਰਣ ਹਨ ।

**ਹਮਦਰਦ ਕੁਦਰਤ** : ਸੱਸੀ ਦੀ ਵਿਜੋਗ ਅਵਸਥਾ ਵਿਚ ਪ੍ਰਕਿਰਤੀ ਦੇ ਝਾੜ-ਬਰੋਟੇ ਰੁਦਨ ਕਰਦੇ ਹਨ । ਬਘਿਆੜ ਤੇ ਗਿੱਦੜ, ਲੂੰਬੜੀਆਂ ਤੇ ਪਾਹੜੇ, ਮੋਰ ਤੇ ਕੂੰਜਾਂ ਤੇ ਹੋਰ ਪੰਛੀ ਉਸ ਦੀ ਮਰਨ-ਦਸ਼ਾ ਨੂੰ ਸੋਗ-ਭਰੇ ਹਉਕਿਆਂ ਨਾਲ ਉਜਾਗਰ ਕਰਦੇ ਹੋਏ ਉਸ ਦੇ ਗ਼ਮ ਦੇ ਭਾਈਵਾਲ ਬਣਦੇ ਹਨ ।

**ਆਲੰਬਨ** : ਮਿਰਜ਼ਾ ਸਾਹਿਬਾਂ ਵਿੱਚੋਂ ਆਲੰਬਨ ਦਾ ਇਕ ਸੁੰਦਰ ਉਦਾਹਰਣ ਇਉਂ ਹੈ :

ਤੋਤਿਆਂ ਮੈਨਾਂ ਕੂਹੀਆਂ ਚੁੰਜੂ ਲਾਲ ਵਸੰਨ ।

ਅਤੇ ਛਾਤੀ ਕੋਹੀ ਤਿਲੀਅਰਾਂ, ਹੰਝੂ ਨੀਰ ਪੀਵੰਨ ।

(ਮਿਰਜ਼ਾ ਸਾਹਿਬਾਂ : ਹਾਫ਼ਿਜ਼)

ਅਹਮਦ ਦੀ 'ਹੀਰ' ਪ੍ਰਸਿੱਧ ਰਚਨਾ ਹੈ ਪਰ ਪ੍ਰਕਿਰਤੀ-ਚਿਤਰਣ ਦਾ ਕੇਵਲ ਇੱਕੋ ਰੂਪ ਇਸ ਵਿਚ ਸਾਨੂੰ ਮਿਲਦਾ ਹੈ ਤੇ ਉਹ ਹੈ ਅਲੰਕਾਰ ਰਾਹੀਂ । ਪ੍ਰਕਿਰਤੀ ਉਸ ਲਈ ਅਲੰਕਾਰਾਂ ਦਾ ਭੰਡਾਰ ਸਿੱਧ ਹੋਈ ਹੈ । ਕੁੱਝ ਉਦਾਹਰਣ ਇਹ ਹਨ :

ਨਜ਼ਰ ਬਾਜ਼ ਦਾ ਸੁੱਕ ਕੇ ਕਾਠ ਹੋਇਆ; ਚੰਬੜੇ ਇਸ਼ਕ ਦਾ ਨਾਗ ਹੀਰੇ; ਤੂੰ ਏਂ ਸ਼ਮ੍ਹਾਂ ਤੇ ਉਹ ਹੈ ਪਤੰਗ ਤੇਰਾ; ਜਿਵੇਂ ਹਰਨੀਆਂ ਡਰਦੀਆਂ ਫਾਹੀਆਂ ਤੋਂ, ਤਿਵੇਂ ਖੇੜਿਆਂ ਤੋਂ ਮੇਰਾ ਜੀ ਤ੍ਰਾਂਹਦਾ; ਖਰਾ ਕਠਨ ਦਰਿਆ ਹੈ ਇਸ਼ਕ ਵਾਲਾ; ਭੇਡ ਮੋਂਡ ਹੋ ਟਿੱਲਿਓਂ ਆਇਆ ਵੇ, ਇਤਿਆਦਿ ।

ਵਾਰਿਸ ਸ਼ਾਹ ਨੇ ਦ੍ਰਿਸ਼-ਚਿਤਰਣ ਦੇ ਨਾਲ ਪ੍ਰਕਿਰਤੀ ਨੂੰ ਅਲੰਕਾਰ-ਰੂਪ ਵਿਚ ਭੀ ਵਰਤਿਆ ਹੈ । ਉਸ ਦੇ ਹੋਠ=ਸੁਰਖ਼ ਯਾਕੂਤ; ਠੋਡੀ=ਸੇਬ ਵਲਾਇਤੀ; ਜ਼ੁਲਫਾਂ=ਨਾਗ, ਆਦਿ ਅਨੇਕਾਂ ਉਪਮਾਨ ਪ੍ਰਕਿਰਤੀ ਵਿੱਚੋਂ ਲਏ ਹੋਏ ਹਨ।

'ਹੀਰ' ਹਾਮਿਦ ਸ਼ਾਹ ਅੱਬਾਸੀ ਵਿਚ ਬਹੁਤੇ ਅਲੰਕਾਰ ਪਰੰਪਰਾ ਤੋਂ ਲਏ ਹੋਏ ਹਨ । 'ਹੀਰ' ਕਿਸ਼ਨ ਸਿੰਘ ਵਿਚ ਪ੍ਰਕਿਰਤੀ ਦੇ ਦੋ ਰੂਪ ਚਿਤ੍ਰਿਤ ਮਿਲਦੇ ਹਨ : ਅਲੰਕਾਰ ਤੇ ਪ੍ਰਕਿਰਤੀ-ਸੱਚ । ਪ੍ਰਕਿਰਤੀ-ਸੱਚ ਦਾ ਇਕ ਸੁੰਦਰ ਉਦਾਹਰਣ ਵੇਖੋ :

ਬਾਜ਼ ਜੁਆਰ ਨ ਖਾਂਵਦੇ, ਸ਼ੇਰ ਨ ਘਾਹ ਅਹਾਰ ।<br>
ਸਾਨ੍ਹਾਂ ਨੂੰ ਹਲ ਵਾਹੁਣਾ, ਹੁੰਦਾ ਹੈ ਦੁਸ਼ਵਾਰ ।

(ਹੀਰ : ਕਿਸ਼ਨ ਸਿੰਘ ਆਰਿਫ਼)

'ਹੀਰ' ਲਾਹੌਰਾ ਸਿੰਘ ਵਿਚ ਭੀ ਪ੍ਰਾਕ੍ਰਿਤਿਕ ਰੂਪਕ, ਉਪਮਾਨ ਆਦਿ ਆਏ ਹਨ । ਮੁਕਬਲ ਨੇ 'ਹੀਰ' ਵਿਚ ਪ੍ਰਕਿਰਤੀ ਦਾ ਵਿਰੋਧਾਤਮਕ ਚਿਤਰਣ ਕੀਤਾ ਹੈ। ਇਹ ਖ਼ਬਰੇ ਜੋਗ ਮੱਤ ਦੇ ਪ੍ਰਭਾਵ ਕਾਰਣ ਹੀ ਹੋਵੇ । ਹੇਠਾਂ ਅੰਕਿਤ ਤੁਕਾਂ ਵਿਚ ਮੁਕਬਲ, ਜੋਗ ਦੀ 'ਉਲਟੀ ਸਾਧਨਾ' ਨੂੰ ਅਪਣਾਉਂਦਾ ਹੋਇਆ ਕਹਿੰਦਾ ਹੈ :

ਆਸਮਾਨ ਤੇ ਜ਼ਿਮੀਂ ਦਾ ਮੇਲ ਕਰਸਾਂ ਬੇੜੀ ਰੇਤ ਦੇ ਵਿਚ ਤਰਾਵਸਾਂ ਮੈਂ ।<br>
ਟਕਰਾਵਸਾਂ ਪਰਬਤਾਂ ਭਾਰਿਆਂ ਨੂੰ ਬਾਝ ਬੱਦਲਾਂ ਮੀਂਹ ਬਰਸਾਵਸਾਂ ਮੈਂ ।[1]

'ਸੱਸੀ' ਹਾਸ਼ਮ ਵਿਚ ਪ੍ਰਕਿਰਤੀ ਸਾਨੂੰ ਆਲੰਬਨ, ਉੱਦੀਪਨ, ਅਲੰਕਾਰ ਤੇ ਕਾਦਰ ਨਾਲ ਪ੍ਰਵਿਸ਼ਟ ਹੋਣ ਵਾਲੇ ਰੂਪਾਂ ਵਿਚ ਮਿਲਦੀ ਹੈ। ਪ੍ਰਕਿਰਤੀ ਦਾ ਵਿਕਰਾਲ ਰੂਪ ਚਿਤਰਣ ਵਿਚ ਭੀ ਹਾਸ਼ਮ ਉਸਤਾਦ ਹੈ । ਤੂਫ਼ਾਨਾਂ, ਬਾਸ਼ਕ ਨਾਗਾਂ, ਦਾਨਵਾਂ, ਖ਼ੂਨੀ ਹੜ੍ਹਾਂ ਤੇ ਆਦਮਖ਼ੋਰ ਜਾਨਵਰਾਂ ਦੀ ਭਿਅੰਕਰਤਾ ਸਾਕਾਰ ਕਰਨ ਵਿਚ ਹਾਸ਼ਮ ਸਫਲ ਰਿਹਾ ਹੈ । ਇਕ ਪਾਸੇ 'ਆਤਿਸ਼ ਹਿਜਰ' ਹੈ, ਤੇ ਦੂਜੇ ਪਾਸੇ ਮਾਰੂ ਥਲ ਥਲ ਦੀ ਤਪਸ਼ ਖ਼ੂਬ ਦੱਸੀ ਹੈ—

੧. ਹੀਰ : ਮੁਕਬਲ, ਸੰਪਾਦਕ, ਡਾ. ਬਨਾਰਸੀ ਦਾਸ ਜੈਨ, ਪੰਜਾਬ ਯੂਨੀਵਰਸਿਟੀ ਲਾਹੌਰ, ਸੰਨ ੧੯੨੧, ਪੰ. ੩.

ਦੋਵੇਂ ਤਪਸ਼ਾਂ ਇਕੱਲੀ ਸੱਸੀ ਦੀ ਪੇਸ਼ ਨਹੀਂ ਜਾਣ ਦੇਂਦੀਆਂ। ਸੂਰਜ ਨੂੰ 'ਅਸਮਾਨੀ ਚਿਤਾ' ਹਾਸ਼ਮ ਹੀ ਕਹਿ ਸਕਦਾ ਸੀ।

'ਹੀਰ' ਭਗਵਾਨ ਸਿੰਘ ਵਿਚ ਪ੍ਰਕਿਰਤੀ, ਪਰਮ ਤੱਤ ਨਾਲ ਪ੍ਰਵਿਸ਼ਟ ਹੋ ਕੇ, ਅਲੰਕਾਰ ਤੇ ਉਪਦੇਸ਼ ਅਥਵਾ ਨੀਤੀ ਦੇ ਸਾਧਨ ਵਾਲੇ ਰੂਪਾਂ ਵਿਚ ਆਈ ਹੈ। ਸ਼ਿਵ ਦਿਆਲ ਨੇ 'ਰੂਪ ਬਸੰਤ ਵਿਚ ਪ੍ਰਕਿਰਤੀ ਦਾ ਮਾਨਵੀਕਰਣ ਭੀ ਲਿਆਂਦਾ ਹੈ। ਉਸ ਦੇ ਪੰਛੀ ਪੁਕਾਰਾਂ ਕਰਦੇ ਹਨ ਤੋਤੇ ਬੋਲਦੇ ਹਨ।

**ਪ੍ਰਾਕ੍ਰਿਤਿਕ ਧੁਨੀਆਂ** ਦੀ ਵਰਤੋਂ ਭੀ ਕਿੱਸਾ ਕਾਵਿ ਵਿਚ ਮਿਲਦੀ ਹੈ। 'ਆਣ ਚਿੜੀ ਚਿਚਲਾਣੀ'; 'ਰਾਤ ਅੰਧੇਰੀ ਸ਼ੂਕਦੀ'; 'ਕੁੱਠੇ ਵਾਂਗ ਕਬੂਤਰ ਦੇ ਫੜਕਦੀ ਏ'; 'ਕੂੰਜ ਵਿੱਛੜੀ ਵਾਂਗ ਕੁਰਲਾਂਵਦੀ ਏ', ਆਦਿਕ।

**ਪ੍ਰਕਿਰਤੀ, ਉਪਦੇਸ਼ਕ ਦੇ ਰੂਪ ਵਿਚ** ਓਦੋਂ ਆਈ ਹੈ ਜਦੋਂ ਕਵੀ ਨੇ ਕਹਾਣੀ ਦੇ ਨਾਲ ਕੋਈ ਜੀਵਨ-ਦਰਸ਼ਨ ਭੀ ਦੇਣਾ ਚਾਹਿਆ ਹੈ। ਪੀਲੂ ਦਾ 'ਇਸ਼ਕ ਲਿਤਾੜੇ ਆਦਮੀ ਬਰਫ ਲਿਤਾੜੇ ਰੁੱਖ'; ਕਾਦਰਯਾਰ ਦਾ 'ਅੱਕ ਦੀ ਨ ਖਾਈਏ ਕੱਕੜੀ, ਵੇ ਰਾਜਿਆ! ਸੱਪ ਦਾ ਨਾ ਖਾਈਏ ਮਾਸ, ਰਾਜਾ ਜੀ'; ਹਾਫ਼ਿਜ਼ ਬਰਖ਼ੁਰਦਾਰ ਦਾ 'ਅੰਬਰ ਹੱਥ ਨ ਅੱਪੜਨ ਜੇ ਕੀਜਨ ਜਤਨ ਹਜ਼ਾਰ' ਤੇ 'ਇੱਲੀਂ ਕਿਨ ਪਰਣਾਈਆਂ, ਕਿਨ ਪਿੰਜਰੇ ਘੱਤੇ ਕਾਉਂ'; ਮੁਕਬਲ ਦਾ 'ਇਸ਼ਕ ਮੁਸ਼ਕ ਛਿਪਾਇਆ ਨ ਛਿਪਦਾ ਜਿਵੇਂ ਅੱਗ ਨ ਛਿਪਦੀ ਵਿਚ ਝੱਲਾਂ'; ਭਗਵਾਨ ਸਿੰਘ ਦਾ 'ਅੱਕਾਂ ਨੂੰ ਚੰਦਨ ਗੁਲਾਬ ਨਾਲ ਰੰਗ ਦੇਈਏ, ਹੋਵੇ ਨ ਨਿਸੰਗ ਕਦੀ ਮੁਸ਼ਕ ਰਵੇਲੀ ਨੀ', ਆਦਿਕ ਉਪਦੇਸ਼ ਪ੍ਰਕਿਰਤੀ ਰਾਹੀਂ ਹੀ ਹਨ।

## ਕਾਦਰ-ਕੁਦਰਤ

ਰੰਗਾ ਰੰਗ ਉਪਾਈ ਖ਼ਲਕਤ ਸਿਰਜੇ ਦਿਹੁੰ ਚੰਦ ਤਾਰੇ।
ਕੁਦਰਤ ਨਾਲ, ਹਵਾ ਦੇ ਅੰਦਰ, ਚੌਦਾਂ ਤ਼ਬਕ ਖਲ੍ਹਾਰੇ।

(ਕਿੱਸਾ ਯੂਸਫ਼ : ਅਹਮਦ ਯਾਰ)

ਅਹਮਦਯਾਰ ਨੇ ਧਰਤੀ, ਬਿਰਛ, ਬੂਟੇ, ਫੁੱਲ, ਫਲ, ਦਰਿਆ, ਚੰਨ, ਸੂਰਜ, ਤਾਰੇ, ਆਦਿਕ ਦਾ ਰਚਣਹਾਰ ਕਾਦਰ ਨੂੰ ਮੰਨਿਆ ਹੈ।

'ਰਾਜ ਬੀਬੀ' ਵਿਚ ਅਹਮਦ ਦਾ ਕਾਦਰ-ਕੁਦਰਤ ਸਿੱਧਾਂਤ ਹੋਰ ਹੈ। ਉੱਥੇ ਉਸ ਨੇ ਸਾਰੀ ਹੋਂਦ ਦੇ ਕਾਰਣ-ਰੂਪ ਨੂੰ 'ਖ਼ੁਦਾਈ ਇਸ਼ਕ' ਦਾ ਨਾਉਂ ਦਿੱਤਾ ਹੈ :

ਇਸ਼ਕ ਖ਼ੁਦਾਈ ਜ਼ਾਹਿਰ ਕੀਤਾ ਸਿਰਜੇ ਦਿਹੁੰ ਚੰਦ ਤਾਰੇ।

(ਰਾਜ ਬੀਬੀ : ਅਹਮਦ ਯਾਰ)

ਹੇਠਾਂ ਪ੍ਰਕਿਰਤੀ ਨੂੰ ਪਰਮ ਤੱਤ ਮੰਨਣ ਵਾਲੇ ਸਿੱਧਾਂਤ ਦੇ ਕੁਝ ਹੋਰ ਨਮੂਨੇ ਦਿੰਦੇ ਹਾਂ :

੧. ਅਸੀਂ ਕੁਦਰਤ ਤੇਰੀ ਨੂੰ ਰੱਬ ਜੀ, ਲੱਖ ਵਾਰੀ ਬਲ ਜਾਂਹ।

(ਸੱਸੀ : ਹਾਫ਼ਿਜ਼)

੨. ਸਾਹਿਬ ਕੁਦਰਤ ਅਪਰ ਅਪਾਰਾ; ਕੁਦਰਤ ਨਾਲ ਰਹੇ ਸਰਗਰਦਾਂ; ਮਾਲਕ ਮੁਲਕ ਮਲਕ ਦਾ। (ਸੱਸੀ : ਹਾਸ਼ਮ)

੩. ਪੂਰਨ ਪਰਮਾਤਮਾ ਜਹਾਨ ਮੇਂ ਬਿਰਾਜਮਾਨ। (ਹੀਰ : ਭਗਵਾਨ ਸਿੰਘ)

ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਸਤਰੀ-ਰੂਪ ਦੇ ਵਰਣਨ ਲਈ ਪ੍ਰਿਕਿਰਤੀ ਦੇ ਅਲੰਕਾਰਾਂ ਦਾ ਪ੍ਰਯੋਗ ਸਭ ਤੋਂ ਵਧੀਕ ਹੋਇਆ ਹੈ। ਪ੍ਰੀਤ-ਕਿੱਸਿਆਂ ਵਿਚ ਪ੍ਰਕਿਰਤੀ ਦੇ ਰੋਮਾਂਚਕ ਰੂਪ ਦਾ; ਬੀਰ-ਰਸੀ ਕਿੱਸਿਆਂ ਵਿਚ ਵਿਰਾਟ ਰੂਪ ਦਾ, ਅਤੇ ਚੋਰਾਂ ਡਾਕੂਆਂ ਆਦਿ ਦੇ ਕਿੱਸਿਆਂ ਵਿਚ ਪ੍ਰਕਿਰਤੀ ਦੇ ਭਿਆਨਕ ਰੂਪ ਦਾ ਪ੍ਰਯੋਗ ਮਿਲਦਾ ਹੈ। ਪ੍ਰਕਿਰਤੀ ਵਿਚ ਪ੍ਰਭੂ ਦਾ ਵਾਸ, ਜੋਗ ਦਾ ਪ੍ਰਭਾਵ, ਆਲੰਬਨ, ਉੱਦੀਪਨ, ਉਪਦੇਸ਼ ਤੇ ਨੀਤੀ, ਮਾਨਵੀਕਰਣ ਅਤੇ ਦ੍ਰਿਸ਼-ਵਰਣਨ ਆਦਿਕ ਪ੍ਰਕਿਰਤੀ-ਚਿਤਰਣ ਦੇ ਕਈ ਰੂਪ ਸਾਨੂੰ ਕਿੱਸਾ ਕਾਵਿ ਵਿਚ ਮਿਲਦੇ ਹਨ। ਪ੍ਰਕਿਰਤੀ ਦੇ ਰੂਪਕ, ਉਪਮਾਨ ਤੇ ਦ੍ਰਿਸ਼ਟਾਂਤ ਤਾਂ ਇਕ ਪਰੰਪਰਾ ਬਣ ਗਏ ਹਨ। ਹਰ ਕਿੱਸਾਕਾਰ ਨੇ ਉਚੇਚੇ ਜਤਨ ਨਾਲ ਉਹੀ ਅਲੰਕਾਰ ਵਰਤਣ ਦੀ ਚੇਸ਼ਟਾ ਕੀਤੀ ਹੈ ਜੋ ਉਸ ਦੇ ਪੂਰਵ-ਕਾਲੀਨ ਕਿੱਸਾ-ਕਵੀ ਵਰਤ ਗਏ ਸਨ। ਹਰ ਕਿਸੇ ਨੂੰ ਇਹ ਖ਼ਿਆਲ ਸੀ ਕਿ ਕਿਤੇ ਇਨ੍ਹਾਂ ਖੁਣੋਂ ਉਸ ਦੀ ਰਚਨਾ ਹੌਲੀ ਨ ਰਹਿ ਜਾਵੇ। ਉਪਰੋਕਤ ਅਲੰਕਾਰਾਂ ਵਿੱਚੋਂ ਕਈ ਤਾਂ ਚਿੱਥੇ ਚਗਲੇ ਜਾਣ ਦੀ ਹੱਦ ਤੀਕ ਪ੍ਰਯੁਕਤ ਹੋਏ ਹਨ।

---


# ਵਿਸ਼ਲੇਸ਼ਣ

## (ਸਾਹਿੱਤ ਦੀ ਖੋਜ ਤੇ ਸਮੀਖਿਆ ਸੰਬੰਧੀ ਪਤ੍ਰਿਕਾ)

ਸੰਪਾਦਕ :

ਡਾ. ਜਯ ਨਾਥ ਨਲਿਨ ਐਮ. ਏ., ਪੀ. ਐਚ. ਡੀ.

ਪ੍ਰਕਾਸ਼ਕ :

## ਪੰਜਾਬ ਹਿੰਦੀ ਸਾਹਿਤਯ ਅਕਾਡਮੀ

## ਕੁਰੂਕਸ਼ੇਤ੍ਰ ਵਿਸ਼ਵ-ਵਿਦਿਆਲਯ, ਕੁਰੂਕਸ਼ੇਤ੍ਰ

ਸਾਲਾਨਾ ਚੰਦਾ ੫) ਇਕ ਕਾਪੀ ਦਾ ਮੁੱਲ ੨।।)

* ਪੰਜਾਬੀ ਸਾਹਿੱਤਕਾਰਾਂ ਦਾ ਠੀਕ ਮੁਲੰਕਣ
* ਸਰਵੋਤਮ ਹਿੰਦੀ ਰਚਨਾਵਾਂ ਦੀ ਆਲੋਚਨਾ
* ਨਵੇਂ ਸਾਹਿੱਤਕਾਰਾਂ ਦਾ ਪੱਥ-ਪ੍ਰਦਰਸ਼ਨ

# ਪੰਜਾਬ ਦੇ ਇਤਿਹਾਸ, ਭਾਸ਼ਾ ਤੇ ਸਾਹਿੱਤ ਨੂੰ ਜੱਟਾਂ ਦੀ ਦੇਣ

ਮ. ਕ. ਕੁਦਰੀਆਵਤਸੇਵ

੧੮੭੨ ਤੋਂ ਲੈ ਕੇ ਹਿੰਦੋਸਤਾਨ ਦੀਆਂ ਸਭ ਮਰਦੂਮ-ਸ਼ੁਮਾਰੀਆਂ ਵਿਚ ਜੱਟਾਂ ਨੂੰ ਵੱਸੋਂ ਦਾ ਇਕ ਮਹਤ੍ਵ-ਪੂਰਣ ਜਨ-ਸਮੂਹ ਦੱਸਿਆ ਗਿਆ ਹੈ। ਹੁਣ ਤੱਕ ਦੀਆਂ ਸਾਰੀਆਂ ਮਰਦੂਮ-ਸ਼ੁਮਾਰੀਆਂ ਵਿੱਚੋਂ ੧੯੩੧ ਵਾਲੀ ਸਭ ਤੋਂ ਵੱਧ ਸੰਪੂਰਣ ਸੀ। ਇਸ ਵਿਚ ਭਾਰਤੀ ਜੱਟਾਂ ਦੀ ਗਿਣਤੀ ੪੦ ਲੱਖ ਤੋਂ ਵੱਧ ਦਿਤੀ ਗਈ ਹੈ। ਇਨ੍ਹਾਂ ਵਿੱਚੋਂ ੬੦ ਲੱਖ ਤੋਂ ਜ਼ਿਆਦਾ ਪੰਜਾਬ ਵਿਚ ਰਹਿੰਦੇ ਸਨ, ਜਿਸ ਦੀ ਅਜੇ ਓਦੋਂ ਵੰਡ ਨਹੀਂ ਸੀ ਹੋਈ; ਲਗ ਭਗ ੧੦ ਲੱਖ ਰਾਜਸਥਾਨ ਵਿਚ ਅਤੇ ੩ ਲੱਖ ਦੇ ਕਰੀਬ ਹੁਣ ਦੇ ਉੱਤਰ ਪ੍ਰਦੇਸ਼ ਵਿਚ। ਮਰਦੂਮ-ਸ਼ੁਮਾਰੀ ਅਨੁਸਾਰ ਜੱਟਾਂ ਦੀ ਕਾਫ਼ੀ ਵੱਡੀ ਗਿਣਤੀ ਕਸ਼ਮੀਰ, ਉੱਤਰ-ਪੱਛਮੀ ਸਰਹੱਦੀ ਸੂਬੇ, ਬਲੋਚਿਸਤਾਨ ਅਤੇ ਸਿੰਧ ਵਿਚ ਵੀ ਰਹਿੰਦੀ ਸੀ। ਬਦਕਿਸਮਤੀ ਨਾਲ, ਭਾਰਤ ਗਣਰਾਜ ਤੇ ਪਾਕਿਸਤਾਨ ਵਿਚ, ਪਿੱਛੋਂ ਹੋਈਆਂ ਮਰਦੂਮ-ਸ਼ੁਮਾਰੀਆਂ ਨੇ ਜੱਟਾਂ ਬਾਰੇ ਲੋੜੀਂਦੇ ਅੰਕੜੇ ਮੁਹੱਈਆ ਨਹੀਂ ਕੀਤੇ।

ਜੱਟ, ਵੱਖੋ ਵੱਖਰੀਆਂ ਬੋਲੀਆਂ ਬੋਲਦੇ ਹਨ। ੧੯੩੧ ਦੇ ਅੰਕੜਿਆਂ ਅਨੁਸਾਰ, ਅੱਧ ਤੋਂ ਕੁੱਝ ਘੱਟ, ਪੰਜਾਬੀ ਬੋਲਦੇ ਸਨ; ਘੱਟੋ ਘੱਟ ੧੫ ਲੱਖ, ਜੋ ਲਹਿੰਦੀ ਉਪਭਾਸ਼ਾ ਬੋਲਦੇ ਸਨ, ਇਨ੍ਹਾਂ ਤੋਂ ਅੱਡ ਸਨ। ਬਾਕੀ ਦਿਆਂ ਦੀ ਬਹੁ-ਗਿਣਤੀ, ਚਾਹੇ ਉਹ ਪੰਜਾਬੀ ਸਨ ਜਾਂ ਗ਼ੈਰ-ਪੰਜਾਬੀ, ਹਿੰਦੋਸਤਾਨੀ (ਉਰਦੂ ਅਤੇ ਹਿੰਦੀ) ਬੋਲਦੀ ਸੀ। ਜੱਟ ਵੱਖੋ ਵੱਖਰੇ ਧਰਮਾਂ ਵਿਚ ਵਿਸ਼ਵਾਸ਼ ਰੱਖਦੇ ਹਨ। ਉਪਰੋਕਤ ਮਰਦੂਮ-ਸ਼ੁਮਾਰੀ ਅਨੁਸਾਰ ੬੦ ਲੱਖ ਪੰਜਾਬੀ ਜੱਟਾਂ ਵਿਚੋਂ ਅੱਧੇ ਮੁਸਲਮਾਨ, ੨੦ ਲੱਖ ਤੋਂ ਵਧੇਰੇ ਸਿੱਖ ਅਤੇ ੧੦ ਲੱਖ ਦੇ ਕਰੀਬ ਹਿੰਦੂ ਸਨ।

ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਵਿਚ ਹੋਈਆਂ ਮਰਦੂਮ-ਸ਼ੁਮਾਰੀਆਂ ਵਿਚ ਦੇਸ਼ ਦੇ ਵੱਖੋ ਵੱਖਰੇ ਹਿੱਸਿਆਂ ਵਿਚ ਰਹਿੰਦੇ, ਵੱਖੋ ਵੱਖਰੀਆਂ ਬੋਲੀਆਂ ਬੋਲਦੇ ਅਤੇ ਵੱਖੋ

ਵੱਖਰੇ ਧਰਮਾਂ ਨੂੰ ਮੰਨਦੇ ਲੋਕਾਂ ਨੂੰ ਇੱਕੋ ਸਮੂਹ ਵਿਚ ਕਿਉਂ ਰੱਖਿਆ ਗਿਆ ?

ਵੱਸੋਂ ਦੀ ਗਿਣਤੀ ਦੀਆਂ ਰਪੋਟਾਂ, ਹੋਰ ਸਰਕਾਰੀ ਲਿਖਤਾਂ ਅਤੇ ਨਸਲੀ ਸਰਵੇਖਣਾਂ ਵਿਚ (ਜਿਵੇਂ ਇਬੈਟਸਨ, ਕਰੁਕ, ਰੋਜ਼ ਆਦਿ ਦੀਆਂ ਲਿਖਤਾਂ ਵਿਚ), ਆਮ ਤੌਰ ਉੱਤੇ, ਜੱਟਾਂ ਨੂੰ ਇਕ ਵੱਖਰੀ ਜ਼ਾਤ ਜਾ ਜ਼ਾਤਾਂ ਦਾ ਸਮੂਹ ਕਰਕੇ ਮੰਨਿਆ ਗਿਆ ਹੈ। ਹੋਰ ਖੋਜੀ, ਖ਼ਾਸ ਕਰਕੇ ਅਰਥ-ਵਿਗਿਆਨੀ, ਇਸ ਰਾਇ ਦੇ ਲਗਦੇ ਹਨ ਕਿ ਜੱਟਾਂ ਨੂੰ ਕਾਸ਼ਤਕਾਰਾਂ ਦਾ ਇਕ ਵੱਖਰਾ ਸਮਾਜਿਕ ਸਮੂਹ ਮੰਨਿਆ ਜਾਏ, ਪਰ ਵਧੇਰੇ ਧਿਆਨ ਨਾਲ ਘੋਖੀਏ ਤਾ ਸਪਸ਼ਟ ਹੋ ਜਾਂਦਾ ਹੈ ਕਿ ਇਹ ਦੋਵੇਂ ਵਿਚਾਰ, ਜੱਟਾਂ ਦੇ ਅਸਲੇ ਉੱਤੇ ਭਰਪੂਰ ਚਾਨਣ ਪਾਉਣ ਦੀ· ਥਾਂ ਸਗੋਂ ਜੱਟਾਂ ਨਾਲ ਸੰਬੰਧਿਤ ਮਹੱਤ੍ਵ-ਪੂਰਣ ਇਤਿਹਾਸਿਕ ਘਟਨਾਵਾਂ ਬਾਰੇ ਸਾਡੀ ਸੂਝ ਨੂੰ ਧੁੰਦਲਾ ਬਣਾਉਂਦੇ ਹਨ।

ਇਹ ਠੀਕ ਹੈ ਕਿ ਕੁੱਝ ਜੱਟ, ਕਈ ਪ੍ਰਕਾਰ ਦੇ ਨਾਵਾਂ ਹੇਠ ਪ੍ਰਚਲਿਤ, ਵੱਖੋ ਵੱਖਰੀ ਸਮਾਜਿਕ ਹੈਸੀਅਤ ਵਾਲੇ ਜ਼ਾਤ-ਸਮੂਹਾਂ ਦੇ ਭਾਗ ਹਨ; ਪਰ ਜ਼ਾਤ ਪਾਤ ਦਾ ਕੋਈ ਵਿਤਕਰਾ —ਜਿਵੇਂ ਪੇਸ਼ੇ ਦੀ ਸੀਮਿਤ ਚੋਣ, ਸਗੋਤਰ ਵਿਆਹ, ਖਾਣ ਪੀਣ ਆਦਿ ਦੀਆਂ ਬੰਦਸ਼ਾਂ ਜਾਂ ਸਾਂਝਾ ਧਰਮ, ਆਦਿ ਜੱਟਾਂ ਦੀਆਂ ਕੋਈ ਭਾਈਚਾਰਕ ਵਿਸ਼ੇਸ਼ਤਾਵਾਂ ਨਹੀਂ ਹਨ। ਨਾਲੇ, ਉਨ੍ਹਾਂ ਵਿੱਚੋਂ ਕਈ ਜ਼ਾਤ ਪਾਤ ਦੇ ਵਿਤਕਰਿਆਂ ਨੂੰ ਬਿਲਕੁਲ ਮੰਨਦੇ ਹੀ ਨਹੀਂ। ਨਾ ਹੀ ਜੱਟ ਕੋਈ ਬੱਝਵਾਂ ਸਮਾਜਿਕ ਸਮੂਹ ਹੀ ਬਣਦੇ ਹਨ। ਹਿੰਦੋਸਤਾਨ ਤੇ ਪਾਕਿਸਤਾਨ ਵਿਚ ਵਧੇਰੇ ਜੱਟ ਕਿਸਾਨ ਹਨ, ਪਰ ਪੱਛਮੀ ਪੰਜਾਬ ਵਿਚ (ਜੋ ਹੁਣ ਪਾਕਿਸਤਾਨ ਵਿਚ ਹੈ), ਕਈ ਜੱਟਾਂ ਦੇ ਸਮੂਹ, ਮੁਖ ਤੌਰ ਉੱਤੇ, ਪਸ਼ੂ-ਪਾਲਣ ਦਾ ਹੀ ਕੰਮ ਕਰਦੇ ਹਨ। ਕਸਬਿਆਂ ਅਤੇ ਸ਼ਹਿਰਾਂ ਵਿਚ ਰਹਿਣ ਵਾਲੇ ਕਈ ਹੋਰ ਜੱਟ, ਕਈ ਪੀੜ੍ਹੀਆਂ ਤੋਂ, ਕਾਰੀਗਰ ਅਤੇ ਵਪਾਰੀ ਹਨ। ਬੀਤੇ ਸਮੇਂ ਵਿਚ, ਜੱਟ ਪਰਿਵਾਰਾਂ ਵਿੱਚੋਂ ਕਈ ਸਾਮੰਤੀ ਘਰਾਣੇ ਉਪਜੇ। ਬਸਤੀਵਾਦੀ ਦੌਰ ਵਿਚ, ਜੱਟ ਟੋਲਿਆਂ ਦੀਆਂ ਕਈ ਪੀੜ੍ਹੀਆਂ ਨੇ ਬਰਤਾਨਵੀ ਭਾਰਤੀ ਫ਼ੌਜ ਅਤੇ ਪੋਲੀਸ ਵਿਚ ਨੌਕਰੀ ਕੀਤੀ।

ਕੁੱਝ ਖੋਜਕਾਰਾਂ ਨੇ ਜੱਟਾਂ ਦੀ ਪਰਿਭਾਸ਼ਾ ਕਰਦਿਆਂ ਸ਼ਬਦ 'ਕਬੀਲਾ' ਵਰਤਿਆ ਹੈ। ਪੱਛਮੀ ਪੰਜਾਬ ਵਿਚ, ਵੱਖੋ ਵੱਖਰੇ ਜੱਟ-ਸਮੂਹ, ਅਕਸਰ, ਕਬੀਲਿਆਂ ਦੇ ਰੂਪ ਵਿਚ ਹੀ ਮਿਲਦੇ ਹਨ; ਪਰ ਕਿਸੇ ਨੇ ਵੀ 'ਜੱਟ' ਸ਼ਬਦ ਦੇ ਨਸਲੀ ਅਰਥਾਂ ਦਾ ਵਿਸ਼ਲੇਸ਼ਣ ਕਰਨ ਅਤੇ ਬਾਕਾਇਦਾ ਢੰਗ ਨਾਲ ਉਨ੍ਹਾਂ ਦੇ ਇਤਿਹਾਸ ਨੂੰ ਉਲੀਕਣ ਦਾ ਕੰਮ ਹੱਥ ਵਿਚ ਨਹੀਂ ਲਿਆ।

ਵੱਖੋ ਵੱਖਰੇ ਜੱਟ-ਗਰੁੱਪਾਂ ਵਿਚ ਨਸਲੀ ਸਾਂਝ ਦੇ ਲੱਛਣਾਂ ਉੱਤੇ ਜ਼ੋਰ ਦੇਣ ਦਾ ਕਾਰਨ ਵੀ ਇਹੀ ਹੈ, ਭਾਵੇਂ ਇਹ ਲੱਛਣ ਵੇਖਣ ਵਿਚ ਕਿੰਨੇ ਵੀ ਧੁੰਦਲੇ ਕਿਉਂ ਨਾ ਲੱਗਣ। ਅਸੀਂ ਉੱਤਰੀ ਭਾਰਤ ਦੇ ਇਤਿਹਾਸ ਦੀਆਂ ਮੁੱਖ ਘਟਨਾਵਾਂ ਦੇ ਸੰਬੰਧ ਵਿਚ, ਕਬੀਲਿਆਂ ਦੇ ਵੱਖਰੇ ਸਮੂਹ ਦੇ ਤੌਰ ਉੱਤੇ, ਜੱਟਾਂ ਬਾਰੇ ਮਿਲਦੇ ਇਤਿਹਾਸਿਕ ਹਵਾਲਿਆਂ ਅਤੇ ਭਾਰਤੀ ਗਣਰਾਜ ਅਤੇ ਪਾਕਿਸਤਾਨ ਦੇ ਉੱਤਰੀ ਭਾਗਾਂ ਦੇ ਲੋਕਾਂ

ਦੀ ਵਿਉਂਤ ਤੇ ਸੰਗਠਨ ਵਿਚ ਇਨ੍ਹਾਂ ਲੋਕਾਂ ਦੇ ਖ਼ਾਸ ਰੋਲ ਵੱਲ ਧਿਆਨ ਦਿਵਾਉਣਾ ਚਾਹੁੰਦੇ ਹਾਂ।

ਜੱਟਾਂ ਦਾ ਮੁੱਢ ਅਜੇ ਸਪਸ਼ਟ ਨਹੀਂ। ੧੯ਵੀਂ ਸਦੀ ਦੇ ਦੂਜੇ ਅਤੇ ਤੀਜੇ ਦਹਾਕੇ ਵਿਚ ਜੇਮਜ਼ ਟੌਡ ਨੇ ਸੁਝਾਇਆ ਸੀ ਕਿ ਜੱਟ, ਕੁੱਝ ਹੋਰ ਕਬੀਲਿਆਂ ਨਾਲ, ਈਸਾਈ ਜੁਗ ਦੇ ਸ਼ੁਰੂ ਸ਼ੁਰੂ ਵਿਚ, ਸੀਥੀਅਨ ਹਮਲਿਆਂ ਤੋਂ ਪਿੱਛੋਂ, ਕੇਂਦਰੀ ਏਸ਼ੀਆ ਤੋਂ ਆਏ। ਉਸ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਹੋ ਸਕਦਾ ਹੈ ਜੱਟਾਂ ਦਾ ਮੁੱਢ ਸੀਥੀਆ ਦੇ ਜੈੱਟੀ ਜਾਂ ਗੈੱਟੀ (Getae) ਤੋਂ ਹੋਇਆ ਹੋਵੇ, ਜਿਨ੍ਹਾਂ ਦਾ ਜ਼ਿਕਰ ਹੈਰੋਡੋਟਸ ਨੇ ਕੀਤਾ ਹੈ। ਅਲੈਗਜ਼ੈਂਡਰ ਕਨਿੰਘਮ ਨੇ ਯੂਨਾਨੀ ਅਤੇ ਰੋਮਨ ਲੇਖਕਾਂ ਦੀਆਂ ਕਿਰਤਾਂ ਵਿਚ ਜੱਟਾਂ ਦੇ ਹਵਾਲੇ ਲੱਭਣ ਦਾ ਜਤਨ ਕੀਤਾ। ਉਸ ਨੇ ਜੱਟਾਂ ਦੇ ਵੱਡੇ ਵਡੇਰਿਆਂ ਨੂੰ ਸਟ੍ਰੈਬੋ ਵਿਚ ਆਏ ਜ਼ਾਂਟੀਆਈ (Zantii ਜਾਂ Xantii) ਅਤੇ ਪਲਾਇਨੀ ਤੇ ਟੌਲਮੀ ਵਾਲੇ ਇਆਟੀਆਈ (Iatii) ਨਾਲ ਜਾ ਮਿਲਾਇਆ; ਭਾਵ, ਉਸ ਨੇ ਵੀ ਉਨ੍ਹਾਂ ਦਾ ਮੁੱਢ ਕੇਂਦਰੀ ਏਸ਼ੀਆ ਦੇ ਦਜਲਾ ਅਤੇ ਫ਼ਰਾਤ ਵਾਲੇ ਪ੍ਰਾਚੀਨ ਇਲਾਕੇ ਨੂੰ ਹੀ ਦੱਸਿਆ। ਇਸ ਤਰ੍ਹਾਂ ਉੱਪਰ ਦੱਸੇ ਦੋਵੇਂ ਖੋਜਕਾਰ ਸਹਿਮਤ ਹਨ ਕਿ ਜੱਟ ਭਾਰਤ ਵਿਚ ਬਾਹਰੋਂ ਆਏ। ਉਹ ਇਨ੍ਹਾਂ ਦੇ ਮੁੱਢਲੇ ਇਲਾਕੇ ਅਤੇ ਉਨ੍ਹਾਂ ਦੇ ਭਾਰਤ ਵਿਚ ਪ੍ਰਵੇਸ਼ ਦੇ ਸਮੇਂ ਬਾਰੇ ਵੀ ਤਕਰੀਬਨ ਸਹਿਮਤ ਹਨ, ਪਰ ਇੱਥੇ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਸੀਥੀਅਨ ਹਮਲਿਆਂ ਤੋਂ ਬਹੁਤ ਪਹਿਲਾਂ ਸਿੰਧ ਦੇ ਇਲਾਕੇ ਵਿਚ ਜੱਟਾਂ ਦੀ ਹੋਂਦ ਬਾਰੇ ਕਈ ਕਹਾਣੀਆਂ ਪ੍ਰਚਲਿਤ ਹਨ। ਏਥੋਂ ਤੱਕ ਕਿ ਜੱਟਾਂ ਦੇ ਮੁਖੀਆਂ ਦਾ ਮਹਾਭਾਰਤ ਦੇ ਯੋਧਿਆਂ ਨਾਲ ਸਿੱਧਾ ਸੰਬੰਧ ਜੋੜਿਆ ਗਿਆ ਹੈ। ਇਹ ਸਾਰੇ ਕਿਆਸ ਅਜੇ ਪੂਰੀ ਵਿਗਿਆਨਿਕ ਜਾਂਚ-ਪੜਤਾਲ ਲੋੜਦੇ ਹਨ।

ਜੱਟਾਂ ਬਾਰੇ ਸਭ ਤੋਂ ਪਹਿਲਾ ਭਰੋਸੇ-ਯੋਗ ਇਤਿਹਾਸਿਕ ਮਸਾਲਾ ਉਨ੍ਹਾਂ ਹਵਾਲਿਆਂ ਤੋਂ ਮਿਲਦਾ ਹੈ ਜਿਹੜੇ ਅੱਠਵੀਂ ਸਦੀ ਈਸਵੀ ਦੇ ਸ਼ੁਰੂ ਵਿਚ ਸਿੰਧ ਉੱਪਰ ਅਰਬ ਹਮਲੇ ਦੇ ਸਮੇਂ ਦੇ ਹਨ। ਅਰਬੀ ਦੀ ਕਿਤਾਬ "ਚਾਚ ਨਾਮਾ" ਵਿਚ, ਜਿਹੜੀ ਕਿ ਸਿੰਧ ਉੱਪਰ ਅਰਬਾਂ ਦੀ ਜਿੱਤ ਤੋਂ ਜਲਦੀ ਹੀ ਪਿੱਛੋਂ ਰਚੀ ਗਈ, ਲਿਖਿਆ ਹੈ ਕਿ ਜੱਟ ਸ਼ਾਇਦ ਸਭ ਤੋਂ ਵੱਡਾ ਕਬੀਲਾ ਸਨ ਜਿਨ੍ਹਾਂ ਨੂੰ ਅਰਬ ਹਮਲੇ ਤੋਂ ਪਹਿਲਾਂ ਚਾਚ ਨੇ ਜਿੱਤਿਆ। ਉਸ ਵੇਲੇ ਤੱਕ ਜੱਟ, ਅਰਧ-ਟੱਪਰੀਵਾਸੀ ਕਬੀਲਿਆਂ ਦਾ ਇਕ ਮਹੱਤ੍ਵ-ਪੂਰਣ ਸਮੂਹ ਬਣ ਚੁੱਕੇ ਸਨ, ਜਿਹੜੇ ਵਧੇਰੇ ਕਰਕੇ ਪਸ਼ੂ-ਪਾਲਕ ਸਨ, ਅਤੇ ਵਿਸ਼ਾਲ ਇਲਾਕੇ ਉੱਤੇ ਫੈਲੇ ਹੋਏ ਸਨ। ਪਰ ਘਰ-ਘਾਟ ਬਣਾ ਕੇ ਵੱਸਦੇ ਜੱਟ ਵੀ ਸਨ, ਖ਼ਾਸ ਕਰਕੇ ਸਿੰਧ ਦੇ ਕੰਢੇ ਦੇ ਕਸਬਿਆਂ ਵਿਚ।

ਚਾਚ ਘਰਾਣੇ ਦੇ ਰਾਜਿਆਂ ਕੋਲ ਸ਼ਸਤਰਧਾਰੀ ਜੱਟ ਦਸਤੇ ਨੌਕਰ ਸਨ। ਇਸ ਗੱਲ ਦਾ ਇਤਿਹਾਸਿਕ ਸਬੂਤ ਮਿਲਦਾ ਹੈ ਕਿ ਸਿੰਧ ਦੀ ਬ੍ਰਾਹਮਣ-ਰਾਜਪੂਤ

ਰਿਆਸਤ ਵਿਚ ਵੱਸ ਰਹੇ ਜੱਟਾਂ ਦੀ ਹੈਸੀਅਤ ਸਮਾਜਿਕ ਤੌਰ ਉੱਤੇ ਘਟੀਆ ਸੀ। ਜੱਟਾਂ ਦੀ ਗਿਣਤੀ ਏਨੀ ਜ਼ਿਆਦਾ ਸੀ ਕਿ ਅਰਬ ਲੋਕ (ਜਿਹੜੇ ਉਨ੍ਹਾਂ ਨੂੰ ਜ਼ੱਤ ਕਹਿੰਦੇ ਸਨ) ਕੁੱਝ ਚਿਰ ਇਨ੍ਹਾਂ ਨੂੰ ਦੇਸ ਦੀ ਮੂਲ ਵੱਸੋਂ ਮੰਨਦੇ ਰਹੇ। ਜੱਟ ਦਸਤਿਆਂ ਨੇ ਸਭ ਤੋਂ ਪਹਿਲਾ ਵਿਦੇਸ਼ੀ ਜਰਵਾਣਿਆਂ ਦਾ ਪੱਖ ਲਿਆ ਅਤੇ ਬਹੁਤ ਜੱਟ, ਮੁਸਲਮਾਨ ਵੀ ਬਣ ਗਏ।

੯ਵੀਂ ਅਤੇ ੧੦ਵੀਂ ਸਦੀ ਦੇ ਅਰਬ ਭੂਗੋਲਵੇਤਾ ਅਤੇ ਸੈਲਾਨੀ, ਉੱਤਰ-ਪੱਛਮੀ ਭਾਰਤ ਦੀ ਵੱਸੋਂ ਦਾ ਬਿਆਨ ਕਰਦਿਆਂ, ਜੱਟਾਂ ਦਾ ਜ਼ਿਕਰ, ਸਭ ਤੋਂ ਵੱਡੇ ਦੇਸੀ ਜਨ-ਸਮੂਹ ਵਜੋਂ ਕਰਦੇ ਹਨ।

ਅਰਬ ਭੂਗੋਲਵੇਤਾ, ਹੋਰ ਕਬੀਲਿਆਂ ਦੇ ਨਾਲ ਨਾਲ 'ਮੇਦ' ਜਾਂ 'ਮੀਦ' ਨਾਂ ਵਾਲੇ ਕਬੀਲਿਆਂ ਦੇ ਸਮੂਹ ਦਾ ਵੀ ਜ਼ਿਕਰ ਕਰਦੇ ਹਨ ਜੋ ਜੱਟਾ ਨਾਲ ਸੰਬੰਧਿਤ ਸਨ ਪਰ ਸਨ ਉਨ੍ਹਾਂ ਦੇ ਪੱਕੇ ਵੈਰੀ। ਮੇਦਾਂ ਬਾਰੇ ਕਨਿੰਘਮ ਹੋਰ ਵੀ ਵਧੇਰੇ ਯਕੀਨ ਨਾਲ ਕਹਿੰਦਾ ਹੈ ਕਿ ਉਹ ਦਜਲੇ ਤੋਂ ਆਏ ਜੱਟਾਂ ਦੇ ਨਾਲ ਹੀ ਈਸਾਈ ਜੁਗ ਦੇ ਆਰੰਭ ਵੇਲੇ ਸਿੰਧ ਵਿਚ ਆ ਵੱਸੇ ਸਨ। ਅੰਦਾਜ਼ਾ ਇਹ ਹੈ ਕਿ ਮੇਦ ਪਹਿਲਾ ਆ ਕੇ ਦੱਖਣੀ ਪੰਜਾਬ ਅਤੇ ਸਿੰਧ ਦੇ ਉੱਪਰਲੇ ਭਾਗ ਵਿਚ ਵੱਸੇ ਜਦ ਕਿ ਜੱਟ ਥੱਲਵੇਂ ਸਿੰਧ ਅਤੇ ਬਲੋਚਿਸਤਾਨ ਵਿਚ ਜਾ ਵੱਸੇ। ਨਸਲੀ ਇਤਿਹਾਸ ਵਿਚ ਇਸ ਤੋਂ ਪਿੱਛੋਂ ਮੇਦਾਂ ਦਾ ਕੋਈ ਨਿਸ਼ਾਨ ਨਹੀਂ ਮਿਲਦਾ, ਪਰ ਪਿੱਛੋਂ ਦੀਆਂ ਇਤਿਹਾਸਿਕ ਲਿਖਤਾਂ ਵਿਚ ਆਮ ਤੌਰ ਉੱਤੇ, ਜੱਟ ਪੰਜਾਬ ਵਿਚ ਵੱਸਦੇ ਦੱਸੇ ਗਏ ਹਨ। ਉਦਾਹਰਣ ਵਜੋਂ, ਮਹਮੂਦ ਗ਼ਜ਼ਨਵੀ ਦੇ ਇਤਿਹਾਸਕਾਰਾਂ ਨੇ ੧੦੨੬ ਈ: ਵਿਚ ਮੁਲਤਾਨ ਦੇ ਜਟਾਂ ਦੇ ਵਿਰੁੱਧ ਮਹਮੂਦ ਦੀ ਇਕ ਮੁਹਿੰਮ ਬਾਰੇ ਲਿਖਿਆ ਹੈ। ਮਹਮੂਦ ਦੀ ਫ਼ੌਜ ਅਤੇ ਜੱਟਾਂ ਵਿਚਕਾਰ ਇਕ ਦਰਿਆ ਵਿਚ ਲੜਾਈ ਹੋਈ ਜਿਸ ਵਿਚ ਹਜ਼ਾਰਾਂ ਖ਼ਾਸ ਸਾਜ਼-ਸਾਮਾਨ ਵਾਲੀਆਂ ਅਤੇ ਹਥਿਆਰਬੰਦ ਬੇੜੀਆਂ ਨੇ ਦੋਹਾਂ ਪਾਸਿਓਂ ਹਿੱਸਾ ਲਿਆ। ਓਦੋਂ ਤੱਕ ਕਈ ਜੱਟ-ਸਮੂਹ ਇਸਲਾਮ ਧਾਰਨ ਕਰ ਚੁੱਕੇ ਸਨ, ਅਤੇ ਅਕਸਰ ਹਮਲਾ ਕਰਨ ਵਾਲੀਆਂ ਫ਼ੌਜਾਂ ਨਾਲ ਜਾ ਰਲਦੇ ਹੁੰਦੇ ਸਨ। ਜੰਗਾਂ ਜੁੱਧਾਂ ਕਰਕੇ ਉਨ੍ਹਾਂ ਨੂੰ ਆਪਣੀ ਜਨਮ-ਭੂਮੀ ਤੋਂ ਦੂਰ ਵੀ ਜਾਣਾ ਪੈਂਦਾ ਸੀ। ਬਾਕੀ ਦੇ ਜੱਟ, ਜਰਨੈਲਾਂ ਦੀ ਕਮਾਨ ਹੇਠ ਲੜਨ ਵਾਲੇ ਦਸਤਿਆਂ ਦੀ ਸ਼ਕਲ ਵਿਚ, ਜਾਂ ਸਾਮੰਤੀ ਰਾਜਪੂਤ ਫ਼ੌਜਾਂ ਦੇ ਸਿਪਾਹੀਆਂ ਦੇ ਤੌਰ ਉੱਤੇ, ਹਮਲਾਆਵਰਾਂ ਦਾ ਮੁਕਾਬਲਾ ਕਰਦੇ ਸਨ। ਇਸ ਤਰ੍ਹਾਂ ਤੈਮੂਰ ਨੂੰ ਵੀ, ਆਪਣੇ ੧੩੯੩ ਈ. ਦੇ ਭਾਰਤੀ ਹਮਲੇ ਸਮੇਂ, ਜੱਟਾਂ ਦੇ ਵਿਰੁੱਧ ਖ਼ਾਸ ਛਾਪੇ ਮਾਰਨੇ ਪਏ, ਕਿਉਂਕਿ ਜੱਟ ਪਾਨੀਪਤ ਦੇ ਉੱਤਰ ਤੱਕ—ਭਾਵ, ਪੂਰਬੀ ਪੰਜਾਬ ਵਿਚ, ਉਸ ਦੀਆਂ ਦੂਰ ਤੱਕ ਫੈਲੀਆਂ ਹੋਈਆਂ ਫ਼ੌਜਾਂ ਅਤੇ ਰਸਦ ਦੀਆ ਪਾਲਾਂ ਉੱਤੇ ਹਮਲੇ ਕਰਦੇ ਰਹੇ ਸਨ।

ਪੰਦਰਵੀਂ ਸਦੀ ਦੇ ਅੱਧ ਵਿਚ ਬੀਕਾਨੇਰ ਦੀ ਰਾਜਪੂਤ ਰਿਆਸਤ ਦੇ ਹੋਂਦ ਵਿਚ ਆਉਣ ਬਾਰੇ ਲਿਖਦਿਆਂ, ਜੇਮਜ਼ ਟੌਡ ਨੇ, ਪ੍ਰਾਪਤ ਕਥਾਵਾਂ ਤੇ ਇਤਿਹਾਸਿਕ

ਲਿਖਤਾਂ ਦਾ ਆਸਰਾ ਲਿਆ ਸੀ । ਉਸ ਨੇ ਜ਼ੋਰ ਨਾਲ ਇਹ ਗੱਲ ਆਖੀ ਕਿ ਨਵੀਂ ਰਿਆਸਤ ਦੀ ਵੱਸੋਂ ਦਾ ਵਡੇਰਾ ਹਿੱਸਾ ਜੱਟ ਕਬੀਲਿਆਂ ਦਾ ਸੀ । ਟੌਡ ਅਨੁਸਾਰ ਬੀਕਾਨੇਰ ਵਿਚ ੨੨੦੦ ਦੇ ਕਰੀਬ ਜੱਟ ਪਿੰਡ ਜਾਂ ਪੈਤ੍ਰਿਕ ਬਰਾਦਰੀਆਂ ਸਨ । ਇਨ੍ਹਾਂ ਪਿੰਡਾਂ ਨੂੰ ਛੇ ਇਲਾਕਾਈ ਇਕਾਈਆਂ ਵਿਚ ਵੰਡਿਆ ਗਿਆ ਸੀ । ਜੱਟ ਮੁਖੀਏ, ਆਪਣੇ ਕਬੀਲੇ ਉੱਤੇ ਰਾਜ ਨਹੀਂ ਸਨ ਕਰਦੇ, ਸਗੋਂ ਇਕ ਤਰ੍ਹਾਂ ਦੀ ਅਗਵਾਈ ਕਰਦੇ ਸਨ । ਜੱਟਾਂ ਦਾ ਮੁਖ ਕਿੱਤਾ ਪਸ਼ੂ ਪਾਲਣਾ ਸੀ ਅਤੇ ਆਪਣੇ ਹਲ-ਵਾਹ ਗਵਾਂਢੀਆਂ ਨਾਲ ਵਪਾਰਕ ਲੈਣ ਦੇਣ ਵੀ ਕਰਦੇ ਸਨ । ਕਈ ਸੂਫ਼ੀ ਪ੍ਰਚਾਰਕ, ਬੀਕਾ-ਨੇਰ ਦੇ ਜੱਟਾਂ ਵਿਚ ਇਸਲਾਮ ਧਰਮ ਫੈਲਾ ਰਹੇ ਸਨ ।

ਬੀਕਾਨੇਰ ਦੇ ਮਹਾਰਾਜਿਆਂ ਨੇ, ਇਹ ਚੇਤੇ ਰੱਖਣ ਲਈ ਕਿ ਕਦੀ ਇਸ ਦੇਸ ਦੇ ਅਸਲੀ ਮਾਲਕ ਜੱਟ ਸਨ ਪਰ ਆਪਣੀ ਇੱਛਾ ਨਾਲ ਰਾਜਪੂਤਾਂ ਦੀ ਸ਼ਰਣ ਵਿਚ ਆ ਗਏ ਸਨ, ਇਕ ਰਸਮ ਕਾਇਮ ਕੀਤੀ, ਜਿਸ ਅਨੁਸਾਰ ਨਵੇਂ ਰਾਜਪੂਤ ਮਹਾਰਾਜੇ ਦੇ ਮੱਥੇ ਉੱਤੇ ਜੱਟਾਂ ਦੇ ਕਿਸੇ ਸਰਦਾਰ ਨੂੰ ਤਿਲਕ ਲਾਉਣਾ ਪੈਂਦਾ ਸੀ । ਇਸ ਦੇ ਅਰਥ ਇਹ ਲਏ ਜਾਂਦੇ ਸਨ ਕਿ ਮਹਾਰਾਜੇ ਨੂੰ ਜੱਟਾਂ ਉੱਤੇ ਸਭ ਅਧਿਕਾਰ ਪ੍ਰਾਪਤ ਹੋ ਗਏ ਹਨ ।

ਮੁਗ਼ਲ ਸਲਤਨਤ ਦਾ ਬਾਨੀ, ਬਾਬਰ, ਭਾਰਤ ਉੱਤੇ ਕਬਜ਼ਾ ਕਰਨ ਤੋਂ ਪਹਿਲਾਂ, ਘੋਖ ਕੱਢਣ ਲਈ, ਕਈ ਮੁਹਿੰਮਾਂ ਉੱਤੇ ਪੰਜਾਬ ਵਿਚ ਆਇਆ ਸੀ । ਉਹ ਆਪਣੀਆਂ ਸਿਮਰਤੀਆਂ ਵਿਚ ਲਿਖਦਾ ਹੈ : 'ਜਿੰਨੀ ਵਾਰੀ ਅਸੀਂ ਹਿੰਦੋਸਤਾਨ ਗਏ, ਜੱਟ ਤੇ ਗੁੱਜਰ ਲੋਕ, ਅਣਗਿਣਤ ਸੰਖਿਆ ਵਿਚ, ਪਹਾੜਾਂ ਅਤੇ ਵਾਦੀਆਂ ਵਿੱਚੋਂ ਨਿਕਲ ਕੇ ਸਾਡੀਆਂ ਮੱਝਾਂ ਅਤੇ ਸਾਨ੍ਹ ਖੋਹ ਕੇ ਲੈ ਜਾਂਦੇ ਰਹੇ ।' ਬਾਬਰ ਨੇ, ਉੱਤਰੀ ਪੰਜਾਬ ਵਿਚ ਸਿਆਲਕੋਟ ਦੇ ਨੇੜੇ, ੧੫੨੫ ਈ: ਵਿਚ, ਜੱਟਾਂ ਨਾਲ ਹੋਈਆਂ ਝੜਪਾਂ ਦਾ ਜ਼ਿਕਰ ਵੀ ਕੀਤਾ ਹੈ ।

ਕੇਵਲ ਤੀਮੂਰ ਅਤੇ ਬਾਬਰ ਨੇ ਹੀ ਨਹੀਂ ਸਗੋਂ ਉਨ੍ਹਾਂ ਤੋਂ ਪਹਿਲਾਂ ਦੇ ਮੁਸਲਿਮ ਹਮਲਾਆਵਰਾਂ ਨੇ ਵੀ ਜੱਟਾਂ ਨੂੰ ਉਨ੍ਹਾਂ ਦੇ ਇਲਾਕਿਆਂ ਵਿੱਚੋਂ ਕੱਢਿਆ ਅਤੇ ਉਨ੍ਹਾਂ ਦੀਆਂ ਕੁੱਝ ਟੋਲੀਆਂ ਨੂੰ ਹੋਰ ਦੱਖਣ ਅਤੇ ਪੂਰਬ ਵੱਲ ਸਰਕ ਜਾਣ ਉੱਤੇ ਮਜ਼ਬੂਰ ਕਰ ਦਿੱਤਾ । ਆਪਣੇ ਪੰਜਾਬੀ ਕਬੀਲਿਆਂ ਦੇ ਲੋਕਾਂ ਤੋਂ ਵਿੱਛੜੇ ਹੋਏ ਇਹ ਜੱਟ-ਗਰੁੱਪ ਅਕਸਰ ਐਸੇ ਲੋਕਾਂ ਵਿਚ ਜਾ ਪਹੁੰਚਦੇ ਸਨ, ਜਿਨ੍ਹਾਂ ਦੀਆਂ ਸਭਿਆਚਾਰਕ ਪਰੰਪਰਾਵਾਂ ਬਿਲਕੁਲ ਹੀ ਵੱਖਰੀਆਂ ਹੁੰਦੀਆਂ ਸਨ ।

ਸਪਸ਼ਟ ਹੈ ਕਿ ਇਹ ਛੋਟੇ ਜੱਟ-ਗਰੁੱਪ, ਨਵੇਂ ਨਸਲੀ ਵਾਤਾਵਰਣ ਵਿਚ ਖਿੱਲਰ ਕੇ, ਇਸ ਦੇ ਪ੍ਰਭਾਵ ਤੋਂ ਬਹੁਤੀ ਦੇਰ ਬੇਲਾਗ ਨਹੀਂ ਸਨ ਰਹਿ ਸਕਦੇ । ਅੰਤ ਵਿਚ ਜਾਂ ਤਾਂ ਸਥਾਨਕ ਵੱਸੋਂ ਨੇ ਉਹਨਾਂ ਨੂੰ ਪੂਰੀ ਤਰ੍ਹਾਂ ਆਪਣੇ ਵਿਚ ਸਮੋ ਲਿਆ ਤੇ ਜਾਂ ਉਹ ਓਥੋਂ ਦੀ ਬੋਲੀ, ਜੀਵਨ-ਢੰਗ ਅਤੇ ਧਰਮ, ਆਦਿ ਨੂੰ ਅਪਣਾ ਕੇ ਇਕ ਵੱਖਰੀ ਜ਼ਾਤ ਬਣ ਬੈਠੇ । ਜ਼ਾਤ ਪ੍ਰਗਟ ਕਰਨ ਲਈ ਉਨ੍ਹਾਂ ਨੇ, ਕਈ ਵਾਰੀ, ਆਪਣੇ ਨਾਂ ਨਾਲ

'ਜੱਟ' ਸ਼ਬਦ ਹੀ ਜੋੜ ਲਿਆ। ਜ਼ਾਤਾਂ ਦੇ ਸ਼ਜਰੇ ਵਿਚ ਜੱਟ ਲੋਕ ਸਭ ਤੋਂ ਥੱਲੇ ਤਾਂ ਨਹੀਂ ਸਨ ਹੁੰਦੇ ਪਰ ਵਿਚਕਾਰਲੇ ਦਰਜੇ ਤੋਂ ਥੱਲੇ ਹੀ ਮੰਨੇ ਜਾਂਦੇ ਸਨ। ਗੰਗਾ ਦੇ ਮੱਧ ਦੇ ਕਈ ਇਲਾਕਿਆਂ ਤੇ ਰਾਜਸਥਾਨ ਵਿਚ, ਜੱਟਾਂ ਦਾ ਸਥਾਨ, ਇਹੋ ਜਿਹਾ ਹੀ ਸੀ। ਇਹੀ ਜੱਟ ਸਨ ਜਿਨ੍ਹਾਂ ਨਾਲ ਬਰਤਾਨਵੀ ਅਧਿਕਾਰੀ ਸਭ ਤੋਂ ਪਹਿਲਾਂ ਸੰਪਰਕ ਵਿਚ ਆਏ। ਦੇਸ਼ ਦਿਆਂ ਹੋਰ ਭਾਗਾਂ ਵਿਚ ਜੱਟਾਂ ਨਾਲ ਸੰਬੰਧ ਕਾਇਮ ਹੁੰਦੇ ਸਾਰ, ਬਰਤਾਨਵੀ ਰਾਜ-ਪ੍ਰਬੰਧ ਨੇ, ਉਨ੍ਹਾਂ ਸਾਰਿਆਂ ਨੂੰ ਇੱਕੋ ਜ਼ਾਤ ਮੰਨ ਲਿਆ।

ਪਰ ਜਦੋਂ ਜੱਟਾਂ ਦੇ ਸਮੂਹ ਆਪਣਿਆਂ ਕਬੀਲਿਆਂ ਦੇ ਵਡੇਰਿਆਂ ਜਾਂ ਮੁਖੀਆਂ ਦੀ ਅਗਵਾਈ ਵਿਚ, ਅਸਲੋਂ ਨਵੀਆਂ ਥਾਵਾਂ ਉੱਤੇ, ਭਾਰੀ ਗਿਣਤੀ ਵਿਚ, ਜੱਟ ਭਾਈਚਾਰਿਆਂ ਦੀ ਸ਼ਕਲ ਵਿਚ ਜਾ ਵੱਸਦੇ ਸਨ ਤਾਂ ਹਾਲਤ ਬਿਲਕੁਲ ਵੱਖਰੀ ਹੁੰਦੀ ਸੀ। ਨਿਰਸੰਦੇਹ ਇਹ ਜੱਟ ਵੀ ਗਵਾਂਢੀ ਲੋਕਾਂ ਤੋਂ ਪ੍ਰਭਾਵਿਤ ਹੋਏ। ਸਮੇਂ ਨਾਲ, ਉਨ੍ਹਾਂ ਨੇ ਵੀ ਆਪਣੇ ਨਾਲ-ਲਗਦੇ ਲੋਕਾਂ ਦੀ ਬੋਲੀ, ਰਹਿਣ ਸਹਿਣ ਦਾ ਢੰਗ, ਉਨ੍ਹਾਂ ਦਾ ਧਾਰਮਿਕ, ਬਲਕਿ ਸਮਾਜਿਕ ਪ੍ਰਬੰਧ ਵੀ, ਸਮੇਤ ਜ਼ਾਤ ਪਾਤ ਦੇ, ਅਪਣਾ ਲਿਆ; ਪਰ ਇਹ ਅਮਲ ਜੱਟਾਂ ਵਿਚ ਵੱਖਰੇ ਢੰਗ ਨਾਲ ਵਿਗਸਿਆ ਅਤੇ ਵਧੇਰੇ ਗੁੰਝਲਦਾਰ ਰੂਪ ਧਾਰਨ ਕਰਦਾ ਗਿਆ। ਇਸ ਤਰ੍ਹਾਂ ਜਾਇਦਾਦ ਅਤੇ ਸਮਾਜਿਕ ਵਖੇਵਿਆਂ ਦਾ ਸਿੱਟਾ ਵੱਖ ਵੱਖ ਸਮਾਜਿਕ ਰੁਤਬਾ ਰੱਖਣ ਵਾਲੀਆਂ ਜੱਟ ਜ਼ਾਤਾਂ ਵਿਚ ਨਿਕਲਿਆ, ਜੋ ਉੱਪਰੋਂ ਲੈ ਕੇ ਹੇਠਾਂ ਤੱਕ ਹੁੰਦੀਆਂ ਸਨ। ਆਮ ਕਰਕੇ, ਹਰ ਜ਼ਾਤ ਦਾ ਨਾਂ ਲਗ ਭਗ ਓਹੀ ਹੁੰਦਾ ਸੀ ਜਿਹੜਾ ਗਵਾਂਢੀ ਲੋਕਾਂ ਵਿਚ ਇਹੋ ਜਿਹੀ ਜ਼ਾਤ ਦਾ ਹੁੰਦਾ ਸੀ। ਪਰ ਇਸ ਤਰ੍ਹਾਂ ਦੇ ਸਾਰੇ ਜੱਟ-ਸਮੂਹਾਂ ਨੂੰ, ਭਾਵੇਂ ਉਹ ਕਿਸੇ ਜ਼ਾਤ ਦੇ ਸਨ, ਕਾਫ਼ੀ ਦੇਰ ਤੱਕ, ਆਪਣੇ ਸਾਂਝੇ ਮੁੱਢ ਦਾ ਪਤਾ ਰਿਹਾ, ਉਨ੍ਹਾਂ ਆਪਣੀਆਂ ਰਵਾਇਤਾਂ ਜਾਰੀ ਰੱਖੀਆਂ ਅਤੇ ਸਾਂਝੀ ਕੌਮੀਅਤ ਨੂੰ ਦਰਸਾਉਣ ਲਈ 'ਜੱਟ' ਨਾਂ ਵੀ ਕਾਇਮ ਰੱਖਿਆ। ਰਾਜਸਥਾਨ ਦੇ ਉੱਤਰੀ ਹਿੱਸਿਆਂ, ਗੰਗਾ ਦੇ ਚੜ੍ਹਦੇ ਪਾਸੇ ਦੇ ਆਸ ਪਾਸ ਅਤੇ ਜਮਨਾ ਦੇ ਨਾਲ-ਲਗਦੇ ਇਲਾਕਿਆਂ ਵਿਚ, ਅਤੇ ਕਈ ਹੋਰ ਥਾਵਾਂ ਉੱਤੇ, ਜੱਟਾਂ ਦੀ ਇਹੋ ਹਾਲਤ ਸੀ।

ਜਿਹੜੇ ਜੱਟ ਦਿੱਲੀ ਦੇ ਬਿਲਕੁਲ ਪੱਛਮ ਤੇ ਦੱਖਣ-ਪੱਛਮ ਵੱਲ ਰਹਿੰਦੇ ਸਨ, ਉਨ੍ਹਾਂ ਦਾ ਰੁਤਬਾ ਸਮਾਨ ਸੀ। ੧੭ਵੀਂ ਸਦੀ ਦੇ ਦੂਜੇ ਅੱਧ ਵਿਚ ਅਤੇ ੧੮ਵੀਂ ਸਦੀ ਦੇ ਆਰੰਭ ਵਿਚ ਇਹਨਾਂ ਜੱਟਾਂ ਨੇ, ਆਪਣੇ ਆਗੂਆਂ ਦੀ ਅਗਵਾਈ ਵਿਚ, ਕਈ ਵਾਰੀ ਮੁਗ਼ਲਾਂ ਦੇ ਵਿਰੁੱਧ ਬਗ਼ਾਵਤ ਕੀਤੀ। ਕਈ-ਬਗ਼ਾਵਤਾਂ ਸਾਲਾਂ-ਬੱਧੀ ਕਾਇਮ ਰਹੀਆਂ। ਇਸ ਲਹਿਰ ਵਿਚ ਲੱਖਾਂ ਜੱਟ ਸ਼ਾਮਿਲ ਸਨ। ਇਹ ਜੱਟ, ਅਰਧ-ਟਪਰੀਵਾਸ ਪਸ਼ੂ-ਪਾਲ ਨਹੀਂ ਸਨ, ਸਗੋਂ ਕਿਰਸਾਣ ਸਨ। ਸਮਾਜਿਕ ਵਿੱਤਕਰੇ (ਜੋ ਬਹੁਤ ਵੱਧ ਚੁੱਕੇ ਸਨ) ਅਤੇ ਜ਼ਾਤ ਪਾਤ ਦੇ ਫ਼ਰਕਾਂ ਦੇ ਬਾਵਜੂਦ, ਉਹ ਆਪਣੀ ਨਸਲੀ ਸਾਂਝ ਤੇ ਏਕੇ ਵੱਲੋਂ ਸੁਚੇਤ ਰਹੇ। ਬਿਲਕੁਲ ਇਹੀ ਕਾਰਨ ਸੀ ਕਿ ਇਹੋ ਜਿਹੇ ਨਾਜ਼ਕ ਸਮੇਂ ਵਿਚ ਵੀ ਉਹ ਆਪਣੇ ਵਖੇਵੇਂ ਦੂਰ ਕਰ ਸਕੇ ਤੇ ਆਪਾ--ਨਿਰਣੇ ਦੇ ਘੋਲ

ਵਿਚ, ਆਪਣੇ ਸਾਂਝੇ ਦੁਸ਼ਮਨ ਦਾ ਡਟ ਕੇ ਮੁਕ਼ਾਬਲਾ ਕਰ ਸਕੇ। ਜੱਟਾਂ ਦੀ ਏਕਤਾ ਨੇ ਉਨ੍ਹਾਂ ਦੇ ਘੋਲ ਨੂੰ ਜਨਤਕ ਸੁਾਧੀਨਤਾ ਦੀ ਲਹਿਰ ਵਿਚ ਬਦਲ ਦਿੱਤਾ। ਜੇ ਇਉਂ ਨਾ ਹੋਇਆ ਹੁੰਦਾ ਤਾ ਜੱਟ ਅੱਧ-ਅਠਾਰ੍ਹਵੀਂ ਸਦੀ ਵਿਚ ਮੁਗਲ ਸਲਤਨਤ ਦੀ ਰਾਜਧਾਨੀ ਦਿੱਲੀ ਦੇ ਨੇੜੇ, ਆਪਣੀ ਸੁਤੰਤਰ ਰਿਆਸਤ ਕਿਵੇਂ ਸਥਾਪਿਤ ਕਰ ਸਕਦੇ ਸਨ, ਜਿਹੜੀ ਕੁੱਝ ਦੇਰ ਸਫਲਤਾ ਨਾਲ ਕਾਇਮ ਵੀ ਰਹੀ ?

ਜੱਟ ਇਤਿਹਾਸ ਦੀ ਉੱਪਰਲੀ ਘਟਨਾ, ਬਾਵਜੂਦ ਇਤਿਹਾਸਕਾਰਾਂ ਦੇ ਵਿਰੋਧੀ ਕਥਨਾਂ ਦੇ, ਇਸ ਸੰਕਲਪ ਦੇ ਹੱਕ ਵਿਚ ਇਕ ਹੋਰ ਦਲੀਲ ਹੈ ਕਿ ਇਸ ਮੌਕੇ ਉੱਤੇ ਉਨ੍ਹਾਂ ਨੇ ਜ਼ਾਤ ਦੇ ਆਧਾਰ ਉੱਤੇ ਅਮਲ ਕੀਤਾ। ਇਸ ਵਿਸ਼ਵਾਸ਼ ਦਾ ਸਮਰਥਨ ਕਈ ਤਰ੍ਹਾਂ ਹੁੰਦਾ ਹੈ ਕਿ ਉਹ ਵੱਖਰੀ ਨਸਲੀ ਹਸਤੀ ਰੱਖਣ ਵਾਲਾ ਇਕ ਸਥਾਨਕ ਸਮੂਹ ਸਨ; ਚਾਹੇ ਇਸ ਸਮੂਹ ਵਿਚ ਕਈ ਭਾਰੀਆਂ ਤਬਦੀਲੀਆਂ ਆ ਚੁੱਕੀਆ ਸਨ।

ਖ਼ਾਸ ਅਫ਼ਸੋਸ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ ੧੭ਵੀਂ-੧੮ਵੀਂ ਸਦੀ ਦੇ ਕੇਂਦਰੀ ਅਤੇ ਪੂਰਬੀ ਪੰਜਾਬ ਵਿਚ ਸਿੱਖ ਲਹਿਰ ਬਾਰੇ ਖੋਜ ਕੀਤੀ ਹੈ, ਉਨ੍ਹਾਂ ਨੇ ਇਸ ਵਿਚ ਹਿੱਸਾ ਲੈਣ ਵਾਲਿਆਂ ਦੀ ਨਸਲੀ ਬਣਤਰ ਅਤੇ ਇਤਿਹਾਸਿਕ ਘਟਨਾਵਾਂ ਵਿਚ ਨਸਲ ਦੇ ਭਾਗ ਨੂੰ ਅੱਖੋਂ ਉਹਲੇ ਰੱਖਿਆ ਹੈ। ਕਈ ਖੋਜੀ ਸਹਿਮਤ ਹਨ ਕਿ ਇਹ ਵੱਡੇ ਪੈਮਾਨੇ ਉੱਤੇ ਸਾਮੰਤਸ਼ਾਹੀ ਦੇ ਵਿਰੁੱਧ ਆਮ ਲੋਕਾਂ ਦੀ ਲਹਿਰ ਸੀ, ਪਰ ਇਸ ਪ੍ਰਸ਼ਨ ਦਾ ਉੱਤਰ ਦੇਣ ਤੋਂ ਅਸਮਰੱਥ ਹਨ ਕਿ ਕਿਹੜੀ ਕੌਮ ਜਾਂ ਕੌਮਾਂ ਇਸ ਨਾਲ ਸੰਬੰਧਿਤ ਸਨ ? ਇਹ ਵੀ ਇਕ ਮੰਨੀ ਪੜਮੰਨੀ ਗੱਲ ਹੈ ਕਿ ਸਿੱਖ ਫ਼ਿਰਕੇ ਦੀ ਸਥਾਪਨਾ ਇਸ ਲਹਿਰ ਦੇ ਦੌਰਾਨ ਵਿਚ ਅਤੇ ਇਸ ਦੇ ਸਿੱਟੇ ਵਜੋਂ ਹੀ ਹੋਈ। ਇਸ ਲਹਿਰ ਨੇ ਆਧੁਨਿਕ ਪੰਜਾਬੀ ਬੋਲੀ ਦੇ ਨਿਰਮਾਣ ਦੇ ਅਮਲ ਨੂੰ ਤੇਜ਼ ਕੀਤਾ, ਅਤੇ ਇਹੀ ਗੁਰਮੁਖੀ ਅੱਖਰਾਂ ਦੇ ਵਿਕਾਸ ਅਤੇ ਪੰਜਾਬੀ ਵਿਚ ਪਹਿਲੀਆਂ ਪੁਸਤਕਾਂ ਦੀ ਉਪਜ ਦੀ ਜ਼ਿੰਮੇਵਾਰ ਸੀ। ਖ਼ਾਸ ਮਹਤੂਪੂਰਣ ਤੱਥ ਇਹ ਹੈ ਕਿ ਬਹਿਸ-ਅਧੀਨ ਸਮੇਂ ਵਿਚ ਹੀ ਉਹ ਕੌਮੀਅਤ ਹੋਂਦ ਵਿਚ ਆਈ ਜਿਸ ਨੂੰ ਹੁਣ 'ਪੰਜਾਬੀ' ਕਹਿੰਦੇ ਹਨ। ਇਹ ਤਾਂ ਸਭ ਮੰਨਦੇ ਹਨ ਕਿ ਸਿੱਖ ਲਹਿਰ ਵਿਚ, ਇਸ ਦੀਆਂ ਹਥਿਆਰਬੰਦ ਫ਼ੌਜਾਂ ਵਿਚ, ਅਤੇ ਖ਼ੁਦ ਸਿੱਖ ਫ਼ਿਰਕੇ ਵਿਚ ਜੱਟ ਸਭ ਤੋਂ ਵੱਡਾ ਸਮੂਹ ਸਨ; ਪਰ ਸਿੱਖ ਮਤ ਤੇ ਪੰਜਾਬ ਦੇ ਇਤਿਹਾਸ ਬਾਰੇ ਪ੍ਰਾਪਤ ਪੁਸਤਕਾਂ ਵਿਚ, ਸਾਨੂੰ ਪੰਜਾਬ ਦੇ ਜੱਟਾਂ ਦੇ ਨਸਲੀ ਵਿਸ਼ਲੇਸ਼ਣ ਅਤੇ ਪੰਜਾਬੀਆਂ ਦੀ ਸਮੁੱਚੀ ਵਿਉਂਤ ਤੇ ਵਿਕਾਸ ਵਿਚ ਉਨ੍ਹਾਂ ਦੇ ਰੋਲ ਬਾਰੇ ਕੋਈ ਮਸਾਲਾ ਨਹੀਂ ਮਿਲਿਆ।

ਫੇਰ ਇਸ ਦੌਰ ਦੇ ਜੱਟਾਂ ਬਾਰੇ ਕਿਹੜਾ ਭਰੋਸੇ-ਯੋਗ ਮਸਾਲਾ ਹੈ ਜਿਹੜਾ ਇਸ ਵੇਲੇ ਪ੍ਰਾਪਤ ਹੈ ?

੧੭ਵੀਂ ਸਦੀ ਵਿਚ ਜੱਟ, ਪੰਜਾਬ ਦੀ ਪੇਂਡੂ ਵੱਸੋਂ ਦਾ ਇਕ ਵੱਡਾ ਭਾਗ ਸਨ ਅਤੇ ਸ਼ਹਿਰੀ ਵੱਸੋਂ ਦੇ ਕੁੱਝ ਤਬਕਿਆਂ ਵਿਚ ਵੀ ਮੌਜੂਦ ਸਨ। ਸਮਾਜਿਕ ਵਿਕਾਸ ਦੇ ਖੇਤਰ

ਵਿੱਚ ਜੱਟਾਂ ਅੰਦਰ ਢੇਰ ਫ਼ਰਕ ਪ੍ਰਾਪਤ ਸਨ। ਦੇਸ਼ ਦੇ ਪੱਛਮੀ ਹਿੱਸੇ ਦੇ ਬਹੁਤੇ ਜੱਟਾਂ ਨੇ ਕਬੀਲਾ-ਪ੍ਰਬੰਧ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਭਾਵੇਂ ਉਨ੍ਹਾਂ ਵਿੱਚੋਂ ਕੁੱਝ ਅਰਧ-ਟਪਰੀਵਾਸ ਹੀ ਰਹੇ। ਜੱਟਾਂ ਦਾ ਇਹ ਅੰਤਲਾ ਸਮੂਹ, ਸਿੱਖ ਲਹਿਰ ਵਿਚ ਸਰਗਰਮ ਨਹੀਂ ਸੀ।

ਕੇਂਦਰੀ ਪੰਜਾਬ ਵਿਚ ਘਰ ਘਾਟ ਬਣਾ ਕੇ ਵੱਸਦੇ ਜੱਟ ਕਿਰਸਾਣਾਂ ਵਿੱਚੋਂ ਕਬਾਇਲੀ ਨਿਜ਼ਾਮ ਦੇ ਨਿਸ਼ਾਨ ਤਕਰੀਬਨ ਲੋਪ ਹੋ ਚੁੱਕੇ ਸਨ ਪਰ ਇਸ ਇਲਾਕੇ ਦੇ ਕਈ ਜੱਟ-ਸਮੂਹਾਂ ਵਿਚ, ਅਜੇ ਵੀ, ਕਬਾਇਲੀ ਜੱਥੇਬੰਦੀ ਦੀ ਰਹਿੰਦ-ਖੂੰਧ ਲੱਭ ਸਕਦੀ ਸੀ। ਇਸ ਤਰ੍ਹਾਂ, ੧੮ਵੀਂ ਸਦੀ ਦੇ ਮੋੜ ਉੱਤੇ, ਜਦੋਂ ਸਿੱਖ ਲਹਿਰ ਨੇ ਕੇਂਦਰੀ ਇਲਾਕਿਆਂ ਦੀ ਵੱਸੋਂ ਨੂੰ ਆਪਣੀ ਲਪੇਟ ਵਿਚ ਲਿਆ, ਤਾਂ ਕਈ ਜੱਟ ਗਰੁੱਪ ਆਪਣੇ ਸਰਦਾਰਾਂ ਦੀ ਅਗਵਾਈ ਵਿਚ ਸਿੱਖ ਫ਼ਿਰਕੇ ਵਿਚ ਆ ਰਲੇ। ਫ਼ੌਜ ਵਿਚ ਇਹਨਾਂ ਜੱਟ-ਸਮੂਹਾਂ ਦੇ ਅੱਡ ਅੱਡ ਦਸਤੇ ਹੁੰਦੇ ਸਨ। ਜੱਟਾਂ ਦੀਆਂ ਪੁਰਾਣੀਆਂ ਜਮਹੂਰੀ ਰਵਾਇਤਾਂ ਨੇ, ਸਿੱਖ ਫ਼ਿਰਕੇ—ਖਾਲਸੇ—ਦੀ ਬਣਤਰ ਉੱਤੇ ਵੀ ਅਸਰ ਪਾਇਆ। ਪੂਰਬੀ ਜੱਟਾਂ ਨਾਲ ਸਮਾਜਿਕ ਤੌਰ ਉੱਤੇ, ਵਧੇਰੇ ਵਿਤਕਰਾ ਹੁੰਦਾ ਸੀ, ਫੇਰ ਵੀ ਉਹ ਦੂਜੇ ਜੱਟਾਂ ਨਾਲ ਆਪਣੇ ਸਾਂਝੇ ਮੁੱਢ ਬਾਰੇ ਕਾਫ਼ੀ ਚੇਤਨ ਰਹੇ।

ਵਧੇਰੇ ਕਰ ਕੇ ਜੱਟ ਉਸ ਬੋਲੀ ਦੇ ਨਾਲ ਸੰਬੰਧਿਤ ਉਪ-ਬੋਲੀਆਂ ਦੀ ਵਰਤੋਂ ਕਰਦੇ ਸਨ ਜਿਸ ਨੂੰ ਹੁਣ 'ਲਹਿੰਦੀ' (ਪੱਛਮੀ) ਕਹਿੰਦੇ ਹਨ। ੧੭ਵੀਂ ਅਤੇ ੧੮ਵੀਂ ਸਦੀ ਦੀਆਂ ਦਸਤਾਵੇਜ਼ਾਂ ਵਿਚ ਇਹ ਨਾਂ ਕਿਤੇ ਨਹੀਂ ਆਉਂਦਾ, ਅਤੇ ਖ਼ਿਆਲ ਹੈ ਕਿ ਓਦੋਂ ਇਨ੍ਹਾਂ ਸਾਰੀਆਂ ਉਪਭਾਸ਼ਾਵਾਂ ਦਾ ਕੋਈ ਸਾਂਝਾ ਨਾਂ ਹੀ ਨਹੀਂ ਹੋਣਾ। ਪਰ ਇਉਂ ਲਗਦਾ ਹੈ ਕਿ ਉਸ ਮੁੱਢਲੇ ਸਮੇਂ ਵਿਚ ਵੀ ਕੁੱਝ ਉਪਭਾਸ਼ਾਵਾਂ ਉੱਤੇ ਹਿੰਦੋਸਤਾਨੀ ਦਾ (ਜਿਸ ਦੇ ਸਾਹਿੱਤਿਕ ਰੂਪ ਹਿੰਦੀ ਤੇ ਉਰਦੂ ਸਨ) ਪ੍ਰਭਾਵ ਪਿਆ—ਖ਼ਾਸ ਕਰਕੇ ਪੂਰਬੀ ਪੰਜਾਬ ਵਿਚ, ਅਤੇ ਇਸੇ ਤੋਂ ਪੰਜਾਬੀ ਬੋਲੀ ਦਾ ਸਰੂਪ ਨਿਸਚਿਤ ਹੋਇਆ ਹੋਵੇਗਾ। ਆਪਣੇ ਮਗਰਲੇ ਵਿਕਾਸ ਵਿਚ 'ਲਹਿੰਦੀ' ਤੇ ਪੰਜਾਬੀ ਇਕ ਦੂਜੇ ਤੋਂ ਏਨੀ ਦੂਰ ਚਲੀਆਂ ਗਈਆਂ ਕਿ ਕੁੱਝ ਖੋਜਕਾਰਾਂ ਨੇ ਉਨ੍ਹਾਂ ਨੂੰ ਆਧੁਨਿਕ ਭਾਰਤੀ ਬੋਲੀਆਂ ਦੇ ਵੱਖੋ ਵੱਖਰੇ ਸਮੂਹਾਂ ਵਿੱਚ ਹੀ ਰੱਖ ਲਿਆ। ਮੁਗ਼ਲ ਰਾਜ ਦੇ ਸਮੇਂ ਵਿਚ ਸ਼ਹਿਰੀ ਵੱਸੋਂ ਦੇ ਇਕ ਭਾਗ ਨੇ ਹਿੰਦੋਸਤਾਨੀ ਨੂੰ ਅਪਣਾ ਲਿਆ। ਕੁੱਝ ਜੱਟਾਂ ਨੇ ਵੀ ਇਸੇ ਦੀ ਰੀਸ ਕਰ ਲਈ।

ਸਿੱਖ ਮਤ ਦੇ ਪਸਾਰ ਤੋਂ ਪਹਿਲਾਂ ਕਈ ਜੱਟ ਆਪਣੇ ਆਪ ਨੂੰ ਮੁਸਲਮਾਨ ਗਿਣਦੇ ਸਨ ਤੇ ਪੂਰਬੀ ਇਲਾਕਿਆਂ ਵਿਚ ਉਨ੍ਹਾਂ ਵਿੱਚੋਂ ਕਈ ਆਪਣੇ ਆਪ ਨੂੰ ਹਿੰਦੂ ਅਖਵਾਉਂਦੇ ਸਨ। ਅਸਲ ਵਿਚ, ਉਨ੍ਹਾਂ ਵਿੱਚੋਂ ਬਹੁਤੇ ਆਪਣੇ ਪਹਿਲੇ ਵਿਸ਼ਵਾਸ਼ਾਂ ਨੂੰ ਹੀ ਚਮੁੱਟੇ ਰਹੇ ਜਿਨ੍ਹਾਂ ਉੱਤੇ ਇਸਲਾਮ ਜਾਂ ਹਿੰਦੂ ਮਤ ਦਾ ਬਹੁਤ ਹੀ ਥੋੜ੍ਹਾ ਅਸਰ ਸੀ। ਜਿਨ੍ਹਾਂ ਜੱਟਾਂ ਨੇ ਅਜੇ ਬਹੁਤ ਘੱਟ ਇਸਲਾਮੀ ਸਿੱਧਾਂਤਾਂ ਨੂੰ ਅਪਣਾਇਆ ਸੀ ਅਤੇ ਅਜੇ ਤੱਕ, ਬੁਨਿਆਦੀ ਤੌਰ ਉੱਤੇ, ਹਿੰਦੂ ਮਤ ਤੇ ਉਸ ਦੇ ਜ਼ਾਤ ਪਾਤ ਵਾਲੇ ਪ੍ਰਬੰਧ ਤੋਂ ਬੇਲਾਗ

ਰਹੇ ਸਨ, ਉਨ੍ਹਾਂ ਨੇ ਜਲਦੀ ਹੀ ਸਿੱਖ ਧਰਮ ਨੂੰ ਅਪਣਾ ਲਿਆ ਕਿਉਂਕਿ ਇਸ ਦਾ ਸਮਝਣਾ ਸੌਖਾ ਸੀ। ਇਸ ਵਿਚ ਧਰਮ ਦੇ ਨਾਂ ਉੱਤੇ ਆਹੂਤੀਆਂ ਲਈ ਕੋਈ ਥਾਂ ਨਹੀਂ ਸੀ ; ਇਹ ਬ੍ਰਾਹਮਣ ਦੀ ਪ੍ਰਧਾਨਤਾ ਨੂੰ ਨਹੀਂ ਸੀ ਮੰਨਦਾ ਅਤੇ ਜ਼ਾਤ ਪਾਤ ਦਾ ਖੰਡਨ ਕਰਦਾ ਸੀ।

ਇੱਕੋ ਮੁੱਢ, ਨਸਲੀ ਸਾਂਝ, ਸਾਂਝੀ ਬੋਲੀ, ਥੋੜ੍ਹੀ ਜਾਂ ਬਹੁਤੀ ਹੱਦ ਤਕ ਸਾਂਭ ਕੇ ਰੱਖੀਆਂ ਭਾਈਚਾਰਕ ਰਵਾਇਤਾਂ, ਸਖ਼ਤ ਮਜ਼੍ਹਬੀ ਵਿਰੋਧ ਜਾਂ ਜ਼ਾਤ ਪਾਤ ਦੇ ਉੱਘੜਵੇਂ ਵਖੇਵਿਆਂ ਦੀ ਘਾਟ—ਇਨਾਂ ਸਾਰੀਆਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਜੱਟ ਲੋਕ, ਸਿੱਖ ਲਹਿਰ ਦੀ ਸੰਚਾਲਕ ਸ਼ਕਤੀ ਕਿਵੇਂ ਬਣੇ ਤੇ ਸਿੱਖ ਲਹਿਰ, ਇਸ ਦੇ ਨਤੀਜੇ ਵਜੋਂ, ਕਿਸ ਤਰ੍ਹਾਂ, ਇਕ ਵਿਸ਼ਾਲ ਜਨਤਕ ਲਹਿਰ ਬਣ ਗਈ।

ਇਸ ਤੋਂ ਪਿੱਛੋਂ ਪੰਜਾਬ ਦੇ ਜੱਟਾਂ ਦੀ ਹੋਣੀ, ਪੰਜਾਬੀਆਂ ਦੇ ਇਤਿਹਾਸ ਨਾਲ ਪੱਕੀ ਤਰ੍ਹਾਂ ਬੱਝੀ ਹੋਈ ਹੈ। ਉਹ ਵਿਕਾਸ ਕਰ ਕੇ ਵੱਖਰੀ ਕੌਮੀਅਤ ਨਹੀਂ ਬਣ ਸਕੇ। ਜੱਟਾਂ ਨੇ, ਪੰਜਾਬ ਦੇ ਬਾਕੀ ਕਬੀਲਿਆਂ, ਜਿਵੇਂ ਕਿ ਗੱਖੜ, ਖੋਖਰ, ਜੰਜੂਆ, ਗੁੱਜਰ, ਅਤੇ ਕੁੱਝ ਰਾਜਪੂਤਾਂ (ਰਾਜਸਥਾਨੀਆਂ), ਗ਼ੈਰ-ਪੰਜਾਬੀ ਪਖਤੂਨਾਂ, ਤਾਜੀਕਾਂ ਅਤੇ ਹੋਰ ਤੱਤਾਂ ਨਾਲ ਮਿਲ ਕੇ ਪੰਜਾਬੀ ਕੌਮ ਬਣਾਈ, ਅਤੇ ਇਸ ਤਰ੍ਹਾਂ ਇਸ ਦਾ ਨਸਲੀ ਆਧਾਰ ਕਾਇਮ ਕੀਤਾ। ਜਾਗੀਰਦਾਰ ਅਤੇ ਮਗਰੋਂ ਸਰਮਾਏਦਾਰ ਪੰਜਾਬ ਵਿਚ ਜੱਟ, ਸਭ ਸ਼੍ਰੇਣੀਆਂ ਅਤੇ ਸਮਾਜਿਕ ਤੇ ਵਰਣ-ਵੰਡ ਉੱਤੇ ਆਧਾਰਿਤ ਸਮੂਹਾਂ ਦੇ ਭਾਗ ਬਣ ਗਏ।

ਪੰਜਾਬ ਦੇ ਦੱਖਣ-ਪੱਛਮੀ ਹਿੱਸੇ ਵਿਚ ਜੱਟਾਂ ਦੀ ਹਾਲਤ ਬਿਲਕੁਲ ਵੱਖਰੀ ਸੀ। ਸਭ ਜਾਣਦੇ ਹਨ ਕਿ ਦੇਸ਼ ਦੇ ਇਸ ਹਿੱਸੇ ਦੇ ਲੋਕ, ਵਧੇਰੇ ਕਰਕੇ, ਲਹਿੰਦੀ ਉਪਭਾਸ਼ਾਵਾਂ ਬੋਲਦੇ ਹਨ। ਭਾਰਤੀ ਬੋਲੀਆਂ ਦੇ ਨਸਲੀ ਵਰਗੀਕਰਣ ਵਿਚ ਲਹਿੰਦੀ ਦੀਆਂ ਉਪ-ਭਾਸ਼ਾਵਾਂ ਦੀ ਥਾਂ ਬਾਰੇ ਕਾਫ਼ੀ ਵੱਡੇ ਪੈਮਾਨੇ ਉੱਤੇ ਬਹਿਸ ਹੋ ਚੁੱਕੀ ਹੈ ਬਲਕਿ ਇਸ ਵਿਸ਼ੇ ਉੱਤੇ ਵਿਸ਼ੇਸ਼ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ; ਪਰ ਬਦਕਿਸਮਤੀ ਨਾਲ, ਇਨ੍ਹਾਂ ਉਪਭਾਸ਼ਾਵਾਂ ਦੇ ਬੋਲਣ ਵਾਲੇ ਲੋਕਾਂ, ਭਾਵ, ਦੱਖਣ-ਪੱਛਮੀ ਪੰਜਾਬ ਦੀ ਸਥਾਨਕ ਵੱਸੋਂ ਦੀਆਂ ਨਸਲਾਂ ਬਾਰੇ ਪੁਣ ਛਾਣ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਉਦਾਹਰਣ ਵਜੋਂ, ੧੯੩੧ ਵਿਚ ਪੱਛਮੀ ਪੰਜਾਬ ਵਿਚ, ਜਿਹੜਾ ਹੁਣ ਪਾਕਿਸਤਾਨ ਵਿਚ ਹੈ, ਲਹਿੰਦੀ ਦੀਆਂ ਉਪਭਾਸ਼ਾਵਾਂ ਨੂੰ ਘੱਟੋ ਘਟ ੮੦ ਲੱਖ ਲੋਕ ਬੋਲਦੇ ਸਨ। ਬੁਨਿਆਦੀ ਲਹਿੰਦੀ-ਸਮੂਹ ਦੀਆਂ ਉਪਭਾਸ਼ਾਵਾਂ, ਜਿਨ੍ਹਾਂ ਨੂੰ ਜਾਰਜ ਗਰੀਅਰਸਨ 'ਟਕਸਾਲੀ' ਕਹਿੰਦਾ ਹੈ, ਲੂਣ-ਪਹਾੜੀਆਂ ਦੇ ਦੱਖਣ(ਬਹਾਵਲਪੁਰ ਵਿੱਚੇ ਸ਼ਾਮਲ ਕਰ ਕੇ), ਅਤੇ ਸਿੰਧ ਨਦੀ ਦੇ ਦੋਹਾਂ ਕੰਢਿਆਂ ਦੇ ਪੰਜਾਬ ਪ੍ਰਦੇਸ਼ ਦੇ ਇਲਾਕੇ ਵਿਚ ਰਹਿੰਦੀ ਵੱਸੋਂ ਦੀ ਬਹੁ-ਗਿਣਤੀ ਵੱਲੋਂ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਉਪਭਾਸ਼ਾਵਾਂ ਦੇ ਵੱਖ ਵੱਖ ਨਾਂ ਹਨ: ਕੁੱਝ ਨਾਂ ਕਬੀਲਿਆਂ ਦੇ ਨਾਵਾਂ ਉੱਤੇ ਹਨ (ਜਿਨਦਾਗੀ, ਨਿਸਵਾਨੀ) ਤੇ ਬਾਕੀ ਦੇ ਭੂਗੋਲਿਕ ਜਾਂ ਰਾਜਪ੍ਰਬੰਧਕ ਨਾਵਾਂ ਉੱਤੇ (ਥਲੀ, ਸਿਰਾਇਕੀ, ਮੁਲਤਾਨੀ, ਬਹਾਵਲਪੁਰੀ)। ਸਿੰਧ ਨਦੀ ਦੇ

ਇਲਾਕੇ ਵਿਚ ਬੋਲੀਆਂ ਜਾਂਦੀਆਂ ਕੁੱਝ ਉਪਭਾਸ਼ਾਵਾਂ ਨੂੰ'ਹਿੰਦਕੀ'ਜਾਂ'ਹਿੰਦਕੋ'( = ਹਿੰਦੋਸਤਾਨੀ) ਕਿਹਾ ਜਾਂਦਾ ਹੈ। ਇਹ ਨਾਂ ਗੁਆਂਢੀ ਇਲਾਕਿਆਂ ਦੇ ਪਖ਼ਤੂਨ ਅਤੇ ਬਲੋਚ, ਜਿਨ੍ਹਾਂ ਦੀਆਂ ਆਪਣੀਆਂ ਬੋਲੀਆਂ ਹੋਰ ਹੁੰਦੀਆਂ ਸਨ,ਵਰਤਦੇ ਸਨ; ਪਰ ਇਸ ਉਪਭਾਸ਼ਾ ਦਾ ਦੂਜਾ ਨਾਂ, ਸਗੋਂ ਕਈ ਵਾਰੀ ਪਹਿਲਾ ਨਾਂ, ਅਤੇ ਕਈ ਵਾਰੀ ਇੱਕੋ ਇੱਕ ਨਾਂ, 'ਜਟਕੀ' ਹੁੰਦਾ ਸੀ। ਲਹਿੰਦੀ ਵਿਚ ਲਿਖਤੀ ਦਸਤਾਵੇਜ਼ਾਂ ਪ੍ਰਾਪਤ ਨਹੀਂ ਹਨ, ਪਰ ਜੇ. ਵਿਲਸਨ ਅਤੇ ਈ. ਓ'ਬਰਾਇਨ ਨੇ ਪੱਛਮੀ ਪੰਜਾਬੀ ਦੇ ਵਿਆਕਰਣ ਤੇ ਸ਼ਬਦ-ਭੰਡਾਰ ਦਾ ਅਧਿਐਨ ਕਰਦਿਆਂ 'ਜਟਕੀ' ਦੀ ਕਾਫ਼ੀ ਵਰਤੋਂ ਕੀਤੀ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਹੋਰ ਵੀ ਕੁੱਝ ਲਹਿੰਦੀ ਉਪਭਾਸ਼ਾਵਾਂ ਹਨ (ਅਵਾਨਕਾਰੀ, ਘੇਬੀ, ਪੋਠੋਹਾਰੀ, ਧੰਨੀ) ਜਿਨ੍ਹਾਂ ਨੂੰ ਹੋਰ ਕਬੀਲੇ ਵਰਤਦੇ ਹਨ, ਪਰ ਬੁਨਿਆਦੀ ਉਪਭਾਸ਼ਾ 'ਜਟਕੀ' ਹੀ ਹੈ—ਜੱਟਾਂ ਦੀ ਬੋਲੀ।

ਅਸੀਂ ਪਹਿਲੋਂ ਦੱਸ ਚੁੱਕੇ ਹਾਂ ਕਿ ਪੱਛਮੀ ਪੰਜਾਬ ਦੇ ਜੱਟ ਕਬੀਲੇ, ਉਸ ਵੇਲੇ ਤੋਂ ਲੈ ਕੇ ਜਦ ਤੋਂ ਕਿ ਉਨ੍ਹਾਂ ਦਾ ਨਾਂ ਪਹਿਲਾਂ ਇਤਿਹਾਸਿਕ ਲਿਖਤਾਂ ਵਿਚ ਮਿਲਦਾ ਹੈ, ਮੱਧ ਕਾਲ ਦੇ ਅਖ਼ੀਰ ਤੱਕ, ਬੁਨਿਆਦੀ ਤੌਰ ਉੱਤੇ, ਪਸ਼ੂ-ਪਾਲ ਅਤੇ ਬਹੁਤ ਕਰਕੇ ਅਰਧ-ਟਪਰੀਵਾਸ ਰਹੇ। ਮੁਗ਼ਲ ਰਾਜ ਵੇਲੇ, ਕੇਂਦਰੀ ਪੰਜਾਬ ਵਿਚ ਖੇਤੀਬਾੜੀ ਦੇ ਵਿਕਾਸ ਨੇ ਅਤੇ ਮੁਗ਼ਲਾਂ ਦੇ ਰਾਜ-ਪ੍ਰਬੰਧ ਦੀ ਪ੍ਰਣਾਲੀ ਨੇ ਪੱਛਮੀ ਇਲਾਕਿਆਂ ਦੇ ਲੋਕਾਂ ਉੱਤੇ ਬਹੁਤ ਘੱਟ ਅਸਰ ਪਾਇਆ, ਸਿਵਾਏ ਵੱਡੇ ਵੱਡੇ ਸ਼ਹਿਰਾਂ ਦੀ ਵੱਸੋਂ ਦੇ। ਇਸ ਇਲਾਕੇ ਵਿਚ, ਵੱਡੇ ਪੈਮਾਨੇ ਉੱਤੇ, ਪੱਕਾ ਵਸੇਬਾ ਬਰਤਾਨਵੀ ਰਾਜ ਵੇਲੇ ਹੀ ਸ਼ੁਰੂ ਹੋਇਆ ਅਤੇ ਅਜੇ ਤਕ ਪੂਰਾ ਨਹੀਂ ਹੋਇਆ। ਇਸ ਸਦੀ ਦੇ ਸ਼ੁਰੂ ਤੱਕ ਵੀ, ਇਸ ਇਲਾਕੇ ਦੇ ਕਈ ਜੱਟ-ਸਮੂਹ, ਕਬੀਲਿਆਂ ਵਿਚ ਵੰਡੇ ਹੋਏ ਸਨ, ਜਿਨ੍ਹਾਂ ਵਿਚ ਅੱਗੋਂ ਕੁਲ-ਵੰਡ ਹੋਈ ਹੁੰਦੀ ਸੀ। ਉਨ੍ਹਾਂ ਨੇ ਸਾਂਝੇ ਰਹਿਣ ਸਹਿਣ ਅਤੇ ਰਾਜ ਦਿਆਂ ਪੁਰਾਣਿਆਂ ਢੰਗਾਂ ਨੂੰ ਸਾਂਭਿਆਂ ਹੋਇਆ ਸੀ। ਪੱਛਮੀ ਪੰਜਾਬ ਵਿਚ ਅਜੇ ਉਹ ਇਕ ਬੱਝਵੀਂ ਕੌਮੀਅਤ ਨਹੀਂ ਸਨ ਬਣੇ ਪਰ ਉਨ੍ਹਾਂ ਨਸਲ ਤੇ ਬੋਲੀ ਦੀ ਸਾਂਝ ਅਤੇ 'ਜੱਟ' ਵਾਲਾ ਸਾਂਝਾ ਨਾਂ ਸਾਂਭਿਆ ਹੋਇਆ ਸੀ।

ਅੰਤ ਵਿਚ, ਇਸ ਗੱਲ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ 'ਜੱਟ' ਸ਼ਬਦ ਦੀ ਵੱਖੋ ਵੱਖਰੀ ਵਿਆਖਿਆ ਦੇ ਬਾਵਜੂਦ, (ਇਸ ਸ਼ਬਦ ਦੇ ਭਿੰਨ ਸਮਿਆਂ ਵਿਚ, ਭਿੰਨ ਥਾਵਾਂ ਉੱਤੇ, ਵੱਖੋ ਵੱਖਰੇ ਇਤਿਹਾਸਿਕ ਅਰਥ ਰਹੇ ਹਨ), ਹਮੇਸ਼ਾ ਹੀ ਇੱਕ ਵੱਖਰਾ ਨਸਲੀ ਸਮੂਹ ਰਹੇ ਹਨ। ਉਨ੍ਹਾਂ ਨੇ ਉੱਤਰੀ ਭਾਰਤ ਦੇ ਨਸਲੀ ਇਤਿਹਾਸ ਵਿਚ, ਵੱਸੋਂ ਦੇ ਇਕ ਵੱਡੇ, ਗਤੀਸ਼ੀਲ ਅਤੇ ਬੜੇ ਸਰਗਰਮ ਸਮੂਹ ਦੀ ਹੈਸੀਅਤ ਵਿਚ ਸਦਾ ਹੀ ਬੜਾ ਵੱਡਾ ਹਿੱਸਾ ਪਾਇਆ ਹੈ। ਇਸ ਵੇਲੇ 'ਪੰਜਾਬੀ' ਅਖਵਾਉਂਦੇ ਲੋਕਾਂ ਦਾ ਨਸਲੀ ਧੁਰਾ ਜੱਟ ਹੀ ਹਨ, ਪਰ ਜੱਟਾਂ ਦਾ ਰੋਲ ਇੱਥੋਂ ਤੱਕ ਹੀ ਸੀਮਿਤ ਨਹੀਂ ਰਿਹਾ। ਵੱਖੋ ਵੱਖਰੇ ਕਾਲਾਂ ਜਾਂ ਹਾਲਤਾਂ ਵਿਚ ਉਹ, ਭਾਰਤੀ ਗਣਰਾਜ ਅਤੇ ਪਾਕਿਸਤਾਨ ਦੇ ਰਾਜਸਥਾਨ, ਸਿੰਧ ਤੇ ਹੋਰ ਕਈ ਰਾਜਾਂ ਵਿਚ ਵੱਸਦੇ ਲੋਕ-ਸਮੂਹਾਂ ਦਾ ਇਕ ਬੁਨਿਆਦੀ ਨਸਲੀ ਅੰਸ਼ ਰਹੇ ਹਨ।

ਉੱਪਰਲੀ ਸਾਰੀ ਬਹਿਸ ਤੋਂ ਪਤਾ ਲਗਦਾ ਹੈ ਕਿ ਚਿਰਾਂ ਤੋਂ ਪ੍ਰਾਪਤ ਮਸਾਲੇ ਨੂੰ ਜਦੋਂ ਕੌਮ ਦੇ ਨਸਲੀ ਇਤਿਹਾਸ ਦੀ ਪਿਛੋਕੜ ਵਿਚ ਰੱਖ ਕੇ ਵੇਖਿਆ ਜਾਵੇ (ਜਿਵੇਂ ਅਸੀਂ ਜੱਟਾਂ ਬਾਰੇ ਕੀਤਾ ਹੈ) ਤਾਂ ਇਹ ਸਿੱਧ ਹੋ ਜਾਂਦਾ ਹੈ ਕਿ ਜੇ ਅਸੀਂ ਆਪਣੇ ਸਮੇਂ ਦੇ ਵਖੋ ਵੱਖਰੇ ਲੋਕਾਂ ਦੇ, ਸਭਿਆਚਾਰਕ ਤੇ ਰਾਜਨੀਤਿਕ ਇਤਿਹਾਸ ਜਾਂ ਉਨ੍ਹਾਂ ਦੇ ਵਰਤਮਾਨ ਸਥਾਨ ਜਾਂ ਅਵਸਥਾ ਬਾਰੇ ਠੀਕ ਠੀਕ ਸਿੱਟਿਆਂ ਉੱਤੇ ਪੁੱਜਣਾ ਚਾਹੁੰਦੇ ਹਾਂ ਤਾਂ ਨਸਲੀ ਮਾਹੌਲ (ਜੋ ਇਤਿਹਾਸਿਕ ਵਿਕਾਸ ਦੀ ਪ੍ਰਕ੍ਰਿਆ ਦਾ ਵਿਸ਼ਾ ਹੈ) ਅਤੇ ਇਸ ਦੇ ਵਿਕਾਸ ਨੂੰ ਅੱਖੋਂ ਉਹਲੇ ਕਰਨਾ ਅਸੰਭਵ ਹੋਵੇਗਾ ।

## ਇਸ ਭਾਗ ਦੇ ਲੇਖਕ

**ਸੁਰਿੰਦਰ ਸਿੰਘ ਨਰੂਲਾ—** ਪੰਜਾਬੀ ਦੇ ਪ੍ਰਸਿੱਧ ਗਲਪਕਾਰ ; ਗਵਰਨਮੈਂਟ ਕਾਲਜ, ਲੁਧਿਆਣਾ ਵਿਚ ਅੰਗ੍ਰੇਜ਼ੀ ਦੇ ਸੀਨੀਅਰ ਲੈਕਚਰਰ ਹਨ ।

**ਗੁਰਦੇਵ ਸਿੰਘ—** ਗਵਰਨਮੈਂਟ ਹਾਈ ਸਕੂਲ, ਡਰੋਲੀ ਭਾਈ, ਜ਼ਿਲਾ ਫ਼ੀਰੋਜ਼ਪੁਰ ਵਿਚ ਅਧਿਆਪਕ ਹਨ । ਪੰਜਾਬ ਯੂਨੀਵਰਸਿਟੀ ਨੇ 'ਪੰਜਾਬੀ ਕਵਿਤਾ ਵਿਚ ਪ੍ਰਕਿਰਤੀ-ਚਿਤਰਣ' ਬਾਰੇ ਕੀਤੀ ਖੋਜ ਉੱਤੇ ਇਨ੍ਹਾਂ ਨੂੰ, ੧੯੬੪ ਵਿਚ, ਡਾਕਟਰ ਆਫ਼ ਫ਼ਿਲਾਸੋਫ਼ੀ ਦੀ ਡਿਗਰੀ ਪ੍ਰਦਾਨ ਕੀਤੀ ।

**ਮ ਕੁਦਰੀਆਵਤਸੀਵ—** ਰੂਸ ਦੇ ਮਾਨਵ-ਵਿਗਿਆਨ ਤੇ ਜਾਤੀ-ਵਿਗਿਆਨ ਦੇ ਇਨਸਟੀਚਿਊਟ ਵਿਚ ਸੀਨੀਅਰ ਵਿਸ਼ੇਸ਼ੱਗ ਤੇ ਲੈਨਿਨਗ੍ਰਾਦ ਵਿਚ ਮਾਨਵ-ਵਿਗਿਆਨ ਤੇ ਜਾਤੀ-ਵਿਗਿਆਨ ਦੇ ਪ੍ਰਸਿੱਧ ਅਜਾਇਬ ਘਰ ਦੇ ਭਾਰਤੀ ਵਿਭਾਗ ਦੇ ਮੁਖੀ ਹਨ । ਇਕ ਖੋਜ-ਗ੍ਰੰਥ, 'ਦੱਖਣੀ ਏਸ਼ੀਆ ਦੀਆਂ ਕੌਮਾਂ' ਦੇ ਸਹਿ-ਲੇਖਕ ਹਨ ।

ਇਹ ਲੇਖ ਰੂਸੀ ਭਾਸ਼ਾ ਵਿਚ ਮਾਸਕੋ ਵਿਚ ਹੋਈ ਮਾਨਵ-ਵਿਗਿਆਨ ਤੇ ਜਾਤੀ-ਵਿਗਿਆਨ ਦੀ ਸੱਤਵੀਂ ਅੰਤਰ-ਰਾਸ਼ਟਰੀ ਕਾਂਗ੍ਰਸ ਵਿਚ ਪੜ੍ਹਿਆ ਗਿਆ ਸੀ । ਇਸ ਦੇ ਪੰਜਾਬੀ ਅਨੁਵਾਦ ਲਈ ਅਸੀਂ ਰੂਸੀ ਸਫ਼ਾਰਤਖ਼ਾਨੇ ਦੇ ਸੂਚਨਾ ਵਿਭਾਗ ਦੇ ਰਿਣੀ ਹਾਂ । ਸ੍ਰੀ ਕੁਦਰੀਆਤਸੀਵ ਭਾਰਤ ਸਰਕਾਰ ਦੇ ਸੱਦੇ ਉੱਤੇ ਭਾਰਤ ਦੀ ਯਾਤਰਾ ਕਰ ਚੁੱਕੇ ਹਨ ।

# ਸਾਹਿੱਤਿਕ ਭਾਸ਼ਾ ਦਾ ਸ੍ਵਰੂਪ ਅਤੇ ਪੰਜਾਬੀ

ਪ੍ਰੇਮ ਪ੍ਰਕਾਸ਼ ਸਿੰਘ

ਜਦੋਂ ਅਸੀਂ ਭਾਸ਼ਾ ਦੀ ਗੱਲ ਛੇੜਦੇ ਹਾਂ ਤਾਂ ਸਾਡੇ ਸਾਹਮਣੇ ਭਾਸ਼ਾ ਦੇ ਤਿੰਨ ਮੋਟੇ ਰੂਪ ਉੱਘੜ ਆਉਂਦੇ ਹਨ । ਉਹ ਹਨ : ਲੋਕ-ਭਾਸ਼ਾ, ਸਾਹਿੱਤਿਕ ਭਾਸ਼ਾ ਅਤੇ ਵਿਗਿਆਨਿਕ ਭਾਸ਼ਾ । ਭਾਸ਼ਾ ਦੀ ਇਹ ਵੰਡ ਭਾਸ਼ਾ ਦੀ ਅਰਥਵੱਤਾ ਜਾਂ ਅਰਥ-ਸੰਪੱਤੀ ਦੇ ਆਧਾਰ ਉੱਤੇ ਨਹੀਂ ਕੀਤੀ ਗਈ, ਸਗੋਂ ਭਾਸ਼ਾ ਦੇ ਜਨ-ਰੂਪ, ਧੁਨੀ-ਬਣਤਰ, ਰੂਪ-ਬਣਤਰ, ਵਾਕ-ਵਿਧਾਨ ਅਤੇ ਨਵੇਂ ਸ਼ਬਦ-ਨਿਰਮਾਣ ਦੇ ਪੱਖਾਂ ਤੋਂ ਕੀਤੀ ਗਈ ਹੈ । ਜੇ ਅਸੀਂ ਜ਼ਰਾ ਹੋਰ ਸੰਕੋਚਵੇਂ ਸ਼ਬਦਾਂ ਵਿਚ ਆਖੀਏ ਤਾਂ ਇਸ ਭਾਸ਼ਾ-ਵੰਡ ਦੀ ਨੀਂਹ ਭਾਸ਼ਾ ਦੀ ਸ਼ੈਲੀ ਹੈ ।

ਲੋਕ-ਭਾਸ਼ਾ, ਜਿਵੇਂ ਕਿ ਸ਼ਬਦ ਤੋਂ ਪ੍ਰਗਟ ਹੈ, ਅਵਾਮ ਦੀ ਬੋਲੀ ਹੁੰਦੀ ਹੈ, ਜਿਸ ਦੁਆਰਾ ਆਮ ਆਦਮੀ ਆਪਣੇ ਸਿੱਧ-ਪੱਧਰੇ ਵਿਚਾਰਾਂ ਅਤੇ ਹਰਖ-ਸੋਗ ਦੇ ਭਾਵਾਂ ਨੂੰ ਪ੍ਰਗਟਾਉਂਦਾ ਰਹਿੰਦਾ ਹੈ । ਲੋਕ-ਭਾਸ਼ਾ ਵਿਚ ਭਾਸ਼ਾ ਵੱਲ ਘੱਟ ਪਰ ਮਤਲਬ ਵੱਲ ਵਧੇਰੇ ਧਿਆਨ ਰੱਖਿਆ ਜਾਂਦਾ ਹੈ । ਨਿੱਤ-ਵਰਤੋਂ ਵਿਚ ਆਉਣ ਵਾਲੇ ਖ਼ਿਆਲਾਤ ਜਾਂ ਭਾਵ--ਵਿਚਾਰ ਅਲਪ ਹੁੰਦੇ ਹਨ । ਇਸ ਲਈ ਛੋਟੇ ਛੋਟੇ ਵਾਕਾਂ ਜਾਂ ਸੰਕੇਤਕ ਵਾਕੰਸ਼ਾਂ ਰਾਹੀਂ ਉਹ ਸਹਿਜੇ ਹੀ ਸ਼ਬਦਾਏ ਜਾਂਦੇ ਹਨ । ਪਰ ਇਕ ਧਿਆਨ-ਯੋਗ ਗੱਲ ਇਹ ਹੈ ਕਿ ਸ਼ਬਦਾਂ ਦੀਆਂ ਕਲਾਬਾਜ਼ੀਆਂ ਭਾਵੇਂ ਕਿੰਨੀਆਂ ਹੋਣ ਸ਼ਬਦ ਦੇ ਪਿੱਛੇ ਵਰਤਮਾਨ ਰਹਿੰਦੀ ਆਤਮਾ, ਅਰਥਾਤ ਅਰਥ--ਸੰਕਲਪ ਅ-ਬਦਲ ਰਹਿੰਦਾ ਹੈ । ਸੰਸਕ੍ਰਿਤ ਦਾ 'ਅਰਘੱਟ' ਅਰਹੱਟ, ਰਹਟ, ਹਲਟ, ਹਲ੍ਹਟ, ਆਦਿ ਕਈ ਰੂਪ ਧਾਰਦਾ ਆ ਰਿਹਾ ਹੈ ਪਰ ਸੰਕਲਪ-ਚਿਤ੍ਰ ਉਸੇ ਆਕਾਰ-ਪ੍ਰਕਾਰ ਦਾ ਬਿੰਬਿਤ ਹੁੰਦਾ ਹੈ । ਸੋ ਨਿੱਕੀਆਂ ਨਿੱਕੀਆਂ ਗੱਲਾਂ

ਅਤੇ ਨਿੱਕੇ ਨਿੱਕੇ ਵਾਕ ਲੋਕ-ਭਾਸ਼ਾ ਦੇ ਮੁਖ ਲੱਛਣ ਹਨ। ਲੋਕ-ਭਾਸ਼ਾ ਵਿਚ ਭਾਸ਼ਾ-ਪਰੰਪਰਾ ਸੁਰੱਖਿਅਤ ਰਹਿੰਦੀ ਹੈ। ਲੋਕ-ਭਾਸ਼ਾ ਵਿਚ ਕੁੱਝ ਅਜੇਹੇ ਅਸ਼ ਆਮ ਰਹਿੰਦੇ ਹਨ ਜਿਹੜੇ ਪੂਰਕ, ਵਿਸ਼ਾਮਕ, ਸੰਯੋਜਕ ਰੂਪ ਵਿਚ ਦੁਹਰਾਏ ਜਾਂਦੇ ਹਨ। ਪੰਜਾਬੀ ਵਿਚ 'ਕਰ ਖਾਂ, ਜਾ ਖਾਂ, ਸੂ, ਅਖੇ, ਬਈ, ਪਈ, ਕੇਰਾਂ, ਮਖੇ', ਆਦਿਕ ਭਾਸ਼ਾ-ਅੰਸ਼ ਇਕ ਪ੍ਰਕਾਰ ਨਾਲ ਵਿਅਰਥ ਹੀ ਵਰਤੇ ਜਾਂਦੇ ਹਨ, ਭਾਵੇਂ ਵਕਤਾ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੀ ਲੋੜ ਹੈ। ਇਕ ਗੱਲ ਹੋਰ ਲੋਕ-ਭਾਸ਼ਾ ਬਾਰੇ ਜਾਣਨੀ ਬੜੀ ਜ਼ਰੂਰੀ ਹੈ। ਲੋਕ-ਭਾਸ਼ਾ ਜਾਂ ਲੋਕ-ਬੋਲੀ ਅਸੀਂ ਉੱਚਰਿਤ ਬੋਲੀ ਨੂੰ ਮੰਨਦੇ ਹਾਂ, ਲਿਖਿਤ ਬੋਲੀ ਨੂੰ ਨਹੀਂ। ਅੱਜ ਦੇ ਭਾਸ਼ਾ-ਵਿਗਿਆਨ ਵਿਚ ਇਸੇ ਕਰਕੇ ਲਿਖਿਤ ਸ਼ਬਦ ਨਾਲੋਂ ਉੱਚਰਿਤ ਯਾਨੀ ਬੋਲੀ ਦੀ ਸ਼ਬਦ-ਰਾਸ਼ੀ ਨੂੰ, ਵਧੇਰੇ ਮਹੱਤਾ ਪ੍ਰਾਪਤ ਹੈ।

ਜਦੋਂ ਲੋਕ-ਭਾਸ਼ਾ ਨੂੰ ਲਿਖਤੀ ਰੂਪ ਦਿੱਤਾ ਜਾਂਦਾ ਹੈ ਤਾਂ ਉਸ ਵਿਚ ਸਾਖਰ ਲੇਖਕ ਅਵੱਸ਼ ਤਬਦੀਲੀ ਕਰ ਜਾਂਦਾ ਹੈ ਜਾਂ ਇਉਂ ਕਹੋ ਕਿ ਠੀਕ ਸਹੀ ਰੂਪ ਵਿਚ ਉਸ ਨੂੰ ਲਿਪੀ-ਬੱਧ ਕਰਨਾ ਔਖਾ ਹੋ ਜਾਂਦਾ ਹੈ। ਉਂਜ ਰਿਵਾਜ ਵੀ ਇਹੋ ਹੀ ਹੈ ਕਿ ਬੜੀ ਸਾਵਧਾਨੀ ਨਾਲ, ਨਾਟਕ ਆਦਿਕਾਂ ਵਿਚ, ਪਾਤਰਾਂ ਦੇ ਮੂੰਹਾਂ ਵਿਚ ਲੋਕ-ਬੋਲੀ ਪਾਈ ਜਾਂਦੀ ਹੈ ਪਰ ਆਮ ਤੌਰ ਉੱਤੇ,ਸਾਹਿੱਤਿਕ ਪ੍ਰਭਾਵ ਦੇ ਕੇ ਹੀ ਲਿਖਤੀ ਰੂਪ ਵਿਚ ਉਤਾਰੀ ਜਾਂਦੀ ਹੈ। ਮੈਨੂੰ ਕਾਸ਼ੀ ਦੇ ਗੋਦੌਲੀਆ ਮਹੱਲੇ ਦਾ, ਜੋ ਠੇਠ ਹਿੰਦੀ-ਭਾਸ਼ੀ ਪ੍ਰਦੇਸ਼ ਹੈ, ਇਕ ਵਾਕ ਯਾਦ ਹੈ। ਉਹ ਵਾਕ ਹੈ, "ਗੋਦੌਲੀਆ ਕੀ ਬਗਲੀਆ ਮੇਂ ਇਕ ਮਹਰੂਆ ਰਹਿਲ"। ਇਸ ਦਾ ਲਿਖਿਤ ਰੂਪ, ਜੋ ਉੱਥੇ ਪ੍ਰਚਲਿਤ ਮੰਨਿਆ ਜਾ ਸਕਦਾ ਹੈ, ਇਉਂ ਹੈ: "ਗੋਦੌਲੀਆ ਕੀ ਬਗਲ ਮੇ ਏਕ ਮਹਿਲਾ ਰਹਿਤੀ ਥੀ"। ਕਬੀਰ ਨੇ ਵੀ ਲੋਕ-ਭਾਸ਼ਾ ਦੇ ਪ੍ਰਵਾਹ ਵਿਚ ਹੀ ਲਿਖਿਆ ਹੋਵੇਗਾ ਕਿ 'ਸੰਤ ਨ ਛਾਡਇ ਸੰਤਈ ਜੇ ਕੋਟਿਕ ਮਿਲਹਿ ਅਸੰਤ' ਜਿਸ ਵਿਚ 'ਸੰਤਪੁਣੇ' ਨੂੰ 'ਸੰਤਈ' ਬਣਾ ਲਿਆ ਗਿਆ ਹੈ, ਭਾਵੇਂ ਅੱਜਕਲ ਦੇ ਆਲੋਚਕ ਲੋਕ ਇਸ ਉੱਤੇ ਪਏ ਚਿੜਨ। ਇਸ ਲਈ, ਲੋਕ-ਭਾਸ਼ਾ ਦੀਆਂ ਆਪਣੀਆਂ ਖ਼ਾਸੀਅਤਾਂ ਹਨ ਜਿਨ੍ਹਾਂ ਦੇ ਕਾਰਣ ਅਸੀਂ ਉਸ ਨੂੰ ਸਾਹਿੱਤਿਕ ਭਾਸ਼ਾ ਦਾ ਪਹਿਲਾ ਜਾਂ ਆਧਾਰਗਤ ਪੜਾ ਸਮਝ ਸਕਦੇ ਹਾਂ।

ਭਾਸ਼ਾ ਦੇ ਦੂਜੇ ਰੂਪ ਨੂੰ ਅਸੀਂ ਸਾਹਿੱਤਿਕ ਭਾਸ਼ਾ ਆਖਿਆ ਹੈ। ਸਾਹਿੱਤਿਕ ਭਾਸ਼ਾ ਦੀਆਂ ਨੀਹਾਂ ਜਾਂ ਜੜ੍ਹਾਂ ਲੋਕ-ਭਾਸ਼ਾ ਵਿਚ ਹੀ ਹੁੰਦੀਆਂ ਹਨ। ਸਾਹਿੱਤਿਕ ਭਾਸ਼ਾ ਦੀ ਜਨਮ-ਦਾਤੀ ਲੋਕ-ਭਾਸ਼ਾ ਹੀ ਹੈ, ਪਰ ਲੋਕ-ਭਾਸ਼ਾ ਤੋਂ ਉਤਪੰਨ ਹੋ ਕੇ ਵੀ ਸਾਹਿੱਤਿਕ ਭਾਸ਼ਾ ਆਪਣੇ ਨਵੇਂ ਪੈਂਡੇ ਟੁਰਦੀ ਹੈ ਅਤੇ ਨਵੀਆਂ ਲੀਹਾਂ ਉਲੀਕਦੀ ਹੈ। ਬੁੱਧੀਮਾਨ ਵਰਗ ਦਾ ਝੁਕਾ ਸਦਾ ਤੋਂ ਹੀ ਇਹ ਰਿਹਾ ਹੈ ਕਿ ਕਹਿਣ ਨੂੰ ਤਾਂ ਭਾਵੇਂ ਉਹ ਲੋਕ-ਬੋਲੀ ਹੀ ਬੋਲਦੇ ਤੇ ਲਿਖਦੇ ਹੋਣ ਪਰ ਅਸਲੀ ਲਿਖਣ ਵੇਲੇ ਉਹ ਸਾਹਿੱਤਿਕ ਭਾਸ਼ਾ ਵੱਲ ਝੁਕੇ ਰਹਿੰਦੇ ਹਨ। ਦਸਵੀਂ ਸਦੀ ਦੇ ਵਿਦਿਆਪਤੀ ਨੇ ਬੜੇ ਮੋਹ ਵਿਚ ਲਿਖਿਆ ਸੀ:

ਦੇਸਿਲ ਬਅਨਾ ਸਬ ਜਨ ਮਿੱਠਾ।

ਤੇਂ ਤੈਸਨ ਜੰਪਓ ਅਵਹੱਟਾ ॥ (ਕੀਰਤਿ ਲਤਾ)

ਅਰਥਾਤ, ਸੰਸਕ੍ਰਿਤ ਲੋਕ-ਭਾਉਂਦੀ ਬੋਲੀ ਨਹੀਂ, ਪ੍ਰਾਕ੍ਰਿਤ ਲੋਕਾਂ ਦੇ ਸਹੀ ਮਰਮ ਨੂੰ ਨਹੀਂ ਅੰਗ ਸਕਦੀ, ਪਰੰਤੂ ਦੇਸੀ ਬੋਲੀ ਸਾਰਿਆਂ ਨੂੰ ਮਿੱਠੀ ਲਗਦੀ ਹੈ; ਇਸ ਵਾਸਤੇ ਮੈਂ ਗ੍ਰਾਮ-ਬੋਲੀ ਅਵਹੱਟ ਵਿਚ ਕਹਿੰਦਾ ਹਾਂ। ਪਰ ਜੇ ਗਹੁ ਨਾਲ ਵੇਖੀਏ ਤਾਂ ਲੋਕ-ਭਾਸ਼ਾ-ਪ੍ਰੇਮੀ ਵਿਦਿਆਪਤੀ, ਆਪਣੀ 'ਕੀਰਤਿ-ਲਤਾ' ਤੇ 'ਕੀਰਤਿ-ਪਤਾਕਾ' ਵਿਚ ਸਾਹਿੱਤਿਕ ਪੁੱਠ ਦੇਣ ਤੋਂ ਬਿਨਾਂ ਨਹੀਂ ਰਹਿ ਸਕਿਆ। ਇਸੇ ਤਰ੍ਹਾਂ ਰਾਜ ਸ਼ੇਖਰ ਨੇ ਵੀ 'ਕਰਪੂਰ ਮੰਜਰੀ' ਦੀ ਭੂਮਿਕਾ ਵਿਚ ਫ਼ੈਸਲਾ ਸੁਣਾਇਆ ਹੈ :

ਪਰੁਸਾ ਸੱਕ-ਬੰਧਾ
ਪਾਉਵ ਬੰਧੋਵਿ ਹੋਇ ਸੁਉਮਾਰੋ।
ਪੁਰੁਸ ਮਹਿਲਾਣੰ ਜੇਤਿਅ
ਤੇਤਿਅ ਮਿਮੰਤਰ ਮਿਮਾਣੰ।

ਅਰਥਾਤ, ਸੰਸਕ੍ਰਿਤ ਦੀ ਕਵਿਤਾ ਕਠੋਰ ਹੁੰਦੀ ਹੈ, ਪ੍ਰਾਕ੍ਰਿਤ ਦੀ ਕੋਮਲ। ਦੋਹਾਂ ਵਿਚ ਉਹੋ ਫ਼ਰਕ ਹੈ ਜਿਹੜਾ ਮਰਦ ਤੇ ਔਰਤ ਵਿਚ ਹੁੰਦਾ ਹੈ। ਏਥੇ ਰਾਜ ਸ਼ੇਖਰ ਆਪਣੇ ਯੁਗ ਦੀ ਲੋਕ-ਪ੍ਰਾਕ੍ਰਿਤ ਨੂੰ ਵਡਿਆ ਰਿਹਾ ਹੈ ਪਰ ਯਥਾਰਥ ਵਿਚ ਉਸ ਦੀਆਂ ਰਚਨਾਵਾਂ ਸੰਸਕ੍ਰਿਤ ਦੇ ਪ੍ਰਭਾਵ ਤੋਂ ਖ਼ਾਲੀ ਨਹੀਂ।

ਭਾਵੇਂ ਕੁੱਝ ਹੋਵੇ, ਲੋਕ-ਬੋਲੀ ਦੇ ਨਾਲ ਸਾਹਿੱਤਿਕ ਬੋਲੀ ਅਤੇ ਸਾਹਿੱਤਿਕ-ਬੋਲੀ ਦੇ ਨਾਲ ਨਾਲ ਲੋਕ-ਬੋਲੀ, ਜੁੜਵੀਆਂ ਚੱਲਦੀਆਂ ਹਨ। ਇਸ ਦਾ ਇਹ ਭਾਵ ਨਹੀਂ ਕਿ ਹਰ ਲੋਕ-ਭਾਸ਼ਾ ਸਾਹਿੱਤਿਕ-ਭਾਸ਼ਾ ਦੀ ਪਦਵੀ ਤਕ ਅੱਪੜ ਸਕਦੀ ਹੈ। ਨਹੀਂ, ਲੋਕ-ਭਾਸ਼ਾ ਨੂੰ ਕੁੱਝ ਗੁਣ ਤੇ ਸਮਰੱਥਾ ਵਿਕਸਿਤ ਕਰਨੀ ਪੈਂਦੀ ਹੈ, ਤਾਂ ਉਹ ਕਿਤੇ ਜਾ ਕੇ ਸਾਹਿੱਤਿਕ ਭਾਸ਼ਾ ਦੀ ਉੱਚਤਾ ਵੱਲ ਵਧ ਸਕਦੀ ਹੈ। ਅਸਾਡੇ ਗੁਆਂਢ ਵਿਚ ਡੋਗਰੀ ਇਸ ਗੱਲ ਦਾ ਬੜਾ ਢੁੱਕਵਾਂ ਉਦਾਹਰਣ ਹੈ। ਡੋਗਰੀ ਅਜੇ ਤਕ ਕੇਵਲ ਲੋਕ-ਭਾਸ਼ਾ ਹੀ ਰਹੀ ਹੈ,—ਬੜੇ ਸੰਕੁਚਿਤ ਰੂਪ ਵਿਚ, ਪਰ ਹੁਣ ਉਸ ਨੂੰ ਇਸ ਯੋਗ ਬਣਾਉਣ ਦੇ ਉਪਰਾਲੇ ਵਿੱਢੇ ਜਾ ਰਹੇ ਹਨ ਕਿ ਉਹ ਸਾਹਿੱਤਿਕ ਭਾਸ਼ਾ ਦੀ ਪਦਵੀ ਤੀਕਰ ਅੱਪੜ ਸਕੇ।

ਤੁਲਨਾਤਮਕ ਦ੍ਰਿਸ਼ਟੀ ਤੋਂ ਸਾਹਿੱਤਿਕ ਭਾਸ਼ਾ, ਲੋਕ-ਭਾਸ਼ਾ ਦੀ ਸੁਗਮਤਾ, ਸਰਲਤਾ ਤੇ ਸਹਿਜ-ਸੁਭਾਵਿਕਤਾ ਦੇ ਮੁਕਾਬਲੇ ਉੱਤੇ ਵੱਧ ਜਟਿਲ, ਗੁੰਝਲਦਾਰ ਤੇ ਭਾਰੀ ਹੁੰਦੀ ਹੈ ਕਿਉਂਕਿ ਇਨ੍ਹਾਂ ਦੇ ਪਿੱਛੇ ਜਿਹੜੇ ਵਰਗ ਕ੍ਰਿਆਸ਼ੀਲ ਰਹਿੰਦੇ ਹਨ ਉਨ੍ਹਾਂ ਦੀ ਪੱਧਰ ਦਾ ਪਰਸਪਰ ਫ਼ਰਕ ਹੁੰਦਾ ਹੈ। ਇਹ ਤਾਂ ਅਸੀਂ ਨਹੀਂ ਕਹਿੰਦੇ ਕਿ ਬੋਲੀ ਦੇ ਆਧਾਰ ਆਰਥਿਕ ਹੋ ਸਕਦੇ ਹਨ ਪਰੰਤੂ ਭਰੋਸੇ ਨਾਲ ਇਤਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਬੋਲੀ ਦੀ ਉਸਾਰੀ ਸਮਾਜਿਕ ਤੇ ਬੌਧਿਕ ਨੀਹਾਂ ਉੱਤੇ ਅਵੱਸ਼ ਉੱਸਰਦੀ ਹੈ। ਸਮਾਜ ਦੇ ਬੌਧਿਕ ਵਰਗਾਂ ਦੀਆਂ ਵਿਚਾਰ-ਧਾਰਾਵਾਂ, ਸੋਚ-ਪ੍ਰਣਾਲੀਆਂ ਤੇ ਭਾਵ-ਗੁੰਥੀਆਂ ਅਬੁੱਝ ਤੇ ਅਸੁਲਝ ਹੋਣ ਕਰਕੇ, ਇਨ੍ਹਾਂ ਦੀ ਮਾਧਿਅਮ-ਸਰੂਪ ਭਾਸ਼ਾ ਵੀ ਦੁਰਗਮ ਤੇ ਭਾਰੀ ਬਣ

ਜਾਂਦੀ ਹੈ।

ਸਾਹਿੱਤਿਕ ਭਾਸ਼ਾ ਦੇ ਸ਼ਬਦ, ਵਾਕੰਸ਼, ਵਾਕ ਮਿਸ਼੍ਰਿਤ ਜਾਂ ਦੀਰਘ ਹੁੰਦੇ ਹਨ ਅਤੇ ਇਸ ਵਿਚ ਕਲਾਸੀਕਲ, ਉਤਕ੍ਰਿਸ਼ਟ ਬੋਲੀਆਂ ਦਾ ਪ੍ਰਭਾਵ ਛਾਇਆ ਰਹਿੰਦਾ ਹੈ। ਲੋਕ-ਬੋਲੀ ਉੱਤੇ ਕੋਈ ਬਹੁਤਾ ਅੰਕੁਸ਼ ਜਾਂ ਨਿਯੰਤ੍ਰਣ ਨਹੀਂ ਰਹਿੰਦਾ,ਪਰ ਸਾਹਿੱਤਿਕ ਭਾਸ਼ਾ ਦੇ ਮੂੰਹ-ਮੁਹਾਂਦਰੇ ਨੂੰ ਨਿਯਮਿਤ ਕਰਨ ਦਾ, ਲਿਸ਼ਕਾ-ਪੁਸ਼ਕਾ ਕੇ ਪ੍ਰਭਾਵਸ਼ਾਲੀ ਬਣਾਉਣ ਦਾ ਯਤਨ ਚਲਦਾ ਰਹਿੰਦਾ ਹੈ; ਇਸ ਲਈ ਇਕਰੂਪਤਾ ਤੇ ਇਕਸਾਰਤਾ ਦੀ ਸੰਭਾਵਨਾ ਬਣੀ ਰਹਿੰਦੀ ਹੈ। ਜੇ ਇਉਂ ਕਹੀਏ ਕਿ ਲੋਕ-ਬੋਲੀ ਬਣਾਉਟੀ ਨਹੀਂ ਹੁੰਦੀ ਪਰ ਸਾਹਿੱਤਿਕ ਬੋਲੀ ਵਿਚ ਬਣਾਉ-ਸ਼ਿੰਗਾਰ ਦੇ ਅੰਸ਼ ਅਤੇ ਫਲ-ਸ੍ਰੂਪ ਕ੍ਰਿਤ੍ਰਿਮਤਾ ਦਾ ਆਭਾਸ ਬਣਿਆ ਰਹਿੰਦਾ ਹੈ ਤਾਂ ਇਹ ਗੱਲ ਸਚਾਈ ਤੋਂ ਖ਼ਾਲੀ ਨਹੀਂ ਹੋਵੇਗੀ। ਇਉਂ ਮੱਲੋਮਲੀ ਓਪਰੇਪਣ ਦੇ ਅੰਸ਼ ਆਉਂਦੇ ਜਾਂਦੇ ਰਹਿੰਦੇ ਹਨ।

ਪਰ ਇਕ ਗੱਲ ਜ਼ਰੂਰੀ ਹੈ ਕਿ ਸਾਹਿੱਤਿਕ ਭਾਸ਼ਾ ਦਾ ਆਪਣਾ ਮਹਤ੍ਵ ਹੈ ਅਤੇ ਆਪਣੀ ਲੋੜ ਹੈ, ਜਿਸ ਤੋਂ ਕੋਈ ਸੁਸੰਸਕ੍ਰਿਤ ਜਾਂ ਸਭ੍ਯ ਸੁਸਾਇਟੀ ਇਨਕਾਰ ਨਹੀਂ ਕਰ ਸਕਦੀ।

ਭਾਸ਼ਾ ਦਾ ਤੀਜਾ ਰੂਪ 'ਵਿਗਿਆਨਿਕ ਭਾਸ਼ਾ' ਹੈ। ਵਿਗਿਆਨਿਕ ਭਾਸ਼ਾ ਤੋਂ ਅਸਾਡਾ ਮਤਲਬ ਵਿਗਿਆਨ ਦੀ ਭਾਸ਼ਾ ਹੈ, ਵਿਗਿਆਨਿਕ, ਅਰਥਾਤ ਕਿਸੇ ਸਿੱਧਾਂਤ ਨਾਲ ਬੱਝੀ ਹੋਈ ਭਾਸ਼ਾ ਨਹੀਂ। ਇਸ ਮਤਲਬ ਲਈ ਇਸ ਪ੍ਰਸੰਗ ਵਿਚ ਅਸੀਂ 'ਵਿਗਿਆਨ-ਭਾਸ਼ਾ' ਵਰਤਾਂਗੇ। ਭਾਸ਼ਾ ਦਾ ਇਹ ਰੂਪ ਇੰਨਾਂ ਮਹਤ੍ਵ-ਪੂਰਣ ਨਹੀਂ ਕਿਹਾ ਜਾ ਸਕਦਾ, ਜਿੰਨਾਂ ਸਾਹਿੱਤਿਕ ਰੂਪ ਹੈ, ਜਾਂ ਇਹ ਇਤਨਾ ਸਪਸ਼ਟ ਨਹੀਂ ਜਿੰਨੇਂ ਦੋ ਹੋਰ ਰੂਪ ਹਨ; ਪਰ ਫੇਰ ਵੀ ਇਸ ਰੂਪ ਦੀਆਂ ਕੁੱਝ ਕੁ ਖ਼ਾਸ ਵਿਸ਼ੇਸ਼ਤਾਵਾਂ ਕਰਕੇ ਇਹ ਵੱਖਰੇ ਵਰਗ ਦੀ ਮੰਗ ਕਰਦਾ ਹੈ।

ਉਂਜ ਤਾਂ ਵਿਗਿਆਨ ਕਿਸੇ ਨ ਕਿਸੇ ਰੂਪ ਵਿਚ ਹਰ ਸਮੇਂ ਅਵੱਸ਼ ਵਿੱਦਮਾਨ ਰਿਹਾ ਹੈ ਜਿਸ ਦੀ ਅਭੀਵਿਅਕਤੀ ਕਿਸੇ ਖ਼ਾਸ ਕਿਸਮ ਦੀ ਭਾਸ਼ਾ ਰਾਹੀਂ ਹੁੰਦੀ ਰਹੀ ਹੈ ਪਰ ਅੱਜ ਤਾਂ ਵਿਗਿਆਨ ਸਮਾਜ ਤੇ ਮਨੁੱਖ ਦੀ ਸ਼ਿਰੋਮਣੀ ਉਪਲਬਧੀ ਹੈ। ਵਿਗਿਆਨ ਜਿਨ੍ਹਾਂ ਸਥੂਲ ਤੱਤਾਂ, ਪ੍ਰਾਕ੍ਰਿਤਿਕ ਤੱਥਾਂ ਤੇ ਗਣਿਤ-ਫ਼ਾਰਮੂਲਿਆਂ ਦੀਆਂ ਨੀਹਾਂ ਉੱਤੇ ਖੜਾ ਹੈ ਉਨ੍ਹਾਂ ਨੂੰ ਅਸੀਂ ਆਮ-ਫ਼ਹਿਮ ਭਾਸ਼ਾ ਵਿਚ ਵਿਅਕਤ ਨਹੀਂ ਕਰ ਸਕਦੇ, ਨਾ ਹੀ ਅਸੀਂ ਉਨ੍ਹਾਂ ਨੂੰ ਸਾਹਿੱਤ ਦੀ ਭਾਵ-ਪ੍ਰਵਣ ਭਾਸ਼ਾ ਵਿਚ ਬੰਨ੍ਹ ਸਕਦੇ ਹਾਂ। ਇਸ ਲਈ ਯਥਾਰਥ ਤੇ ਗੂੜ੍ਹ ਫ਼ਾਰਮੂਲਿਆਂ ਲਈ ਕੁੱਝ ਅੰਤਰ-ਰਾਸ਼ਟਰੀ ਸੰਕੇਤ, ਪ੍ਰਤੀਕ, ਅਤੇ ਸਿੱਧਾਂਤ ਮੁਕਰੱਰ ਕਰਨੇ ਪੈਂਦੇ ਹਨ, ਜਿਨ੍ਹਾਂ ਦੀ ਵਿਆਖਿਆ ਬੜੀ ਤੋਲਵੀਂ ਤੇ ਮਿਣਵੀਂ ਭਾਸ਼ਾ ਵਿਚ ਹੋ ਸਕਦੀ ਹੈ। ਇਸ ਵਾਸਤੇ 'ਵਿਗਿਆਨ-ਭਾਸ਼ਾ' ਭਾਸ਼ਾ ਦਾ ਅਧਿਕ ਚੋਣਵਾਂ ਰੂਪ ਹੈ ਪਰ ਇਸ ਦੀਆਂ ਹੱਦਾਂ ਲੋਕ-ਭਾਸ਼ਾ ਤੇ ਸਾਹਿੱਤ-ਭਾਸ਼ਾ ਤੋਂ ਵੱਧ ਖੁੱਲ੍ਹੀਆਂ ਹਨ।

ਜੇ ਅਸੀਂ ਅਲੰਕਾਰਿਕ ਢੰਗ ਨਾਲ ਕਹੀਏ ਤਾਂ ਇਉਂ ਕਿਹਾ ਜਾ ਸਕਦਾ ਹੈ ਕਿ

ਲੋਕ-ਭਾਸ਼ਾ ਸਥੂਲ ਭਾਵਾਂ ਦੀ ਬੋਲੀ ਹੈ, ਸਾਹਿੱਤਿਕ ਭਾਸ਼ਾ ਸੂਖਮ ਭਾਵਾਂ ਦੀ ਅਤੇ ਵਿਗਿਆਨਿਕ ਭਾਸ਼ਾ ਸਿਰਫ਼ ਬੁੱਧੀ ਦੀ ਭਾਸ਼ਾ ਹੈ ।

ਇਸ ਉੱਪਰਲੀ ਸਿੱਧਾਂਤਿਕ ਚਰਚਾ ਤੋਂ ਉਪਰੰਤ ਅਸੀਂ ਹੁਣ ਪੰਜਾਬੀ ਦੇ ਭਾਖਈ ਰੂਪਾਂ ਦੀ ਵਿਵੇਚਨਾ ਕਰਦੇ ਹਾਂ । ਪੰਜਾਬੀ ਪਹਿਲਾਂ ਲੋਕ-ਭਾਸ਼ਾ ਹੈ ਮਗਰੋਂ ਸਾਹਿੱਤਿਕ ਭਾਸ਼ਾ । ਇਹ ਭਾਸ਼ਾ ਹੈ ਵੀ ਬਹੁਤ ਪੁਰਾਣੀ, ਇਤਨੀ ਪੁਰਾਣੀ ਕਿ ਜੇ ਇਸ ਨੂੰ ਪ੍ਰਾਕ੍ਰਿਤ-ਮੁਖੀ ਭਾਸ਼ਾ ਨਾ ਵੀ ਮੰਨੀਏ ਤਾਂ ਅਪਭ੍ਰੰਸ਼-ਮੁਖੀ ਜ਼ਰੂਰ ਮੰਨ ਲਵਾਂਗੇ । ਜ਼ਰਾ ਹੇਠਲਾ ਅਪਭ੍ਰੰਸ਼ੀ ਦੂਹਾ ਪੜ੍ਹੋ :

ਸੰਦੇਸੜਉ ਸਵਿੱਥਰਉ੍ ਪਰ ਮਇ ਕਹਣੁ ਨ ਜਾਇ ।
ਜੋ ਕਾਲੁੰਗਲਿ ਮੂੰਦੜਉ ਸੋ ਬਾਹੜੀ ਸਮਾਇ ॥੮੧॥

ਪੰਜਾਬ ਦੇ ਮੁਸਲਮਾਨ ਕਵੀ ਅਬਦੁੱਰ ਰਹਿਮਾਨ ਦੇ ਕਾਵਿ 'ਸੰਦੇਸ਼ ਰਾਸਕ' ਵਿਚ ਇਕ ਬਿਰਹੋਂ-ਤਪਾਈ ਨਾਇਕਾ ਆਖਦੀ ਹੈ ਕਿ ਹੇ ਮੁਸਾਫ਼ਿਰ ! 'ਸੰਦੇਸੜਾ ਵਿਸਥਾਰ ਵਾਲਾ ਹੈ, ਪਰ ਮੈਥੋਂ ਕਿਹਾ ਨਹੀਂ ਜਾਂਦਾ। ਕੱਲ੍ਹ ਜਿਹੜੀ ਉਂਗਲੀ ਦੀ ਮੁੰਦਰੀ ਸੀ ਅੱਜ ਉਹ ਬਾਂਹ ਵਿਚ ਸਮਾ ਰਹੀ ਹੈ ।' ਇਹ ਨੌਵੀਂ ਦਸਵੀਂ ਸਦੀ ਦੀ ਅਪਭ੍ਰੰਸ਼ ਹੈ ਜਿਸ ਵਿੱਚੋਂ ਜਿਵੇਂ ਸਾਡੀ ਪੰਜਾਬੀ ਝਾਕ ਰਹੀ ਹੋਵੇ । ਸੋ ਪੰਜਾਬੀ ਦੀ ਪੁਰਾਤਨਤਾ ਢੇਰ ਹੈ । ਇਸ ਲਈ ਇਹ ਲੋਕ-ਭਾਸ਼ਾ ਪਹਿਲਾਂ ਹੈ । ਲੋਕ-ਭਾਸ਼ਾ ਦੇ ਜਿਹੜੇ ਗੁਣ ਹੋ ਸਕਦੇ ਹਨ ਉਹ ਸਾਰੇ ਦੇ ਸਾਰੇ ਵਫ਼ਾਦਾਰੀ ਨਾਲ ਇਸ ਵਿੱਚ ਵਰਤਮਾਨ ਹਨ ।

ਪਰ ਅੱਜ ਇਸ ਦੀ ਪਦਵੀ ਸਾਹਿੱਤਿਕ ਹੋ ਗਈ ਹੈ। ਇਸ ਨੂੰ ਉੱਚ-ਕੋਟੀ ਦੀਆਂ ਰਚਨਾਵਾਂ ਦਾ ਮਾਧਿਅਮ ਬਣਾਇਆ ਜਾ ਰਿਹਾ ਹੈ । ਇਸ ਬੋਲੀ ਵਿਚ ਕਵਿਤਾ ਹੈ, ਨਾਵਲ ਹੈ, ਨਾਟਕ ਹੈ, ਕਹਾਣੀ ਹੈ । ਇਹ ਹੁਣ ਗੂੜ੍ਹੇ ਵਿਚਾਰਾਂ, ਵਿਗਿਆਨਿਕ ਸਿੱਧਾਂਤਾਂ ਅਤੇ ਸਾਹਿੱਤਿਕ ਸ਼ੈਲੀਆਂ ਦੀ ਵਾਹਕ ਬਣੀ ਹੋਈ ਹੈ । ਇਸ ਲਈ ਇਸ ਦੇ ਦੂਜੇ ਰੂਪ, 'ਸਾਹਿੱਤਿਕ ਰੂਪ' ਬਾਰੇ ਵਿਚਾਰ-ਵਿਮਰਸ਼ ਕਰਨਾ ਸਾਡਾ ਪ੍ਰਾਸੰਗਿਕ ਵਿਸ਼ਾ ਹੈ ।

ਪੰਜਾਬੀ ਦਾ ਸਾਹਿੱਤਿਕ ਸ੍ਵਰੂਪ ਕੀ ਹੈ ? ਅਤੇ ਕੀ ਹੋਣਾ ਚਾਹੀਦਾ ਹੈ ? ਅਜੇਹੇ ਕਈ ਮਸਲੇ ਅੱਜ ਸਾਡੇ ਸਾਹਮਣੇ ਹਨ । ਪੰਜਾਬੀ ਦਾ ਲੇਖਕ-ਸਮਾਜ ਤਨੋਂ ਮਨੋਂ ਅਹੁਲ ਰਿਹਾ ਹੈ ਕਿ ਕਿਵੇਂ ਉਹ ਵਿਸ਼ਵ ਦੀਆਂ ਜਾਂ ਰਾਸ਼ਟਰ ਦੀਆਂ ਵਿਕਸਿਤ ਭਾਸ਼ਾਵਾਂ ਦੀ ਕਤਾਰ ਵਿਚ ਪੰਜਾਬੀ ਨੂੰ ਖੜਾ ਕਰ ਸਕੇ; ਪਰ ਸਾਡੀ ਭਾਸ਼ਾ ਅਜੇ ਗ਼ਰੀਬ ਹੈ, ਇਸ ਪਾਸ ਸ਼ਬਦਾਂ ਦੀ ਦੌਲਤ ਘੱਟ ਹੈ । ਸ਼ਬਦਾਂ ਦੀ ਦੌਲਤ ਹੋਵੇ ਤਾਂ ਲੇਖਕ ਬਾਦੌਲਤ ਹੋ ਸਕਦਾ ਹੈ । ਉਹ ਅਮੀਰ ਭਾਵਾਂ ਨੂੰ ਅਮੀਰ ਸ਼ੈਲੀ ਵਿਚ ਰੂਪਮਾਨ ਕਰ ਸਕਦਾ ਹੈ । ਅੱਜ ਅਸੀਂ ਇਸ ਗ਼ਰੀਬੀ ਤੇ ਘਾਟ ਨੂੰ ਅਨੁਭਵ ਕਰਦੇ ਹਾਂ । ਪਰਿਣਾਮ ਇਹ ਹੈ ਕਿ ਪੰਜਾਬੀ ਦੇ ਲੇਖਕ ਤੇ ਆਲੋਚਕ ਦੋਵੇਂ ਵਰਗ ਹੀ ਇਸ ਦੇ ਸ਼ਬਦ-ਭੰਡਾਰ ਨੂੰ ਅਮੀਰ ਕਰਨ ਵਾਸਤੇ ਜੁਟੇ ਹੋਏ ਹਨ । ਇਸ ਲਈ ਸ਼ਬਦ-ਨਿਰਮਾਣ ਤੇ ਸ਼ਬਦ-ਅਨਵੇਸ਼ਣ ਦੋ ਪ੍ਰਕ੍ਰਿਆਵਾਂ ਚਲ ਰਹੀਆਂ ਹਨ । ਪਰ ਇਸ ਪ੍ਰਕ੍ਰਿਆ ਵਿਚ ਪੰਜਾਬੀ ਦਾ ਕੀ ਮੂੰਹ-ਮੁਹਾਂਦਰਾ ਤੇ ਕੀ ਨਖ-ਸ਼ਿਖ

ਉਘੜੇਗਾ, ਇਹ ਇਕ ਚਿੰਤਾ-ਜਨਕ ਵਿਸ਼ਾ ਹੈ।

ਸਭ ਤੋਂ ਪਹਿਲਾਂ ਤਾਂ ਇਹੋ ਪ੍ਰਸ਼ਨ ਉਪਸਥਿਤ ਹੁੰਦਾ ਹੈ ਜਿਹੜਾ ਬੜਾ ਸੰਜੀਦਾ ਹੈ ਕਿ ਪਜਾਬੀ ਦਾ ਰੁਖ਼ ਕਿਸ ਪਾਸੇ ਵੱਲ ਰਹੇ। ਪੰਜਾਬੀ ਦੀ ਝਾਕ ਦੁਵੱਲੀ ਹੈ। ਇਕ ਬੰਨੇ ਪੰਜਾਬੀ ਦਾ ਮੂਲ ਤੇ ਆਤਮਾ ਸੰਸਕ੍ਰਿਤ-ਜਾਤ ਭਾਸ਼ਾ ਹੈ। ਦੂਜੇ ਬੰਨੇ ਪੰਜਾਬੀ ਦੇ ਪਿੰਡੇ ਉੱਤੇ ਫ਼ਾਰਸੀ-ਅਰਬੀ ਦਾ ਅਮਿਤ ਅਸਰ ਹੈ। ਇਸ ਦੁਵੱਲੀ ਝਾਕ ਦੀ ਚਰਚਾ ਕੇਵਲ ਸਾਹਿੱਤਿਕ ਭਾਸ਼ਾ ਦੇ ਪ੍ਰਸੰਗ ਵਿਚ ਹੀ ਛਿੜਦੀ ਹੈ, ਲੌਕਿਕ ਭਾਸ਼ਾ ਦੇ ਸੰਬੰਧ ਵਿੱਚ ਨਹੀਂ। ਇਸ ਕਰਕੇ ਇਸ ਗੱਲ ਦਾ ਨਿਰਣਾ ਛੇਤੀ ਹੋਣਾ ਚਾਹੀਦਾ ਸੀ। ਹੁਣ ਵੀ ਕੋਈ ਉੱਚ-ਪੱਧਰੀ ਨਿਰਣਾ ਤਾਂ ਨਹੀਂ ਹੋਇਆ ਲਗਦਾ ਪਰ ਪੰਜਾਬੀ ਸਾਹਿੱਤਕਾਰਾਂ ਤੇ ਆਲੋਚਕਾਂ ਦੀਆਂ ਪ੍ਰਵਿਰਤੀਆਂ ਤੋਂ ਇਹ ਅਨੁਮਾਨ ਸੌਖੇ ਹੀ ਲਾਇਆ ਜਾ ਸਕਦਾ ਹੈ ਕਿ ਉਹ ਮੂਲ-ਬੋਲੀ ਸੰਸਕ੍ਰਿਤ ਵੱਲ ਰੁਖ਼ ਰੱਖਦੇ ਹਨ। ਇਸ ਨਿਰਣੇ ਦੀ ਲੋੜ ਇਸ ਲਈ ਜਾਪਦੀ ਹੈ ਕਿਉਂਕਿ ਹਰ ਆਧੁਨਿਕ ਭਾਸ਼ਾ ਨੂੰ ਲੋੜ ਵੇਲੇ ਕਿਸੇ ਕਲਾਸੀਕਲ ਭਾਸ਼ਾ ਤੋਂ ਸਹਾਇਤਾ ਲੈਣੀ ਪੈਂਦੀ ਹੈ। ਅਜੇਹੀ ਸਹਾਇਤਾ ਹਰ ਆਧੁਨਿਕ ਬੋਲੀ ਨੇ ਪ੍ਰਵਾਣ ਕੀਤੀ ਹੈ—ਉਹ ਹਿੰਦੀ ਹੈ, ਅੰਗ੍ਰੇਜ਼ੀ ਹੈ ਜਾਂ ਉਰਦੂ। ਸਾਰੀਆਂ ਭਾਸ਼ਾਵਾਂ ਨੇ ਅਜੇਹਾ ਕੋਈ ਨਾ ਕੋਈ ਸੋਮਾ ਸ੍ਵੀਕਾਰ ਕੀਤਾ ਹੈ। ਜੇ ਅਸੀਂ ਪੰਜਾਬੀ ਦੀ ਮੂਲ-ਬੋਲੀ ਸੰਸਕ੍ਰਿਤ ਤੋਂ ਸਹਾਇਤਾ ਦੀ ਮੰਗ ਕਰਦੇ ਹਾਂ ਤਾਂ ਕੋਈ ਲੱਜਿਆ ਦੀ ਗੱਲ ਨਹੀਂ, ਬਲਕਿ ਦੂਜੀਆਂ, ਹਿੰਦੀ, ਗੁਜਰਾਤੀ, ਆਦਿ ਆਧੁਨਿਕ ਭਾਰਤੀ ਬੋਲੀਆਂ ਦੇ ਮੁਕਾਬਲੇ ਉੱਤੇ ਪੰਜਾਬੀ ਦਾ ਸੰਸਕ੍ਰਿਤ ਉੱਤੇ ਵੱਧ ਅਧਿਕਾਰ ਹੈ। ਇਸ ਅਧਿਕਾਰ ਦੀ ਵਿਆਖਿਆ ਦੀ ਲੋੜ ਨਹੀਂ ਕਿਉਂਕਿ ਭਾਸ਼ਾ ਵਿੱਚ ਮਸ ਰੱਖਣ ਵਾਲਾ ਹਰ ਪੰਜਾਬੀ ਇਸ ਗੱਲ ਨੂੰ ਭਲੀ ਪ੍ਰਕਾਰ ਜਾਣਦਾ ਹੈ।

ਪਰ ਇਸ ਸ੍ਵੀਕ੍ਰਿਤੀ ਦਾ ਇਹ ਭਾਵ ਨਹੀਂ ਕਿ ਅਸੀਂ ਪੰਜਾਬੀ ਦਾ ਸ਼ੁੱਧੀਕਰਣ ਕਰਨਾ ਹੈ। ਇਸ ਵਿੱਚੋਂ ਫ਼ਾਰਸੀ-ਅਰਬੀ ਦੇ ਸ਼ਬਦ ਚੁਣ ਚੁਣ ਕੇ ਕੱਢਣੇ ਹਨ, ਇਹ ਗੱਲ ਕਤਈ ਨਹੀਂ। ਕੀ ਅਸੀਂ 'ਬਾਜ਼ੇ' ਜਿਹੜਾ ਅਰਬੀ 'ਬਅਜ਼' ਦਾ ਪੰਜਾਬੀ ਰੂਪ ਹੈ,'ਜਾਣੀਦਾ' ਜਿਹੜਾ ਅਰਬੀ 'ਯਅਨੀ' ਦਾ ਪੰਜਾਬੀ ਰੂਪ ਹੈ, ਨੂੰ ਦੁਰਕਾਰਾਂਗੇ ? ਕਦੇ ਵੀ ਨਹੀਂ। ਇਹ ਪੰਜਾਬੀ ਦੇ ਅੰਗਭੂਤ ਲਫ਼ਜ਼ ਹਨ। ਇੰਜ ਹੀ ਅਣਗਿਣਤ ਹੋਰ ਸ਼ਬਦ ਹਨ। ਇਸ ਗੱਲ ਨਾਲ ਸਾਡੀ ਬਣ ਰਹੀ ਸਾਹਿੱਤਿਕ ਬੋਲੀ ਵਿਚ ਖੱਪਾ ਨਹੀਂ ਪਵੇਗਾ ਅਤੇ ਸ਼ਬਦ-ਰਾਸ਼ੀ ਅਮੀਰ ਬਣੀ ਰਹੇਗੀ।

ਸਾਹਿੱਤਿਕ ਪੰਜਾਬੀ ਵਿਚ ਅਸੀਂ ਨਵੀਨ ਸ਼ਬਦ ਅਪਣਾ ਰਹੇ ਹਾਂ ਜਿਹੜੇ ਬਹੁਤ ਕਰਕੇ ਸੰਸਕ੍ਰਿਤ ਉਦਗਮ ਦੇ ਹਨ, ਪਰ ਉਨ੍ਹਾਂ ਨੂੰ ਅਪਣਾਉਣ ਅਤੇ ਉਸ ਤੋਂ ਬਾਦ ਵਰਤਣ ਵੇਲੇ, ਬੜੀ ਸਾਵਧਾਨੀ ਦੀ ਲੋੜ ਹੈ। ਵੇਖਣ ਵਿਚ ਆਉਂਦਾ ਹੈ ਕਿ ਏਸ ਪਾਸੇ ਸਾਡੇ ਲੇਖਕ ਬਹੁਤ ਹੀ ਸ਼ਿਥਲ ਰਹਿੰਦੇ ਹਨ। ਇਸ ਲੇਖਕ ਨੇ ਕੁੱਝ ਸ਼ਬਦ ਨੋਟ ਕੀਤੇ ਹਨ, ਜਿਹੜੇ ਧਿਆਨ ਦੀ ਮੰਗ ਕਰਦੇ ਹਨ :

"ਚਕ੍ਰ ਵ੍ਯੂਹ" ਨੂੰ ਅਸੀਂ 'ਚੱਕਰ ਵਿਊਹ' ਲਿਖ ਲਈਏ, ਇਤਰਾਜ਼ ਨਹੀਂ ਹੈ ਪਰ 'ਵਿਉ ਚੱਕਰ' ਲਿਖਣਾ ਇਕ ਅਭੁੱਲ ਭੁੱਲ ਹੈ 'ਉਤਪੱਤੀ', 'ਸੰਪੱਤੀ', 'ਵਿਉਤਪੱਤੀ', ਆਦਿਕ

ਸ਼ਬਦਾਂ ਵਿਚ 'ਤੱਤਾ' 'ਦੁੱਤ' ਬੋਲਣਾ ਤੇ ਲਿਖਣਾ ਚਾਹੀਦਾ ਹੈ ਪਰ ਪੱਲੇ ਜਿਹੇ ਇਕ-ਅੱਖਰਾ ਕਰਕੇ ਵਰਤਣਾ ਚਿੰਤਾ-ਜਨਕ ਹੈ ਕਿਉਂਕਿ ਇਕ ਤਾਂ ਮੂਲ ਆਵਾਜ਼ ਵੀ ਦੂਹਰੀ ਹੀ ਹੈ ਅਤੇ ਦੂਜੇ ਪੰਜਾਬੀ ਆਪ ਵੀ ਇਕ ਦੁੱਤ-ਪ੍ਰਧਾਨ ਭਾਸ਼ਾ ਹੈ। ਇਸੇ ਤਰ੍ਹਾਂ 'ਜਨਤਾ, ਉਤਪੰਨ, ਰਹੱਸ, ਉੱਨਤੀ, ਵਿਕਾਸ, ਧੁਰੰਧਰ, ਪਤਨ, ਪ੍ਰਾਕ-ਕਥਨ' ਸ਼ਬਦ ਸ਼ੁੱਧ ਹਨ ਪਰੰਤੂ ਤਰਤੀਬਵਾਰ "ਜੰਤਾ, ਉਤਪਤ, ਰਹਿਸ, ਉਨਤੀ, ਵਿਕਾਸ਼, ਧੁਰੰਦਰ, ਪੱਤਨ, ਪ੍ਰਾਕਥਨ" ਅਸ਼ੁੱਧ ਹਨ। ਇਨ੍ਹਾਂ ਦੇ ਸਹੀ ਰੂਪ ਹੀ ਪ੍ਰਚਲਿਤ ਕਰਨੇ ਚਾਹੀਦੇ ਹਨ। ਪ੍ਰਚਲਿਤ ਹੋ ਰਹੇ ਅਸ਼ੁੱਧ ਰੂਪ ਰੋਕਣੇ ਚਾਹੀਦੇ ਹਨ।

ਹਰ ਭਾਸ਼ਾ ਦੇ ਸ਼ਬਦ-ਭੰਡਾਰ ਵਿਚ ਕੁੱਝ ਸ਼ਬਦ ਮੂਲ ਤੋਂ ਬਦਲੇ ਹੋਏ ਪ੍ਰਚਲਿਤ ਹੁੰਦੇ ਹਨ, ਕੁੱਝ ਮੂਲ ਦੇ ਸਮਾਨ ਅ-ਬਦਲ ਰਹਿੰਦੇ ਹਨ। ਪਹਿਲੇ ਵਰਗ ਨੂੰ ਤਦਭਵ ਅਤੇ ਦੂਜੇ ਨੂੰ ਤਤਸਮ ਕਿਹਾ ਜਾਂਦਾ ਹੈ। ਪੰਜਾਬੀ ਵਿਚ ਇਹ ਦੋਵੇਂ ਧਾਰਾਵਾਂ ਹਨ। ਪੰਜਾਬੀ ਵਿਚ ਤਦਭਵ ਸ਼ਬਦ ਬੇਅੰਤ ਹਨ ਪਰ ਖ਼ਾਸੇ ਸਾਰੇ ਤਤਸਮ ਸ਼ਬਦ ਵੀ ਹਨ ਅਤੇ ਹੁਣ ਹੋਰ ਗ੍ਰਹਿਣ ਕੀਤੇ ਜਾ ਰਹੇ ਹਨ। ਸਾਹਿੱਤਿਕ ਪੰਜਾਬੀ ਦੇ ਖੇਤਰ ਵਿਚ ਇਕ ਮੂਲ ਸ਼ਬਦ ਦੇ ਦੋਵੇਂ ਰੂਪ, ਅਰਥਾਤ ਤਦਭਵ ਵੀ ਤੇ ਤਤਸਮ ਵੀ ਨਾਲ-ਨਾਲ ਪ੍ਰਚਲਿਤ ਹਨ, ਜਿਵੇਂ 'ਭੋਇੰ' ਵੀ ਹੈ 'ਭੂਮੀ' ਵੀ ਹੈ; ਪਰ ਵਰਤੋਂ ਵਿਚ ਦੋਹਾਂ ਦੇ ਅਰਥਾਂ ਵਿਚ ਫ਼ਰਕ ਹੈ। ਪਹਿਲੇ ਤਦਭਵ ਵਿਚ ਕੇਵਲ 'ਧਰਤੀ, ਜ਼ਮੀਨ, ਭੁੰਜੇ, ਤਲੇ' ਦੇ ਅਰਥ ਹਨ ਪਰ ਦੂਜੇ ਤਤਸਮ ਵਿਚ ਜੋ ਹੁਣੇ ਹੁਣੇ ਅਪਣਾਇਆ ਗਿਆ ਹੈ, ਕੁੱਝ ਵਿਸ਼ਾਲ ਤੇ ਗੌਰਵ-ਪੂਰਣ ਅਰਥ ਹਨ, ਜਿਵੇਂ ਪ੍ਰਿਸ਼ਠ-ਭੂਮੀ, ਭੂਮਿਕਾ ਅਤੇ ਹੋਰ। ਇਸੇ ਤਰ੍ਹਾਂ 'ਰਸੀਆ' ਤੇ 'ਰਸਿਕ' ਹਨ; ਪਹਿਲਾ ਤਦਭਵ ਤੇ ਮਗਰਲਾ ਤਤਸਮ ਹੈ। ਪਹਿਲੇ ਦਾ ਅਰਥ : ਕਾਮੀ, ਵਿਭਚਾਰੀ ਹੈ ਪਰ ਦੂਜੇ ਦਾ ਸਾਹਿੱਤ-ਸਾਧਕ, ਭਾਵੁਕ, ਸੁਸੰਸਕ੍ਰਿਤ ਵਿਅਕਤੀ। ਅਸੀਂ Enjoyment of Literature ਕਹਿਣਾ ਚਾਹੁੰਦੇ ਹਾਂ। 'ਸਾਹਿੱਤ ਦਾ ਸੁਆਦ', ਬਹੁਤ ਵਰਤਿਆ ਜਾਣ ਕਰਕੇ ਪੱਧਰ ਤੋਂ ਨੀਵਾਂ ਹੋ ਗਿਆ ਹੈ। ਇਸ ਲਈ ਜ਼ਾਇਕੇ, taste ਨੂੰ ਪ੍ਰਗਟਾਉਣ ਲਈ 'ਸੁਆਦ' ਦਾ ਨਵਾਂ ਰੂਪ ਲੋੜੀਦਾ ਹੈ, ਜਿਹੜਾ 'ਆਸਵਾਦ' ਜਾਂ 'ਆਸਵਾਦਨ' ਹੋ ਸਕਦਾ ਹੈ।

ਇਸ ਉਪਰੋਕਤ ਵਿਵੇਚਨ ਤੋਂ ਸਾਡਾ ਇਹ ਭਾਵ ਹੈ ਕਿ ਸਾਹਿੱਤਿਕ ਭਾਸ਼ਾ ਵਿਚ ਇਸ ਗੱਲ ਦੀ ਅਪੇਖਿਆ ਹੁੰਦੀ ਹੈ ਕਿ ਲੋਕਾਂ ਵੱਲੋਂ ਅਸਾਵਧਾਨੀ ਕਰਕੇ ਭ੍ਰਸ਼ਟ ਕੀਤੇ ਗਏ ਸ਼ਬਦਾਂ ਵਿਚ ਗੌਰਵ ਤੇ ਉੱਚਤਾ ਦੇਣ ਲਈ ਉਨ੍ਹਾਂ ਦੇ ਰੂਪਾਂ ਦਾ ਜ਼ਰਾ ਕੁ ਨਵ-ਰੂਪਣ ਕਰ ਲਈਏ ਤਾਂ ਜੋ ਪਾਠਕ-ਦਰਸ਼ਕਾਂ ਦੇ ਹਿਰਦੇ-ਪਟਲ ਉੱਤੇ ਯਥਾਰਥ ਤੇ ਇੱਛਿਤ ਅਰਥ ਦਾ ਬਿੰਬ ਉਜਾਗਰ ਹੋ ਸਕੇ। 'ਬੰਨ੍ਹਣ' ਵੀ ਰਹੇ 'ਬੰਧਨ' ਵੀ; 'ਵੱਗ' ਵੀ ਤੇ 'ਵਰਗ' ਵੀ; 'ਸੱਤਿਆ' ਵੀ ਤੇ 'ਸੱਤਾ' ਵੀ; 'ਗੰਢ' ਵੀ ਤੇ 'ਗ੍ਰੰਥੀ' ਵੀ। ਜੇ ਅਸੀਂ 'ਗੰਢ' ਦੀ ਵਰਤੋਂ ਤੇ ਹੀ ਅੜੀਏ ਅਤੇ 'ਗ੍ਰੰਥ' (ਗ੍ਰੰਥੀ) ਦਾ ਤਿਰਸਕਾਰ ਕਰੀਏ ਤਾਂ ਅਨਿਆਇ ਹੋਵੇਗਾ ਕਿਉਂਕਿ mental complex ਲਈ ਮਨੋਗੰਢ ਦੀ ਥਾਂ ਮਨੋਗ੍ਰੰਥੀ

ਸ਼ਬਦ ਵੱਧ ਸੁਖਾਵਾਂ ਤੇ ਸਾਰਥਕ ਜਾਪਦਾ ਹੈ । ਬਹੁਤਿਆਂ ਸੱਜਨਾਂ ਨੇ 'ਵਨ ਮਹੋਤਸਵ' ਦੇ ਇਸ਼ਤਿਹਾਰ ਪੜ੍ਹੇ ਹੋਣਗੇ ਪਰ ਉਨ੍ਹਾਂ ਨੂੰ ਇਹ ਵਿਦਿਤ ਨਹੀਂ ਹੋਵੇਗਾ ਕਿ ਮਹੋਤਸਵ ਵਾਸਤੇ ਪੰਜਾਬੀ ਸ਼ਬਦ 'ਮਹੋਛਾ' ਹੈ । ਪਰ ਕੀ 'ਵਨ ਮਹੋਛਾ' **ਅਸੀਂ** ਪ੍ਰਵਾਣ ਕਰਾਂਗੇ ? ਸ਼ਾਇਦ ਨਹੀਂ ; ਕਾਰਣ ਤੁਸੀਂ ਖ਼ੁਦ ਜਾਣ ਸਕਦੇ ਹੋ ।

ਸਾਡੇ ਪਾਸ ਕਈ Concept ਹਨ, ਪਰ ਅਫ਼ਸੋਸ ! ਸ਼ਬਦ ਨਹੀਂ ਹਨ । ਅਸੀਂ ਇਕ ਸ਼ਬਦ ਘੜਦੇ ਹਾਂ, ਦੂਜਾ ਛੱਡਦੇ ਹਾਂ । ਇਉਂ ਕਿਤੇ ਕਿਤੇ ਹਾਸੋਹੀਣੀ ਹਾਲਤ ਬਣ ਜਾਂਦੀ ਹੈ । Sentimental, Supernatural, Subjective, Objective ਦਾ ਇਕਮਾਤ੍ਰ ਸਮਾਨਾਰਥੀ ਪੰਜਾਬੀ ਪਰਿਆਇ ਅਸੀਂ ਨਹੀਂ ਖੋਜ ਸਕੇ । ਉਪਭਾਵਕ, ਪਰਾਸਰੀਰਕ, ਅੰਦਰਮੁਖੀ, ਬਾਹਰਮੁਖੀ, ਮੂਲ ਬੋਲੀ ਜਾਂ ਪੰਜਾਬੀ ਦੀ ਪੱਧਤੀ ਅਨੁਸਾਰ ਘਟਦੇ ਨਹੀਂ । ਨਾਲੇ ਇਨ੍ਹਾਂ ਦੇ ਅੱਗੋਂ ਹੋਰ ਸ਼ਬਦ ਬਣਾਉਣੇ ਔਖੇ ਹਨ । ਸਾਡੇ ਪਾਸ ਸੰਸਕ੍ਰਿਤ ਦੇ ਇਕ ਸ਼ਬਦ 'ਸਾਮਾਜਿਕ' ਦੇ ਪਾਏ ਦਾ ਅਜੇ ਤਕ ਕੋਈ ਸ਼ਬਦ ਨਹੀਂ ਜਿਸ ਵਿਚ ਪਾਠਕ, ਦਰਸ਼ਕ ਤੇ ਸ੍ਰੋਤੇ ਤਿੰਨੇ ਹੀ ਵਿਭਿੰਨ ਵਰਗ ਇਕ ਸ਼ਬਦ ਦੁਆਰਾ ਪ੍ਰਗਟਾਏ ਜਾਂਦੇ ਹੋਣ । ਅੰਗ੍ਰੇਜ਼ੀ ਵਾਲਿਆਂ ਪਾਸ 'ਰਸਿਕ' ਦਾ ਪਰਿਆਇ ਨਹੀਂ ਉਹ Man of Taste ਕਹਿ ਕੇ ਡੰਗ ਲੰਘਾਉਂਦੇ ਹਨ । ਇਸੇ ਤਰ੍ਹਾਂ ਮਗ਼ਰਿਬੀਯਤ ਅਤੇ ਮਸ਼ਰਿਕੀਯਤ ਦੇ ਭਾਵ ਵਾਲੇ ਇਕ ਇਕ ਸ਼ਬਦ ਸਾਡੇ ਪਾਸ ਨਹੀਂ ਚੱਲ ਸਕੇ ।

ਪੰਜਾਬੀ ਸਾਹਿੱਤਿਕ ਭਾਸ਼ਾ ਵਿਚ ਵਿਆਕਰਣਿਕ ਨੇਮਾਂ ਅਨੁਸਾਰ ਸ਼ਬਦ ਵਰਤਣੇ ਚਾਹੀਦੇ ਹਨ, ਖ਼ਾਸ ਤੌਰ ਉੱਤੇ ਲਿੰਗ ਦੇ ਪੱਖ ਤੋਂ । ਕਈ ਵਾਰ ਤਾਂ ਮਨ ਨੂੰ ਖਿਝਾਉਣ ਤੱਕ ਦੀ ਨੌਬਤ ਪਹੁੰਚ ਜਾਂਦੀ ਹੈ । ਵਿਚਾਰਾ 'ਵਿਚਾਰ' ਸ਼ਬਦ ਚੰਗਾ ਭਲਾ ਪੁਲਿੰਗ ਹੈ, ਇਸ ਨੂੰ ਇਸਤ੍ਰੀ ਲਿੰਗ ਦੇ ਤੌਰ ਉੱਤੇ ਵਰਤਣਾ ਸੱਚਮੁੱਚ ਕੋਈ ਵਡਿਆਈ ਦੀ ਗੱਲ ਨਹੀਂ । 'ਮੇਰੀ ਵਿਚਾਰ ਹੈ, ਉਸ ਨੇ ਵਿਚਾਰ ਕੀਤੀ', ਦੀ ਥਾਂ 'ਮੇਰਾ ਵਿਚਾਰ ਹੈ' ਆਦਿਕ ਵਰਤਣੇ ਚਾਹੀਦੇ ਹਨ । ਇਸੇ ਤਰ੍ਹਾਂ 'ਸਮਾਜ, ਵਿਆਕਰਣ, ਉਦਾਹਰਣ, ਸਾਹਿੱਤ,' ਪੁਲਿੰਗ ਹਨ, ਪੰਜਾਬੀ ਵਿਚ ਕਿਉਂ ਇਸਤ੍ਰੀ ਲਿੰਗ ਬਣਾਏ ਗਏ ? ਇਹ ਅਤਲੋਂ ਚਿੰਤਾ ਵਾਲੀ ਗੱਲ ਹੈ । 'ਪ੍ਰਕਾਸ਼ਨ' ਵੀ ਪੁਲਿੰਗ ਵਾਂਗੂੰ ਹੈ,ਇਸ ਨੂੰ ਬਹੁ ਵਚਨ ਵੇਲੇ ਇਸਤ੍ਰੀ ਲਿੰਗ ਸਮਝ ਕੇ 'ਵਿਭਾਗ ਦੀਆਂ ਪ੍ਰਕਾਸ਼ਨਾਂ' ਲਿਖਣਾ ਸਾਹਿੱਤਿਕ ਭਾਸ਼ਾ ਦੀ ਨਹੀਂ, ਰੋਗੀ ਭਾਸ਼ਾ ਦੀ ਨਿਸ਼ਾਨੀ ਹੈ । ਇਸ ਚਰਚਾ ਵਿਚ ਇਹ ਭੁਲੇਖਾ ਨਾ ਲਗ ਜਾਵੇ ਕਿ ਅਸੀਂ ਪੰਜਾਬੀ ਵਿਚ ਢੇਰ ਚਿਰ ਤੋਂ ਪ੍ਰਵਾਣਿਤ ਸ਼ਬਦਾਂ ਦਾ ਸ਼ੁੱਧੀਕਰਣ ਕਰਨਾ ਲੋਚਦੇ ਹਾਂ । ਇਹ ਗੱਲ ਨਹੀਂ । ਇਹ ਵਿਚਾਰ-ਗੋਚਰੇ ਸ਼ਬਦ ਤਾਂ ਸਿਰਫ਼ ਉਹੋ ਹੀ ਹਨ ਜਿਹੜੇ ਤਤਸਮ ਰੂਪ ਵਿਚ ਅਸੀਂ ਅਜੇ ਹੁਣੇ ਹੀ ਅਪਣਾਏ ਹਨ । ਜੰਮਦੀ ਅਸ਼ੁੱਧੀ ਨੂੰ ਰੋਕਿਆ ਜਾ ਸਕਦਾ ਹੈ ਪਰ ਜੇ ਪੱਕ ਜਾਵੇ ਤਾਂ ਉਹ ਰੋਗ ਕਿਸੇ ਦੇ ਵੱਸ ਦਾ ਨਹੀਂ ਰਹਿੰਦਾ ।

ਹੁਣ ਅਸੀਂ ਸਪੈਲਿੰਗਾਂ ਜਾਂ ਅੱਖਰ-ਜੋੜਾਂ ਬਾਰੇ ਗੱਲ ਕਰਨੀ ਹੈ । ਏਸ ਪਾਸੇ ਅਸੀਂ ਬੜੀ

ਬੇਪਰਵਾਹੀ ਵਰਤ ਰਹੇ ਹਾਂ। ਸਿੱਟਾ ਅਸਾਹਿੱਤਿਕ ਹੋ ਸਕਦਾ ਹੈ। ਅਸੀਂ ਆਏ ਦਿਨ ਨਵੇਂ ਸ਼ਬਦ ਘੜ ਰਹੇ ਹਾਂ ਜਾਂ ਅਪਣਾ ਰਹੇ ਹਾਂ। ਇਨ੍ਹਾਂ ਨੂੰ ਗ੍ਰਹਿਣ ਕਰਨ ਦੀਆਂ ਆਪੋ-ਆਪਣੀਆਂ ਪ੍ਰਕ੍ਰਿਆਵਾਂ ਹਨ। ਨਤੀਜਾ ਇਹ ਹੁੰਦਾ ਹੈ ਕਿ ਸ਼ਬਦਾਂ ਨੂੰ ਗੁਰਮੁਖੀ ਵਿਚ ਸਪੈ-ਲਿੰਗ ਦੇਣ ਵੇਲੇ ਆਪੋ ਆਪਣੇ ਹਿਸਾਬ ਨਾਲ ਬਹੁਰੂਪਤਾ ਲਿਆਂਦੀ ਜਾਂਦੀ ਹੈ। ਸੰਸਕ੍ਰਿਤ 'ਅਨੁਯਾਯੀ' ਨੂੰ ਅਸੀਂ 'ਅਨੁਵਾਈ','ਅਨੁਆਈ','ਅਨੁਯਾਈ' ਲਿਖਦੇ ਹਾਂ। 'ਅਨੁਆਈ' ਤਾਂ ਭਲਾ ਹੋਇਆ, ਅਨੁਵਾਈ ਵੇਖ ਕੇ ਸੱਚ ਮੁੱਚ ਖਿੱਝ ਆਉਂਦੀ ਹੈ। ਪਰੰਤੂ-ਪ੍ਰੰਤੂ, ਉਪਰੰਤ-ਉਪ੍ਰੰਤ, ਪ੍ਰਚਲਿਤ-ਪਰਚਲਤ, ਪ੍ਰਦੇਸ਼-ਪਰਦੇਸ਼, ਆਦਿਕਾਂ ਵਿਚ ਸਪੈਲਿੰਗਾਂ ਦੀਆਂ ਹੀ ਬੇਨੇਮੀਆਂ ਹਨ। ਲੋੜ ਹੈ ਕਿ ਅਸੀਂ ਚੁਤਰਫ਼ੇ ਧਿਆਨ ਮਾਰ ਕੇ ਨਿਸ਼ਚਿਤ ਕਰੀਏ ਕਿ 'ਪਰਦੇਸ਼' ਦਾ ਅਰਥ ਕੀ ਪਰਾਇਆ ਦੇਸ਼ ਤਾਂ ਨਹੀਂ ਨਿਕਲੇਗਾ? ਜੇ ਅਜੇਹਾ ਇਮਕਾਨ ਹੈ ਤਾਂ ਕਿਉਂ ਨਾ ਸਾਰੇ ਜਣੇ 'ਪ੍ਰਦੇਸ਼' ਲਿਖੀਏ, ਜਿਸ ਦਾ ਇੱਕੋ ਇੱਕ ਇੱਕ ਅਰਥ ਇਲਾਕਾ ਹੀ ਨਿਕਲਦਾ ਹੈ? ਅੱਜ 'ਕੌਸ਼ਲ' ਨੂੰ 'ਕੌਸ਼ਲਤਾ', 'ਅਗਿਆਨ' ਨੂੰ 'ਅਗਿਆਨਤਾ, 'ਗੌਰਵ' ਨੂੰ 'ਗੌਰਵਤਾ' ਕਹੀ ਤੇ ਲਿਖੀ ਜਾਣਾ ਸਾਹਿੱਤਿਕ ਸ੍ਵਰੂਪ ਦੇ ਮਹਤ੍ਵ ਤੇ ਸੱਟ ਮਾਰਨਾ ਹੈ। ਸਪੈਲਿੰਗਾਂ ਦਾ ਬਹੁਤ ਵੱਡਾ ਮਸਲਾ ਹੈ। ਅਸੀਂ ਏਥੇ ਕੇਵਲ ਸੰਕੇਤ ਹੀ ਕੀਤਾ ਹੈ।

ਸਾਹਿੱਤਿਕ ਪੰਜਾਬੀ ਦੇ ਸ੍ਵਰੂਪ ਦੇ ਪ੍ਰਸੰਗ ਵਿਚ ਅਸੀਂ ਕੇਵਲ ਉਸ ਸ਼ਬਦ-ਭਾਗ ਦਾ ਵਿਵੇਚਨ ਕਰ ਰਹੇ ਸਾਂ ਜਿਹੜਾ ਅਸੀਂ ਅਪਣਾ ਲਿਆ ਹੈ। ਅਪਣਾਈ ਹੋਈ ਸ਼ਬਦ-ਰਾਸ਼ੀ ਜਾਂ ਸ਼ਬਦ-ਸੰਪੱਤੀ ਦਾ ਸਹੀ ਰੂਪ ਕਿਵੇਂ ਸਥਿਰ ਰੱਖਣਾ ਹੈ। ਪਿਛਲੇ ਪੰਨਿਆਂ ਉੱਤੇ ਕੇਵਲ ਇਸੇ ਸਮੱਸਿਆ ਦੀ ਚਰਚਾ ਕਰ ਰਹੇ ਸਾਂ। ਹੁਣ ਅਗਲੀ ਸਮੱਸਿਆ ਉੱਤੇ ਵਿਚਾਰ ਕਰਨਾ ਹੈ ਕਿ ਨਵਿਆਂ ਵਿਚਾਰਾਂ ਤੇ ਨਵਿਆਂ ਭਾਵਾਂ ਲਈ ਕੀ ਅਸੀਂ ਸੱਭੋ ਕੁੱਝ ਉਧਾਰਾ ਹੀ ਲੈਣਾ ਹੈ ਜਾਂ ਨਿੱਜੀ ਸੋਮਿਆਂ ਤੋਂ ਵੀ ਲਾਭ ਉਠਾਉਣਾ ਹੈ। ਸਾਡੀ ਜਾਚੇ, ਅਸੀਂ ਸਾਹਿੱਤਿਕ ਪੰਜਾਬੀ ਦੇ ਨਵ-ਨਿਰਮਾਣ ਵਿਚ ਕਾਫ਼ੀ ਕੁੱਝ ਆਪਣਾ ਨਿੱਜੀ ਅੰਸ਼ ਵਰਤ ਸਕਦੇ ਹਾਂ। ਸਾਡੇ ਖ਼ਿਆਲ ਵਿਚ ਤਿੰਨ ਸ੍ਰੋਤ ਹਨ: ਇਕ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੁੱਟ ਸ਼ਬਦ-ਭੰਡਾਰ; ਦੂਜਾ ਹੈ ਪੰਜਾਬੀ ਦੀਆਂ ਪੂਰਬੀ ਤੇ ਪੱਛਮੀ ਉਪਬੋਲੀਆਂ ਅਤੇ ਤੀਜਾ ਸ੍ਰੋਤ ਹੈ ਪੰਜਾਬੀ ਦੇ ਆਪਣੇ ਰੂਪ-ਵਿਧਾਇਕ ਅੰਸ਼ ਸੰਜੁਗਤ ਕਰ ਕੇ ਨਵੇਂ ਸ਼ਬਦ ਘੜਨ ਦੀ ਪੱਧਤੀ।

ਜਿੱਥੋਂ ਤੱਕ ਆਦਿ ਗ੍ਰੰਥ ਦੀ ਸ਼ਬਦਾਵਲੀ ਦਾ ਤਅੱਲੁਕ ਹੈ, ਉੱਥੇ ਗਿਆਨ-ਰਾਸ਼ੀ ਦੇ ਨਾਲ ਨਾਲ ਸ਼ਬਦ-ਰਾਸ਼ੀ ਬੜੀ ਦੀਰਘ ਤੇ ਅਨੂਪਮ ਹੈ। ਉਸ ਨੂੰ ਆਪਣੇ ਉਪਯੋਗ ਵਿਚ ਲਿਆ ਕੇ ਪੰਜਾਬੀ ਨੂੰ ਅਮੀਰ ਬਣਾ ਸਕਦੇ ਹਾਂ। ਇਕ ਹੋਰ ਭਾਖਈ ਵਿਸ਼ੇਸ਼ਤਾ ਇਹ ਹੈ ਕਿ ਗੁਰੂ-ਕਵੀਆਂ ਨੇ ਤਤਸਮ ਸ਼ਬਦਾਂ ਨੂੰ, ਜਿੱਥੇ ਮਹਸੂਸਿਆ, ਪੰਜਾਬੀ ਦੀ ਭਾਖਈ ਰਵਾਇਤ ਅਨੁਸਾਰ ਢਾਲ ਵੀ ਲਿਆ ਹੈ। ਇਉਂ ਪੰਜਾਬੀ ਲਈ ਤਿਆਰ-ਪੁਰ-ਤਿਆਰ ਵਰਤਣ-ਯੋਗ ਅਨੇਕ ਸ਼ਬਦ ਮਿਲ ਸਕਦੇ ਹਨ।

ਗੁਰੂ ਸਾਹਿਬਾਨ ਨੇ Agentive noun ਬਨਾਉਣ ਲਈ ਇਕ ਬੜੀ ਸੁਹਣੀ

ਧਾਰਾ ਅਪਣਾਈ ਹੈ । ਉਹ 'ਵਾਲੇ' ਅਰਥ ਵਿਚ 'ਹਾਰ' ਦਾ ਪ੍ਰਯੋਗ ਕਰਦੇ ਹਨ । ਵੇਖੋ:

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ

... ... ...

ਸੱਦਣਹਾਰਾ ਸਿਮਰੀਐ

... ... ...

ਤਿਤ ਘਰਿ ਗਾਵਹੁ ਸੋਹਿਲਾ ਸਿਮਰਹੁ ਸਿਰਜਣਹਾਰੋ

ਏਥੇ ਦੇਵਣਹਾਰ, ਸੱਦਣਹਾਰ, ਸਿਰਜਨਹਾਰ ਬੜੇ ਹੀ ਪਿਆਰੇ ਸ਼ਬਦ ਹਨ । ਇਸ ਤੋਂ ਇਲਾਵਾ ਨਵੇਕਲੇ ਸ਼ਬਦ ਵੀ ਬੜੇ ਭਾਵਪੂਰਤ ਹਨ : ਅਗਮ, ਦੁਰਗਮ, ਅਗਾਧ, ਮਰਮ, ਦੁਖ-ਹੰਤਾ, ਸੁਖ ਰਾਸਿ, ਬਿਖਮ, ਵਿਸਮਾਦ ਬਹੁਤ ਹੀ ਸੁੰਦਰ ਸਾਹਿੱਤਿਕ ਸ਼ਬਦ ਹਨ ਜਿਨ੍ਹਾਂ ਨੂੰ ਅਸੀਂ ਪੰਜਾਬੀ ਸਾਹਿੱਤਿਕ ਭਾਸ਼ਾ ਵਿਚ ਸਹਿਜੇ ਹੀ ਵਰਤ ਸਕਦੇ ਹਾਂ ।

ਦੂਜਾ ਸ੍ਰੋਤ ਹੈ ਪੰਜਾਬੀ ਦੀਆਂ ਆਪਣੀਆਂ ਉਪ-ਬੋਲੀਆਂ । ਇਨ੍ਹਾਂ ਉਪਬੋਲੀਆਂ ਵਿਚ ਅਜੇ ਢੇਰ ਸ਼ਬਦ ਹਨ ਜਿਨ੍ਹਾਂ ਨੂੰ ਅਸੀਂ ਲਿਪੀ-ਬੱਧ ਨਹੀਂ ਕਰ ਸਕੇ । ਕਈ ਪ੍ਰਕਾਰ ਦੀਆਂ ਕ੍ਰਿਆਵਾਂ ਲਈ, ਭਾਵਾਂ ਲਈ, ਵਸਤੂਆਂ ਲਈ ਕਈ ਥਾਂ ਸੁੰਦਰ ਸ਼ਬਦ ਸੁਣਨ ਲਈ ਮਿਲਣਗੇ । ਅਜੇਹੀ ਤਰਦੀ ਸ਼ਬਦਾਵਲੀ ਦੇ ਸਮਰੱਥ ਸ਼ਬਦਾ ਨੂੰ ਅਸੀਂ ਅਪਣਾ ਕੇ ਸਾਹਿੱਤਿਕ ਪੰਜਾਬੀ ਨੂੰ ਸਸ਼ਕਤ ਕਰਨ ਵਿਚ ਸਹਾਇਤਾ ਕਰਾਂਗੇ ।

ਪੰਜਾਬੀ ਰਚਨਾਤਮਕ ਸ਼ਕਤੀ ਨੂੰ ਵੀ ਅਜ਼ਮਾਉਣਾ ਚਾਹੀਦਾ ਹੈ । ਵੱਡੇ ਭਾਗਾਂ ਵਾਲੇ ਨੂੰ 'ਵਡ-ਭਾਗੀ' ਜਾਂ 'ਵਡ-ਭਾਗਾ' ਚਲਾਇਆ ਸੀ । ਏਥੇ 'ਵੱਡਾ' ਵਿਸ਼ੇਸ਼ਣ ਸਮਾਸ ਵਿਚ ਜਾ ਕੇ ਕੇਵਲ ਅਗੇਤਰ ਜਾਂ ਉਪਸਰਗ ਹੀ ਰਹਿ ਗਿਆ ਹੈ । ਸੋ ਇਸੇ ਦੀ ਰੀਸ ਤੇ ਵਡ-ਯੋਧਾ, ਵਡ-ਪੱਗਾ, ਵਡ-ਜਿਗਰਾ, ਵਡ-ਮੁੱਲਾ ਆਦਿਕ ਸ਼ਬਦ ਮਿੱਥੇ ਅਰਥਾਂ ਵਿਚ ਚਲਾਉਣੇ ਚਾਹੀਦੇ ਹਨ । 'ਬਿਨਾਂ' ਕ੍ਰਿਆ-ਵਿਸ਼ੇਸ਼ਣ ਹੈ, ਜਿਸ ਦਾ ਸੰਸਕ੍ਰਿਤ ਰੂਪ ਹੈ 'ਵਿਨਾ' । ਇਸ ਨੂੰ ਅਗੇਤਰ ਬਣਾ ਕੇ ਵੀ ਸਾਰਥਕ ਢੰਗ ਨਾਲ ਵਰਤਿਆ ਜਾ ਸਕਦਾ ਹੈ । ਜਿਵੇਂ 'ਬਿਨ-ਪਾਣੀ ਸਰੋਵਰ ਹੈ' ਏਥੇ 'ਬਿਨ-ਪਾਣੀ' ਸਰੋਵਰ ਦਾ, ਵਿਸ਼ੇਸ਼ਣ ਬਣ ਗਿਆ ਹੈ ਜਿਸ ਦਾ ਸੰਸਕ੍ਰਿਤ ਪਰਿਆਇ ਹੋਇਆ 'ਨਿਰਜਲ' । ਬਿਨ-ਸੱਦੇ, ਬਿਨ-ਖਾਏ, ਬਿਨ-ਬੁਲਾਏ, ਬਿਨ-ਮੰਗੇ (ਮੋਤੀ), ਬਿਨ-ਵਾਹੀ (ਜ਼ਮੀਨ); ਆਦਿਕ ਸ਼ਬਦ ਬਣ ਸਕਦੇ ਹਨ । ਇਉਂ 'ਸਦਾ' ਕ੍ਰਿਆ ਵਿਸ਼ੇਸ਼ਣ ਨੂੰ 'ਸਦ' ਬਣਾ ਕੇ ਕਈ ਸਮਾਸ ਬਣਾ ਸਕਦੇ ਹੋ, ਜਿਵੇਂ ਸਦ-ਜੀਵੀ, ਸਦ-ਹਰਾ, ਸਦ-ਕ੍ਰੋਧੀ, ਸਦ-ਕਾਮਾ, ਆਦਿ ।

ਕਦੇ ਕਦੇ ਸੂਝਵਾਨ ਲਿਖਾਰੀ ਤੇ ਕਵੀ ਨਵੇਂ ਸ਼ਬਦ ਨਵੇਂ ਅਰਥਾਂ ਵਿਚ ਵਰਤ ਜਾਂਦੇ ਹਨ ਜਿਹੜੇ ਬੜੇ ਲੋਕ-ਪ੍ਰਿਯ ਹੋ ਕੇ ਪ੍ਰਚਲਿਤ ਹੋ ਜਾਂਦੇ ਹਨ । ਹੇਠਾਂ ਸਾਡੇ ਇਕ ਨਵੇਂ ਕਵੀ ਦੁਆਰਾ ਵਰਤੇ 'ਸੁਚਿਆਏ' ਸ਼ਬਦ ਦੀ ਸ਼ਾਨ ਵੇਖੋ, ਜਿਹੜਾ ਸੱਚਾ ਜਾਂ ਸੁੱਚਮ ਦਾ ਕ੍ਰਿਆਵੀ ਰੂਪ ਹੈ :—

ਇਕ ਕਸਤੂਰੀ-ਛੁਹ ਦੇ ਸਦਕਾ
ਸਾਡੇ ਅੰਗ ਸੁਚਿਆਏ ।
ਸਦੀਆਂ ਸੁੱਤੇ ਨਗਮੇ ਜਾਗੇ
ਰੀਝਾਂ ਪੈਲਾਂ ਪਾਈਆਂ ।

...

# ਪੰਜਾਬੀ ਭਾਸ਼ਾ ਵਿਚ ਨਾਸਿਕੀਕਰਣ

ਗੁਰਬਖ਼ਸ਼ ਸਿੰਘ

ਜਿਨ੍ਹਾਂ ਆਵਾਜ਼ਾਂ ਦੇ ਉੱਚਾਰਣ ਸਮੇਂ, ਹਵਾ ਦੇ ਨਿਕਾਸ ਲਈ, ਮੂੰਹ ਦੇ ਨਾਲ ਨੱਕ
ਦਾ ਵੀ, ਜਾਂ ਕੇਵਲ ਨੱਕ ਦਾ ਹੀ ਰਾਹ ਖੁੱਲ੍ਹਾ ਰਹੇ, ਉਨ੍ਹਾਂ ਨੂੰ ਨਾਸਿਕੀ ਧੁਨੀਆਂ ਤੇ
ਉੱਚਾਰਣ ਦੀ ਇਸ ਕ੍ਰਿਆ ਨੂੰ ਨਾਸਿਕੀਕਰਣ ਕਿਹਾ ਜਾਂਦਾ ਹੈ । ਪੰਜਾਬੀ ਵਿਚ
/ਙ/, /ਞ/, /ਣ/, /ਨ/ ਤੇ /ਮ/ ਪੰਜੇ ਨਾਸਿਕ ਵਿਅੰਜਨ ਹਨ । ਉਂਜ ਹਰ ਸੁਰ-ਧੁਨੀ

---

ਵਿਚ ਇਕ
੧. ਡਾ ਵਿ. ਭਾ. ਅਰੁਣ ਨੇ 'ਪੰਜਾਬੀ ਭਾਸ਼ਾ ਦਾ ਇਤਿਹਾਸ' (੧੯੫੬) ਵਿਚ ਇਕ
ਹੋਰ ਨਾਸਿਕੀ ਵਿਅੰਜਨ [ਨ੍ਹ] ਵੀ ਮੰਨਿਆ ਹੈ ਜੋ "ਨ ਧੁਨੀ ਦਾ ਮਹਾਪ੍ਰਾਣ ਰੂਪ ਹੈ,
ਜਿਵੇਂ ਉਨ੍ਹਾਂ, ਇਨ੍ਹਾਂ, ਆਦਿ" ਵਿਚ । ਵੇਖੋ, ਸਫ਼ਾ ੧੦੩ । ਆਪਣੀ ਨਵੀਨ ਰਚਨਾ
'A Comparative Phonology of Hindi And Panjabi' (੧੯੬੧) ਵਿਚ
ਉਨ੍ਹਾਂ ਨੇ /ਮ/, /ਨ/ ਤੇ /ਣ/ ਤੋਂ ਬਿਨਾਂ ਕੇਵਲ ਇੱਕੋ ਹੋਰ ਨਾਸਿਕ ਧੁਨੀ ਨੂੰ ਮੰਨਿਆ
ਹੈ ਜਿਸ ਨੂੰ ਉਨ੍ਹਾਂ ਨੇ /N/ ਕਰਕੇ ਲਿਖਿਆ ਹੈ । ਉਨ੍ਹਾਂ ਦੇ ਵਿਚਾਰ ਅਨੁਸਾਰ ਰੰਗ, ਚੰਗਾ,
ਮੰਜਾ, ਚੁੰਝ, ਮੰਜ਼ਿਲ, ਸੰਯੋਗ, ਸੰਵਤ ਆਦਿ ਸ਼ਬਦਾਂ ਵਿਚ ਇਹ ਨਾਸਿਕੀ ਧੁਨੀ ਬੋਲੀ
ਜਾਂਦੀ ਹੈ (ਇਹ ਸ਼ਬਦ ਉਨ੍ਹਾਂ ਦੀ ਪੁਸਤਕ ਦੇ ਸਫ਼ਾ ੨੫ ਉੱਤੇ ਦਿੱਤੇ ਹੋਏ ਹਨ) । ਡਾ.
ਸਾਹਿਬ ਅਨੁਸਾਰ ਇਸ ਧੁਨੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕੇਵਲ ਨਾਸਿਕਤਾ ਹੈ
ਜੋ ਪਿਛੇਤਰੀ ਵਿਅੰਜਨ ਧੁਨੀ ਦੀ ਬਣਤਰ ਬਣਾ ਲੈਂਦੀ ਹੈ । ਇਸ ਤਰ੍ਹਾਂ ਇਸ ਧੁਨੀ ਦਾ
ਕੋਈ ਨਿਸਚਿਤ ਉੱਚਾਰਣ-ਸਥਾਨ ਮੁਕੱਰਰ ਨਹੀਂ ਕੀਤਾ ਜਾ ਸਕਦਾ । (ਵੇਖੋ ਉਨ੍ਹਾਂ ਦੀ
ਪੁਸਤਕ ਦਾ ਸਫ਼ਾ ੩੨) ਤੇ ਤੁਲਨਾ ਕਰੋ ਸਾਡੇ ਲੇਖ ਦੇ 'ਮਿਸ਼੍ਰਤ ਨਾਸਿਕੀਕਰਣ' ਤੇ
'ਨਾਸਿਕੀ ਸਮਰੂਪਤਾ' ਸਿਰਲੇਖਾਂ ਹੇਠ ਆਏ ਵਿਚਾਰਾਂ ਨਾਲ ।
ਪ੍ਰੋ: ਰਾਮ ਸਿੰਘ ਨੇ ਵੀ ਸ਼ਬਦ 'ਖੰਡ' ਵਿੱਚ [ਣ] ਧੁਨੀ ਨੂੰ ਮੰਨਿਆ ਹੈ ।
ਸਾਡੇ ਵਿਚਾਰ ਵਿੱਚ ਇਸ ਸ਼ਬਦ ਵਿਚ [ਨ] ਦੀ ਧੁਨੀ ਹੈ ਨਾ ਕਿ [ਣ] ਦੀ । (ਵੇਖੋ 'ਵੱਡਾ
ਪੰਜਾਬੀ ਵਿਆਕਰਣ' : ੧੯੨੪ , ਸਫ਼ਾ ੨੬ )

ਨਾਸ਼ਿਕੀ ਢੰਗ ਨਾਲ ਬੋਲੀ ਜਾ ਸਕਦੀ ਹੈ। ਪੰਜਾਬੀ ਵਿਚ ਦੀਰਘ ਸੁਰ-ਧੁਨੀਆਂ ਦੇ ਨਾਸਿਕੀਸਰਣ ਨਾਲ ਅਰਥ-ਭੇਦ ਪੈ ਜਾਂਦਾ ਹੈ ਜਿਵੇਂ ਗਾ, ਗਾਂ; ਜਾ, ਜਾਂ ਆਦਿ ਸ਼ਬਦਾਂ ਤੋਂ ਪਤਾ ਲਗਦਾ ਹੈ। ਅਗ੍ਰੇਜ਼ੀ ਵਿਚ ਸੁਰ-ਧੁਨੀਆਂ ਨੂੰ ਨਾਸਿਕੀ ਢੰਗ ਨਾਲ ਬੋਲਣਾ ਓਪਰਾ ਲਗਦਾ ਹੈ. ਪਰ ਫ਼ਰਾਂਸੀਸੀ ਤੇ ਪੁਰਤਗਾਲੀ ਭਾਸ਼ਾਵਾਂ ਵਿਚ ਨਾਸਿਕੀਕਰਣ ਪੰਜਾਬੀ ਵਾਂਗ ਹੀ ਅਰਥ-ਭੇਦ ਉਪਜਾਊ ਹੈ।

### ਸ਼ੁੱਧ ਨਾਸਿਕੀਕਰਣ

ਸ਼ੁੱਧ ਨਾਸਿਕੀਕਰਣ ਤੋਂ ਸਾਡਾ ਭਾਵ ਸੁਰ-ਧੁਨੀ ਦਾ ਨਾਸਿਕੀਕਰਣ ਹੈ ਜੋ ਕਿਸੇ ਨਾਸਿਕੀ ਵਿਅੰਜਨ ਦੇ ਪ੍ਰਭਾਵ ਤੋਂ ਬਿਲਕੁਲ ਰਹਿਤ ਹੋਵੇ। ਪੰਜਾਬੀ ਵਿਚ ਸੁਰ-ਧੁਨੀ ਦਾ ਸ਼ੁੱਧ ਨਾਸਿਕੀਕਰਣ ਕੇਵਲ ਓਦੋਂ ਹੁੰਦਾ ਹੈ ਜਦੋਂ ਕੋਈ ਨਾਸਿਕੀ ਸੁਰ-ਧੁਨੀ ਅੰਤ ਵਿਚ ਹੋਵੇ ਜਾਂ ਅਨੁਨਾਸਿਕੀ ਦੀਰਘ ਸੁਰ-ਧੁਨੀ ਮੱਧ ਵਿਚ, ਸਪਰਸ਼ /ਪ, ਫ, ਬ, ਤ, ਥ, ਦ, ਟ, ਠ, ਡ, ਕ, ਖ, ਗ/ ਤੇ ਸਪਰਸ਼-ਸੰਘਰਸ਼ੀ /ਚ, ਛ, ਜ/ ਵਿਅੰਜਨ-ਧੁਨੀਆਂ ਤੋਂ ਬਿਨਾਂ, ਕਿਸੇ ਹੋਰ ਵਿਅੰਜਨਾਤਮਕ ਧੁਨੀ ਤੋਂ ਪਹਿਲਾਂ ਹੋਵੇ, ਜਿਵੇਂ ਬਾਲਾਂ, ਹੋਵਾਂ, ਹਾਂਸੀ, ਕਾਂਸ਼ੀ, ਸੌਂਫ, ਆਦਿ ਸ਼ਬਦਾਂ ਤੋਂ ਪ੍ਰਗਟ ਹੈ।

### ਮਿਸ਼੍ਰਿਤ ਨਾਸਿਕੀਕਰਣ

ਸ਼ਬਦ ਦੇ ਮੱਧ ਵਿਚ ਆਉਂਦੀ ਕਹੀ ਜਾਂਦੀ ਨਾਸਿਕੀ ਸੁਰ-ਧੁਨੀ ਜਦੋਂ ਸਪਰਸ਼ੀ ਜਾਂ ਸਪਰਸ਼-ਸੰਘਰਸ਼ੀ ਵਿਅੰਜਨਾਂ ਤੋਂ ਅਗੇਤਰੇ ਆਉਂਦੀ ਹੈ ਤਾਂ ਸੁਰ-ਧੁਨੀ ਤੇ ਉਸ ਦੇ ਪਿਛੇਤਰੇ ਵਿਅੰਜਨ ਦੇ ਵਿਚਕਾਰ ਕਿਸੇ ਨਾ ਕਿਸੇ ਨਾਸਿਕੀ ਵਿਅੰਜਨ ਦੀ ਸੰਖਿਪਤ ਮਾਤ੍ਰਾ ਦਾ ਉੱਚਾਰਣ ਹੁੰਦਾ ਹੈ। ਇਸੇ ਤਰ੍ਹਾਂ /ਕ, ਖ, ਗ/ ਤੋਂ ਪਹਿਲੋਂ /ਙ/; /ਚ, ਛ, ਜ/ ਤੋਂ ਪਹਿਲੋਂ /ਞ/; /ਟ, ਠ, ਡ, ਤ, ਥ, ਦ/ ਤੋਂ ਪਹਿਲੋਂ /ਨ/ ਤੇ /ਪ, ਫ, ਬ/ ਤੋਂ ਪਹਿਲੋਂ /ਮ/ ਧੁਨੀਆਂ ਦੀ ਕੁੱਝ ਮਾਤ੍ਰਾ ਦਾ ਆਉਣਾ ਆਵੱਸ਼ਕ ਹੈ। ਉਦਾਹਰਣ : ਰੰਕ, ਸੰਖ, ਰੰਗ ( ਟਿੱਪੀ=ਙ੍ ) ; ਪੰਚ, ਪੰਛੀ, ਪੰਜ ( ਟਿੱਪੀ=ਞ੍ ) ; ਘੰਟੀ, ਕੰਠੀ, ਵਾਂਢਾ, ਕੰਤ, ਪੰਥ, ਸੰਦ ( ਟਿੱਪੀ=ਨ੍ ) ; ਲੈਂਪ, ਬੰਬ, ( ਟਿੱਪੀ=ਮ੍ ) ਆਦਿ।

### ਅਗਾਊਂ ਨਾਸਿਕੀਕਰਣ

ਨਾਸਿਕੀਕਰਣ ਦੇ ਮਸ਼ੀਨੀ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਨਾਸਿਕੀਕਰਣ, ਮੱਧ-ਵਰਤੀ ਜਾਂ ਅੰਤ-ਵਰਤੀ ਅਨੁਨਾਸਿਕੀ ਵਿਅੰਜਨਾਂ ਦੇ ਉੱਚਾਰਣ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ ਤੇ ਨਾ ਕੇਵਲ ਅਗੇਤਰ ਸੁਰ-ਧੁਨੀ ਹੀ ਸਗੋਂ ਉਸ ਤੋਂ ਪਹਿਲਾਂ ਦਾ ਵਿਅੰਜਨ ਕੁੱਝ ਹੱਦ ਤੱਕ ਨਾਸਿਕੀ ਹੋ ਜਾਂਦਾ ਹੈ। ਵੇਖੋ ਨਾਲ ਦੇ ਚਿਤਰ ਨੰਬਰ ੧ ਵਿਚ, 'ਜਣਾ', 'ਜਮਾਂ', 'ਪੱਨਾਂ','ਗੱਨਾਂ' ਤੇ 'ਜ਼ਨਾਨੀ',ਅਤੇ ਚਿਤਰ ਨੰਬਰ ੨ ਵਿਚ ਜਮ, ਜਨ, ਜਣ, ਜੰਦ ਤੇ ਜੰਗ (ਜੰਙ) ਸ਼ਬਦਾਂ ਦੀਆਂ ਉੱਪਰਲੀਆਂ ਰੇਖਾਵਾਂ, ਜੋ ਇਨ੍ਹਾਂ ਸ਼ਬਦਾਂ ਦੇ

ਨਾਸਿਕੀਕਰਣ ਦੀਆਂ ਸੂਚਕ ਹਨ। ਇਹ ਰੇਖਾਵਾਂ ਸ਼ਬਦਾਂ ਦੇ ਆਰੰਭ ਵਿਚ ਹੀ ਨਾਸਿਕੀਕਰਣ ਦਾ ਪਤਾ ਦੇ ਰਹੀਆਂ ਹਨ, ਜਿਸ ਦਾ ਭਾਵ ਇਹ ਹੈ ਕਿ ਨਾਸਿਕੀ ਵਿਅੰਜਨਾਂ ਦੇ ਉੱਚਾਰਣ-ਸਮੇਂ ਤੋਂ ਪਹਿਲੋਂ ਹੀ ਸਾਡੇ ਧੁਨੀ-ਅੰਗ ਅਜੇਹੇ ਉੱਚਾਰਣ ਦੀ ਤਿਆਰੀ ਕਰਨੀ ਆਰੰਭ ਕਰ ਦਿੰਦੇ ਹਨ। ਤਿਆਰੀ-ਸਮੇਂ ਦੇ ਇਸ ਨਾਸਿਕੀਕਰਣ ਦੀ ਮਾਤ੍ਰਾ ਬਹੁਤ ਥੋੜ੍ਹੀ ਹੁੰਦੀ ਹੈ ਤੇ ਸੁਣਾਈ ਨਹੀਂ ਦਿੰਦੀ, ਪਰ ਮਸ਼ੀਨ (ਕਾਈਮੋਗ੍ਰਾਫ਼) ਇਸ ਨੂੰ ਫੜ ਲੈਂਦੀ ਹੈ।

**ਨਾਸਿਕੀਕਰਣ ਦਾ ਮਾਤ੍ਰਾ-ਵਿਸ਼ਲੇਸ਼ਣ**

ਨਾਸਿਕੀ ਧੁਨੀਆਂ ਵਾਲੇ ਸ਼ਬਦਾਂ ਦੇ ਉੱਚਾਰਣ ਦੀਆਂ ਕਾਈਮੋਗ੍ਰਾਫ ਮਸ਼ੀਨ ਰਾਹੀਂ ਲਈਆਂ ਗਈਆਂ ਰੇਖਾਵਾਂ ਦੇ ਵਿਸ਼ਲੇਸ਼ਣ ਤੋਂ ਨਾਸਿਕੀਕਰਣ ਦੀ ਮਾਤ੍ਰਾ ਬਾਰੇ ਇਹ ਪਤਾ ਲੱਗਦਾ ਹੈ :

(ੳ) ਨਾਸਿਕੀ ਵਿਅੰਜਨ ਤੋਂ ਅਗੇਤਰੀ ਸੂਰ-ਧੁਨੀ ਦੇ ਨਾਸਿਕੀਕਰਣ ਦੀ ਮਾਤ੍ਰਾ ਸ਼ੁਰੂ ਵਿਚ ਥੋੜ੍ਹੀ ਹੁੰਦੀ ਹੈ ਤੇ ਹੌਲੀ ਹੌਲੀ ਇਹ ਵਧਦੀ ਜਾਂਦੀ ਹੈ।

(ਅ) ਸਭ ਤੋਂ ਅਧਿਕ ਨਾਸਿਕੀਕਰਣ, ਨਾਸਿਕੀ ਵਿਅੰਜਨਾਂ ਦਾ ਹੁੰਦਾ ਹੈ; ਪਰ ਇਸ ਨਾਸਿਕੀਕਰਣ ਦਾ ਆਰੰਭ, ਪਹਿਲੇ ਆਏ ਸੂਰ ਦੇ ਅੰਤਲੇ ਭਾਗ ਤੋਂ ਹੀ, ਹੋ ਜਾਂਦਾ ਹੈ ਤੇ ਨਾਸਿਕੀ ਵਿਅੰਜਨ ਦੇ ਅੰਤ ਤੋਂ ਪਹਿਲੋਂ ਹੀ ਘਟਣਾ ਸ਼ੁਰੂ ਹੋ ਜਾਂਦਾ ਹੈ—ਜਦੋਂ ਇਹ ਵਿਅੰਜਨ ਮੱਧ-ਵਰਤੀ ਹੁੰਦੇ ਹਨ। ਅੰਤ-ਵਰਤੀ ਨਾਸਿਕੀ ਵਿਅੰਜਨ ਦਾ ਨਾਸਿਕੀਕਰਣ, ਅੰਤ ਸਮੇਂ ਤੱਕ, ਅਧਿਕ ਮਾਤ੍ਰਾ ਵਿਚ ਰਹਿੰਦਾ ਹੈ।

(ੲ) ਅੰਤ-ਵਰਤੀ ਸੂਰਾਂ ਦੇ ਨਾਸਿਕੀਕਰਣ ਦੀ ਮਾਤ੍ਰਾ, ਨਾਸਿਕੀ ਵਿਅੰਜਨ ਤੋਂ ਪਹਿਲੋਂ ਆਏ ਮੱਧ-ਵਰਤੀ ਸੂਰ ਦੇ ਕੇਂਦਰੀ ਭਾਗ ਦੇ ਨਾਸਿਕੀਕਰਣ ਦੀ ਮਾਤ੍ਰਾ ਨਾਲੋਂ, ਵਧੀਕ ਹੁੰਦੀ ਹੈ।

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ਉੱਤੇ, ਮਾਤ੍ਰਾ ਦੇ ਲਿਹਾਜ਼ ਨਾਲ, ਅਨੁਨਾਸਿਕੀਕਰਣ ਦੀ ਵਰਗ-ਵੰਡ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ :

| | |
|---|---|
| ੧. ਅਧਿਕ ਨਾਸਿਕੀਕਰਣ : | ਨਾਸਿਕੀ ਵਿਅੰਜਨਾਂ ਦਾ |
| ੨. ਮੱਧਮ ਨਾਸਿਕੀਕਰਣ : | ਸੂਰ-ਧੁਨੀ ਦਾ ਸ਼ੁੱਧ ਨਾਸਿਕੀਕਰਣ |
| ੩. ਮੰਦ ਨਾਸਿਕੀਕਰਣ : | ਮਿਸ਼੍ਰਿਤ ਤੇ ਸੂਰ-ਧੁਨੀ ਦਾ ਅਗਾਊਂ ਨਾਸਿਕੀਕਰਣ |
| ੪. ਅਲਪ ਨਾਸਿਕੀਕਰਣ : | ਅਗੇਤਰੀ ਨਾਸਿਕੀ ਵਿਅੰਜਨ ਧੁਨੀ ਦਾ ਅਗਾਊਂ ਨਾਸਿਕੀਕਰਣ |

**ਨਾਸਿਕੀਕਰਣ ਦਾ ਸੂਰ-ਧੁਨੀ ਦੇ ਉੱਚਾਰਣ ਉੱਤੇ ਪ੍ਰਭਾਵ**

ਅਨਾਸਿਕੀ ਸੂਰ-ਧੁਨੀਆਂ ਦੇ ਮੁਕਾਬਲੇ ਉੱਤੇ, ਨਾਸਿਕੀ ਸੂਰ-ਧੁਨੀਆਂ ਵਿਚ ਮੂੰਹ

ਵਧੇਰੇ ਖੁੱਲ੍ਹਦਾ ਹੈ, ਤੇ ਉੱਚਾਰਣ-ਸਥਾਨ ਵੀ ਪਿੱਛੇ ਜਾ ਪੈਂਦਾ ਹੈ, ਭਾਵ, ਨਾਸਿਕੀ ਸੁਰ, ਅਨਾਸਿਕੀ ਸੁਰਾਂ ਨਾਲੋਂ, ਵਧੇਰੇ ਵਿਵ੍ਰਿਤ ਤੇ ਮੂੰਹ ਦੇ ਪਿਛਲੇਰੇ ਭਾਗ ਤੋਂ ਉਚਰਿਤ ਹੋਣ ਵਾਲੇ ਹੁੰਦੇ ਹਨ।

**ਨਾਸਿਕੀ ਸਮਰੂਪਣ**

ਜੋ ਨਾਸਿਕੀ ਵਿਅੰਜਨ, ਅਨਾਸਿਕੀ ਵਿਅੰਜਨਾਂ ਤੋਂ ਪਹਿਲੋਂ ਆਉਂਦੇ ਹਨ, ਉਹ ਆਪਣੇ ਉੱਚਾਰਣ-ਸਥਾਨ ਦੀ ਥਾਂ, ਪਿਛੇਤਰੇ ਅਨਾਸਕੀ ਵਿਅੰਜਨ ਦੀ ਥਾਂ ਤੋਂ ਬੋਲੇ ਜਾਂਦੇ ਹਨ। ਜਿਵੇਂ [ਨ] ਦੀ ਧੁਨੀ ਕੰਤ, ਗ੍ਰੰਥ, ਚੰਦ, ਚੰਟ, ਕੰਠ, ਪੰਡ, ਕੰਸ, ਆਦਿ ਸ਼ਬਦਾਂ ਵਿਚ [ਤ, ਥ, ਦ, ਟ, ਠ, ਡ, ਸ] ਧੁਨੀਆਂ ਦੇ ਉੱਚਾਰਣ-ਸਥਾਨ ਤੋਂ ਬੋਲੀ ਜਾਂਦੀ ਹੈ; ਕਿਉਂਕਿ /ਣ/ ਮੂਰਧਨੀ ਧੁਨੀ ਹੈ[1] ਤੇ /ਨ/ ਦਾ ਉੱਚਾਰਣ ਵੀ, ਅਨਾਸਿਕੀ ਮੂਰਧਨੀ ਧੁਨੀਆਂ ਤੋਂ ਪਹਿਲੋਂ, ਮੂਰਧਨੀ ਹੀ ਹੋ ਜਾਂਦਾ ਹੈ। ਡਾ. ਵਿ. ਭਾ. ਅਰੁਣ ਨੇ ਟੰਟਾ, ਕੰਠਾ, ਕੰਡਾ ਤੇ ਖੁਡਾ ਸ਼ਬਦਾਂ ਦੀਆਂ ਮਿਸਾਲਾਂ /ਣ/ ਧੁਨੀ ਦੇ ਪ੍ਰਮਾਣ ਹਿਤ ਦਿੱਤੀਆਂ ਹਨ।[2] ਸੋ ਉਨ੍ਹਾਂ ਨੇ ਇਨ੍ਹਾਂ ਸ਼ਬਦਾਂ ਵਿਚ [ਨ] ਦੀ ਥਾਂ [ਣ] ਧੁਨੀ ਦੀ ਹੋਂਦ ਸ੍ਵੀਕਾਰ ਕੀਤੀ ਹੈ, ਪਰ ਸਾਡਾ ਵਿਚਾਰ ਇਹ ਹੈ ਕਿ ਇਨ੍ਹਾਂ ਸ਼ਬਦਾਂ ਵਿਚ /ਨ/ ਧੁਨੀ-ਸ਼੍ਰੇਣੀ ਦੀਆਂ ਮੂਰਧਨੀ ਧੁਨੀਆਂ ਹਨ ਨਾ ਕਿ /ਣ/ ਧੁਨੀ-ਸ਼੍ਰੇਣੀ ਦੀਆਂ। /ਣ/ ਧੁਨੀ-ਸ਼੍ਰੇਣੀ ਮੂਰਧਨੀ ਹੋਣ ਦੇ ਨਾਲ ਨਾਲ, ਉਤਖਿਪਤ ਵੀ ਹੈ ਤੇ ਇਸ ਦੇ ਪ੍ਰਥਮ ਭਾਗ ਦੇ ਉੱਚਾਰਣ ਸਮੇਂ, ਜੀਭ ਦੇ ਹੇਠਲੇ ਪਾਸੇ ਦਾ, ਤਾਲੂ ਨਾਲ ਪੂਰਨ ਮੇਲ ਨਹੀਂ ਹੁੰਦਾ, ਜਿਸ ਕਾਰਨ ਹਵਾ ਲਈ ਰਾਹ ਖੁੱਲ੍ਹਾ ਰਹਿੰਦਾ ਹੈ। ਇਸੇ ਕਰਕੇ /ਣ/ ਦੇ ਪ੍ਰਥਮ ਭਾਗ ਦਾ ਉੱਚਾਰਣ ਸੰਘਰਸ਼ੀ ਜਾਂ ਸੁਰ ਵਾਂਗ ਹੁੰਦਾ ਹੈ, ਸਪਰਸ਼ੀ ਨਹੀਂ।

**ਪੰਜਾਬੀ ਨਾਸਿਕੀ ਧੁਨੀਆਂ ਦੀ ਵਰਤੋਂ**

ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਤੇਜਾ ਸਿੰਘ, ਬਾਵਾ ਪ੍ਰੇਮ ਸਿੰਘ ਤੇ ਬਲਵੰਤ ਗਾਰਗੀ ਦਿਆਂ ਲੇਖਾਂ, 'ਸੱਚ', 'ਪੁਰਾਣਾ ਪੰਜਾਬ', 'ਸ. ਹਰੀ ਸਿੰਘ ਨਲਵਾ', 'ਸਭਿਆਚਾਰਾਂ ਦਾ ਮੇਲ' ਤੇ 'ਸਹਿਗਲ' ਦੇ ਪਹਿਲੇ ਇਕ ਇਕ ਸੌ ਸ਼ਬਦਾਂ (ਕੁੱਲ ਪੰਜ ਸੌ ਸ਼ਬਦਾਂ) ਦੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਸਾਹਿੱਤਿਕ ਪੰਜਾਬੀ ਵਿਚ ਲਗ ਭਗ ਤੀਜਾ ਹਿੱਸਾ (੩੩ ਫ਼ੀ ਸਦੀ) ਅਜੇਹੇ ਸ਼ਬਦ ਵਰਤੇ ਜਾਂਦੇ ਹਨ ਜਿਨ੍ਹਾਂ ਵਿਚ ਨਾਸਿਕੀ ਧੁਨੀ ਪਾਈ ਜਾਂਦੀ ਹੈ। ਇਨ੍ਹਾਂ ਸ਼ਬਦਾਂ ਦੀਆਂ ਕੋਈ ਸਾਢੇ ਅਠਾਰਾਂ ਕੁ ਸੌ ਧੁਨੀਆਂ ਵਿਚ ਦੋ ਸੌ ਤੀਹ ਕੁ ਧੁਨੀਆਂ (੧੨.੫ ਫ਼ੀ ਸਦੀ) ਨਾਸਿਕੀ ਹਨ। ਭਾਵ, ਅਸੀਂ ਹਰ ਅੱਠ ਧੁਨੀਆਂ ਵਿਚ, ਇਕ ਨਾਸਿਕੀ ਧੁਨੀ ਦੀ ਵਰਤੋਂ ਕਰਦੇ ਹਾਂ। ਨਾਸਿਕੀ ਧੁਨੀਆਂ

---

੧. ਸ੍ਰੀ ਦੁਨੀ ਚੰਦ ਨੇ /ਣ/ ਨੂੰ 'ਸਪਰਸ਼' ਕਿਹਾ ਹੈ ਜੋ ਸਾਡੇ ਵਿਚਾਰ ਅਨੁਸਾਰ ਸਹੀ ਨਹੀਂ! ਵੇਖੋ, ਪੰਜਾਬੀ ਭਾਸ਼ਾ ਦਾ ਵਿਕਾਸ, ੧੯੫੮, ਸਫ਼ਾ ੯੪)

2. A Comparative Phonology of Hindi and Panjabi, ਸਫ਼ਾ ੩੨.

ਚਿਤਰ ਨੰਬਰ ੧

ਜਣਾਂ




ਜ਼ਮ੍ਹਾਂ




ਪੱਨਾਂ




ਗੱਨਾਂ




ਜ਼ਨਾਨੀਂ



ਚਿਤਰ ਨੰਬਰ ੨

ਜਮ




ਜਨ




ਜਣ




ਜੰਞ




ਜੰਙ



ਵਿਚ ਅਸੀਂ ਕੋਈ ੬੩ ਫ਼ੀ ਸਦੀ-ਨਾਸਿਕ ਵਿਅੰਜਨ ਵਰਤਦੇ ਹਾਂ ਤੇ ਕੋਈ ੩੪ ਫ਼ੀ ਸਦੀ ਨਾਸਿਕੀ ਸੁਰ-ਧੁਨੀਆਂ । ਅਨੁਨਾਸਿਕੀ ਵਿਅੰਜਨਾਂ ਵਿੱਚੋਂ ਅਸੀਂ ਬਹੁਤੀ ਵਰਤੋਂ [ਨ] ਦੀ ਕਰਦੇ ਹਾਂ । ਇਨ੍ਹਾਂ ਵਿਸ਼ਲੇਸ਼ਣ ਕੀਤੇ ਸ਼ਬਦਾਂ ਵਿਚ [ਨ] ਦੀ ਵਰਤੋਂ ਬਾਕੀ ਸਾਰੇ ਨਾਸਿਕੀ ਵਿਅੰਜਨਾਂ ਦੀ ਕੁੱਲ ਗਿਣਤੀ ਨਾਲੋਂ ਵੀ ਵਧੀਕ ਹੋਈ ਹੈ ।[1] ਘਟਦੀ ਜਾਂਦੀ ਵਰਤੋਂ ਅਨੁਸਾਰ ਅਸੀਂ ਪੰਜਾਬੀ ਨਾਸਿਕੀ ਵਿਅੰਜਨਾਂ ਨੂੰ [ਨ, ਮ, ਣ, ਞ, ਙ] ਦੇ ਕ੍ਰਮ ਵਿਚ ਰੱਖ ਸਕਦੇ ਹਾਂ । ਸੁਰ-ਧੁਨੀਆਂ ਵਿੱਚੋਂ ਕੇਵਲ [ਈ, ਏ, ਐ, ਆ, ਓ, ਊ] ਭਾਵ, ਦੀਰਘ ਸੁਰ ਹੀ ਨਾਸਿਕੀ ਪ੍ਰਾਪਤ ਹੋਏ ਹਨ । [ਅ] ਨੂੰ ਸਭ ਤੋਂ ਵਧੀਕ ਨਾਸਿਕੀ ਕੀਤਾ ਜਾਂਦਾ ਹੈ । ਕੇਵਲ ਇਸ ਵਿਸ਼ਲੇਸ਼ਣ ਦੇ ਅਧਾਰ ਉੱਤੇ, ਘਟਦੀ ਜਾਂਦੀ ਵਰਤੋਂ ਅਨੁਸਾਰ ਨਾਸਿਕੀ ਸੁਰ-ਧੁਨੀਆਂ ਨੂੰ [ਆ, ਈ, ਓ, ਊ, ਐ] ਦੇ ਕ੍ਰਮ ਵਿਚ ਰੱਖ ਸਕਦੇ ਹਾਂ ।

## ਪਾਰਿਭਾਸ਼ਿਕ ਸ਼ਬਦਾਵਲੀ

ਇਸ ਲੇਖ ਵਿਚ ਆਏ ਪਾਰਿਭਾਸ਼ਿਕ ਸ਼ਬਦਾਂ ਦੇ ਅੰਗ੍ਰੇਜ਼ੀ ਸਮਾਨਰਥ ਹੇਠਾਂ ਦਿੱਤੇ ਜਾਂਦੇ ਹਨ :

ਸੁਰ—Vowel
ਵਿਅੰਜਨ—Consonant
ਨਾਸਿਕੀਕਰਣ—Nasalization
ਨਾਸਿਕੀ—Nasal, Nasaliz:
ਨਾਸਿਕ—Nasal (Consonant
ਸ਼ੁੱਧ ਨਾਸਿਕੀਕਰਣ—Pure Nasalisation
ਸਪਰਸ਼—Stop (consonants)
ਸੰਘਰਸ਼—Fricative
ਸਪਰਸ਼ ਸੰਘਰਸ਼ੀ—Affricates
ਮਿਸ਼੍ਰਿਤ ਨਾਸਿਕੀਕਰਣ—Mixed Nasalization
ਸਮਰੂਪਣ—Assimilation
ਅੰਤ-ਵਰਤੀ—Final
ਮੱਧ-ਵਰਤੀ—Medial
ਅਗਾਊਂ ਨਾਸਿਕੀਕਰਣ—Anticipatory Nasalization
ਵਿਵ੍ਰਿਤ—Open
ਉਤਖਿਪਤ—Flapped
ਮੂਰਧਨੀ—Retroflexed

---

੧. ਪ੍ਰੋ: ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਵਿਚ, ਨਾਸਿਕ ਵਿਅੰਜਨਾਂ ਵਿੱਚੋਂ, ਸਭ ਤੋਂ ਵਧੀਕ ਵਰਤੋਂ [ਣ] ਦੀ ਮੰਨੀ ਹੈ, ਤੇ [ਣ] ਦੇ ਮੁਕਾਬਲੇ ਵਿਚ [ਨ] ਦੀ ਘੱਟ । ਵੇਖੋ, ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ (੧੯੫੫), ਸਫ਼ਾ ੩੪੧-੪੨.

# ਯੋਗੀ ਸ਼ਿਵਨਾਥ

### ਗੋਵਿੰਦ ਨਾਥ ਰਾਜਗੁਰੂ

ਪੰਜਾਬ ਦੇ ਗੱਦ-ਸਾਹਿੱਤ ਦਾ ਪੂਰਾ ਇਤਿਹਾਸ ਅਜੇ ਲਿਖਿਆ ਜਾਣਾ ਹੈ। ਪੰਜਾਬ ਵਿਚ ਖਿੰਡੇ ਪਏ ਅਣਗਿਣਤ ਹੱਥ-ਲਿਖਤ ਗੱਦ-ਗ੍ਰੰਥਾਂ ਨੂੰ ਵੇਖ ਕੇ ਮੈਨੂੰ ਜਾਪਦਾ ਹੈ ਕਿ ਅਜੇ ਤੀਕ ਇਸ ਸਾਹਿੱਤ ਦਾ ਚੌਥਾ ਹਿੱਸਾ ਵੀ ਪ੍ਰਕਾਸ਼ ਵਿਚ ਨਹੀਂ ਆਇਆ। ਇਹ ਸਾਰਾ ਅਪ੍ਰਕਾਸ਼ਿਤ ਸਾਹਿੱਤ ਮਨੁੱਖੀ ਜੀਵਨ ਦੇ ਅਨੇਕ ਪੱਖਾਂ ਦਾ ਬਹੁਤ ਸੁਹਣਾ ਚਿਤਰ ਅਸਾਡੇ ਸਾਹਮਣੇ ਪੇਸ਼ ਕਰਦਾ ਹੈ।

੧੭ਵੀਂ ਸਦੀ ਦੇ ਸੋਢੀ ਮਿਹਰਬਾਨ ਤੇ ਉਹਨਾਂ ਦੇ ਵਿਦਵਾਨ ਪੁੱਤਰ ਹਰਿ ਜੀ ਦੀ ਸਾਹਿੱਤ ਸੇਵਾ ਅਤੇ ਸੇਵਾ-ਪੰਥੀਆਂ ਦੀ ਗੱਦ-ਰਚਨਾ ਦਾ ਨਿਰਣਾ; ਪਾਰਸ ਭਾਗ ਤੇ ਯੋਗ ਵਸ਼ਿਸ਼ਠ ਦਾ ਮੁਲੰਕਣ; ੧੮ਵੀਂ ਸਦੀ ਦੇ ਦਿਆਲ ਅਨੇਮੀ ਤੇ ਆਨੰਦਘਨ[1] ਵਰਗੇ ਮੁਖ ਗੱਦਕਾਰਾਂ ਦੀ ਖੋਜ ਪੜਚੋਲ; ੧੯ ਵੀਂ ਸਦੀ ਦੇ ਪੰਡਿਤ ਤਾਰਾ ਸਿੰਘ ਨਰੋਤਮ, (ਖ਼ਾਸ ਤੌਰ ਉੱਤੇ ਉਨ੍ਹਾਂ ਦੇ ਕੋਸ਼ ਗ੍ਰੰਥ), ਬਾਬਾ ਸਾਧੂ ਸਿੰਘ, ਭਾਨੂਦੱਤ ਸ਼ਾਸਤ੍ਰੀ, ਬਿਹਾਰੀ ਲਾਲ ਪੁਰੀ, ਬਾਬਾ ਬੁਢਾ ਸਿੰਘ[2], ਆਦਿਕ ਗੱਦਕਾਰਾਂ ਦਾ ਅਧਿਐਨ, ਪੰਜਾਬੀ ਦੀ ਸਭ ਤੋਂ ਵੱਡੀ ਲੋੜ ਹੈ। ਇਸ ਤੋਂ ਵੀ ਵੱਡੀ ਲੋੜ ਹੈ ਵਿਗਿਆਨਿਕ ਖੋਜ ਪੜਚੋਲ ਦੀ। ਬੱਝੀਆਂ, ਘਸੀਆਂ ਲੀਹਾਂ

---

੧. ਆਨੰਦਘਨ ਦੀਆਂ ਗੁਰਬਾਣੀ ਦੀਆਂ ਟੀਕਾਵਾਂ ਬਹੁਤ ਮਹਤੂ-ਪੂਰਣ ਹਨ। ਭਾਈ ਸੰਤੋਖ ਸਿੰਘ ਨੇ ਇਨ੍ਹਾਂ ਦੇ ਆਸ਼ੇ ਨੂੰ ਨਾ ਸਮਝ ਕੇ ਇਨ੍ਹਾਂ ਦੀ ਜਪੁਜੀ ਦੀ ਟੀਕਾ ਦਾ ਅਨੁਚਿਤ ਖੰਡਨ ਕੀਤਾ ਹੈ। ਅਨੰਦਘਨ ਬਹੁਤ ਸ਼ਕਤੀਸ਼ਾਲੀ ਗੱਦ ਲੇਖਕ ਤੇ ਗੁਰਬਾਣੀ ਦਾ ਖੋਜੀ ਵਿਆਖਿਆਕਾਰ ਸੀ।

੨. ਬਾਬਾ ਬੁੱਢਾ ਸਿੰਘ ਕੋਸ਼ਕਾਰੀ ਦੇ ਪੰਡਿਤ ਸਨ। ਪੁਰਾਣੇ ਪੰਜਾਬੀ ਅਖ਼ਬਾਰਾਂ ਦੀਆਂ ਫ਼ਾਈਲਾਂ ਵਿਚ ਇਨ੍ਹਾਂ ਦੇ ਲੇਖ ਮਿਲਦੇ ਹਨ। ਤਰਖਾਣਾਂ, ਕਿਰਸਾਣਾਂ ਆਦਿਕ ਲੋਕਾਂ ਦੇ ਜੀਵਨ ਦੀ ਸ਼ਬਦਾਵਲੀ ਦਾ ਚੋਖਾ ਸੰਗ੍ਰਹਿ ਇਨ੍ਹਾਂ ਨੇ ਕੀਤਾ ਸੀ।

ਉੱਤੇ ਚੱਲਣ ਦੀ ਬਾਣ, ਅਤੇ ਕੇਵਲ ਇਮਤਿਹਾਨਾਂ ਲਈ 'ਕੱਚਾ ਮਾਲ' ਤਿਆਰ ਕਰਨ ਦੀ ਭੇਡ-ਚਾਲ ਨੂੰ ਤਿਲਾਂਜਲੀ ਦੇਣ ਦੀ ਬੜੀ ਲੋੜ ਹੈ ।

ਇਸ ਲੇਖ ਵਿੱਚ ੧੯ ਵੀਂ ਸਦੀ ਦੇ ਇਕ ਪ੍ਰਸਿੱਧ ਗੱਦਕਾਰ, ਯੋਗੀ ਸ਼ਿਵਨਾਥ ਜੀ ਦੇ ਚਰਨਾਂ ਵਿੱਚ ਇਕ ਸ਼ਰਧਾਂਜਲੀ ਭੇਟ ਕੀਤੀ ਗਈ ਹੈ । ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਇਤਿਹਾਸਕਾਰਾਂ ਨੇ ਅਜੇ ਤੱਕ ਇਸ ਰਤਨ ਨੂੰ ਪਰਖਣ ਦੀ ਖੇਚਲ ਨਹੀਂ ਕੀਤੀ। ਅੱਜ, ੫੪ ਸਾਲਾਂ ਮਗਰੋਂ, ਸ਼ਾਇਦ ਪਹਿਲੀ ਵਾਰ ਹੀ, ਉਨ੍ਹਾਂ ਦੇ ਬਾਰੇ ਚਰਚਾ ਕਰਨ ਦਾ ਅਵਸਰ ਪੈਦਾ ਹੋ ਰਿਹਾ ਹੈ ।

**ਜੀਵਨ : (੧੮੩੫—੧੯੧੧ ਈ:)**

ਯੋਗੀ ਜੀ ਦੇ ਜੀਵਨ ਬਾਰੇ ਕੋਈ ਬਹੁਤੀ ਸਾਮਗ੍ਰੀ ਅਜ ਨਹੀਂ ਮਿਲਦੀ । ਓਰੀਐਂਟਲ ਕਾਲਜ, ਲਾਹੌਰ ਦੇ ਕੁੱਝ ਰੀਕਾਰਡ ਅਤੇ ਆਪਣੇ ਪਰਿਵਾਰ ਦੀਆਂ ਕੁੱਝ ਯਾਦਾਂ ਦੇ ਅਨੁਸਾਰ ਅਸੀਂ ਉਨ੍ਹਾਂ ਦੇ ਜੀਵਨ ਦੀ ਸੰਗਲੀ ਜੋੜਨ ਦਾ ਜਤਨ ਕੀਤਾ ਹੈ।

ਪੰਡਿਤ ਸ਼ਿਵਨਾਥ, ਮੇਰੇ ਬਾਬਾ ਜੀ ਸਨ । ਉਨ੍ਹਾਂ ਦਾ ਜਨਮ ਲਾਹੌਰ ਦੇ ਇਕ ਪੁਰਾਣੇ ਬ੍ਰਾਹਮਣ ਖ਼ਾਨਦਾਨ ਵਿੱਚ ਹੋਇਆ । ਮਹਾਰਾਜਾ ਰਣਜੀਤ ਸਿੰਘ, ਇਸ ਬ੍ਰਾਹਮਣ ਖ਼ਾਨਦਾਨ ਦੇ ਬੜੇ ਸ਼ਰਧਾਲੂ ਸਨ । ਮਹਾਰਾਜ ਨੇ ਇਸ ਖ਼ਾਨਦਾਨ ਨੂੰ ਬਹੁਤ ਧਨ ਤੇ ਵੱਡੀ ਜਾਗੀਰ ਦੇ ਕੇ ਸਨਮਾਨ ਬਖ਼ਸ਼ਿਆ ਸੀ । ਸ਼ਿਵਨਾਥ ਜੀ ਦੇ ਪਿਤਾ ਦਾ ਨਾਂ ਪੰਡਿਤ ਮਧੁਸੂਦਨ ਦੱਤ ਸੀ । ਉਹ ਆਪਣੇ ਸਮੇਂ ਦੇ ਬੜੇ ਪ੍ਰਸਿੱਧ ਜੋਤਸ਼ੀ ਸਨ । ਉਸ ਜ਼ਮਾਨੇ ਦੇ ਸਰਕਾਰੀ ਕਾਗ਼ਜ਼ਾਂ, ਅਖ਼ਬਾਰਾਂ, ਰੋਜ਼ਨਾਮਚਿਆਂ, ਆਦਿ ਇਤਿਹਾਸਿਕ ਲਿਖਤਾਂ ਵਿੱਚ ਇਨ੍ਹਾਂ ਦਾ ਜ਼ਿਕਰ ਕਈ ਵਾਰੀ ਆਇਆ ਹੈ ।[1] ੪੦ ਸਾਲ ਦੀ ਉਮਰ ਵਿੱਚ ਉਨ੍ਹਾਂ ਦੇ ਘਰ, ੧੫ ਸਤੰਬਰ, ੧੮੩੫ ਨੂੰ ਇਕ ਪੁੱਤਰ ਦਾ ਜਨਮ ਹੋਇਆ ।

ਪੰਡਿਤ ਮਧੁਸੂਦਨ ਦੱਤ ਜੀ, ਨਾਥ-ਸਾਧੂਆਂ ਦੇ ਬੜੇ ਭਗਤ ਸਨ । ਉਨ੍ਹਾਂ ਨੇ ਆਪਣੇ ਇਸ ਪੁੱਤਰ ਨੂੰ ਯੋਗੀਆਂ ਦੇ ਮੱਠ (ਲੰਗੇ ਮੰਡੀ, ਲਾਹੌਰ) ਵਿੱਚ ਚੜ੍ਹਾ ਦਿੱਤਾ । ਬੱਚੇ ਦਾ ਪਾਲਣ-ਪੋਸਣ ਤਾਂ ਘਰ ਵਿੱਚ ਹੀ ਹੋਇਆ ਪਰ ਪੰਡਿਤ ਜੀ ਅਪਣੇ ਇਸ ਪੁੱਤਰ ਨੂੰ ਯੋਗੀਆਂ ਦੀ ਅਮਾਨਤ ਹੀ ਸਮਝਦੇ ਰਹੇ ਤੇ ਉਨ੍ਹਾਂ ਨੇ ਉਸ ਦਾ ਨਾਂ ਵੀ 'ਨਾਥ ਨਾਲ ਹੀ ਰੱਖਿਆ । ਇਸ ਤਰ੍ਹਾਂ ਯੋਗੀ ਜੀ ਨੂੰ ਪਹਿਲੀ ਪਦਵੀ (ਨਾਥ) ਆਪਣੇ ਪਿਤਾ ਤੋਂ ਮਿਲੀ । 'ਸ਼ਿਵਦੱਤ' ਦੀ ਥਾਂ ਉਨ੍ਹਾਂ ਦਾ ਨਾਉਂ 'ਸ਼ਿਵ ਨਾਥ' ਰੱਖਿਆ ਗਿਆ ।

ਵਿਆਹ ਦੇ ਸਮੇਂ ਯੋਗੀਆਂ ਦੇ ਮੱਠ ਨੂੰ ਚੋਖੀ ਰਕਮ ਦੇ ਕੇ ਸ਼ਿਵਨਾਥ ਜੀ ਨੂੰ ਯੋਗੀਆਂ ਕੋਲੋਂ ਵਾਪਸ ਲਿਆਂਦਾ ਗਿਆ ਅਤੇ ਉਨ੍ਹਾਂ ਨੇ ਮਰਯਾਦਾ ਦੇ ਅਨੁਸਾਰ ਗ੍ਰਿਹਸਥ ਧਰਮ ਵਿੱਚ ਪ੍ਰਵੇਸ਼ ਕੀਤਾ ।

---

੧. ਵੇਖੋ : ਅਖ਼ਬਾਰ ਡੇਉਢੀ ਕਾ ਮਿਤੀ ੭ ਜੁਲਾਈ, ੧੮੩੧, ਪਤਰਾ ੫ । ਇਹ ਖਰੜਾ ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿੱਚ ੭੭੧ ਨੰਬਰ ਉੱਤੇ ਮੌਜੂਦ ਹੈ ।

ਪੰਡਿਤ ਸ਼ਿਵਨਾਥ ਜੀ ਦੇ ਸਮੇਂ ਲਾਹੌਰ, ਸੰਸਕ੍ਰਿਤ ਵਿਦਿਆ ਦਾ ਕੇਂਦਰ ਸੀ। ਉਨ੍ਹਾਂ ਨੇ ਸੰਸਕ੍ਰਿਤ ਦੇ ਕਿਸੇ ਤਗੜੇ ਵਿਦਵਾਨ ਤੋਂ ਸੰਸਕ੍ਰਿਤ ਪੜ੍ਹੀ। ਫ਼ਾਰਸੀ, ਉਰਦੂ, ਹਿੰਦੀ ਅਤੇ ਪੰਜਾਬੀ ਦੇ ਨਾਲ ਨਾਲ, ਅੰਗ੍ਰੇਜ਼ੀ ਰਾਜ ਦੇ ਸਮੇਂ (੧੮੪੮-੫੦), ਉਨ੍ਹਾਂ ਨੂੰ ਅੰਗ੍ਰੇਜ਼ੀ ਪੜ੍ਹਨ ਦਾ ਅਵਸਰ ਵੀ ਮਿਲਿਆ।

ਉਨ੍ਹਾਂ ਦੀ ਪੜ੍ਹਾਈ ਦਾ ਪੂਰਾ ਵੇਰਵਾ ਤਾਂ ਨਹੀਂ ਮਿਲਦਾ ਪਰ ਲਾਹੌਰ ਯੂਨੀ-ਵਰਸਿਟੀ ਦੇ ਰੀਕਾਰਡ ਤੋਂ ਪਤਾ ਚਲਦਾ ਹੈ ਕਿ ਓਰੀਐਂਟਲ ਕਾਲਜ, ਲਾਹੌਰ ਦੀ ਸੰਸਕ੍ਰਿਤ ਪ੍ਰੀਖਿਆ 'ਵਿਸ਼ਾਰਦ' ਪਾਸ ਕਰਨ ਵਾਲੇ ਆਪ ਪਹਿਲੇ ਵਿਦਿਆਰਥੀ ਸਨ।

ਓਰੀਐਂਟਲ ਕਾਲਜ ਵਿੱਚ, ਹਿੰਦੀ-ਪੰਜਾਬੀ ਇਮਤਿਹਾਨਾਂ ਦਾ ਸਿਲਸਿਲਾ ੧੮੬੫ ਤੋਂ ਬਾਦ ਵਿੱਚ ਸ਼ੁਰੂ ਹੋਇਆ। ਇਉਂ ਜਾਪਦਾ ਹੈ ਕਿ ਯੋਗੀ ਜੀ ਪਹਿਲਾਂ ਤਾਂ ਸੁਤੰਤਰ ਤੌਰ ਉੱਤੇ ਪੜ੍ਹਦੇ ਰਹੇ, ਫੇਰ ਜਦੋਂ ਇਮਤਿਹਾਨ ਸ਼ੁਰੂ ਹੋਏ ਤਾਂ ਉਹ ਵੀ ਉਨ੍ਹਾਂ ਨੇ ਪਾਸ ਕਰ ਲਏ।

ਇਸ ਤਰ੍ਹਾਂ, 'ਨਾਥ' ਤੋਂ ਬਾਦ ਦੂਜਾ ਸ਼ਬਦ 'ਵਿਸ਼ਾਰਦ' ਉਨ੍ਹਾਂ ਨੇ, ਇਕ ਡਿਗਰੀ ਦੇ ਤੌਰ ਤੇ, ਆਪਣੇ ਨਾਂ ਦੇ ਨਾਲ ਲਾਉਣਾ ਸ਼ੁਰੂ ਕੀਤਾ।

ਯੋਗੀ ਜੀ ਅਪਣੇ ਨਾਂ ਦੇ ਨਾਲ I. A. ਵੀ ਲਿਖਦੇ ਸਨ। ਸ਼ਾਇਦ ਉਨ੍ਹਾਂ ਨੇ ਇੰਟਰ-ਆਰਟਸ ਦਾ ਇਮਤਿਹਾਨ ਵੀ ਪਾਸ ਕੀਤਾ ਹੋਇਆ ਸੀ। ਅਤੇ ਇਸੇ ਦਾ ਸੰਖਿਪਤ I. A. ਉਹ ਅਪਣੇ ਨਾਂ ਦੇ ਨਾਲ ਲਾਉਂਦੇ ਸਨ।

ਇਸ ਤਰ੍ਹਾਂ ਯੋਗੀ ਜੀ ਇਮਤਿਹਾਨੀ ਡਿਗਰੀਆਂ ਦੇ ਨਾਲ ਨਾਲ, ਮਨ ਤੇ ਮਸਤਕ ਦੀ ਚੋਖੀ ਪੂੰਜੀ ਲੈ ਕੇ, ੧੮੭੬ ਵਿਚ, ਓਰੀਐਂਟਲ ਕਾਲੰਜ, ਲਾਹੌਰ ਦੇ ਅਧਿਆਪਕ ਨਿਯੁਕਤ ਹੋਏ। ਉਸ ਵੇਲੇ ਉਨ੍ਹਾਂ ਨੂੰ ਹਿੰਦੀ ਤੇ ਸਾਇੰਸ ਪੜ੍ਹਾਉਣ ਦੀ ਸੇਵਾ ਦਿੱਤੀ ਗਈ। ਇਸ ਤੋਂ ਪਿੱਛੋਂ ਯੋਗੀ ਜੀ, ਹੈਡ ਹਿੰਦੀ ਟੀਚਰ ਅਤੇ ਹੈਡ ਪੰਜਾਬੀ ਟੀਚਰ ਵੀ ਰਹੇ।

ਓਰੀਐਂਟਲ ਕਾਲਜ, ਦਾ ਅਧਿਆਪਕ ਹੋਣਾ ਉਸ ਵੇਲੇ ਬੜੇ ਮਾਣ-ਮਹਤ੍ਵ ਦੀ ਗੱਲ ਸੀ ਕਿਉਂਕਿ ਇਸ ਵਰਗਾ ਕਾਲਜ ਭਾਰਤ ਤਾਂ ਕੀ, ਏਸ਼ੀਆ ਵਿੱਚ ਵੀ ਹੋਰ ਕੋਈ ਨਹੀਂ ਸੀ। ਉਰਦੂ, ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਨੇ ਇਸ ਕਾਲਜ ਕਰਕੇ ਬੜੀ ਤਰੱਕੀ ਕੀਤੀ।

'ਤਾਰੀਖਿ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ, ਲਾਹੌਰ'[1] ਵਿੱਚ ਇਸ ਤੱਰਕੀ ਦਾ ਬੜਾ ਵੇਰਵਾ ਦਿੱਤਾ ਹੋਇਆ ਹੈ।

ਯੋਗੀ ਜੀ ਨੇ ਇਸ ਕਾਲਜ ਦੇ ਇਮਤਿਹਾਨਾਂ ਲਈ ਕਈ ਪਾਠ-ਪੁਸਤਕਾਂ ਲਿਖੀਆਂ। ਅਸਲ ਵਿੱਚ ਉਨ੍ਹਾਂ ਦੀਆਂ ਸਾਰੀਆਂ ਪੁਸਤਕਾਂ ਕਿਸੇ ਨਾ ਕਿਸੇ ਘਾਟ ਨੂੰ ਪੂਰਾ ਕਰਨ ਲਈ

---

੧. ਲੇਖਕ, ਡਾ: ਜ਼ੁਲਫ਼ਿਕਾਰ, ਲੈਕਚਰਰ, ਉਰਦੂ ਵਿਭਾਗ, ਓਰੀਐਂਟਲ ਕਾਲਜ, ਲਾਹੌਰ, ੧੯੬੫ ਈ.)

ਹੀ ਲਿਖੀਆਂ ਗਈਆਂ ਸਨ । ਉਨ੍ਹਾਂ ਦੇ ਓਰੀਐਂਟਲ ਕਾਲਜ ਵਿਚ ਅਧਿਆਪਕ ਲੱਗਣ ਤੋਂ ਕੁੱਝ ਚਿਰ ਪਹਿਲਾਂ ਉਨ੍ਹਾਂ ਦੀ ਪਤਨੀ ਦਾ ਦੇਹਾਂਤ ਹੋ ਚੁੱਕਾ ਸੀ । ਉਸ ਵੇਲੇ ਉਨ੍ਹਾਂ ਦੇ ਘਰ ਇੱਕੋ ਇਕ ਪੁੱਤਰ ਸੀ : ਪੁੱਤਰ ਦਾ ਨਾਂ ਮੌਕਤਿਕ ਨਾਥ ਸੀ, ਪਰ ਲੋਕਾਂ ਵਿਚ ਉਹ 'ਮੋਤੀ ਨਾਥ' ਕਰ ਕੇ ਹੀ ਪ੍ਰਸਿੱਧ ਸੀ । ਇਹ ਮੇਰੇ ਪਿਤਾ ਜੀ ਸਨ ।

ਪਤਨੀ ਦੇ ਦੇਹਾਂਤ ਤੋਂ ਪਿੱਛੋਂ ਬਾਬਾ ਜੀ (ਪੰਡਿਤ ਸ਼ਿਵਨਾਥ ਜੀ) ਕਾਫ਼ੀ ਚਿਰ ਪਰੇਸ਼ਾਨ ਰਹੇ । ਸਾਧੂ ਲਹਿਰ ਨਾਥ ਜੀ ਦੇ ਉਪਦੇਸ਼ਾਂ ਨਾਲ ਉਹ ਜਲਦੀ ਹੀ ਸੰਭਲ ਗਏ ਪਰ ਗ੍ਰਿਹਸਥ ਵੱਲ ਮੁੜਨਾ ਉਨ੍ਹਾਂ ਨੇ ਅਯੋਗ ਸਮਝਿਆ । ਕੁੱਝ ਚਿਰ ਮਗਰੋਂ ਸਾਧੂ ਲਹਿਰ ਨਾਥ ਜੀ ਕੋਲੋਂ ਉਨ੍ਹਾਂ ਨੇ ਨਾਥ ਸੰਪਰਦਾਇ ਦਾ ਮੰਤਰ ਗ੍ਰਹਿਣ ਕੀਤਾ ਤੇ ਮਰਿਯਾਦਾ ਅਨੁਸਾਰ ਯੋਗੀਆਂ ਵਾਲਾ ਰੂਪ ਵੀ ਅਪਣਾ ਲਿਆ ।

ਯੋਗੀ ਬਣਨ ਤੋਂ ਪਿੱਛੋਂ ਵੀ ਉਹ ਕਾਲਜ ਦੇ ਅਧਿਆਪਕ ਬਣੇ ਰਹੇ ਤੇ ਸਾਹਿੱਤ ਸੇਵਾ ਵੀ ਜਿਉਂ ਦੀ ਤਿਉਂ ਕਰਦੇ ਰਹੇ ।

੧੮੮੫ ਈ. ਦੇ ਨੇੜੇ ਸਾਧੂ ਲਹਿਰ ਨਾਥ ਜੀ ਦੀ ਮ੍ਰਿਤੂ ਹੋਈ ਤਾਂ ਉਨ੍ਹਾਂ ਦੇ ਮਗਰੋਂ ਬਾਬਾ ਜੀ ਲੰਗੇ ਮੰਡੀ ਦੇ ਅਸਥਾਨ ਵਿਚ ਸਰਬ-ਸੰਮਤੀ ਨਾਲ 'ਪੀਰ' ਚੁਣੇ ਗਏ ।

ਇਸ ਤਰ੍ਹਾਂ 'ਯੋਗੀ' ਅਤੇ 'ਪੀਰ' ਵਾਲੀਆਂ ਪਦਵੀਆਂ ਉਨ੍ਹਾਂ ਨੂੰ ਨਾਥ-ਸੰਪਰਦਾਇ ਨੇ ਦਿੱਤੀਆਂ ਅਤੇ ਵਿਸ਼ਾਰਦ, ਆਦਿ ਦੀਆਂ ਉਪਾਧੀਆਂ ਉਨ੍ਹਾਂ ਨੇ ਓਰੀਐਂਟਲ ਕਾਲਜ, ਲਾਹੌਰ ਤੋਂ ਪ੍ਰਾਪਤ ਕੀਤੀਆਂ । ਉਹ ਜਨਮ ਦੇ ਬ੍ਰਾਹਮਣ ਸਨ ਪਰ ਆਪਣੇ ਕਰਮਾਂ ਕਰਕੇ ਵੱਡੇ ਪੰਡਿਤ ਸਨ । ਇਸ ਤਰ੍ਹਾਂ ਉਨ੍ਹਾਂ ਦੇ ਪੂਰੇ ਨਾਂ--'ਪੰਡਿਤ ਯੋਗੀ (ਜੋਗੀ) ਪੀਰ ਸ਼ਿਵਨਾਥ ਵਿਸ਼ਾਰਦ I.A.' ਦੀ ਵਿਆਖਿਆ ਹੋ ਜਾਂਦੀ ਹੈ ।

## ਸਾਹਿੱਤ-ਸੇਵਾ

ਯੋਗੀ ਜੀ ਦੀਆਂ ਰਚਨਾਵਾਂ ਦਾ ਹਰ ਇਕ ਅੱਖਰ ਪੰਜਾਬੀ ਭਾਸ਼ਾ ਦੇ ਪਿਆਰ ਦਾ ਗੀਤ ਹੈ । ਉਨ੍ਹਾਂ ਦਾ ਜੀਵਨ ਪੰਜਾਬੀ ਲਈ ਅਰਪਿਤ ਸੀ ਤੇ ਪੰਜਾਬੀ ਭਾਸ਼ਾ ਅਤੇ ਉਸ ਦੇ ਸਾਹਿੱਤ ਦੀ ਸੇਵਾ ਕਰਨਾ ਉਨ੍ਹਾਂ ਦੇ ਜੀਵਨ ਦਾ ਇੱਕੋ ਇਕ ਉੱਦੇਸ਼ ਸੀ ।

ਸੰਸਕ੍ਰਿਤ ਦੇ ਵਿਦਵਾਨ, ਆਮ ਤੌਰ ਉੱਤੇ, ਲੋਕ-ਭਾਸ਼ਾਵਾਂ ਦੇ ਪ੍ਰਚਾਰ ਦੇ ਵਿਰੋਧੀ ਰਹੇ ਹਨ । ਇਨ੍ਹਾਂ ਦੇ ਹਠ ਅਤੇ ਕੱਟੜਤਾ ਨੇ ਬੜੀ ਵਾਰ ਲੋਕ-ਭਾਸ਼ਾਵਾਂ ਦੀ ਤਰੱਕੀ ਵਿੱਚ ਭਾਰੀ ਰੁਕਾਵਟ ਪਾਈ ਹੈ ।

ਇਸ ਤੋਂ ਬਿਨਾਂ, ਉਸ ਵੇਲੇ ਦੇ ਸੰਸਕ੍ਰਿਤ ਦੇ ਵਿਦਵਾਨਾਂ ਨੂੰ ਗਣਿਤ ਅਤੇ ਇਤਿਹਾਸ, ਆਦਿ ਨਾਲ ਵੀ ਕੋਈ ਬਹੁਤੀ ਦਿਲਚਸਪੀ ਨਹੀਂ ਸੀ ਹੁੰਦੀ ।

ਪਰ ਯੋਗੀ ਜੀ ਨੇ ਆਪਣੇ ਸੰਸਕ੍ਰਿਤ ਦੇ ਵਿਆਪਕ ਗਿਆਨ ਦੀ ਨੀਂਹ ਉੱਤੇ, ਪੰਜਾਬੀ ਦਾ ਮਹੱਲ ਉਸਾਰਨ ਦਾ ਸਫਲ ਜਤਨ ਕੀਤਾ । ਸੰਸਕ੍ਰਿਤ ਦੇ ਪ੍ਰਸਿੱਧ ਨਾਟਕਾਂ ਤੇ ਹੋਰ ਕਿਤਾਬਾਂ ਦਾ ਪੰਜਾਬੀ ਵਿਚ ਅਨੁਵਾਦ ਕਰਨ ਤੋਂ ਛੁੱਟ, ਉਨ੍ਹਾਂ ਨੇ ਗਣਿਤ ਦੀ

ਇਕ ਪ੍ਰਸਿੱਧ ਪੁਸਤਕ ਯੂਕਲਿਡ ਦਾ ਅਤੇ ਕੁੱਝ ਅੰਗ੍ਰੇਜ਼ੀ ਅਤੇ ਫ਼ਾਰਸੀ ਦੀਆਂ ਇਤਿਹਾਸ-ਸੰਬੰਧੀ ਪੁਸਤਕਾਂ ਦੇ ਪੰਜਾਬੀ ਅਨੁਵਾਦ ਵੀ ਤਿਆਰ ਕੀਤੇ। ਯੋਗੀ ਜੀ ਆਪਣੇ ਜਮਾਨੇ ਦੇ ਪਹਿਲੇ ਪੰਜਾਬੀ ਲੇਖਕ ਸਨ ਜਿਨ੍ਹਾਂ ਨੂੰ ਸੰਸਕ੍ਰਿਤ ਦੇ ਨਾਲ ਨਾਲ ੧੯ ਵੀਂ ਸਦੀ ਦੇ ਪੰਜਾਬ ਦੀਆਂ ਵਿਦਿਅਕ ਲੋੜਾਂ ਅਤੇ ਸਮੱਸਿਆਵਾਂ ਦੀ ਜਾਣਕਾਰੀ ਸੀ।

ਵਿਗਿਆਨਿਕ ਢੰਗ ਨਾਲ ਸੋਚਣ ਦੀ ਸ਼ਕਤੀ ਅਤੇ ਭਾਰਤ ਦੀਆਂ ਸਾਹਿੱਤਿਕ ਤੇ ਇਤਿਹਾਸਿਕ ਪਰੰਪਰਾਵਾਂ ਦੇ ਸੂਤਰ ਜੋੜ ਸਕਣ ਦੀ ਅਦਭੁਤ ਸ਼ਕਤੀ ਦੀ ਦਾਤ ਲੈ ਕੇ ਉਹ ਪੰਜਾਬੀ ਦੇ ਖੇਤਰ ਵਿਚ ਉਤਰੇ ਅਤੇ ੧੨ ਪੁਸਤਕਾਂ ਤੇ ਲਗ ਭਗ ਤਿੰਨ ਹਜ਼ਾਰ ਪੱਤਰਿਆਂ ਦੀ ਗੱਦ ਤੇ ਪੱਦ ਦੀ ਸਾਮਗ੍ਰੀ ਪੰਜਾਬੀ ਨੂੰ ਭੇਟ ਕਰ ਗਏ।

ਸੰਨ ੧੮੭੦ ਤੋਂ ਲੈ ਕੇ ੧੯੧੧ ਤੀਕ ਪੰਜਾਬ ਸਰਕਾਰ ਦੀਆਂ ਰਪੋਟਾਂ, ਟ੍ਰਿਬਿਊਨ ਵਰਗੇ ਪੰਜਾਬ ਦੇ ਅਖ਼ਬਾਰਾਂ, ਡਾਕਟਰ ਜੀ. ਡਬਲੀਊ. ਲਾਈਟਨਰ, ਪ੍ਰਿੰਸੀਪਲ ਓਰੀਐਂਟਲ ਕਾਲਜ, ਲਾਹੌਰ, ਦੀ ਕਿਤਾਬ 'ਦੀ ਇੰਡਿਜਿਨਸ ਸਿਸਟਮ ਆਫ ਐਜੂਕੇਸ਼ਨ' ਅਤੇ ਓਰੀਐਂਟਅਲ ਕਾਲਜ, ਲਾਹੌਰ ਦੀ ਮੈਗਜ਼ੀਨ ਦੀਆਂ ਪੁਰਾਣੀਆਂ ਫ਼ਾਈਲਾਂ ਵਿਚ ਯੋਗੀ ਜੀ ਦੇ ਸਾਹਿੱਤ ਦਾ ਵੇਰਵਾ ਮਿਲ ਜਾਂਦਾ ਹੈ। ਇਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਯੋਗੀ ਜੀ ਦੇ ਕੰਮ ਦੀ ਉਸ ਵੇਲੇ ਕਿੰਨੀ ਸ਼ਲਾਘਾ ਕੀਤੀ ਗਈ।

## ਪੰਜਾਬੀ ਰਚਨਾ

ਪੰਜਾਬ ਵਿਚ ਪੰਜਾਬੀ ਤੋਂ ਬਿਨਾਂ, ਕਵਿਤਾ ਲਈ ਬ੍ਰਜ ਅਤੇ ਗੱਦ ਲਈ ਖੜੀ ਬੋਲੀ ਵਰਤੀ ਜਾਂਦੀ ਰਹੀ ਹੈ। ਖੜੀ ਬੋਲੀ ਦੇ ਇਸ ਗੱਦ ਨੂੰ ਕਈ ਵਾਰ ਸਾਧ-ਭਾਸ਼ਾ ਕਿਹਾ ਜਾਂਦਾ ਹੈ। ਅਤੇ ਇਸ ਦੇ ਸਾਹਿੱਤ ਨੂੰ ਧਿਆਨ-ਯੋਗ ਨਹੀਂ ਸਮਝਿਆ ਜਾਂਦਾ। ਇਹ ਦੋਵੇਂ ਖ਼ਿਆਲ ਗ਼ਲਤ ਹਨ। ਪੰਜਾਬ ਦੇ ਇਸ ਵਿਸ਼ਾਲ ਸਾਹਿੱਤ ਦਾ ਇਕ ਵੱਡਾ ਭਾਗ ਇਨ੍ਹਾਂ ਹੀ ਖ਼ਿਆਲਾਂ ਦੇ ਕਾਰਨ ਜਾਂ ਤਾਂ ਸਦਾ ਲਈ ਨਸ਼ਟ ਹੋ ਗਿਆ ਹੈ ਜਾਂ ਅਜੇ ਤੀਕ ਪ੍ਰਕਾਸ਼ ਵਿਚ ਹੀ ਨਹੀਂ ਆਇਆ।

ਮੈਂ ਤਾਂ ਸਮਝਦਾ ਹਾਂ ਕਿ ਖੜੀ ਬੋਲੀ ਦਾ ਜਨਮ—ਜਿਸ ਨੂੰ ਹਿੰਦੀ ਦਾ ਨਾਂ ਦੇ ਕੇ ਸੁਤੰਤਰ ਭਾਰਤ ਦੀ ਰਾਸ਼ਟਰ ਭਾਸ਼ਾ ਬਣਾਉਣ ਦੀ ਪ੍ਰਤਿੱਗਿਆ ਅਸਾਡੇ ਸੰਵਿਧਾਨ ਵਿਚ ਕੀਤੀ ਗਈ ਹੈ—ਪੰਜਾਬ ਵਿੱਚ ਹੀ ਹੋਇਆ ਹੈ। ਪੰਜਾਬ ਦੀ ਇਸ ਦਾਤ ਦੀ ਨਿਖੇਧੀ ਕਰਨਾ ਜਾਂ ਇਸ ਨੂੰ ਅਪਣਾਉਣ ਤੋਂ ਇਨਕਾਰ ਕਰਨਾ ਬਿਲਕੁਲ ਨਾਸਮਝੀ ਹੈ।

ਖੜੀ ਬੋਲੀ ਦੀ ਇਹ ਗੱਦ-ਰਚਨਾ ਕਿੰਨੀ ਪ੍ਰਚਲਿਤ ਅਤੇ ਕਿੰਨੀ ਸ਼ਕਤੀ ਸ਼ਾਲੀ ਸੀ, ਇਸ ਸਚਾਈ ਨੂੰ ਸਿਧ ਕਰਨ ਲਈ ਪੰਜਾਬ ਦੀਆ ਹਜ਼ਾਰਾਂ ਪੁਰਾਣੀਆਂ ਹੱਥ-ਲਿਖਤਾਂ ਅਤੇ ਅਣਗਿਣਤ ਛਪੀਆਂ ਹੋਈਆਂ ਕਿਤਾਬਾਂ ਗਵਾਹ ਹਨ।

ਯੋਗੀ ਜੀ ਨੇ ਖੜੀ ਬੋਲੀ ਦੀ ਥਾਂ ਪੰਜਾਬੀ ਦੀ ਪ੍ਰਤਿਸ਼ਠਾ ਵਧਾਉਣ ਦੀ ਅਣਥੱਕ ਕੋਸ਼ਿਸ਼ ਕੀਤੀ। ਇਸ ਕੋਸ਼ਿਸ਼ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਲੋਕਾਂ ਨੂੰ ਪੰਜਾਬੀ ਲਿਖਣ ਅਤੇ ਪੜ੍ਹਨ ਦੀ ਪ੍ਰੇਰਣਾ ਮਿਲੀ। ਵੱਧ ਤੋਂ ਵੱਧ ਗਿਣਤੀ ਵਿੱਚ ਪੰਜਾਬੀ ਦੇ ਲੇਖਕ ਮੈਦਾਨ ਵਿੱਚ ਆਏ। ਗਿਆਨੀ ਦਿੱਤ

ਸਿੰਘ, ਪ੍ਰੋ: ਗੁਰਮੁਖ ਸਿੰਘ, ਆਦਿਕ ਲਿਖਾਰੀਆਂ ਨੇ ਯੋਗੀ ਜੀ ਦੇ ਪ੍ਰਭਾਵ ਹੇਠ ਪੰਜਾਬੀ ਵਿਚ ਲਿਖਣਾ ਸ਼ੁਰੂ ਤਾਂ ਕੀਤਾ, ਪਰ ਨਿਰੋਲ ਪੰਜਾਬੀ ਲਿਖਣ ਲਈ ਇਨ੍ਹਾਂ ਲੇਖਕਾਂ ਨੂੰ ਚੋਖਾ ਸਮਾਂ ਲੱਗਿਆ।

ਭਾਈ ਕਾਨ੍ਹ ਸਿੰਘ ਜੀ ਦੀਆਂ ਇਕ ਦੋ ਕਿਤਾਬਾਂ ਪਹਿਲਾਂ ਖੜੀ ਬੋਲੀ ਵਿੱਚ ਹੀ ਛਪੀਆਂ ਸਨ। ਅਗਲੇ ਸੰਸਕਰਣਾਂ ਵਿਚ ਉਨ੍ਹਾਂ ਕਿਤਾਬਾਂ ਨੂੰ ਪੰਜਾਬੀ ਰੂਪ ਦਿੱਤਾ ਗਿਆ।

ਪਾਰਸ ਭਾਗ ਤੇ ਯੋਗ ਵਸ਼ਿਸ਼ਠ ਦੀ ਭਾਸ਼ਾ, ਸ਼ੈਲੀ ਅਤੇ ਗੱਦ-ਪਰੰਪਰਾ ਦਾ ਪੰਜਾਬ ਦੇ ਸਾਹਿੱਤ ਉੱਤੇ ਬੜਾ ਵਿਆਪਕ ਅਤੇ ਡੂੰਘਾ ਪ੍ਰਭਾਵ ਰਿਹਾ ਹੈ।

ਇਸ ਪਿਛੋਕੜ ਵਿਚ ਮੈਂ ਸਮਝਦਾ ਹਾਂ ਕਿ ਯੋਗੀ ਜੀ ਦਾ ਸਭ ਤੋਂ ਵੱਡਾ ਸਾਹਿੱਤਿਕ ਕੰਮ, ਪੰਜਾਬ ਵਿੱਚ, ਨਿਰੋਲ ਪੰਜਾਬੀ ਨੂੰ ਯੋਗ ਅਸਥਾਨ ਦਿਵਾਉਣਾ ਸੀ।

ਪੰਜਾਬੀ ਦਾ ਸੰਬੰਧ ਸੰਸਕ੍ਰਿਤ ਦੀ ਪਰੰਪਰਾ ਨਾਲ ਜੋੜਨ ਲਈ ਇਨ੍ਹਾਂ ਨੇ ਸੰਸਕ੍ਰਿਤ ਪੁਸਤਕਾਂ ਦੇ ਪੰਜਾਬੀ ਅਨੁਵਾਦ ਤਿਆਰ ਕੀਤੇ। ਪੰਜਾਬ ਅਤੇ ਪੰਜਾਬੀ ਨੂੰ ਨਵੇਂ ਜ਼ਮਾਨੇ ਨਾਲ ਕਦਮ ਮਿਲਾ ਕੇ ਤੁਰਨਾ ਸਿਖਾਉਣ ਲਈ, ਗਣਿਤ ਅਤੇ ਇਤਿਹਾਸ ਦੀਆਂ ਕਿਤਾਬਾਂ ਤਿਆਰ ਕੀਤੀਆਂ।

ਯੋਗੀ ਜੀ ਦੀਆਂ ਪੁਸਤਕਾਂ ਦੀ ਸੂਚੀ ਇਉਂ ਹੈ:

## (ੳ) ਅਨੁਵਾਦ ਤੇ ਟੀਕਾ

੧. **ਹਨੂਮਾਨ ਨਾਟਕ** : ਮੂਲ ਨਾਟਕ ਸੰਸਕ੍ਰਿਤ ਵਿਚ ਹੈ, ਹਿਰਦੇ ਰਾਮ ਭੱਲਾ ਨੇ ਇਸ ਦਾ ਅਨੁਵਾਦ ਬ੍ਰਜ ਵਿਚ ਕੀਤਾ ਸੀ। ਕਹਿੰਦੇ ਹਨ ਕਿ ਇਸ ਅਨੁਵਾਦ ਨੂੰ ਦਸਮ ਗੁਰੂ ਨੇ ਬਹੁਤ ਪਸੰਦ ਕੀਤਾ ਸੀ। ਬ੍ਰਜ ਭਾਸ਼ਾ ਨੂੰ ਪੰਜਾਬੀ ਰੂਪ ਯੋਗੀ ਜੀ ਨੇ ਦਿੱਤਾ। ਖੋਜ-ਭਰੀ ਭੂਮਿਕਾ ਅਤੇ ਇਸ ਦੀਆਂ ਹੋਰ ਟੀਕਾਵਾਂ ਦਾ ਤੁਲਨਾਤਮਕ ਅਧਿਐਨ ਇਸ ਦੀ ਵਿਸ਼ੇਸ਼ਤਾ ਹੈ।

੨. **ਪ੍ਰਬੋਧ ਚੰਦ੍ਰੋਦਯ** : ਸੰਸਕ੍ਰਿਤ ਦੇ ਇਸ ਪ੍ਰਸਿੱਧ ਨਾਟਕ ਦਾ ਪੰਜਾਬੀ ਅਨੁਵਾਦ ਵੀ ਯੋਗੀ ਜੀ ਦਾ ਕੀਤਾ ਹੋਇਆ ਮਿਲਦਾ ਹੈ।

੩. **ਪੰਚ ਤੰਤਰ** : ਸੰਸਕ੍ਰਿਤ ਦੀ ਇਸ ਪ੍ਰਸਿੱਧ ਪੁਸਤਕ ਦਾ ਪੂਰਾ ਅਨੁਵਾਦ ਕੀਤਾ। ਇਸ ਦੇ ਆਰੰਭ ਵਿਚ ਮਹੱਤ੍ਵ-ਪੂਰਣ ਤੇ ਇਤਿਹਾਸਿਕ ਭੂਮਿਕਾ ਹੈ।

੪. **ਵਿਦੁਰ ਨੀਤੀ** : ਸੰਸਕ੍ਰਿਤ ਦੀ ਪ੍ਰਸਿੱਧ ਪੁਸਤਕ ਦਾ ਪੰਜਾਬੀ ਅਨੁਵਾਦ ਹੈ। ਸਦਾਚਾਰ ਅਤੇ ਰਾਜਨੀਤੀ ਇਸ ਦਾ ਵਿਸ਼ਾ ਹੈ।

੫. **ਭਰਥਰੀ ਹਰੀ ਨਿਰਵੇਦ ਨਾਟਕ** : ਸੰਸਕ੍ਰਿਤ ਨਾਟਕ ਦਾ ਪੰਜਾਬੀ ਅਨੁਵਾਦ।

੬. **ਰੇਖਾ ਗਣਿਤ** : ਯੂਕਲਿਡ ਦਾ ਪੰਜਾਬੀ ਅਨੁਵਾਦ।

੭. **ਤਵਾਰੀਖ ਇੰਗਲੈਂਡ** : ਐਲਫਿਨਸਟਨ ਦੀ ਹਿਸਟਰੀ ਆਫ਼ ਇੰਗਲੈਂਡ ਦਾ ਪੰਜਾਬੀ ਅਨੁਵਾਦ।

੮. **ਤਾਰੀਖ਼ਿ ਹਿੰਦ** : ਇਹ ਪੁਸਤਕ ਕਿਸੇ ਫ਼ਾਰਸੀ ਜਾਂ ਉਰਦੂ ਕਿਤਾਬ ਦਾ ਪੰਜਾਬੀ ਅਨੁਵਾਦ ਹੈ।

## ਮੌਲਿਕ ਪੁਸਤਕਾਂ :

੧. **ਅਜੀਰਣ ਮੰਜਰੀ** : ਸਿਹਤ ਵਾਸਤੇ ਖ਼ਾਸ ਖ਼ਾਸ ਟੋਟਕੇ ਵੈਦਿਕ ਗ੍ਰੰਥਾਂ ਵਿੱਚੋਂ ਇਕੱਠੇ ਕੀਤੇ ਗਏ ਹਨ। ਰਚਨਾ ਛੰਦਾਂ ਵਿਚ ਹੈ।

੨. **ਛੰਦ ਰਤਨਾਵਲੀ** : ਪੰਜਾਬੀ ਛੰਦਾਂ ਬਾਰੇ ਇਕ ਮੌਲਿਕ ਰਚਨਾ।

੩. **ਗੋਰਖ ਨਾਥ ਔਰ ਮਤਸਜੇਂਦ੍ਰ ਨਾਥ** : ਨਾਥ ਸੰਪ੍ਰਦਾਇ ਦੇ ਪ੍ਰਸਿੱਧ ਯੋਗੀਆਂ ਦੇ ਜੀਵਨ-ਚਰਿੱਤਰ।

ਯੋਗੀ ਜੀ ਆਪਣੀ ਮਾਤ-ਭਾਸ਼ਾ ਪੰਜਾਬੀ ਨੂੰ ਕਿੰਨਾਂ ਪਿਆਰ ਕਰਦੇ ਸਨ, ਉਹ ਆਪ ਦੀਆਂ ਇਨ੍ਹਾਂ ਤੁਕਾਂ ਤੋਂ ਪ੍ਰਗਟ ਹੈ :

"ਬੋਲੀ ਇੱਥੋਂ ਦੀ ਪੰਜਾਬੀ, ਸਭ ਇਲਮਾਂ ਦੀ ਜਾਣੋ ਘਰ,
ਇਸ ਦੇ ਬਾਝ ਨਹੀਂ ਕੰਮ ਸਰਦਾ, ਭਾਵੇਂ ਹੋਵਣ ਹੋਰ ਹੁਨਰ।
ਘਰ ਦਰ ਦੇ ਵਿੱਚ ਇਹੀਓ ਬੋਲਣ, ਐਵੇਂ ਜਾਂਦੇ ਇਸ ਤੋਂ ਡਰ,
ਹੈ ਸ਼ਿਵ ਨਾਥ ਏਹੋ ਗੱਲ ਚੰਗੀ, ਪੜ੍ਹ ਇਸ ਨੂੰ ਤੇ ਸੋਭਾ ਕਰ।
ਜਿਹੜੇ ਆਖਣ ਹੈ ਅੰਗਰੇਜ਼ੀ ਸਭ ਇਲਮਾਂ ਦੀ ਖਾਣ ਉਚਰ,
ਐਵੇਂ ਝੂਠੀ ਗੱਪ ਮਾਰਦੇ, ਨਾਲ ਅਸਾਡੇ ਪੈਂਦੇ ਲੜ।
ਘਰ ਵਿਚ ਆ ਕੇ ਕਹਿਣ ਪੰਜਾਬੀ ਜਿਸ ਨੂੰ ਬੋਲਣ ਨਾਰੀ ਨਰ,
ਕਿਉਂ ਨਾ ਉੱਥੇ ਕਹਿਣ ਫ਼ਾਰਸੀ, ਐਵੇਂ ਝੂਠੀ ਮਾਰਨ ਫੜ੍ਹ !
ਹੁਣ ਮੈਂ ਇਹੀਓ ਗੱਲ ਆਖਦਾ, ਵਿੱਚ ਕਮੇਟੀ ਬੇਨਤੀ ਕਰ,
ਕਰੋ ਦੇਸੀਓ ਇਸ ਦਾ ਵਾਧਾ, ਜਿਸ ਤੇ ਹੋਏ ਤੁਸਾਡੀ ਦਰ।
ਨਹੀਂ ਤਾਂ ਹੋਵੇ ਹਾਲ ਅਜੇਹਾ, ਜਿਉਂ ਪੰਖੀ ਬਿਨ ਹੋਵੇ ਪਰ,
ਪੜ੍ਹਨੀ ਹੈ ਤਾਂ ਪੜ੍ਹੋ ਗੁਰਮੁਖੀ ਨਹੀਂ ਤਾਂ ਬੈਠੋ ਜਾ ਕੇ ਘਰ।"

ਦੁੱਖ ਦੀ ਗੱਲ ਹੈ ਕਿ ਅਸੀਂ ਆਪਣੀ ਭਾਸ਼ਾ ਛੱਡ ਕੇ ਅੰਗ੍ਰੇਜ਼ੀ ਦੇ ਮਗਰ ਭੱਜਦੇ ਰਹੇ। ਉਹ ਤੇ ਸਾਨੂੰ ਕੀ ਆਉਣੀ ਸੀ, ਅਸੀਂ ਅਪਣੀ ਭਾਸ਼ਾ ਪੰਜਾਬੀ ਨੂੰ ਵੀ ਭੁਲਾ ਬੈਠੇ ਹਾਂ !

# ਮੈਥਿਲੀ ਸ਼ਰਣ ਗੁਪਤ : ਗੰਗਾ ਦੇ ਕਵੀ

ਇੰਦਰ ਨਾਥ ਮਦਾਨ

ਮੈਥਿਲੀ ਸ਼ਰਣ ਗੁਪਤ, ਅਸਲ ਵਿਚ, ਜਮਨਾ ਦੇ ਨਹੀਂ, ਗੰਗਾ ਦੇ ਕਵੀ ਸਨ;
ਕ੍ਰਿਸ਼ਣਚਰਿਤ ਦੇ ਨਹੀਂ ਰਾਮਚਰਿਤ ਦੇ ਕਵੀ ਸਨ ਅਤੇ ਰੋਮਾਂਸ ਦੇ ਨਹੀਂ ਮਰਿਆਦਾ
ਦੇ ਕਵੀ ਸਨ। ਇਸ ਲਈ ਜਿੰਨੇ ਉਹ ਰਾਮ-ਕਥਾ ਦੇ ਨੇੜੇ ਸਨ ਅਤੇ ਉਸ ਵਿਚ ਜਿੰਨੀ
ਪੂਰੀ ਤਰ੍ਹਾਂ ਰਮ ਕੇ ਉਨ੍ਹਾਂ ਨੇ ਲਿਖਿਆ, ਉੱਨੀ ਲੀਨਤਾ ਮਹਾਭਾਰਤ ਦੀ ਕਥਾ ਵਿਚ
ਨਹੀਂ ਲਿਆ ਸਕੇ। ਗੁਪਤ ਜੀ ਦੀ ਕਵਿਤਾ ਭਾਰਤੀ ਸੰਸਕ੍ਰਿਤੀ ਦੇ ਪੁਨਰ-ਉੱਥਾਨ
ਦੀ ਕਵਿਤਾ ਹੈ। ਉਹ ਪੁਰਾਣੀ ਸੰਸਕ੍ਰਿਤੀ ਦਾ ਨਵਾਂ ਆਖਿਆਨ ਤੇ ਪਰਿਵਾਰ ਦੇ
ਜੀਵਨ ਦਾ ਵਿਆਖਿਆਨ ਹੈ। ਇਹ ਪਰਿਵਾਰ ਵੀ ਉਹ ਸਾਂਝਾ ਪਰਿਵਾਰ ਹੈ ਜਿਹੜਾ
ਉਨ੍ਹਾਂ ਦੇ ਯੁਗ ਵਿਚ ਟੁੱਟ ਰਿਹਾ ਸੀ। ਪੁਰਾਣਾ ਰਘੂ-ਕੁਲ ਦਾ ਢਾਂਚਾ ਸਰਮਾਏਦਾਰੀ
ਦੇ ਜ਼ਮਾਨੇ ਵਿਚ ਆ ਕੇ ਖਿੰਡਣ ਲੱਗ ਪਿਆ ਸੀ। ਇਸ ਦਾ ਕਵੀ ਨੂੰ ਦੁੱਖ ਵੀ ਸੀ।
ਕਵੀ ਦੀ ਜੀਵਨ-ਦ੍ਰਿਸ਼ਟੀ ਸਾਂਝੇ ਪਰਿਵਾਰ ਤੇ ਸਮਾਜ ਬਾਰੇ ਮੰਗਲ ਦੀ ਭਾਵਨਾ ਦੇ ਸੱਚੇ
ਵਿਚ ਢਲੀ ਹੋਈ ਸੀ। ਉਹ ਜੀਵਨ ਤੇ ਜਗਤ ਨੂੰ ਇਸੇ ਨਜ਼ਰ ਨਾਲ ਵੇਖਦੇ ਅਤੇ
ਤੋਲਦੇ ਸਨ, ਤੇ ਵੇਖ ਤੋਲ ਕੇ ਆਪਣੀ ਕਵਿਤਾ ਵਿਚ ਉਤਾਰਦੇ ਸਨ। ਜੇ ਉੱਪਰ ਗੁਪਤ
ਨੂੰ ਗੰਗਾ ਦਾ ਕਵੀ ਆਖਿਆ ਗਿਆ ਹੈ ਤਾਂ ਉਸ ਦਾ ਮਨੋਰਥ ਵੀ ਇਹੀ ਹੈ।
ਗੰਗਾ-ਜਲ ਮਰਿਆਦਾ ਦਾ ਸੁਨੇਹਾ ਦੇਂਦਾ ਰਿਹਾ ਹੈ, ਸਮਾਜ ਨੂੰ ਮਰਿਆਦਾ ਵਿਚ
ਬੰਨ੍ਹਣ ਦਾ ਕੰਮ ਕਰਦਾ ਰਿਹਾ ਹੈ। ਰਾਮ ਦੀ ਕਥਾ ਦਾ ਰੂਪ ਹਰ ਯੁਗ ਵਿਚ ਬਦਲਦਾ
ਵੀ ਰਿਹਾ ਹੈ, ਮਰਿਆਦਾ ਦੀਆਂ ਕਦਰਾਂ ਹਰ ਯੁਗ ਵਿਚ ਨਵੀਆਂ ਬਣਦੀਆਂ ਰਹੀਆਂ
ਹਨ। ਮਿਸਾਲ ਦੇ ਤੌਰ ਉੱਤੇ ਬਾਲਮੀਕੀ ਦੀ 'ਰਾਮਾਇਣ' ਵਿਚ ਰਾਮ ਦਾ ਸਰੂਪ
ਭਵਭੂਤੀ ਦੇ ਰਾਮ ਤੋਂ ਵੱਖਰਾ ਹੈ ਅਤੇ ਭਵਭੂਤੀ ਦੇ ਰਾਮ ਤੁਲਸੀ ਦੇ ਰਾਮ ਨਾਲ
ਮੇਲ ਨਹੀਂ ਖਾਂਦੇ। ਇਸੇ ਤਰ੍ਹਾਂ, ਗੁਪਤ ਦੇ ਰਾਮ ਤੁਲਸੀ ਦੇ ਰਾਮ ਤੋਂ ਵੱਖਰੇ ਹਨ।

ਬਾਲਮੀਕੀ ਦੇ ਰਾਮ ਸ਼ੂਦਰ ਸ਼ੰਭੂਕ ਨੂੰ ਮਾਰਨ ਸਮੇਂ ਦੁਖੀ ਨਹੀਂ ਹੁੰਦੇ ਪਰ ਭਵਭੂਤੀ ਦੇ ਰਾਮ ਦਾ ਹੱਥ ਸੰਭੂਕ ਉੱਪਰ ਨਹੀਂ ਉੱਠਦਾ ਤੇ ਉਹ ਦੁਬਧਾ ਵਿਚ ਪੈ ਜਾਂਦੇ ਹਨ। ਭਵਭੂਤੀ ਤੋਂ ਪਹਿਲਾਂ ਮਹਾਤਮਾ ਬੁੱਧ ਕਰੁਣਾ ਦਾ ਸੁਨੇਹਾ ਦੇ ਚੁੱਕੇ ਸਨ। ਤੁਲਸੀ ਦਾਸ ਸ਼ੰਬੂਕ ਦੇ ਮਾਰਣ ਤੇ ਸੀਤਾ ਨੂੰ ਛੱਡ ਦੇਣ ਦੇ ਪ੍ਰਸੰਗਾਂ ਨੂੰ ਭੁਲਾ ਹੀ ਦੇਂਦੇ ਹਨ। ਗੁਪਤ ਦੀ ਕਵਿਤਾ ਵਿਚ ਰਾਮ ਦਾ ਸਰੂਪ ਅਵਤਾਰ ਵਾਲਾ ਨਹੀਂ, ਇਕ ਯੁਗ-ਪੁਰਸ਼ ਦਾ ਹੈ ਤੇ ਇਹ ਪੁਨਰ-ਉੱਥਾਨ ਦੇ ਯੁਗ ਦੀ ਚੇਤਨਾ ਦਾ ਨਤੀਜਾ ਹੈ।

ਮੈਥਿਲੀ ਸ਼ਰਣ ਗੁਪਤ ਨੇ ਪਿਛਲੀ ਅੱਧੀ ਸ਼ਤਾਬਦੀ ਵਿਚ ੪੦ ਮੌਲਿਕ ਅਤੇ ੬ ਅਨੁਵਾਦ ਦੇ ਗ੍ਰੰਥਾਂ ਦੀ ਰਚਨਾ ਕੀਤੀ। ਇਨ੍ਹਾਂ ਦੀ ਸਵਿਸਤਾਰ ਆਲੋਚਨਾ ਇਸ ਨਿਬੰਧ ਵਿਚ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਦੀ ਕਵਿਤਾ ਉਸ ਪਰੰਪਰਾ ਦੀ ਕੜੀ ਹੈ, ਜਿਸ ਦਾ ਸੰਬੰਧ ਸੁਧਾਰ ਅਤੇ ਪੁਨਰ-ਉੱਥਾਨ ਦੀ ਲਹਿਰ ਨਾਲ ਰਿਹਾ ਹੈ। ਇਸ ਲਹਿਰ ਦਾ ਮਨੋਰਥ ਸਮਾਜ ਵਿਚਲੇ ਪੁਰਾਣੇ ਅੰਧ-ਵਿਸ਼ਵਾਸ਼ਾਂ ਦਾ ਖੰਡਨ ਅਤੇ ਮਨੁੱਖਤਾ ਦਾ ਮੰਡਨ ਕਰਨਾ ਸੀ; ਪਰਲੋਕ ਦੀ ਥਾਂ ਇਸ ਲੋਕ ਨੂੰ ਸਥਾਪਿਤ ਕਰਨਾ ਸੀ; ਸਨਿਆਸ ਦੀ ਥਾਂ ਗ੍ਰਿਹਸਥ ਦੀ ਮਹਿਮਾ ਦਾ ਵਿਖਿਆਨ ਕਰਨਾ ਸੀ; ਦੇਵਤਿਆਂ ਨੂੰ ਮਨੁਖਤਾ ਦੇ ਸੱਚੇ ਵਿਚ ਢਾਲਣਾ ਸੀ। ਆਮ ਕਰਕੇ, ਗੁਪਤ ਨੂੰ ਰਾਸ਼ਟਰ-ਕਵੀ ਦਾ ਨਾਂ ਦਿੱਤਾ ਜਾਂਦਾ ਹੈ। ਇਨ੍ਹਾਂ ਦੀ ਰਾਸ਼ਟਰਤਾ ਹਿੰਦੂ ਸੰਸਕ੍ਰਿਤੀ ਦੇ ਘੇਰੇ ਵਿਚ ਬੰਦ ਰਹੀ ਅਤੇ ਇਨ੍ਹਾਂ ਦੀ ਕਵਿਤਾ ਤੁਕ ਤੋਂ ਬਾਹਰ ਨਹੀਂ ਨਿਕਲ ਸਕੀ। ਇਸ ਲਈ ਇਨ੍ਹਾਂ ਦਾ ਮੋਹ ਪੁਰਾਣੀ ਸੰਸਕ੍ਰਿਤੀ ਵਿਚ ਕਾਇਮ ਰਿਹਾ ਤੇ ਇਸ ਨੂੰ ਇਨ੍ਹਾਂ ਨੇ ਨਵੀਂ ਤਰ੍ਹਾਂ ਸਜਾ ਕੇ ਪੇਸ਼ ਕੀਤਾ। ਇਸ ਮੋਹ ਦੀ ਇਹ ਵੀ ਵਜਹ ਹੋ ਸਕਦੀ ਹੈ ਕਿ ਗੁਪਤ ਜੀ ਨੂੰ ਆਪਣਾ ਵਰਤਮਾਨ ਬੜਾ ਕਠੋਰ ਲੱਗਿਆ ਤੇ ਇਸ ਤੋਂ ਮੁਕਤੀ ਪਾਉਣ ਲਈ ਉਨ੍ਹਾਂ ਨੇ ਸੋਹਣੇ ਅਤੀਤ ਅਤੇ ਸੁਨਹਿਰੇ ਭਵਿੱਖ ਵਿਚ ਭਿੱਜ ਕੇ ਆਪਣੇ ਮਨ ਨੂੰ ਤਸੱਲੀ ਦਿੱਤੀ। ਇਸ ਯੁੱਗ ਵਿਚ ਭਾਰਤ ਦੇ ਸਾਰੇ ਲੇਖਕਾਂ ਤੇ ਚਿੰਤਕਾਂ ਨੇ ਅਤੀਤ ਦਾ ਸਹਾਰਾ ਲਿਆ ਸੀ। ਇਸੇ ਲਈ ਗੁਪਤ ਦੀ ਕਵਿਤਾ ਨੂੰ ਪੁਨਰ-ਉੱਥਾਨ ਦੀ ਲਹਿਰ ਵਿਚ ਰੱਖ ਕੇ ਪਰਖਣਾ ਉਚਿੱਤ ਜਾਪਦਾ ਹੈ।

ਗੁਪਤ ਦਾ 'ਸਾਕੇਤ' ਇਨ੍ਹਾਂ ਦਾ ਸ਼ਾਹਕਾਰ ਮੰਨਿਆ ਜਾਂਦਾ ਹੈ। ਇਸ ਦਾ ਆਧਾਰ ਰਾਮ-ਕਥਾ ਹੈ। ਇਸ ਤੋਂ ਪਹਿਲਾਂ 'ਪੰਚਵਟੀ' (੧੯੨੫) ਵਿਚ ਵੀ ਕਵੀ ਰਾਮ-ਕਥਾ ਨੂੰ ਆਧਾਰ ਬਣਾ ਚੁੱਕੇ ਸਨ। ਇਹ ਇਕ ਖੰਡ-ਕਾਵਿ ਹੈ ਜਿਸ ਦਾ ਅਸਲੀ ਮਨੋਰਥ ਲਛਮਣ ਜੀ ਦਾ ਚਰਿੱਤਰ-ਚਿਤਰਣ ਹੈ। ਇਸੇ ਲਈ 'ਪੰਚਵਟੀ' ਨੂੰ 'ਸਾਕੇਤ' ਦੀ ਭੂਮਿਕਾ ਦੇ ਰੂਪ ਵਿਚ ਸ੍ਵੀਕਾਰ ਕੀਤਾ ਜਾਂਦਾ ਹੈ। ਇਸ ਰਚਨਾ ਵਿਚ ਰਾਮ, ਲਛਮਣ, ਸੀਤਾ ਅਤੇ ਸਰੂਪਨਖਾ ਦੇ ਚਰਿੱਤਰਾਂ ਨੂੰ ਮਨੁੱਖੀ-ਰੂਪ ਦੇਣ ਦਾ ਯਤਨ ਕੀਤਾ ਹੈ। ਅਤੇ ਇਹ ਮਨੁੱਖੀ ਰੂਪ ਵੀ ਬਾਲਮੀਕਿ ਦੇ ਮਨੁੱਖੀ ਰੂਪ ਤੋਂ ਵੱਖਰਾ ਹੈ। ਬਾਲਮੀਕੀ ਦੇ ਰਾਮ ਦੀ ਉਦਾਤਤਾ ਨੂੰ ਨਿੱਘ ਵਿਚ, ਲਛਮਣ ਦੀ ਉੱਗਰਤਾ ਨੂੰ ਕੋਮਲਤਾ ਵਿਚ, ਸੀਤਾ ਦੀ ਗੰਭੀਰਤਾ ਨੂੰ ਵਿਨੋਦ-

ਪ੍ਰੀਅਤਾ ਵਿਚ ਤੇ ਸਰੂਪਨਖਾ ਦੀ ਰਾਕਸ਼ਤਾ ਨੂੰ ਮਨੁੱਖਤਾ ਵਿਚ ਬਦਲ ਕੇ ਗੁਪਤ ਨੇ ਇਕ ਸੁਖੀ ਜੀਵਨ ਦੀ ਤਸਵੀਰ ਬਨ ਵਿਚ ਖਿੱਚ ਦਿੱਤੀ ਹੈ । ਇਸ ਤਸਵੀਰ ਦੇ ਪਿਛੋਕੜ ਵਿਚ, ਉੱਠਦੇ ਹੋਏ ਛਾਇਆਵਾਦੀ ਯੁਗ ਦੇ ਬੋਧ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ। 'ਪੰਚਵਟੀ' ਦੀ ਕੜੀ ਵਿਚ 'ਸਾਕੇਤ' (੧੯੩੧) ਦੀ ਰਚਨਾ ਰੱਖੀ ਜਾਂਦੀ ਹੈ । ਇਸ ਦੇ ਚਾਰ ਸਰਗਾਂ ਦੀ ਰਚਨਾ ੧੯੧੬-੧੭ ਵਿਚ ਹੋ ਚੁੱਕੀ ਸੀ । ਇਸ ਦੀ ਗਿਣਤੀ ਹਿੰਦੀ ਦੀਆਂ ਮਹਾਕਾਵਿਕ ਰਚਨਾਵਾਂ ਵਿਚ ਕੀਤੀ ਜਾਂਦੀ ਹੈ । ਇਸ ਰਚਨਾ ਨੂੰ ਮਹਾਕਾਵਿ ਆਖਣਾ ਤਾਂ ਬੜੇ ਸਾਹਸ ਦਾ ਕੰਮ ਹੈ, ਪਰ ਇਸ ਨੂੰ ਗੁਪਤ ਦੀ ਸ੍ਰੇਸ਼ਟ ਰਚਨਾ ਕਹਿਣ ਵਿਚ ਸੰਕੋਚ ਨਹੀਂ ਹੁੰਦਾ । ਜੇਕਰ ਸਾਹਿੱਤਿਕ ਨਜ਼ਰ ਦੀ ਬਜਾਏ ਇਸ ਨੂੰ ਇਤਿਹਾਸਿਕ ਨਜ਼ਰ ਤੋਂ ਮਹਤ੍ਵ ਦਿੱਤਾ ਜਾਏ ਤਾਂ ਇਹ ਬਹੁਤਾ ਠੀਕ ਜਾਪਦਾ ਹੈ, ਪਰ ਕਵਿਤਾ ਦੀ ਨਿਗਾਹ ਤੋਂ ਇਸ ਨੂੰ ਅਮਰ ਰਚਨਾ ਆਖਣਾ ਤੇ ਇਸ ਵਿਚ ਖ਼ਾਸ ਗੁਣਾਂ ਨੂੰ ਲੱਭਣਾ, ਬੇਤੁਕੀ ਆਲੋਚਨਾ ਨੂੰ ਦਰਸਾਉਣ ਤੇ ਇਸ ਦੀ ਪਰਖ ਨੂੰ ਆਤਮ-ਨਿਸ਼ਠ ਬਣਾਉਣ ਦੇ ਤੁੱਲ ਹੋਵੇਗਾ । ਇਹ ਕਵੀ ਤੇ ਕਵਿਤਾ ਨਾਲ ਨਿਆਂ ਵੀ ਨਹੀਂ ਹੈ । ਇਸ ਰਚਨਾ ਦੇ ਵੱਖਰੇ ਵੱਖਰੇ ਪੱਖਾਂ ਦੀ ਆਲੋਚਨਾ ਹੋ ਚੁੱਕੀ ਹੈ । ਇਹ ਮਹਾਕਾਵਿ ਹੈ ਯਾ ਸਿਰਫ਼ ਆਖਿਆਨ-ਕਾਵਿ, ਇਸ ਦਾ ਨਾਇਕ ਰਾਮ ਹੈ ਜਾਂ ਲਛਮਣ, ਇਸ ਦੀ ਨਾਇਕਾ ਸੀਤਾ ਹੈ ਜਾਂ ਉਰਮਿਲਾ, ਇਸ ਦੀ ਕਥਾ ਸਬੂਤੀ ਹੈ ਜਾਂ ਟੁੱਟਵੀਂ, ਇਸ ਦਾ ਪ੍ਰਕਿਰਤੀ ਚਿਤਰਣ ਸਹਿਜ ਭਾਂਤ ਦਾ ਹੈ ਜਾ ਉੱਤੋਂ ਠੋਸਿਆ ਹੋਇਆ, ਇਸ ਵਿਚ ਬਿਰਹਾ ਦੀ ਅਭਿਵਿਅਕਤੀ ਸੁਭਾਵਿਕ ਹੈ ਜਾਂ ਬਨਾਵਟੀ, ਇਨ੍ਹਾਂ ਸਵਾਲਾਂ ਉੱਤੇ ਕਾਫ਼ੀ ਵਿਚਾਰ ਹੋ ਚੁੱਕਿਆ ਹੈ । ਇਸ ਦੀ ਰਚਨਾ ਦੀ ਪ੍ਰੇਰਣਾ ਰਵੀਂਦ੍ਰ ਨਾਥ ਟੈਗੋਰ ਦੇ ਇਕ ਕਥਨ ਤੋਂ ਮਿਲੀ ਸੀ । ਇਸ ਰਚਨਾ ਦਾ ਮਨੋਰਥ ਉਪੇਖਿਤ ਉਰਮਿਲਾ ਨਾਲ ਹਮਦਰਦੀ ਦਰਸਾਉਣਾ ਹੈ ਤੇ ਉਸ ਦੇ ਹੰਝੂ ਪੂੰਝਣਾ ਹੈ। ਉਰਮਿਲਾ ਦੇ ਚਰਿੱਤਰ ਉੱਤੇ ਨਾ ਤਾਂ ਬਾਲਮੀਕ ਦੀ ਨਜ਼ਰ ਪਈ ਅਤੇ ਨਾ ਹੀ ਤੁਲਸੀ ਦਾਸ ਦੀ, ਰਵੀਂਦ੍ਰ ਨਾਥ ਨੇ ਇਸ ਨੂੰ ਬੜਾ ਮਹਿਸੂਸ ਕੀਤਾ ਤੇ ਕਵੀਆਂ ਨੂੰ ਇਸ ਦਾ ਚਰਿੱਤਰ ਉਘੇੜਨ ਦੀ ਪ੍ਰੇਰਣਾ ਦਿੱਤੀ । ਗੁਪਤ ਨੇ ਗੁੰਮ-ਸੁੰਮ ਉਰਮਿਲਾ ਦੀ ਵੇਦਨਾ ਪਹਿਲੀ ਵਾਰ ਹਿੰਦੀ ਵਿਚ ਬਿਆਨ ਕੇ ਇਸ ਦੇ ਚਰਿੱਤਰ ਨੂੰ ਨਵਾਂ ਰੂਪ ਦਿੱਤਾ । 'ਸਾਕੇਤ' ਵਿਚ ਰਾਮ ਤੇ ਲਛਮਣ, ਤ੍ਰੇਤਾ ਕਾਲ ਦੇ ਪਾਤਰਾਂ ਦੀ ਥਾਂ ਪੁਨਰ-ਉੱਥਾਨ ਵਾਲੇ ਯੁੱਗ ਦੇ ਸੱਚੇ ਵਿਚ ਢਲੇ ਹੋਏ ਹਨ । ਰਾਮ ਵੀ ਅਵਤਾਰ ਦੀ ਥਾਂ ਮਨੁੱਖੀ ਰੂਪ ਵਿਚ ਉਤਾਰੇ ਗਏ ਹਨ । ਤੁਲਸੀ ਦੇ ਰਾਮ, ਭਗਤੀ ਦਾ ਵਿਸ਼ਾ ਹਨ, ਗੁਪਤ ਦੇ ਰਾਮ ਯੁਗ-ਪੁਰਸ਼ ਹੋ ਕੇ ਸ਼ਰਧਾ ਦੇ ਪਾਤਰ ਹਨ । ਰਾਮਾਇਣ ਤੇ ਰਾਮ ਚਰਿਤ ਮਾਨਸ ਦੀ ਕਥਾ ਸਾਕੇਤ ਵਿਚ ਆ ਕੇ ਇਕ ਵੈਸ਼ਣਵ ਗ੍ਰਿਹਸਥੀ ਦੇ ਕਾਵਿ ਦੀ ਵਸਤ ਬਣ ਗਈ ਹੈ । ਇਸ ਲਈ, ਗੁਪਤ ਦੇ ਰਾਮ, ਮੁਕਤੀ ਦਾ ਸੰਦੇਸ਼ ਦੇਣ ਨਹੀਂ ਆਉਂਦੇ, ਉਹ ਇਸ ਸੰਸਾਰ ਨੂੰ ਸੁਖੀ ਬਣਾਉਣ ਲਈ ਤੇ ਮਨੁੱਖ ਦਾ ਵਿਕਾਸ ਕਰਨ ਲਈ ਆਉਂਦੇ ਹਨ ।

ਇਸ ਤਰ੍ਹਾਂ 'ਸਾਕੇਤ' ਵਿਚ ਰਾਮ ਦੇ ਚਰਿੱਤਰ ਦੀ ਨਵੀਂ ਵਿਆਖਿਆ ਕੀਤੀ ਗਈ

ਹੈ। ਗੁੰਮ ਸੁੰਮ ਉਰਮਿਲਾ ਨੂੰ ਜ਼ਬਾਨ ਦੇ ਕੇ ਭਾਰਤੀ ਨਾਰੀ ਨੂੰ ਗੌਰਵ ਦਿੱਤਾ ਗਿਆ ਹੈ। ਕਵੀ ਦਾ ਮਨੋਰਥ ਉਰਮਿਲਾ ਦੇ 'ਸ਼ੁੱਕਰ ਤਾਰੇ' ਨੂੰ ਰਾਮ-ਸੀਤਾ ਦੇ ਚਾਨਣ ਵਿਚ ਡੁੱਬਣ ਤੋਂ ਬਚਾਉਣਾ ਹੈ, ਇਸ ਤਾਰੇ ਦੇ ਚਾਨਣ ਨੂੰ ਬਚਾਉਣ ਵਿਚ ਕਵੀ ਕਿਤਨਾ ਸਫਲ ਹੋਇਆ ਹੈ ? ਇਹ ਦੂਜਾ ਸਵਾਲ ਹੈ। ਇਸ ਵਿਚ ਸ਼ੱਕ ਨਹੀਂ ਕਿ ਇਕ ਨਜ਼ਰ-ਅੰਦਾਜ਼ ਪਾਤਰ ਨੂੰ ਕਾਵਿ ਦੀ ਮੁੱਖ ਭੂਮਿਕਾ ਵਿਚ ਰੱਖਣ ਦਾ ਸਾਹਸ ਗੁਪਤ ਨੇ ਜ਼ਰੂਰ ਦਿਖਾਇਆ ਹੈ। ਇਹ ਸਾਹਸ 'ਸਾਕੇਤ' ਦੇ ਪ੍ਰਬੰਧ ਜਾਂ ਕਥਾ ਨੂੰ ਭਾਵੇਂ ਭੰਨ ਦੇਵੇ, ਬਿਰਹ ਚਿਤਰਣ ਵਿਚ ਭਾਵੇਂ ਨਾ-ਲੀਪਣ ਲਿਆ ਦੇਵੇ, ਪੀੜ ਦੀ ਅਭਿਵਿਅਕਤੀ ਭਾਵੇਂ ਸਿੱਥਲ ਪੈ ਜਾਵੇ, ਕਵਿਤਾ ਨੂੰ ਭਾਵੇਂ ਸੱਟ ਲੱਗ ਜਾਵੇ, ਪਰ ਗੁਪਤ ਹੁਰੀਂ ਆਪਣੇ ਮਨੋਰਥ ਵਿਚ ਸਫਲ ਜ਼ਰੂਰ ਹੁੰਦੇ ਹਨ। ਇਸ ਸ਼ਾਹਕਾਰ ਦਾ ਮਹਤੂ ਤਿੰਨਾ ਕਵਿਤਾ ਦੀ ਦ੍ਰਿਸ਼ਟੀ ਤੋਂ ਨਹੀਂ, ਜਿੰਨਾ ਰਾਮ-ਕਥਾ ਨੂੰ ਪੁਨਰ-ਉੱਥਾਨ ਵਾਲੇ ਯੁਗ ਦੀ ਚੇਤਨਾ ਦੇ ਸੱਚੇ ਵਿਚ ਢਾਲਣ ਦਾ ਹੈ। 'ਸਾਕੇਤ' ਦੇ ਮਹਾਕਾਵਿ ਹੋਣ ਉੱਤੇ ਸ਼ੱਕ ਹੋ ਸਕਦਾ ਹੈ; ਇਸ ਦੀ ਕਵਿਤਾ ਦੇ ਗੁਣ ਉੱਤੇ ਸਵਾਲੀਆ ਨਿਸ਼ਾਨ ਲਾਇਆ ਜਾ ਸਕਦਾ ਹੈ; ਇਸ ਦੇ ਨਾਇਕ-ਨਾਇਕਾ ਦੇ ਬਾਰੇ ਮਤ ਭੇਦ ਦੀ ਗੁੰਜਾਇਸ਼ ਹੋ ਸਕਦੀ ਹੈ; ਇਸ ਦੇ ਕਥਾ ਦੇ ਗੋਂਦਣ-ਢੰਗ ਉੱਤੇ ਦੋਸ਼ ਲਾਇਆ ਜਾ ਸਕਦਾ ਹੈ; ਇਸ ਵਿਚ ਪ੍ਰਕਿਰਤੀ-ਚਿਤਰਣ ਬਣਾਵਟੀ ਵੀ ਹੋ ਸਕਦਾ ਹੈ, ਪਰ ਇਸ ਦੇ ਮਨੋਰਥ ਬਾਰੇ ਸ਼ੱਕ ਨਹੀਂ ਕੀਤਾ ਜਾ ਸਕਦਾ। ਇਸ ਲਈ 'ਸਾਕੇਤ' ਦਾ ਮਹਤੂ ਇਤਿਹਾਸਿਕ ਹੈ ਨਾ ਕਿ ਕਾਵਿਆਤਮਕ। ਇਸ ਵਿਚ ਜੀਵਨ ਨੂੰ ਸ੍ਵੀਕਾਰਨ ਦੀ ਦ੍ਰਿਸ਼ਟੀ ਦਾ ਸੁਨੇਹਾ ਹੈ ਨਾ ਕਿ ਨਕਾਰਨ ਦੀ ਦ੍ਰਿਸ਼ਟੀ ਦਾ। ਇਸ ਵਿਚ ਨਾਰੀ ਦਾ ਉੱਧਾਰ ਹੈ ਤੇ ਰਾਸ਼ਟਰਤਾ ਦਾ ਪ੍ਰਚਾਰ ਹੈ। ਇਸ ਦ੍ਰਿਸ਼ਟੀ ਦਾ ਨਤੀਜਾ ਇਹ ਨਿਕਲਦਾ ਹੈ ਕਿ ਰਾਮ-ਕਥਾ ਦੇ ਉਨ੍ਹਾਂ ਪਾਤਰਾਂ ਨੂੰ ਬੜੀ ਹਮਦਰਦੀ ਨਾਲ ਉਸਾਰਿਆ ਗਿਆ ਹੈ ਜਿਹੜੇ ਪਰੰਪਰਾ ਦੀ ਨਜ਼ਰ ਵਿਚ ਛੋਟੇ, ਥੋੜ੍ਹੇ ਜਾਂ ਸਿਫ਼ਰ ਸਨ। ਇਨ੍ਹਾਂ ਪਾਤਰਾਂ ਵਿਚ ਨਾਰੀਆਂ ਦੀ ਗਿਣਤੀ ਬਹੁਤੀ ਸੀ। ਨਾਰੀ ਜਿਹੜੀ ਪਹਿਲੇ ਨਿੰਦਿਆ ਤੇ ਭੋਗ ਦੀ ਚੀਜ਼ ਸੀ, ਹੁਣ ਪੂਜਾ ਤੇ ਸ਼ਰਧਾ ਦੀ ਹੱਕਦਾਰ ਬਣੀ, ਸਨਿਆਸ ਦੀ ਥਾਂ ਗ੍ਰਿਹਸਥ ਦੀ ਮਹਿਮਾ ਇਸ ਯੁੱਗ ਵਿਚ ਆ ਕੇ ਵਧਣ ਲੱਗੀ। ਪਰ ਹੁਣ ਤੱਕ ਕੁੱਬੀ ਮੰਥਰਾ ਨੂੰ ਕਿਸੇ ਕਵੀ ਦੀ ਹਮਦਰਦੀ ਨਹੀਂ ਮਿਲ ਸਕੀ। ਐਡਲਰ ਦੀ ਨਜ਼ਰ ਤੋਂ ਇਸ ਪਾਤਰ ਨੂੰ ਵੀ ਉਠਾਇਆ ਜਾ ਸਕਦਾ ਸੀ।

ਮੈਥਿਲੀ ਸ਼ਰਣ ਗੁਪਤ ਨੇ ਪੁਰਾਣੀ ਭਾਰਤੀ ਨਾਰੀ ਨੂੰ ਉਠਾਉਣ ਲਈ ਅਨੇਕ ਰਚਨਾਵਾਂ ਕੀਤੀਆਂ ਹਨ ਜਿਨ੍ਹਾਂ ਵਿਚ 'ਯਸ਼ੋਧਰਾ' (੧੯੩੨), ਦੁਆਪਰ (੧੯੩੬), ਹਿਡਿਬਾ (੧੯੫੦), ਆਦਿ ਪ੍ਰਧਾਨ ਹਨ। ਇਨ੍ਹਾਂ ਦਾ ਮਨੋਰਥ ਨਾਰੀ ਨੂੰ ਮਨੁੱਖੀ ਨਜ਼ਰ ਤੋਂ ਵੇਖਣਾ ਹੈ। ਯਸ਼ੋਧਰਾ ਵਿਚ ਉਰਮਿਲਾ ਦੇ ਹੰਝੂਆਂ ਦੀ ਅਧਿਕਤਾ ਨਹੀਂ ਹੈ। ਇਹ ਉਰਮਿਲਾ ਨਾਲੋਂ ਵਧੇਰੇ ਗੰਭੀਰ ਹੈ। ਦੁਆਪਰ ਦੀ 'ਵਿਧਰਤਾ' ਵੀ ਇਕ ਭੁਲਾਇਆ ਹੋਇਆ ਨਾਰੀ-ਪਾਤਰ ਹੈ, ਜਿਹੜਾ ਭਾਗਵਤ ਵਿਚ ਆਉਂਦਾ ਹੈ। ਇਨ੍ਹਾਂ

ਭੁਲਾਏ ਹੋਏ ਨਾਰੀ-ਪਾਤਰਾਂ ਨੂੰ ਮੁੜ ਕੇ ਉੱਪਰ ਉਠਾਉਣ ਦਾ ਮਨੋਰਥ ਗੁਪਤ ਦੀ ਕਵਿਤਾ ਦੀ ਵਿਸ਼ੇਸ਼ਤਾ ਹੈ । ਇਨ੍ਹਾਂ ਨੂੰ ਉਠਾਉਣ ਦੇ ਮਨੋਰਥ ਵਿਚ ਨਾਰੀ-ਭਾਵਨਾ ਦਾ ਵਿਕਾਸ ਵੀ ਹੋਇਆ ਹੈ । ਨਾਰੀ ਹੁਣ ਮਿਹਰ ਮੰਗਣ ਦੀ ਬਜਾਏ ਆਪਣਾ ਹੱਕ ਮੰਗਦੀ ਹੈ । ਹਿਡਿੰਬਾ ਇਕ ਰਾਕਸ਼ਣੀ ਸੀ, ਪਰ ਇਸ ਦਾ ਚਰਿੱਤਰ ਵੀ ਮਨੁੱਖੀ ਰੂਪ ਵਿਚ ਚਿਤਰਿਆ ਗਿਆ ਹੈ । ਰਾਕਸ਼ਣੀ ਵੀ ਨਾਰੀ ਹੈ । ਉਸ ਦਾ ਵੀ ਦਿਲ ਹੁੰਦਾ ਹੈ । ਇਸ ਤਰ੍ਹਾਂ ਗੁਪਤ ਦੀਆਂ ਰਚਨਾਵਾਂ ਦਾ ਮਨੋਰਥ ਭੁਲਾਈਆਂ ਗਈਆਂ ਨਾਰੀਆਂ ਨੂੰ ਉਠਾਉਣਾ, ਉਨ੍ਹਾਂ ਨੂੰ ਮਨੁੱਖੀ ਰੂਪ ਦੇਣਾ ਤੇ ਉਨ੍ਹਾਂ ਨੂੰ ਲੌਕਿਕ ਪੱਧਰ ਉੱਤੇ ਉਤਾਰਨਾ ਹੈ । ਇਸ ਰੁਚੀ ਵਿਚ ਪੁਨਰ-ਉੱਥਾਨ ਯੁਗ ਦੀ ਚੇਤਨਾ ਝਲਕਦੀ ਹੈ । ਇਸ ਮਨੋਰਥ ਨੂੰ ਪੂਰਾ ਕਰਨ ਲਈ ਰਾਮਾਇਣ ਤੇ ਮਹਾਭਾਰਤ ਦੇ ਪਾਤਰਾਂ ਤੋਂ ਪੂਰਾ ਲਾਭ ਉਠਾਇਆ ਗਿਆ ਹੈ । ਪੂਰੇ ਮਹਾਭਾਰਤ ਨੂੰ ਗੁਪਤੀ ਸੱਚੇ ਵਿਚ ਢਾਲ ਕੇ 'ਜੈ ਭਾਰਤ' (੧੯੫੨) ਦੀ ਰਚਨਾ ਕੀਤੀ ਗਈ ਹੈ । ਇਸ ਯਤਨ ਵਿਚ ਭੁਲਾਏ ਗਏ ਪਾਤਰਾਂ ਦਾ ਉੱਧਾਰ, ਬਦਨਾਮ ਪਾਤਰਾਂ ਦਾ ਸੰਸਕਾਰ ਅਤੇ ਆਖਿਆਨਾਂ ਦੀ ਬਦਲੀ, ਸਮਾਜ-ਮੰਗਲ ਦੇ ਅਧੀਨ ਹੋ ਕੇ ਕੀਤੀ ਗਈ ਹੈ । ਕਵੀ ਨੇ ਸਮੁੱਚੇ ਮਹਾਭਾਰਤ ਨੂੰ ਨਵਾਂ ਰੂਪ ਦੇਣ ਦਾ ਸਾਹਸ ਤਾਂ ਭਾਵੇਂ ਕੀਤਾ ਹੈ, ਪਰ ਮਹਾਭਾਰਤ ਦੀ ਮਹਾਨਤਾ 'ਜੈ ਭਾਰਤ' ਦੇ ਸ਼ੋਰ ਵਿਚ ਲੋਪ ਹੋ ਗਈ ਹੈ । ਇਸੇ ਲਈ ਆਖਿਆ ਗਿਆ ਹੈ ਕਿ ਗੁਪਤ ਜੀ ਅਸਲ ਵਿਚ ਗੰਗਾ ਦੇ ਕਵੀ ਹਨ, ਰਾਮਚਰਿਤ ਦੇ ਕਵੀ ਹਨ, ਅਤੇ ਮਰਿਆਦਾ ਦੇ ਰਾਖੇ ਹਨ । ਆਪ ਜਿੰਨੇ ਰਾਮ-ਕਥਾ ਦੇ ਨੇੜੇ ਹੋ ਸਕਦੇ ਹਨ ਓਨੇ ਮਹਾਭਾਰਤ ਦੇ ਨਹੀਂ । ਸੋ 'ਜੈ-ਭਾਰਤ' ਇਕ ਕਾਵਿ-ਰਚਨਾ ਨਹੀਂ ਬਣ ਸਕੀ । ਇਹ ਮਹਾਭਾਰਤ ਦਾ ਹਿੰਦੀ ਪੱਦ ਵਿਚ ਅਨੁਵਾਦ ਹੋ ਕੇ ਰਹਿ ਗਈ ਹੈ ।

ਮੈਥਿਲੀ ਸ਼ਰਣ ਗੁਪਤ ਇਕ ਆਖਿਆਨਕਾਰ ਹਨ । ਇਨ੍ਹਾਂ ਦੀਆਂ ਰਚਨਾਵਾਂ ਦੇ ਆਧਾਰ ਪੁਰਾਣ ਅਤੇ ਇਤਿਹਾਸ ਦੇ ਆਖਿਆਨ ਹਨ । ਇਨ੍ਹਾਂ ਦੀ ਕਵਿਤਾ ਦਾ ਖੇਤਰ ਫੈਲਿਆ ਹੋਇਆ ਹੈ ਅਤੇ ਇਸ ਦੀਆਂ ਸ਼ੈਲੀਆਂ ਤਰ੍ਹਾਂ ਤਰ੍ਹਾਂ ਦੀਆਂ ਹਨ । ਇਨ੍ਹਾਂ ਨੇ ਪ੍ਰਬੰਧ, ਮੁਕਤਕ ਅਤੇ ਗੀਤ-ਕਾਵਿ ਦੀ ਰਚਨਾ ਕੀਤੀ ਹੈ । ਮੁਕਤਕ ਵਿਚ ਇਨ੍ਹਾਂ ਦੀ ਸਿੱਧੀ ਬਾਰੇ ਸ਼ੱਕ ਹੋ ਸਕਦਾ ਹੈ, ਗੀਤਾਂ ਵਿਚ ਇਨ੍ਹਾਂ ਦੀ ਸਫਲਤਾ ਬਾਰੇ ਦੋ ਰਾਵਾਂ ਹੋ ਸਕਦੀਆਂ ਹਨ, ਪਰ ਪ੍ਰਬੰਧ ਦੀ ਰਚਨਾ ਵਿਚ ਇਨ੍ਹਾਂ ਨੂੰ ਅਸਫਲ ਨਹੀਂ ਆਖਿਆ ਜਾ ਸਕਦਾ । ਪੁਨਰ-ਉੱਥਾਨ ਦੇ ਯੁਗ ਦੀਆਂ ਲੋੜਾਂ ਦੇ ਅਸਰ ਹੇਠ ਆ ਕੇ ਪ੍ਰਬੰਧ-ਕਾਵਿ ਤੇ ਖੰਡ-ਕਾਵਿ ਦਿਆਂ ਰੂਪਾਂ ਦਾ ਬਦਲਨਾ ਸੁਭਾਵਿਕ ਹੈ । ਇਨ੍ਹਾਂ ਰਚਨਾਵਾਂ ਵਿਚ ਆਖਿਆਨਾਂ ਦਾ ਢਿੱਲਾ ਹੋ ਜਾਣਾ ਵੀ ਜ਼ਰੂਰੀ ਹੈ । ਗੁਪਤ ਦੀ ਕਵਿਤਾ ਦੇ ਭਾਵ-ਪੱਖ ਤੇ ਕਲਾ-ਪੱਖ ਦੀ ਪਹੁੰਚ ਬਾਰੇ ਮਤ-ਭੇਦ ਹੋ ਸਕਦਾ ਹੈ, ਪਰ ਇਨ੍ਹਾਂ ਦੀ ਕਵਿਤਾ ਦੀਆਂ ਕਮਜ਼ੋਰੀਆਂ ਬਿਲਕੁਲ ਸਾਫ਼ ਹਨ । ਇਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਦੇ ਮੂਲ ਵਿਚ ਸ਼ਿਵ ਤੇ ਮੰਗਲ ਦੀ ਦ੍ਰਿਸ਼ਟੀ ਹੈ, ਜਿਹੜੀ ਇਨ੍ਹਾਂ ਦੀ ਕਵਿਤਾ ਦੇ ਭਾਵ-

ਪੱਖ ਤੇ ਕਲਾ-ਪੱਖ ਨੂੰ ਰੂਪ ਦੇਂਦੀ ਹੈ । ਇਹ ਸਿੱਧੀ ਗੱਲ ਸਿੱਧੀ ਤਰ੍ਹਾਂ ਕਰਨ ਦੇ ਪੱਖ ਵਿਚ ਹਨ । ਕਵੀ ਦਾ ਇਹ ਵਿਸ਼ਵਾਸ਼ ਵੀ ਨਜ਼ਰ ਆਉਂਦਾ ਹੈ ਕਿ ਬਹੁਤਾ ਕਹਿਣ ਨਾਲ ਬਹੁਤਾ ਆਖਿਆ ਜਾਂਦਾ ਹੈ । ਇਹ ਵਿਸ਼ੇਸ਼ਤਾ ਉਸ ਯੁਗ ਦੇ ਤਕਰੀਬਨ ਸਾਰੇ ਲੇਖਕਾਂ ਵਿਚ ਮਿਲਦੀ ਹੈ । ਪ੍ਰੇਮ ਚੰਦ ਦਾ ਵੀ ਇਹ ਵਿਸ਼ਵਾਸ਼ ਸੀ ਕਿ ਜਦ ਤੱਕ ਭਾਸ਼ਣ ਨਹੀਂ ਦਿੱਤਾ ਜਾਂਦਾ ਤਦ ਤੱਕ ਗੱਲ ਪਾਠਕ ਦੇ ਪੱਲੇ ਨਹੀਂ ਪੈਂਦੀ । ਗੁਪਤ ਵੀ ਆਪਣੇ ਪਾਠਕ ਨੂੰ ਜਾਣਦੇ ਤੇ ਉਸ ਦੀ ਅਕਲ ਨੂੰ ਪਛਾਣਦੇ ਸਨ । ਇਸ ਤਰ੍ਹਾਂ ਮੈਥਿਲੀ ਸ਼ਰਣ ਗੁਪਤ ਭਾਰਤੀ ਸੰਸਕ੍ਰਿਤੀ ਦੇ ਆਖਿਆਨਕਾਰ ਹੀ ਨਹੀਂ ਸਗੋਂ ਵਿਆ-ਖਿਆਕਾਰ ਵੀ ਸਨ । ਇਨ੍ਹਾਂ ਦੀ ਕਵਿਤਾ ਵਿਚ ਪ੍ਰਾਚੀਨਤਾ ਤੇ ਨਵੀਨਤਾ ਦਾ ਅਜਬ ਮੇਲ ਹੋਇਆ ਹੈ । ਇਕ ਪਾਸੇ ਉਹ ਨਾਰੀ ਦੀ ਆਜ਼ਾਦੀ ਬਾਰੇ ਲਿਖਦੇ ਰਹੇ ਤੇ ਦੂਜੇ ਪਾਸੇ ਉਸ ਲਈ ਲਛਮਣ ਦੀ ਲਕੀਰ ਵੀ ਖਿੱਚਦੇ ਰਹੇ । ਇਕ ਪਾਸੇ ਉਹ ਪੁਰਾਣੀ ਵਰਣ-ਵਿਵਸਥਾ, ਆਸ਼੍ਰਮ-ਧਰਮ ਤੇ ਸਾਂਝੇ ਪਰਿਵਾਰ ਦੇ ਹੱਕ ਵਿਚ ਸਨ ਤੇ ਦੂਜੇ ਪਾਸੇ ਉਹ ਲੋਕ-ਤੰਤਰ ਦਾ ਸਾਥ ਦੇਂਦੇ ਰਹੇ । ਅਸਲ ਵਿਚ ਇਨ੍ਹਾਂ ਦਾ ਮੋਹ ਰਾਜ-ਤੰਤਰ ਵਿਚ ਸੀ । ਇਨ੍ਹਾਂ ਦੀ ਕਵਿਤਾ ਵਿਚ ਭਾਵ-ਚਿਤਰਣ ਦਾ ਮਨੋਰਥ, ਭਾਵ ਦਾ ਭੋਗ ਨਾ ਹੋ ਕੇ ਭਾਵ ਨੂੰ ਉੱਤੇ ਉਠਾਉਣ ਦਾ ਹੈ । ਇਸ ਉਠਾਨ ਵਿਚ ਕਵੀ ਦੀ ਸਮਾਜ-ਮੰਗਲ ਦੀ ਦ੍ਰਿਸ਼ਟੀ ਹੈ । ਇਸ ਜੀਵਨ-ਦ੍ਰਿਸ਼ਟੀ ਦੇ ਆਧਾਰ ਉੱਤੇ ਗੁਪਤ ਜੀ ਦੀ ਕਵਿਤਾ ਦੀ ਪਰਖ ਵਧੇਰੇ ਚੰਗੀ ਤਰ੍ਹਾਂ ਹੋ ਸਕਦੀ ਹੈ ।

## ਮੈਥਿਲੀ ਸ਼ਰਣ ਗੁਪਤ—ਜੀਵਨ ਤੇ ਰਚਨਾ

ਨੂਤਨ ਮਣੀ

* ਗੁਪਤ ਜੀ ਦਾ ਜਨਮ ਸੰਮਤ ੧੯੪੩ ਬਿ. ਜਾਂ ਸੰਨ ੧੮੮੬ ਈ. ਵਿਚ ਉੱਤਰ ਪ੍ਰਦੇਸ਼ ਦੇ ਜ਼ਿਲੇ ਝਾਂਸੀ ਦੀ ਤਹਸੀਲ ਮੋਠ ਵਿਚ, ਸੇਤਵਾ ਨਦੀ ਦੇ ਕੰਢੇ ਵੱਸਦੇ ਇਕ ਛੋਟੇ ਜਹੇ ਕੱਸਬੇ 'ਚਿਰਗਾਂਵ' ਵਿਚ ਹੋਇਆ । ਦੇਹਾਂਤ ੧੨ ਦਸੰਬਰ, ੧੯੬੪ ਨੂੰ ਇਸੇ ਪਿੰਡ ਵਿਚ ਹੀ ਹੋਇਆ । ਪਿਤਾ ਦਾ ਨਾਂ ਸੀ—ਸ਼੍ਰੀ ਰਾਮ ਚਰਣ ।

* ਆਪਣੀ ਸਾਹਿੱਤ-ਸੇਵਾ ਦੇ ਕਾਰਣ ਰਾਸ਼ਟਰ-ਕਵੀ ਦੇ ਨਾਂ ਨਾਲ ਪ੍ਰਸਿੱਧ ਹੋਏ ।

* ਇਨ੍ਹਾਂ ਉੱਤੇ ਗਾਂਧੀ ਜੀ ਦੇ ਸੁਤੰਤਰਤਾ-ਅੰਦੋਲਨ ਦਾ ਅਸਰ ਹੋਇਆ ਤੇ ਜੇਲ-ਯਾਤਰਾ ਵੀ ਕੀਤੀ ।

* ਪਹਿਲੀ ਵਾਰੀ ੧੯੫੪ ਵਿਚ ਤੇ ਦੂਜੀ ਵਾਰੀ ੧੯੫੯ ਵਿਚ ਰਾਜ-ਸਭਾ ਦੇ ਮੈਂਬਰ ਨਾਮਜ਼ਦ ਕੀਤੇ ਗਏ ।

* ੧੯੫੪ ਵਿਚ ਉਨ੍ਹਾਂ ਨੂੰ 'ਪਦਮ ਵਿਭੂਸ਼ਣ' ਦਾ ਉੱਚਾ ਸਤਿਕਾਰ ਦਿੱਤਾ ਗਿਆ।

* ਆਪ 'ਨਾਗਰੀ ਪ੍ਰਚਾਰਿਣੀ ਸਭਾ, ਬਨਾਰਸ' ਦੇ ਪ੍ਰਧਾਨ ਵੀ ਰਹੇ ।

* ਕਵਿਤਾ ਬਾਰੇ ਉਨ੍ਹਾਂ ਦਾ ਸਿੱਧਾਂਤ-ਵਾਕ ਹੈ :

ਕੇਵਲ ਮਨੋਰੰਜਨ ਨ ਕਵੀ ਕਾ ਕਰਮ ਹੋਨਾ ਚਾਹੀਏ ।
ਉਸ ਮੇਂ ਉਚਿੱਤ ਉਪਦੇਸ਼ ਕਾ ਭੀ ਮਰਮ ਹੋਨਾ ਚਾਹੀਏ ।

* 'ਗੁਰੂ-ਕੁਲ' ਵਿਚ ਉਨ੍ਹਾਂ ਨੇ ਸਿੱਖ ਧਰਮ ਤੇ ਸਿੱਖ ਇਤਿਹਾਸ ਉੱਤੇ ਚਾਨਣ ਪਾਇਆ ਹੈ । 'ਕਾਬਾ ਤੇ ਕਰਬਲਾ' ਵਿਚ ਇਸਲਾਮ ਧਰਮ ਵੱਲ ਧਿਆਨ ਦਿੱਤਾ ਹੈ ।

* ਪ੍ਰਸਿੱਧ ਪੁਸਤਕ 'ਸਾਕੇਤ' ਵਿਚ ਨਾਰੀ ਬਾਰੇ ਕਹਿੰਦੇ ਹਨ :

ਅਬਲਾ ਜੀਵਨ, ਹਾਏ ਯਹੀ ਕਹਾਨੀ
ਆਂਚਲ ਮੇਂ ਦੂਧ, ਆਖ ਮੇਂ ਪਾਨੀ !

* ਆਪ ਦੀਆਂ ਰਚਨਾਵਾਂ ਦੀ ਸੂਚੀ ਇਹ ਹੈ :

ਰੰਗ ਮੇਂ ਭੰਗ (੧੯੦੯ ਈ.); ਜੈਦਰਥ ਬਧ (੧੯੧੦); ਪਦਜ ਪ੍ਰਬਧ (੧੯੧੨); ਭਾਰਤ ਭਾਰਤੀ (੧੯੧੨); ਸ਼ਕੁੰਤਲਾ (੧੯੧੪); ਤਿਲੋੱਤਮਾ ਨਾਟਕ (੧੯੧੫); ਚੰਦ੍ਰ ਹਾਸ ਨਾਟਕ (੧੯੧੬); ਪਤ੍ਰਾਵਲੀ (੧੯੧੬); ਵੈਤਾਲਿਕ (੧੯੧੬); ਕ੍ਰਿਸਾਨ (੧੯੧੬); ਅਨਘ (੧੯੨੫); ਪੰਚਵਟੀ (੧੯੨੫); ਸ੍ਵਦੇਸ਼ ਸੰਗੀਤ (੧੯੨੫); ਹਿੰਦੂ (੧੯੨੭); ਸ਼ਕਤੀ (੧੯੨੭); ਸੈਰੰਧ੍ਰੀ (੧੯੨੭); ਵਣ ਵੈਭਵ (੧੯੨੭); ਵਕ੍ਰ ਸੰਹਾਰ (੧੯੨੭]; ਵਿਕਟ ਭੱਟ (੧੯੨੮); ਗੁਰੂ ਕੁਲ (੧੯੨੮); ਝਨਕਾਰ (੧੯੩੦); ਸਾਕੇਤ (੧੯੩੨); ਯਸ਼ੋਧਰਾ (੧੯੩੨); ਦ੍ਵਾਪਰ (੧੯੩੨); ਸਿੱਧ ਰਾਜ (੧੯੩੬); ਮੰਗਲ ਘਟ (੧੯੩੭); ਨਹੁਸ਼ (੧੯੪੦); ਕੁਣਾਲ ਗੀਤ (੧੯੪੨); ਅਰਜਨ ਔਰ ਵਿਸਰਜਨ (੧੯੪੨); ਕਾਬਾ ਕਰਬਲਾ (੧੯੪੮); ਵਿਸ਼੍ਵ ਵੇਦਨਾ (੧੯੪੨); ਅਜਿੱਤ (੧੯੪੬); ਪ੍ਰਦਕਸ਼ਿਣਾ (੧੯੫੦); ਪ੍ਰਿਥਵੀ ਪੁਤ੍ਰ (੧੯੫੦); ਹਿਡਿੰਬਾ (੧੯੫੦); ਅੰਜਲੀ ਔਰ ਅਰਘਜ (੧੯੫੦); ਜੈ ਭਾਰਤ (੧੯੫੨); ਯੁੱਧ ; ਰਾਜਾ ਪ੍ਰਜਾ (੧੯੫੬); ਵਿਸ਼ਣੂ ਪ੍ਰਿਯਾ (੧੯੫੭) ।

ਉਪਰੋਕਤ ਨੋਟ ਦੇ ਲੇਖਕ ਡਾ. ਨੂਤਨ ਮਣੀ ਜੀ ਨੇ ਆਲੋਚਨਾ ਦੇ ਪਾਠਕਾਂ ਨੂੰ ਹਿੰਦੀ ਸਾਹਿੱਤ ਬਾਰੇ ਬਾਕਾਇਦਾ ਵਾਕਫ਼ੀ ਦੇਂਦੇ ਰਹਿਣ ਦਾ ਵਿਸ਼ਵਾਸ਼ ਦਿਵਾਇਆ ਹੈ, ਜਿਸ ਲਈ ਸੰਪਾਦਕ ਉਨ੍ਹਾਂ ਦਾ ਧੰਨਵਾਦੀ ਹੈ ।

# ਪੱਬੀ

ਸੰਤ ਸਿੰਘ ਸੇਖੋਂ

ਪ੍ਰਭਜੋਤ ਕੌਰ ਦੀ ਕਵਿਤਾ, ਉਸ ਦੇ ਸੰਗ੍ਰਹਿ 'ਪੱਬੀ' ਵਿਚ ਸੱਚ ਹੀ ਇਕ ਉੱਚੇ ਪੱਧਰ ਉੱਤੇ ਪਹੁੰਚ ਗਈ ਹੈ। ਸਾਹਿੱਤ ਅਕਾਡਮੀ ਵੱਲੋਂ ਇਸ ਨੂੰ ਇਸ ਸਾਲ ਦਾ ਪੁਰਸਕਾਰ ਮਿਲਣਾ ਇਸ ਦਾ ਪ੍ਰਮਾਣ ਨਹੀਂ, ਇਕ ਸ੍ਵੀਕ੍ਰਿਤੀ ਹੈ। ਇਸ ਪੁਸਤਕ ਦੀ ਅੰਗੀ ਦੇ ਅੰਦਰਲੇ ਪੰਨੇ ਉੱਤੇ ਕਿਸੇ ਦੇ ਸ਼ਬਦ, 'ਅਨੇਕ ਵਾਦੀਆਂ, ਪਠਾਰਾਂ ਤੇ ਚੜ੍ਹਾਈਆਂ ਪਿੱਛੋਂ ਪ੍ਰਭਜੋਤ ਅੱਜ ਇਕ ਵਿਸ਼ਾਲ, ਅਨੰਦਤ (?) ਤੇ ਚਾਨਣੀ ਪੱਬੀ ਵਿਚ ਬਿਰਾਜੀ ਕੁੱਝ ਹੋਰ ਉੱਚੀਆਂ ਟੀਸੀਆਂ ਵੱਲ ਲਲਸਾਈਆਂ ਨਜ਼ਰਾਂ ਨਾਲ ਤੱਕ ਰਹੀ ਹੈ', ਇਸ ਦੇ ਵਿਸ਼ੇ-ਵਸਤੂ ਤੇ ਰੂਪ ਦੋਹਾਂ ਪੱਖਾਂ ਉੱਤੇ ਠੀਕ ਢੁੱਕਦੇ ਹਨ। ਕੁੱਝ ਸਾਲ ਹੋਏ ਮੈਂ ਇਸ ਦੀ ਕਵਿਤਾ ਦੀ ਆਲੋਚਨਾ ਕਰਦੇ ਲਿਖਿਆ ਸੀ ਕਿ ਪ੍ਰਭਜੋਤ ਹੁਣ ਉਸ ਨਾਜ਼ੁਕ ਪੜਾਉ ਉੱਤੇ ਪਹੁੰਚ ਗਈ ਹੈ, ਜਿੱਥੋਂ ਅੱਗੇ ਜਾਣਾ ਖ਼ਤਰਨਾਕ ਹੈ ਤੇ ਪਿੱਛੇ ਮੁੜਨਾ ਕਾਇਰਤਾ। ਮੈਂ ਇਸ ਪੁਸਤਕ ਵਿਚ ਵੇਖਦਾ ਹਾਂ ਕਿ ਪ੍ਰਭਜੋਤ ਅੱਗੇ ਜਾਣ ਦੇ ਖ਼ਤਰੇ ਤੋਂ ਘੱਟ ਹੀ ਡਰੀ ਹੈ। ਪਰਬਤ ਦੀ ਚੋਟੀ ਉੱਤੇ ਚੜ੍ਹ ਰਹੇ ਆਦਮੀ ਵਾਕਰ ਉਸ ਦੀ ਸਥਿਤੀ, ਵੇਖਣ ਵਾਲਿਆਂ ਵਿਚ ਡਰ ਉਪਜਾਉਂਦੀ ਹੈ, ਪਰ ਸ਼ਾਇਦ ਉਸ ਦੇ ਮਨ ਵਿਚ ਨਹੀਂ। ਮੈਨੂੰ ਇਕ ਦਰਸ਼ਕ ਦੇ ਰੂਪ ਵਿਚ ਆਪ ਕੁੱਝ ਕੁੱਝ ਹੁੰਦਾ ਹੈ, ਇਹ ਵੇਖ ਕੇ ਕਿ ਉਹ ਚੜ੍ਹਾਈ, ਜਿਸ ਉੱਤੇ ਉਹ ਹੁਣ ਯਤਨਸ਼ੀਲ ਹੈ, ਕਿਤਨੀ ਤਿਲਕਣੀ ਹੈ!

ਇਸ ਸੰਗ੍ਰਹਿ ਦੀ ਪਹਿਲੀ ਕਵਿਤਾ, ਜਿਸ ਨੂੰ ਪ੍ਰਭਜੋਤ ਨੇ 'ਪੱਬੀ' ਦਾ ਹੀ ਸ਼ੀਰਸ਼ਕ ਦਿੱਤਾ ਹੈ, ਮਨੁੱਖ ਦੇ, ਤੇ ਆਪ ਪ੍ਰਭਜੋਤ ਦੇ, ਭਾਵਕ ਅਸਤਿਤ੍ਵ ਦੀ ਕਥਾ ਹੈ। ਉਹ ਮੁੱਢ ਵਿਚ ਆਖਦੀ ਹੈ:

ਉਹ ਦਿਨ ਸਨ
ਚੜ੍ਹਦੀ ਰੁੱਤ ਵਰਗੇ
ਨਿੱਖਰੇ ਨਿੱਖਰੇ

ਜਦੋਂ-

ਕੋਸੀ ਧੁਪ ਦੇ ਨਿੱਘ ਅਲਸਾਏ
ਦਿਲ ਬੂਟੇ 'ਤੇ
ਨਿਤ ਖਿੜਦੇ ਸਨ ਤਾਂਘ-ਸ਼ਗੂਫ਼ੇ
ਆਪੇ ਹੀ ਫਿਰ ਭੁਰ ਜਾਂਦੇ ਸਨ ।
... ...
ਲਾਲ ਲਹੂ ਨਾੜਾਂ 'ਚੋਂ ਲੰਘਦਾ,
ਹੋ ਜਾਂਦਾ ਸੀ
ਹਰ ਸਾਹ ਸੱਜਰਾ ।
ਜੀਵਨ ਦੇ ਲਈ ਲੱਖ ਬਹਾਨੇ
ਆਪੇ ਜੀਉੜਾ ਲਭ ਲੈਂਦਾ ਸੀ ।

ਇਹ ਬਚਪਨ ਤੇ ਸ਼ਬਾਬ ਦਾ ਜੀਵਨ ਸੀ, ਤੇ ਫਿਰ ਆਇਆ ਪ੍ਰੇਮ ਤੇ ਵਿਆਹ ਦਾ ਜੀਵਨ, ਦਿਨ ਬਦਲੇ ਤੇ,

... ...
ਇਉਂ ਲੱਗਾ ਜਿਉਂ ਧਰਤੀ ਉੱਤੇ
ਬਸ ਇਕ ਮੈਂ
ਤੇ ਇੱਕੋ ਤੂੰ ਸੈਂ ।
ਬਾਕੀ ਸਾਰਾ ਖੇਡ-ਪਸਾਰਾ
ਸਾਡੀ ਖ਼ਾਤਰ ।

ਇੱਥੋਂ ਤੱਕ ਇਸ ਕਵਿਤਾ ਵਿਚ ਕੇਵਲ ਰੋਮਾਂਚਕ ਸਥਿਤੀ ਦਾ ਪ੍ਰਗਟਾਵਾ ਹੈ; ਜਿਸ ਤੋਂ ਬਹੁਤ ਲੋਕਾਂ ਦੇ ਕੰਨ ਮਾਨੂਸ ਹੀ ਨਹੀਂ ਹਨ, ਉਕਤਾ ਚੁੱਕੇ ਹਨ । ਇਹ ਪ੍ਰਭਜੋਤ ਦੀ ਉਮਰ ਤੇ ਉਸ ਦੀ ਕਵਿਤਾ ਦੀ ਪਹਿਲੀ ਜਵਾਨੀ ਦੇ ਪ੍ਰਤਿਨਿਧ ਬੋਲ ਹਨ । ਪਰ ਫਿਰ ਜਦੋਂ ਉਹ ਮੰਝਲੀ ਉਮਰ ਵਿਚ ਆ ਕੇ ਆਖਦੀ ਹੈ :-

ਇਹ ਦਿਨ,
ਇਕ ਸਿੱਧਾ ਜਿਹਾ ਰਸਤਾ,
ਜਿਉਂ ਡਿੱਗਾ ਚੋਫਾਲ ਧਰਤ 'ਤੇ ।
...
ਨਾ ਕੋਈ ਮੋੜ,
ਨਾ ਘੁੰਮਣ ਚੱਕਰ,
ਕਿਹੜੀਆਂ ਚੁੱਪਾਂ ਨੂੰ ਫਿਰ ਟੋਹਾਂ,
ਵਾਟਾਂ ਕੋਲੋਂ ਭੇਦ ਲਵਾਂ

ਤਾਂ ਕਿਸ ਦਾ ?
ਨੈਣ ਟਿਕਾਵਾਂ ਕਿਸ ਦੀ ਖਾਤਿਰ,
ਦੂਰ ਛੋਰ 'ਤੇ ।

ਇਸ ਸਿੱਧੇ ਜਿਹੇ ਚੌਫਾਲ ਰਸਤੇ ਉੱਤੇ ਉਹ ਮੱਧ-ਵਰਗੀ ਲੋਕ, ਜਿਨ੍ਹਾਂ ਦੇ ਹਿਰਦੇ ਭਾਵਕ ਤੇ ਚੇਸ਼ਟਾਵਾਨ ਨਹੀਂ ਹੁੰਦੇ, ਬੇਸੁਆਦੇ ਜੇਹੇ ਸੁੱਖ-ਦੁੱਖ ਵਿਚ ਸਥਿਤ ਰਹਿ ਸਕਦੇ ਹਨ, ਕਿਉਂਕਿ ਉਹ ਕਵੀ ਨਹੀਂ ਹੁੰਦੇ, ਭਾਵੇਂ ਕਿਤਨਾ ਜ਼ੋਰ ਲਾ ਕੇ ਛੰਦਮਈ ਪੰਕਤੀਆਂ ਲਿਖਣ ਦਾ ਤਰਲਾ ਕਰਦੇ ਹੋਣ । ਪਰ ਜਿਨ੍ਹਾਂ ਵਿਚ ਕਵਿਤਾ ਦਾ ਅੰਸ਼ ਹੁੰਦਾ ਹੈ, ਇੱਥੇ ਆ ਕੇ ਉਨ੍ਹਾਂ ਨੂੰ ਇਹ ਚੌਫ਼ਾਲ, ਵਿਸ਼ਾਲ ਪਸਾਰ ਆਪਣੇ ਉੱਤੇ ਡਿਗਦਾ ਪ੍ਰਤੀਤ ਹੋਣ ਲਗ ਜਾਂਦਾ ਹੈ । ਉਹ ਮਹਸੂਸ ਕਰਨ ਲਗ ਪੈਂਦੇ ਹਨ ਕਿ,

ਹੁਣ ਇਹ ਦਿਲ
ਨਿੱਕਾ ਜਿਹਾ ਟੋਇਆ
ਫਿਰ ਬਣ ਕੇ ਸਾਗਰ
ਨਹੀਂ ਭਰਦਾ ।
ਇਸ ਜਿੰਦੜੀ ਦੇ ਡੂੰਘੇ ਤਲ ਵਿਚ
ਹੁਣ ਨਹੀਂ ਉੱਠਦੀਆਂ
ਭਾਵਕ ਛੱਲਾਂ ।
ਹੁਣ ਜੀਣਾ,
ਬੱਸ, ਬਿਨਾਂ ਬਹਾਨੇ ਜੀਵੀ ਜਾਣਾ ।

ਪਰ ਉਨ੍ਹਾਂ ਲਈ ਇਹ ਜੀਵਨ—

ਜ਼ਹਿਰ ਸਮੇਂ ਦਾ ਪੀਵੀ ਜਾਣਾ

ਹੁੰਦਾ ਹੈ । ਉਸ ਅਵਸਥਾ ਵਿਚ ਭਾਵੇਂ

......ਦੁੱਖ ਸੁੱਖ ਦੋਵੇਂ ਇਕ ਦਿੱਸਦੇ ਹਨ,
ਜਾਂ ਕਿਧਰੇ ਇਹ ਜਿੰਦ ਨਹੀਂ ਖੁੱਭਦੀ

ਪਰ

...ਜ਼ਿੰਦਗੀ ਦੀਆਂ ਕੁੱਲ੍ਹੀਆਂ ਅੰਦਰ
ਇਕ ਸਾਹਾਂ ਦੀ ਰੜਕਣ ਚੁੱਭਦੀ ।

ਇਹ ਰੜਕਣ ਕਵੀ ਦਾ ਸੁਭਾਗ ਵੀ ਹੈ ਤੇ ਦੁਰਭਾਗ ਵੀ। ਕਵਿਤਾ ਦਾ ਭਾਵਕ ਜੀਵਨ ਜੀਉਣ ਵਾਲੇ ਹਿਰਦੇ ਇਸ ਰੜਕਣ ਦੇ ਉਦਾਲੇ ਆਪਣੀ ਜਿੰਦ ਦੀ ਲੇਸ ਵਲ ਵਲ ਕੇ ਮੋਤੀ ਬਣਾਂਦੇ ਹਨ, ਪਰ ਉਨ੍ਹਾਂ ਨੂੰ ਅੰਗ੍ਰੇਜ਼ ਕਵੀ ਯੇਟਸ ਦੇ ਕਹਿਣ ਅਨੁਸਾਰ,

'ਬੈਂਕਰਾਂ, ਵਣਜਾਰਿਆਂ ਤੇ ਸੁਨਿਆਰਿਆਂ ਦੀ ਦੁਨੀਆ'

ਨਿਕੰਮੇ ਹੀ ਨਹੀਂ ਸਮਝਦੀ, ਭੰਡਦੀ ਹੈ, ਗਾਲ੍ਹਾਂ ਕੱਢਦੀ ਹੈ, ਤੇ ਉਨ੍ਹਾਂ ਨੂੰ ਮੁੜ ਉਸੇ

ਚੋਫ਼ਾਲ ਉੱਤੇ ਡੋਗ ਲੈਣ ਦੇ ਸਾਰੇ ਹੀਲੇ ਵਸੀਲੇ ਵਰਤਦੀ ਹੈ।

ਮੈਨੂੰ ਡਰ ਹੈ ਪ੍ਰਭਜੋਤ ਨਾਲ ਵੀ ਇਉਂ ਹੀ ਨਾ ਹੋਣ ਲਗ ਜਾਵੇ। ਇਸ ਪੁਸਤਕ ਨੂੰ ਪੁਰਸਕਾਰ ਮਿਲਣ ਉੱਤੇ ਹੀ ਉਸ ਦੁਨੀਆਂ ਵਿਚ ਕੁਝ ਕੁਲਬੁਲਾਹਟ ਹੋਈ ਦਿੱਸਦੀ ਹੈ!

ਅਗਲੀ ਕਵਿਤਾ 'ਗੰਧਲੇ ਪਾਣੀ' ਵਿਚ ਉਹ ਇਸ ਖ਼ਤਰੇ ਤੋਂ ਬਚਣ ਦਾ ਯਤਨ ਕਰਦੀ ਹੈ। ਇਸ ਸੰਸਾਰ ਵਿਚ ਬਹੁਤਿਆਂ ਨੂੰ ਤਾਂ ਇਕ ਪ੍ਰੇਮ ਵੀ ਨਹੀਂ ਪ੍ਰਾਪਤ ਹੁੰਦਾ; ਕੁੱਝ ਨੂੰ ਇਹ ਪ੍ਰਾਪਤ ਹੋ ਜਾਂਦਾ ਹੈ, ਪਰ ਸਮਾਂ ਇਸ ਨੂੰ ਚੋਫਾਲ, ਬੇਸੁਆਦਾ ਬਣਾ ਦੇਂਦਾ ਹੈ, ਤੇ ਉਹ ਦੂਜੇ ਪ੍ਰੇਮ ਲਈ ਲਲਸਾਣ ਲਗ ਜਾਂਦੇ ਹਨ। ਇਹ ਉਨ੍ਹਾਂ ਨੂੰ ਮਿਲਦਾ ਦਿੱਸਦਾ ਹੈ, ਤੇ ਪਿਆਰਾ, ਅਤਿ ਪਿਆਰਾ ਲਗਦਾ ਹੈ। ਪਹਿਲਾ ਪ੍ਰੇਮ ਮੂਲ ਸੀ, ਤੇ ਇਹ ਵਿਆਜ ਹੁੰਦਾ ਹੈ। ਕੁੱਝ ਨੂੰ ਇਹ ਵਿਆਜ. ਸੰਤਾਨ ਦੇ ਪ੍ਰੇਮ ਦੇ ਰੂਪ ਵਿਚ ਮਿਲਦਾ ਹੈ, ਪਰ ਇਹ ਜਾਂ ਕਵੀ ਨਹੀਂ ਹੁੰਦੇ ਜਾਂ ਕਵੀ ਬਣਨ ਦੀ ਸਮਰੱਥਾ ਤੋਂ ਵਾਂਝੇ ਹੁੰਦੇ ਹਨ। ਜਿਹੜੇ ਕਵੀ ਹੁੰਦੇ ਹਨ, ਉਨ੍ਹਾਂ ਲਈ ਇੱਥੇ ਆ ਕੇ ਇਕ ਹੋਰ ਖ਼ਤਰਾ ਖੜਾ ਹੋ ਜਾਂਦਾ ਹੈ। ਇਹ ਦੂਜਾ ਪਿਆਰ, ਦੂਜੇ ਵਿਅਕਤੀ ਦੇ ਰੂਪ ਵਿਚ ਉਨ੍ਹਾਂ ਦੇ ਪੇਸ਼ ਆਉਂਦਾ ਹੈ, ਤੇ ਉਹ ਨਹੀਂ ਜਾਣਦੇ ਹੁੰਦੇ, ਕੀ ਕਰਨ? ਇਹ ਪਿਆਰ, ਚਾਹੇ ਪਰਮੇਸ਼ੂਰ ਦਾ ਹੀ ਕਿਉਂ ਨਾ ਹੋਵੇ 'ਅਲੂਣੀ ਸਿਲ' ਹੁੰਦਾ ਹੈ, ਇਸ ਦਾ ਮਾਰਗ 'ਵਾਲਹੁ ਨਿਕਾ' ਤੇ 'ਖੰਨਿਓਂ ਤਿਖਾ' ਹੁੰਦਾ ਹੈ। ਇਸ ਨੂੰ ਕਵੀ ਦੀ ਪ੍ਰਤਿਭਾ ਇਉਂ ਵਰਣਨ ਕਰਦੀ ਹੈ:

ਪਰ ਸੱਜਣਾ,
ਤੇਰੀ ਪ੍ਰੀਤ ਅਲੂਣੀ।
ਵਾਟ ਵਧੇ
ਦਿਹੁੰ ਰਾਤੀਂ ਦੂਣੀ।

ਤੇ

ਕੀ ਢਹਿਣਾ ਇਸ ਇਸ਼ਕ ਦੇ ਪੱਲਿਓਂ
ਕੀ ਪੈਣਾ ਇਸ ਜਿੰਦ ਦੀ ਝੋਲੀ?

ਇਹ ਹੀ ਜੀਵਨ ਦੀ ਪੱਬੀ ਦੀ ਵੱਡੀ ਸਮੱਸਿਆ ਹੈ। ਇਕ ਹੋਰ ਕਵਿਤਾ, 'ਉੱਤੇਜਨਾ, ਪ੍ਰਾਪਤੀ, ਭਟਕਣਾ' ਵਿਚ ਇਸ ਸਮੱਸਿਆ ਨੂੰ ਵਧੇਰੇ ਸਪਸ਼ਟ, ਪਰ ਘੱਟ ਕਾਵਿਮਈ ਸ਼ਬਦਾ ਵਿਚ ਇਉਂ ਉਲੀਕਿਆ ਗਿਆ ਹੈ:

ਅਕੇਵਿਆਂ ਦਾ ਭਾਰ ਕਿਉਂ?
ਚੈਨ ਦੇ ਦਰ ਪੁੱਜ ਕੇ ਵੀ
ਦੂਰ ਦਾ ਹੁਲਾਰ ਕਿਉਂ?
ਚਾਹ ਵਿਚ ਹੈ ਘਾਟ?

ਜਾਂ ਫਿਰ ਟੀਚਿਆਂ 'ਚ ਰੋੜ ਹੈ ?

ਪਰ ਵਧੇਰੇ ਸਫਲ, ਅੱਤ ਮਨੋਹਰ ਸ਼ਬਦਾਂ ਵਿਚ ਇਕ ਦੂਜੀ ਕਵਿਤਾ 'ਸਿਖਰ' ਵਿਚ ਆਇਆ ਹੈ :

ਇਸ ਪਲ ਸੱਜਣਾ,
ਸਭ ਆਸਾਂ ਤੋਂ ਉੱਚਤਮ,
ਤੇਰੀ ਲੋਚਾ ਗੇੜੇ ਲਾਂਦੀ ।

... ... ...

ਕੀ ਜਾਣਾਂ ਕਿ ਫੇਰ ਕਦੇ ਮੈਂ
ਅਨੁਭਵ ਦੀ ਇਸ ਤੀਖਣਤਾ ਨੂੰ
ਛੋਹਾਂ ਜਾਂ ਨਾ ਛੋਹਾਂ ।
ਸ਼ਾਇਦ ਫੇਰ ਕਦੇ ਮੈਂ ਐਨੀ
ਪਿਆਰ-ਵਿਆਕੁਲ ਹੋਵਾਂ ਜਾਂ ਨਾ ਹੋਵਾਂ ।

ਕੱਲ੍ਹ ਜਿਉਂ ਰਾਤ ਅਮਾਵਸ ਕਾਲੀ
ਕੁੱਝ ਨਾ ਮੈਨੂੰ ਦਿੱਸਦਾ ਬੁੱਝਦਾ !
ਸੂਝਾਂ ਸੁਰਤਾਂ ਸੱਭੇ ਅੰਨ੍ਹੀਆਂ
ਕੁੱਝ ਨਾ ਦੱਸਣ ਭੇਦ ਭਵਿੱਸ਼ ਦਾ ।

'ਵਿਆਜ' ਦਾ ਪਿਆਰ ਸੂਝਾਂ ਸੁਰਤਾਂ ਨੂੰ ਅੰਨ੍ਹੀਆਂ ਕਰਦਾ ਹੈ । ਭਵਿੱਸ਼ ਨੂੰ ਅਮਾਵਸ ਜਿਹਾ ਅਨ੍ਹੇਰਾ ਬਣਾ ਦੇਂਦਾ ਹੈ । ਪਰ ਕੀ ਇਸ ਵਿੱਚੋਂ ਮੁੜਿਆ ਜਾ ਸਕਦਾ ਹੈ ? ਇਸ ਜੀਵਨ ਵਿਚ ਸਫਲ ਲੋਕ, ਅਫ਼ਸਰ, ਬੈਂਕਰ, ਦੁਕਾਨਦਾਰ, ਟੱਬਰਦਾਰ ਇਸ ਤੋਂ ਡਰਦੇ ਹਨ; ਉਹ ਬੈਂਕਾਂ ਤੇ ਗ਼ਰੀਬ ਲੋੜਵੰਦਾਂ ਪਾਸੋਂ ਧਨ-ਰੂਪ-ਵਿਆਜ ਲੈ ਕੇ ਸਾਹ ਲੈਂਦੇ ਹਨ । ਪਰ ਕਵੀਆਂ ਦਾ, ਮਹਾਨ ਆਸ਼ੇ ਵਾਲਿਆਂ ਦਾ, ਇਉਂ ਗੁਜ਼ਾਰਾ ਨਹੀਂ ਹੁੰਦਾ । ਉਨ੍ਹਾਂ ਲਈ,

ਸਥਗਿਤ ਕੀਤੀਆਂ ਚਾਹਾਂ,
ਕਦੇ ਨਾ ਰੁਕੀਆਂ ਕਿਸੇ ਘਾਟ 'ਤੇ ।
ਵਹਿ ਜਾਵਣ,
ਸਮਿਆਂ ਦਾ ਪਾਣੀ ਲਾਵੇ ਢਾਹਾਂ ।

ਤੇ ਉਹ ਇਸ ਪਾਣੀ ਦੀ ਢਾਹ ਵਿਚ ਆਪਣੀ ਜਿੰਦ ਖੋਰਦੇ ਤੇ ਕਵਿਤਾ ਰਚਦੇ ਚਲੇ ਜਾਂਦੇ ਹਨ ;

ਅਜੇਹੀਆਂ ਘੜੀਆਂ ਵਿਚ ਪਹਿਲੇ ਪ੍ਰੇਮ, 'ਮੂਲ' ਦਾ ਆਸਰਾ ਭਾਲੀਦਾ ਹੈ, ਉਸ ਦੇ ਸੁਪਨੇ ਮੁੜ ਜਗਾਈਦੇ ਹਨ, ਜਿਵੇਂ ਕਵੀ ਨੇ 'ਗੁੰਜ ਚੁੰਮਣਾ ਕਿ ਵਿਸ਼ ਚੱਟਣਾ' ਵਿਚ

ਆਖਿਆ ਹੈ :

ਅੱਜ ਮੈਂ ਸੌਈ ਸੁਪਨਿਆਂ ਦੀ ਸੇਜ 'ਤੇ
ਯਾਦ ਦੀ ਲੋਈ ਹੈ ਖੱਫਣ ਬਣ ਗਈ,
ਦੂਰੀਆਂ ਦੁੱਮੇਲ ਕੀਤਾ ਰੰਗਲਾ,
ਪੀੜ ਦੀ ਚਾਂਗਰ ਗਗਨ ਤੱਕ ਤਣ ਗਈ,
ਬੀਤ ਚੁੱਕੇ ਦੀ ਰੁਮਾਂਚਿਕ ਯਾਤਰਾ
ਸੁਰਤ ਮੇਰੀ ਰੋਜ਼ ਮੁੜ ਮੁੜ ਦੇਖਦੀ.

ਪਰ ਜੀਵਨ ਦਾ ਤੇ ਬੀਤੇ ਪ੍ਰੇਮ ਦਾ ਸੁਭਾਵ ਕੁੱਝ ਅਜੇਹਾ ਹੈ ਕਿ ਅਜੇਹੀ ਘੜੀ ਮਨੁੱਖ ਨੂੰ ਜਾਪਦਾ ਹੈ :

ਪੱਸਰੀਆਂ ਅਜ਼ਲਾਂ ਤੋਂ ਨੇ ਵੀਰਾਨੀਆਂ,
ਭਾਲਦੇ ਪਰ ਨੈਣ ਰੇਖਾ ਰੇਤ ਦੀ ।

ਉਹ ਪਿਆਰ ਰੇਤ ਦੀ ਰੇਖਾ ਬਣਿਆ ਹੁੰਦਾ ਹੈ । ਅਜੇਹੀ ਅਵਸਥਾ ਵਿਚ

ਪਿਆਰ ਦੇ ਜੋ ਕੌਲ ਕੀਤੇ ਸਨ ਕਦੀ
ਪਲ ਦੋ ਪਲ ਮਾਣੇ ਸਮੇਂ ਦੀ ਹਿੱਕ ਤੇ
ਭਰ ਕਲਾਵੇ ਗੂੰਜ ਨੂੰ ਚੁੰਮਦੀ ਰਹੀ,
ਠਾਰਦੀ ਸਾਂ ਅੰਗ ਬਦਨ ਦੇ ਸਿੱਕਦੇ ।

ਤੇ ਫਿਰ ਕ,

ਸੁਪਨਿਆਂ ਲੁੱਟੀ ਲਗਨ ਹੈ ਜੀਣ ਦੀ,
ਪੀੜ ਦੀ ਚਾਂਗਰ ਗਗਨ ਤੱਕ ਹੈ ਤਣੀ,

ਜਿਨ੍ਹਾਂ ਵਿਚ ਕਵਿਤਾ ਹੈ ਉਹ ਇਸ ਪੀੜ ਤੋਂ ਬਚ ਨਹੀਂ ਸਕਦੇ। ਇਸ ਤਪਦਿਕ ਦਾ ਬੀਮਾਰ ਹੋਰ ਕੀ ਆਸ ਰੱਖ ਸਕਦਾ ਹੈ, ਸਿਵਾਏ ਇਸ ਦੇ ਕਿ ਕਦੀ ਕਦੀ 'ਅਣਜਾਣੇ' ਵਿਚ :

ਪਲੋ ਪਲੀ ਕੋਈ ਬਿਜਲੀ ਕੂੰਦੀ
ਚੀਰ ਗਗਨ ਦੇ ਛੋਰ
ਹੋਈ ਹੋਸ਼ ਬੇਗਾਨੀ ਮੇਰੀ
ਸਾਰੇ ਬੰਧਨ ਤੋੜ ।

... ...

ਸੁਲਗ ਰਹੀ ਸੀ ਚਿਣਗ ਚਿਰੋਕੀ
ਅੰਦਰੋ ਅੰਦਰ ਡੋਲ
ਤੇਰੇ ਨੈਣਾਂ ਕਿਰਨ ਛੁਹਾਈ
ਬਲ ਉੱਠੀ ਅਣਭੋਲ ।
ਦੇਸ ਅਗਨ ਦੀ ਗਰਮੀ ਡਾਢੀ

ਨਸ਼ੇ ਜਿਹਾ ਇਹ ਲੋਰ
ਯਾਦ ਰਹੇ ਨਾ ਰਾਹ ਕੰਡਿਆਲੇ
ਮੰਜ਼ਿਲਾਂ ਦਿੱਸੀਆਂ ਕੋਲ
ਪੀਡੀ ਪਕੜ ਧਰਤ ਦੀ ਹੈ ਸੀ
ਖਿੱਚ ਤੇਰੀ ਪਰ ਹੋਰ
ਤੇਰੀ ਖਿੱਚ ਤੋਂ ਸਦਕੇ ਕੀਤੀ
ਇਹ ਜਿੰਦੜੀ ਅਨਮੋਲ।

ਮਨੁੱਖ ਵਿਚਲਾ 'ਕਵੀ' ਤਾਂ ਇਸ 'ਜਿੰਦੜੀ ਅਨਮੋਲ' ਨੂੰ ਕਿਸੇ ਦੀ ਖਿੱਚ ਤੋਂ ਸਦਕੇ ਕਰ ਸਕਦਾ ਹੈ, ਪਰ ਸਮਾਜਿਕ ਜੀਉੜਾ ਇਉਂ ਨਹੀਂ ਕਰ ਸਕਦਾ। ਇਸੇ ਲਈ ਕਵਿਤਾ, ਸਮਾਜ ਵਿਚ ਏਡੀ ਵੱਡੀ ਪ੍ਰੇਰਣਾ ਹੋਣ ਦੇ ਉਪਰੰਤ ਵੀ ਇਕ 'ਅਣ ਸਮਾਜਿਕ' ਸ਼ਕਤੀ, ਵਿਦ੍ਰੋਹ-ਸ਼ਕਤੀ, ਬਣ ਜਾਂਦੀ ਹੈ। ਕਵੀ ਇਕ ਸਦੀਵੀ ਵਿਦ੍ਰੋਹੀ ਬਣਿਆ ਰਹਿੰਦਾ ਹੈ—ਪ੍ਰਸਿੱਧ ਫ਼ਰਾਂਸੀਸੀ ਲੇਖਕ ਕਾਮਿਊ ਦੇ ਕਥਨ ਅਨੁਸਾਰ; ਪਰ ਸਾਧਾਰਨ ਸਮਾਜਿਕ ਜੀਉੜੇ ਲਈ ਧਰਤੀ ਦੀ ਪਕੜ ਪੀਡੀ ਹੁੰਦੀ ਹੈ, ਇਹ ਉਸ ਨੂੰ ਬਚਾ ਲੈਂਦੀ ਹੈ।

'ਸੂਝ-ਇਕ ਚਾਨਣ' ਵਿਚ ਕਵੀ ਨੇ ਇਸ ਕਠਿਨ ਸਮਸਿਆ ਨੂੰ ਭਾਈ ਵੀਰ ਸਿੰਘ ਜਿਹੇ ਸਿਆਣੇ ਸ਼ਬਦਾਂ ਵਿਚ ਵਰਣਨ ਕੀਤਾ ਹੈ।

ਜਿਥੇ ਭੁੱਖ ਦੀ ਗੱਲ
ਲੰਮੀ ਉਮਰ ਤੋਂ,
ਕੌਣ ਸੁਣਾਏ ਬਾਤ
ਸੱਚੇ ਇਸ਼ਕ ਦੀ ?

...

ਕਿਸ ਹੰਢਾਇਆ ਪਿਆਰ ?
ਧੋਖਾ ਸੱਚ ਦਾ,
ਸੌਦੇ ਤਨ ਦੇ ਰੋਜ਼
ਕਰਨ ਮਜਬੂਰੀਆਂ।

...

ਦੇਖੇ ਸੱਜਣ ਨੈਣ,
ਮੇਲ ਨਾ ਤੱਗਿਆ,
ਇਕ ਘੁੱਟਣੀ, ਇਕ ਜ਼ਾਤ
ਅੰਤ ਦੁਖਾਂਤ ਕਿਉਂ ?
ਕਹੀ ਕਹਾਣੀ ਫੇਰ

ਕਿਸ ਨੇ ਰੂਪ ਦੀ ?
ਕੀਤੀ ਕਿਸ ਨੇ ਗੱਲ
ਸੱਚੇ ਇਸ਼ਕ ਦੀ ?
ਲੱਗੇ ਪੀੜ ਦੀ ਲੂ,
ਝੁਲਸੇ ਜੋਬਨਾ,
ਸਤਰੰਗੀ ਜੋ ਪੀਂਘ
ਆਵੇ ਧਰਤ 'ਤੇ ।

ਪਰ ਮਨੁੱਖ ਦੀ ਸੋਚ ਇਸ ਤਰ੍ਹਾਂ ਇਸ਼ਕ ਨੂੰ ਭੁੱਖ ਅੱਗੇ ਹਾਰਨ, ਸਤਰੰਗੀ ਪੀਂਘ ਨੂੰ ਧਰਤੀ ਉੱਤੇ ਡਿੱਗਣ ਤੋਂ ਸਦਾ ਰੋਕਦੀ ਰਹੇਗੀ :

ਸੋਚ ਜੋ ਮਾਰੇ ਗੇੜ
ਜਾਗੇ ਚੇਤਨਾ,
ਲੱਖ ਸੋਚਾਂ ਦਾ ਸ਼ੋਰ
ਬਣੇ ਤੂਫ਼ਾਨ ਫਿਰ ।
ਪਵੇ ਚਿੰਗਾਰੀ ਪਾਟ
ਬਣੇ ਸ਼ੋਲਾ ਜਿਵੇਂ,
ਸ਼ੋਲਾ ਭਖਦਾ ਹੋਰ
ਮੱਚੇ ਇਕ ਲਾਟ ਹੈ ?

'ਆਕਰਸ਼ਣ' ਵਿਚ 'ਇਸ ਖਿੱਚ ਨੂੰ ਦਾਰਸ਼ਨਿਕ ਢੰਗ ਨਾਲ ਇਉਂ ਕਾਵਿ-ਅਰਪਣ ਕੀਤਾ ਹੈ :

ਜਦ ਤੂੰ ਨੇੜੇ ਜਿੰਦ ਦੇ
ਉਸ ਸਮੇਂ
ਚੰਗੇ ਮਾੜੇ ਦੀ ਪਰਖ
ਅਚੇਤ ਮਨ ਦੀ ਨੁੱਕਰੇ
ਰੱਖੀ ਰਹੇ
ਕੌਣ ਐਡਾ ਸੋਚਦਾ ?
ਹਵਸ ਹੈ ?
ਜੇ ਹੈ
ਤਾਂ ਹੋਵੇਗੀ ਕਿਤੇ ਦੱਬੀ ਪਈ ।
ਨਾਲ ਸੋਧਾਂ ਮਿੱਥ ਕੇ
ਕੌਣ ਤਨ ਨੂੰ ਲੋਚਦਾ ?

... ... ...

ਕਰਮ ਦਾ ਪ੍ਰਤਿਕਰਮ ਹੈ
ਭਾਵਕ ਜਲੌਂ
ਆਮੁਹਾਰੇ ਪਰਤਦੀ
ਦੇਹੀ 'ਚੋਂ ਲੋ
ਜਦ ਤੂੰ ਨੇੜੇ ਜਿੰਦ ਦੇ।

'ਹਉਂ' ਵਿਚ ਪਿਆਰ-ਰੂਪੀ ਵਿਆਜ ਤੇ ਦੁਨੀਆਂ ਦਾ ਟਾਕਰਾ ਖ਼ੂਬ ਕੀਤਾ ਹੈ

ਚੁੰਬਕ ਮੇਰੀ ਦਾ ਹੁੰਗਾਰਾ ਭਰਦਿਆਂ
ਭੀੜ ਵਿਚ ਵੀ ਕੰਬ ਪਵੇਂ ਤੂੰ ਕਿਸ ਤਰ੍ਹਾਂ
ਕਿਸ ਡਰੋਂ, ਸਾਂ ਜਾਣਦੀ,
ਇਨਕਾਰ ਕਰ ਲੈਂਦਾ ਸੈਂ ਮੇਰੀ ਹੋਂਦ ਤੋਂ।
ਮਹਾਨ ਦੁਨੀਆਦਾਰ ਤੂੰ
ਹਰ ਕਿਸੇ ਦੀ ਨਜ਼ਰ ਵਿਚ
ਚੰਗਾ ਬਣਨ ਦੇ ਲੋਭ ਤੋਂ ਲਾਚਾਰ ਤੂੰ।
ਮੈਂ ਵੀ ਕੋਈ ਘੱਟ ਨਹੀਂ
ਲੋਕ-ਲੱਜਾ ਇਕ ਬਹਾਨਾ ਹੀ ਸਹੀ
ਪਰ ਹਉਂ ਤਾਂ ਹੈ
ਅਭਿਮਾਨ ਵੀ, ਸ੍ਵੈਮਾਣ ਵੀ
ਇਸ ਤਰ੍ਹਾਂ ਹੈ ਕੌਣ ਮੰਨਦਾ ਹਾਰ ਨੂੰ ?

... ... ... ...

ਜੋ ਜਵਾਨੀ ਇਸ ਤਰ੍ਹਾਂ ਬਿਰਥੀ ਗਈ
ਕੌਣ ਪੱਛੋਤਾਂਵਦਾ ਹੈ ਹਰ ਘੜੀ
ਉਸ ਦੇ ਲਈ ?
ਤੂੰ ਵੀ ਸੈਂ,
ਪਰ ਲੱਖ ਬਹਾਨੇ ਜ਼ਿੰਦਗੀ ਦੇ ਹੋਰ ਵੀ।

ਇਸ ਪੱਬੀ ਜਾਂ ਪਠਾਰ ਉੱਤੇ ਖੜੀ ਪ੍ਰਤਿਭਾ ਸਥਿਤ ਹੋਣ ਦੇ ਯਤਨ ਵੀ ਕਰਦੀ ਹੈ, ਜਿਵੇਂ 'ਪਰਤੀਤ' ਵਿਚ :

ਅੱਜ ਹੋਰ ਹੈ,
ਕੱਲ੍ਹ ਹੋਰ ਸੀ
ਪਲ ਪਲ ਬਦਲਦੀ ਜ਼ਿੰਦਗੀ
ਜੋ ਘੋਰ ਪੀੜਾ ਸੀ ਕਦੇ
ਹੁਣ ਸੂਝ ਦੇ ਪੁਲਾੜ ਵਿਚ ਲਟਕੇ ਕਿਤੇ

ਸਿਮਟ ਕੇ ਹੈ ਬਣ ਗਈ
ਅਚੇਤ ਇਕ ਨੁਕਤਾ ਜਿਹਾ
ਭੁੱਲੀ ਵਿੱਸਰੀ ਯਾਦ ਦਾ।

... ...

ਹੁਣ ਨਾ ਕੋਈ ਖੋਹ ਪਵੇ
ਵਿਲਕਦੀ ਨਾ ਲੋੜ ਕੋਈ
ਆਂਦਰਾਂ ਨੂੰ ਚੀਰ ਕੇ
ਹੁਣ ਨਾ ਲੱਭਦੀ ਮੈਂ ਬਹਾਨੇ ਜੀਣ ਦੇ
ਜ਼ਿੰਦਗੀ ਆਪੇ ਹੀ ਮੈਨੂੰ
ਲੱਭ ਲੈਂਦੀ ਢੂੰਡ ਕੇ।

ਪਰ ਫਿਰ 'ਪਠਾਰ' ਵਿਚ ਭਾਵੇਂ ਇਹ ਸਮਤੋਲ ਟੁੱਟਦਾ ਨਹੀਂ, ਉਹ ਕੇਤ ਜਰੂਰ ਜਾਂਦੀ ਹੈ, ਜਦੋਂ ਉਹ ਬੀਤੇ ਤੇ ਵਰਤਮਾਨ ਨੂੰ ਟਕਰਾ ਕੇ ਵੇਖਦੀ ਹੈ :

ਦੂਰ ਸਮਾਂ ਸੀ
ਕੋਈ ਪੜਾ' ਸੀ
ਅੱਲ੍ਹੜ ਮਸਤ ਜਵਾਨੀ ਦਾ
ਮਖ਼ਮੂਰ ਨਸ਼ਾ ਸੀ

... ... ...

ਮਾਣਸ ਮਨ ਦਾ ਗਗਨ ਮੋਕਲਾ
ਅਜੇ ਤੀਕ ਕੋਰੇ ਦਾ ਕੋਰਾ
ਈਜ਼ਲ ਚੜ੍ਹਿਆ
ਅੱਜ ਕੂਲੇ ਸੂਖਮ ਭਾਵਾਂ ਨੇ
ਕਲਾਕਾਰ ਦਾ ਕੰਮ ਸੁਖਾਲਾ ਕੀਤਾ
ਗਡਵਡ ਰੰਗ ਮਿਲਾ ਕੇ ਜਿਸ ਨੇ
ਭੇਦ-ਭਰੀ ਚੁੱਪ ਦਾ ਛੰਭ ਭਰਿਆ।

ਇਹ ਜਵਾਨੀ ਦਾ ਪ੍ਰਭਾਵਵਾਦ ( Impressionism ) ਸੀ। ਇਸ ਵਿਚ ਕਲਾਕਾਰ ਨੇ, ਕਿਸੇ ਅਣਜਾਣ ਜਾਂ ਅਧਜਾਣ ਫ਼ੈਨ ਗ਼ੋਗ ਨੇ

ਇਕੋ ਛਿੱਟੇ ਕਾਹਲੀ ਕਾਹਲੀ
ਵੱਡੇ ਨਿੱਕੇ ਬੁਰਸ਼ ਸੰਭਾਲੀ
ਸਾਰੇ ਰੰਗ ਖਿਲਾਰੇ ਉਸ ਨੇ

... ... ...

ਜੋ ਆਇਆ ਉਸ ਨੇ ਸੀ ਵਾਹਿਆ
ਮਨ ਦੇ ਚਿੱਟੇ ਟੁਕੜੇ ਤੂੰਤੇ।

ਇੱਕੋ ਸੀ ਪ੍ਰਭਾਵ ਉਨ੍ਹਾਂ ਦਾ
ਇੱਕੋ ਸੋਚ ਵਿਚਾਲੇ ਦਿੱਸਦੀ
ਇੱਕੋ ਲਗਨ ਲਗੀ ਸੀ ਭਖਦੀ
ਸਭ ਰੰਗਾਂ ਦੀ ਇੱਕੋ ਭਾਹ ਸੀ ।

ਇਸੇ ਅਵਸਥਾ ਨੂੰ ਇਕ ਪੇਂਡੂ ਅਲੰਕਾਰ ਵਿਚ ਇਉਂ ਬੰਨ੍ਹਿਆ ਹੈ :

ਘਾਟ ਘਾਟ 'ਤੇ ਬੇੜੀ ਉੱਕੀ
ਖ਼ੁਸ਼ੀਆਂ ਪੀੜਾਂ ਦੇ ਵਣਜਾਰੇ
ਖਹਿਬੜਦੇ ਸਨ ਮੁੱਲ ਚੁਕਾਂਦੇ
ਪਲ ਪਲ, ਛਿਣ ਛਿਣ, ਘੋਖ ਘੋਖ ਕੇ
ਇਸ ਕਾਇਆਂ ਦੀ ਕੀਮਤ ਪਾਂਦੇ
ਧੱਕੇ ਨਾਲ ਰੋੜ੍ਹ ਕੇ ਬਜਰਾ
ਡੂੰਘੇ ਪਾਣੀ ਤੀਕ ਪੁਚਾਂਦੇ ।

ਤੇ ਸਿੱਟਾ ਕੱਢਿਆ ਹੈ :

ਉਮਰਾਂ ਦਾ ਹੈ ਪੰਧ ਛੁਟੇਰਾ
ਯਾਦ ਲਮੇਰੀ ਨਾਲ ਨਾ ਮੁੱਕਦੀ
ਪੁੱਜ ਕੇ ਅੰਤ ਪੜਾਵਾਂ ਉੱਤੇ
ਪਿੱਛੇ ਮੁੜ ਮੁੜ
ਨੀਝ ਅਜੇ ਕੁੱਝ ਲੱਭਦੀ ਦਿੱਸਦੀ ।

ਭਾਵੇਂ ਇਸ ਦੇ ਉਲਟ, ਮੁੱਢ ਵਿਚ, ਮਨ ਨੂੰ ਧਰਵਾਸ ਦੇਣ ਲਈ ਆਖਿਆ ਸੀ :

ਅੱਗੇ ਤੋਂ ਕਨਸੋਆਂ ਆਵਣ
ਰੰਗ-ਬਰੰਗੇ ਦ੍ਰਿਸ਼ ਜੀਵਨ ਦੇ
ਖਿੱਚਾਂ ਪਾਵਣ
ਗੁੱਡੀਆਂ ਲੁੱਡੀਆਂ ਵਿਚ ਗਵਾਚਾ
ਕਿਹੜਾ ਫੇਰ ਲਗਾਈ ਰੱਖੇ
ਬਚਪਨ ਢਾਕੇ ?

ਅਗਾਹਿ ਇਹ ਦੋਵੇਂ ਹੀ ਠੀਕ ਹਨ, ਤੇ ਪਠਾਰ ਜਾਂ ਪੱਬੀ ਉੱਤੇ ਖਲੋਤੀ ਪ੍ਰਤਿਭਾ ਨੂੰ ਇਹ ਦੋਵੇਂ ਹੀ ਹੁਲਾਰਦੇ ਹਨ, ਕਿਉਂਕਿ

ਪਿੱਛਾ ਦੂਰ ਰਿਹਾ ਹੈ ਕਿਧਰੇ
ਅੱਗੇ ਕੁੱਝ ਨਾ ਸੁੱਝਦਾ ਬੁੱਝਦਾ
ਹੁਣ ਵਿਚ ਕੋਈ ਧੂ ਨਾ ਪੈਂਦੀ
ਮਨ ਅੱਗੇ ਜਾਂ ਪਿੱਛੇ ਰੁੱਝਦਾ।

ਜਿਵੇਂ ਅੰਗ੍ਰੇਜ਼ੀ ਕਵੀ ਸ਼ੈਲੀ ਨੇ ਆਖਿਆ ਸੀ :

ਅਸੀਂ ਅੱਗੇ ਪਿੱਛੇ ਵੇਖਦੇ ਹਾਂ
ਤੇ ਜੋ ਨਹੀਂ ਉਸ ਲਈ ਕਲਪਦੇ ਹਾਂ,

ਸ਼ੇਖ ਫ਼ਰੀਦ ਨੇ ਆਪਣੇ ਸਮੇਂ ਦੇ ਈਸ਼੍ਵਰ-ਭਰੋਸੇ ਤੇ ਮਰਨ ਦੇ ਡਰ ਅਧੀਨ ਇਸੇ ਭਾਵ ਨੂੰ ਇਉਂ ਪ੍ਰਗਟ ਕੀਤਾ ਸੀ।

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ।
ਸਾਈਂ ਮੇਰੈ ਚੰਗਾ ਕੀਤਾ ਨਹੀ ਤਾਂ ਹਭੀ ਦਝਾਂ ਆਹਿ।

ਪਰ ਅੱਜਕਲ ਦੇ ਸਮੇਂ ਇਸ ਤਰ੍ਹਾਂ ਦੀ ਵਿਅਕਤੀਗਤ ਮੁਕਤੀ ਮਿਲਣੀ ਅਸੰਭਵ ਨਹੀਂ ਤਾਂ ਔਖੀ ਜ਼ਰੂਰ ਹੈ। ਹੁਣ ਇਸ ਅੱਗੇ ਤੇ ਪਿੱਛੇ ਦੇ ਵਿਚਕਾਰ ਦੁਚਿੱਤੀ ਲਈ ਕੋਈ ਦੈਵੀ ਸਮਾਧਾਨ ਨਹੀਂ ਬਣਦਾ। ਇਹ ਸਮਾਜਕ ਕਵੀ ਲਈ, ਇਕ ਤੀਖਣ-ਭਾਵਾਂ ਵਾਲੇ ਵਿਅਕਤੀ ਲਈ ਪ੍ਰਾਪਤ ਕਰਨਾ ਕਠਿਨ ਹੈ। ਵਾਸਤਵ ਵਿਚ ਉਹ ਕਵੀ ਤਦ ਹੀ ਬਣਦਾ ਹੈ ਕਿ ਉਸ ਨੂੰ ਇਸ ਦੁਨੀਆ ਦੀ ਸਿਆਣਪ ਰਾਹੀਂ ਇਹ ਸਮਾਧਾਨ ਲਭਦਾ ਨਹੀਂ।

## ੨.

ਕਵੀ ਦੀ ਪ੍ਰਤਿਭਾ ਨੇ ਇਸੇ ਮਨੋਕਾਮਨਾ, ਇਸੇ ਗੁੱਝੇ ਭਾਵ ਨੂੰ ਪੁਰਸ਼-ਹਿਰਦੇ ਵਿਚ ਬੈਠ ਕੇ ਸਮਝਣ ਦਾ ਯਤਨ ਵੀ ਕੀਤਾ ਹੈ, ਤੇ ਬੜੀ ਸਫਲਤਾ ਨਾਲ ਕੀਤਾ ਹੈ। ਆਖ਼ਿਰ ਜਦੋਂ ਪੁਰਸ਼ ਤੇ ਇਸਤ੍ਰੀ ਮਨ, ਜਾਂ ਤਨ ਵੀ, ਜੁੜਦੇ ਹਨ, ਤਾਂ ਭੇਦ ਬਹੁਤਾ ਨਹੀਂ ਰਹਿ ਜਾਂਦਾ। 'ਹੋਟਲ ਦੀ ਚੌਥੀ ਛੱਤੇ' ਵਿਚ ਪੁਰਸ਼, ਇਸਤ੍ਰੀ ਦੇ ਮੋਹ ਵਿਚ, ਕਲਪਣਾ ਤੋਂ ਵਾਸਤਵ ਦਾ ਆਨੰਦ ਮਾਣਨ ਦੇ ਯਤਨ ਕਰਦਾ ਹੈ :

ਤੇਰੀ ਨਗਨ ਸੁੰਦਰਤਾ ਦੇ
ਮੈਂ ਲੱਖਾਂ ਚਿਤ੍ਰ ਬਣਾਵਾਂ—
ਪਿਆਰ ਛੁਹਾਵਾਂ............
ਤੇਰੀ ਲੰਮੀ ਗਰਦਨ ਚੁੰਮਾਂ
ਚੁੰਮ ਚੁੰਮ ਕੇ ਖੀਵਾ ਹੋ ਜਾਵਾਂ
ਗੋਲ ਗੋਲਾਈਆਂ, ਸੰਦਲ ਬਾਹੀਆਂ,
ਤੇਰੀਆਂ ਵੀਣੀਆਂ, ਤੇਰੀਆਂ ਬਾਹਾਂ !
ਹੱਥ ਤੇਰੇ ਹੱਥੀਂ ਲੈ ਘੁੱਟਾਂ,
ਮੀਟਾਂ ਮੁੱਠਾਂ,
ਮਹਿੰਦੀ ਰੰਗੇ ਪੈਰ ਬਣਾਏ
ਪੰਛੀ ਸਾਏ।

...

ਤੇਰੀ ਨਗਨ ਸੁੰਦਰਤਾ ਦੇ ਮੈਂ
ਚਿਤਵਾਂ ਰੂਪ ਬਤੇਰੇ,
ਰੋਜ਼ ਸਵੇਰੇ ।

ਸੂਝ ਮੇਰੀ ਚੇਤੰਨ ਹੋ ਜਾਵੇ.
ਗੀਤ-ਪ੍ਰੀਤ ਜਦ ਛੇੜੇ
ਦਿਲ ਦੇ ਵਿਹੜੇ ।
ਜਾਂ ਫਿਰ ਤੇਰੇ ਬੋਲ ਪਿਆਰੇ
ਸ਼ਹਿਦ ਸੰਵਾਰੇ ।
ਮੇਰੀ ਹਿੱਕ ਉੱਤੇ ਸਿਰ ਰੱਖ ਤੂੰ
ਜਿਨੜੇ ਕੋਲ ਥਿਆਏ.........

... ...

ਸੜਦੀ ਗਰਮ ਦੁਪਹਿਰ
ਅੰਗ ਇਕਹਿਰੇ ।
ਬੇਬਸ ਬਿਹਬਲ ਹੋ ਹੋ ਜਾਵਾਂ
ਕਪੜੇ ਲਾਹਵਾਂ !

ਅਪਣੇ ਹੀ ਅੰਗਾਂ ਨੂੰ ਘੁੱਟਾਂ,
ਛੁਹ ਤੇਰੀ ਨੂੰ ਪਾਵਾਂ,
ਮਨ ਭਰਮਾਵਾਂ ।

ਤੇ 'ਕੱਲ੍ਹ ਤੇ ਅੱਜ' ਵਿਚ ਵੀ ਇਸੇ ਪੁਰਸ਼-ਅਨੁਭਵ ਨੂੰ ਅਭਿਵਿਅਕਤ ਕੀਤਾ ਹੈ :

ਕੱਲ੍ਹ ਰਾਤੀਂ ਆਈ ਸੈਂ ਸੱਜਣੀ
ਝੋਲੀ ਭਰ ਕੇ ਪਿਆਰਾਂ ਦੀ
ਸੀਨੇ ਵਿਚ ਮਿਲਣ ਦੀ ਤਾਂਘਾ
ਸਾਹ ਵਿਚ ਮਹਿਕ ਬਹਾਰਾਂ ਦੀ
ਕਦਮ ਤੇਰੇ ਸਨ ਰੁਕਦੇ ਝੱਕਦੇ
ਜੀਕਰ ਵਾ ਵਿਚ ਜੋਤ ਬਲੇ,
ਬੁੱਲ੍ਹ ਥਰਕਦੇ, ਨੈਣ ਫਰਕਦੇ
ਦੋ-ਚਿੱਤੀਆਂ ਦੇ ਭਾਰ ਤਲੇ
ਮਸਤ ਜਵਾਨੀ ਦਾ ਭਰ ਪਿਆਲਾ
ਰੱਖਿਆ ਤੇਰੇ ਸਾਹਵੇਂ ਮੈਂ,

ਨੈਣ ਮੁੰਦ, ਮੁਸਕਾ ਕੇ ਪੱਲੇ
ਚੁੱਕਿਆ ਹੋਠੀਂ ਲਾਇਆ ਤੈਂ ।

... ... ...

ਅੱਜ ਪ੍ਰਭਾਤੇ, ਪਿਛਲੀ ਰਾਤੇ
ਬਣ ਗਈਓਂ ਅਣਜਾਣ ਜਿਹੀ,
ਜਿਉਂ ਆਵੇ ਸੁਪਨੇ ਵਤ ਕੋਈ
ਵਿਆਕੁਲ ਮਨ ਪਰਚਾਣ ਲਈ ।
ਤ੍ਰੇਲ ਸੁਹਲ ਦੀ ਸੂਖਮ ਸੇਜਾ
ਬਿਨ ਤਨ ਤੇਰੇ ਖ਼ਾਲੀ ਸੀ
ਹੋਸ਼ ਨੂੰ ਚਾਨਣ ਛੁਹ ਲੱਗੀ
ਪਰ ਕਾਇਆ ਨਿੰਦਰਾਲੀ ਸੀ ।
ਚਾਰ ਦਿਸ਼ਾਂ ਵਿਚ ਕੋਮਲ ਤਾਂਘਾਂ
ਰੂਪ ਤੇਰਾ ਸੀ ਧਾਰ ਲਿਆ
ਝੁਕ ਕਿਰਣਾਂ ਧਰਤੀ ਨੂੰ ਚੁੰਮਿਆ
ਨੂਰੀ ਮੁੱਖ ਨਿਖਾਰ ਲਿਆ ।

'ਉਦਰੇਵਾਂ' ਵੀ ਇਸੇ ਪ੍ਰਕਾਰ ਦੀ ਵੇਦਨਾ ਦਾ ਜ਼ਰਾ ਵਧੇਰੇ ਸਰਲ ਤੇ ਸਪਸ਼ਟ
ਅਭਿਵਿਅੰਜਨ ਹੈ । ਪਰ ਅਜੋਕੀ ਪੰਜਾਬੀ

ਉਂਜ ਤਾਂ ਵੈਣਿਕ ਕਵਿਤਾ ਸਾਰੀ ਹੀ ਅੰਤਰਮੁਖੀ ਹੁੰਦੀ ਹੈ,
ਵੈਣਿਕ ਕਵਿਤਾ ਦਾ ਤਾਂ ਇਹ ਸੁਭਾਵ ਬਹੁਤ ਹੀ ਪੱਕਾ ਗਿਆ ਹੋਇਆ ਹੈ । ਮੈਂ ਕਈ
ਵਾਰੀ ਪੰਜਾਬੀ ਕਵੀਆਂ ਨੂੰ ਆਖਿਆ ਹੈ ਕਿ ਅੱਜ ਦੇ ਜਗਤ ਵਿਚ, ਖ਼ਾਸ ਕਰਕੇ ਯੂਰਪ ਦੇ
ਮੱਘੀ ਦੇਸਾਂ ਵਿਚ, ਕਵਿਤਾ ਹੁਣ ਕਵੀ ਦੇ ਆਪਣੇ ਮਨ ਦੀ ਵੇਦਨਾ ਦਾ ਪ੍ਰਗਟਾਵਾ ਨਹੀਂ
ਰਹੀ, ਇੱਥੋਂ ਤੱਕ ਕਿ ਮੁਖੀ ਕਵੀ ਉੱਥੇ, ਜਾਣੋ, ਪ੍ਰੇਮ ਦੀ ਕਵਿਤਾ ਲਿਖਦੇ ਹੀ ਨਹੀਂ ।
ਉਹ ਕਵਿਤਾ ਵਿਚ ਇਕ ਅਨਾਤਮਕ ਜਗਤ ਦੀ ਟੋਹ ਕਰਦੇ ਹਨ । ਪ੍ਰਭਜੋਤ ਨੂੰ ਵੀ ਮੈਂ
ਕਈ ਵਾਰੀ ਇਸ ਤਰ੍ਹਾਂ ਦਾ ਅਨੁਰੋਧ ਕੀਤਾ ਹੈ । ਆਪਣੀ 'ਕਾਬੁਲ' ਕਵਿਤਾ ਉਸ ਨੇ,
ਜਾਣੋ, ਮੇਰੇ ਇਸ ਅਨੁਰੋਧ ਦੇ ਉੱਤਰ ਵਿਚ ਲਿਖੀ ਸੀ । ਹ ਸਕਦਾ ਹੈ ਇਸ ਦੇ ਜਨਮ
ਵਿਚ ਮੇਰਾ ਇਸ ਤਰ੍ਹਾਂ ਦਾ ਹਿੱਸਾ ਹੋਣ ਕਰਕੇ ਮੈਨੂੰ ਇਹ ਚੰਗੀ ਲਗਦੀ ਹੋਵੇ, ਪਰ ਮੈਂ
ਨਿਰਲਾਗ ਹੋ ਕੇ ਵੀ ਵੇਖਦਾ ਹਾਂ ਤਾਂ ਮੈਨੂੰ ਇਹ ਇਸ ਸੰਗ੍ਰਹ ਦੀਆਂ ਕਵਿਤਾਵਾਂ ਵਿਚ ਇਕ
ਉੱਤਮ ਕਵਿਤਾ ਪ੍ਰਤੀਤ ਹੁੰਦੀ ਹੈ । ਇਸ ਦਾ ਰੂਪ ਕੋਈ ਪ੍ਰਯੋਗਵਾਦੀ ਨਹੀਂ, ਸਗੋਂ
ਪਰੰਪਰਾਗਤ ਹੈ, ਪਰ ਇਸ ਦੇ ਅਲੰਕਾਰਾਂ ਵਿਚ ਪਰੰਪਰਾ ਦਾ ਭਾਗ ਬਹੁਤ ਘੱਟ ਹੈ । ਇਹ
ਨਵੇਂ ਤੇ ਅਣਛੁਹ ਹਨ, ਜਿਵੇਂ :

ਹੌਲੇ ਹੌਲੇ ਕੋਮਲ ਕਦਮੀਂ

ਬੱਦਲ ਜੁੜਦੇ ਜਾਂਦੇ ;
ਕਾਹਲੀ ਪੌਣ ਕੰਧਾੜੇ ਚੜ੍ਹ ਕੇ
ਘੁੱਟ ਘੁੱਟ ਜੱਫੀਆਂ ਪਾਂਦੇ ।
... ... ...
ਕਾਬਲ ਨਾਲ ਪਹਾੜਾਂ ਘਿਰਿਆ
ਜਾਪੇ ਜਿਉਂ ਇਕ ਸਾਇਆ ।
ਕੋਮਲ-ਅੰਗੀ ਨੇ ਕਿੰਜ ਕੱਜੀ
ਜੀਵਨ ਦੀ ਚਿੰਗਾਰੀ ।
ਲਾਟ ਰੂਪ ਦੀ ਬਰਫ਼ ਚਾਨਣੀ
ਦਗੇ ਪਿਆ ਜਿਉਂ ਮੋਤੀ ।
ਗੋਰੇ ਮੂੰਹ 'ਤੇ ਪਾਏ ਲਕੀਰਾਂ
'ਵਾ ਵਿਚ ਘੁਲਿਆ ਧੂਆਂ ।

ਤੇ ਇਨ੍ਹਾਂ ਹਲਕੇ ਪਰ ਤਾਜ਼ੇ ਅਲੰਕਾਰਾਂ, ਆਦਿ ਨਾਲ ਇਕ ਬਰਫ਼ਾਨੀ ਰਾਤ ਵਿਚ ਕਾਬਲ ਦਾ ਜੋ ਦ੍ਰਿਸ਼ ਖਿੱਚਿਆ ਹੈ, ਉਹ ਕੇਵਲ ਇਕ ਵਰਣਨਾਤਮਕ ਗੱਲ ਨਹੀਂ ; ਇਸ ਵਰਣਨ ਨੂੰ ਜੀਵਨ-ਮਨੋਰਥ ਦੱਸਣ ਦਾ ਸਾਧਨ ਵੀ ਬਣਾਇਆ ਗਿਆ ਹੈ । ਪਹਿਲਾਂ ਬਰਫ਼ ਦੀ ਨਿਰੰਤਰ ਚਾਦਰ ਵਿਚ ਛੰਨਾਂ, ਝੁੱਗੀਆਂ, ਮਸਜਿਦਾਂ, ਮਹਿਲ ਮੁਨਾਰਿਆਂ ਨੂੰ ਇਕਸਾਰ ਢੱਕੇ ਵੇਖਿਆ ਹੈ ਤਾਂ ਆਖਿਆ ਹੈ :

'ਜ਼ਿੰਦਗੀ ਕਿੱਥੇ ਹੈ ?' ਮੈਂ ਪੁੱਛਦੀ,
'ਇਹ ਯਖ਼ ਘਾਤਕ ਜ਼ਹਿਰੀ ।'
ਨਿੱਘ ਬਿਨਾ ਨਾ ਜੀਵਨ ਧੜਕੇ,
ਹੱਥ ਮੌਤ ਦਾ ਕਹਿਰੀ ।
'ਪੁੱਜਾ ਹੈ ਅੱਜ ਰੂਪ ਸਿਖਰ 'ਤੇ',
ਆਖੇ ਕੋਲੋਂ ਕੋਈ ।
'ਸੁੱਚੀ ਕੂਲੀ ਕੋਮਲ ਕਾਇਆ
'ਇਸ ਧਰਤੀ ਦੀ ਹੋਈ ।'
'ਪਰ ਜੀਵਨ ਨਾ ਰੂਪ ਸਿੱਖਰ 'ਤੇ
'ਨ ਤਨ ਸੁੱਚਾ ਕੂਲਾ ।
'ਜੀਵਨ ਜਿੰਦ ਦੀ ਘਾਲ ਘਾਲਣਾ,
'ਚੱਕ ਪੀੜਾਂ ਦਾ ਜੂਲਾ ।'

ਤੇ ਇਸ ਦਾ ਉੱਤਰ ਝੱਟ ਪ੍ਰਕ੍ਰਿਤੀ ਤੋਂ ਮਿਲ ਜਾਂਦਾ ਹੈ

ਰਿਵੀ ਰੁਮਕ ਪਈ ਪਲ ਪਿੱਛੋਂ

ਸ਼ਾਖ਼ਾਂ ਕੰਬਣ ਲੱਗੀਆਂ।
ਧੜਕ ਰਹੇ ਜੀਵਨ ਦੀਆਂ ਲਹਿਰਾਂ
ਵਿਚ ਖ਼ਲਾ ਦੇ ਮੱਘੀਆਂ।
ਦੂਰੋਂ ਦੂਰੋਂ ਨਜ਼ਰਾਂ ਮੁੜੀਆਂ
ਲੈ ਕੇ ਨਿੱਘੀਆਂ ਸੂਹਾਂ।
ਗੋਰੇ ਮੂੰਹ 'ਤੇ ਪਾਏ ਲਕੀਰਾਂ
'ਵਾ ਵਿਚ ਘੁਲਿਆ ਧੂਆਂ।

ਇਸੇ ਤਰ੍ਹਾਂ 'ਬੌਧਿਕ ਚੇਤਨਾ' ਵਿਚ ਆਤਮਕ ਤੇ ਅਨਾਤਮਕ ਦਾ ਬੜਾ ਸੂਹਣਾ ਮੇਲ ਹੈ :

ਭਿੱਤ ਭਿੜੇ ਤੇ ਬੰਦ ਦਰਵਾਜ਼ੇ ਸਾਰੇ ਹੀ
ਕੋਠੜੀਆਂ ਤੇ ਕਾਲ ਕੋਠੀਆਂ
ਚਾਨਣ ਬਿਨਾਂ ਚੁਬਾਰੇ ਵੀ,
... ... ... ...
ਕਿਸ ਲਈ ਤਖ਼ਤ ਸਪਾਟ ਬਣਾਏ
ਚਿਕਾਂ ਅਤੇ ਪਰਦੇ ਲਟਕਾਏ ?
ਸੀਖਾਂ ਲਾ ਲਾ ਬੰਦੀ ਕੀਤੇ
ਕਿਸ ਪੂੰਜੀ ਦੇ ਧੁੰਦਲੇ ਛਾਏ ?
ਜਾਂ ਫਿਰ ਨੀਝ ਸੂਝ ਨੂੰ ਬੰਨ੍ਹਿਆਂ
ਚਾਨਣ ਨੂੰ ਅਧਵਾਟੇ ਭੰਨਿਆਂ
ਚਕਾ ਚੌਂਦ ਬਿਜਲੀ ਟਕਰਾ ਕੇ
ਕਿਰ ਮਿਰ ਕਿਰੇ ਦੁਵਾਰੇ ਹੀ।

ਪਰ ਬੌਧਿਕ ਚੇਤਨਾ ਇਸ ਬੰਦੀ ਨਿਵਾਸ ਵਿੱਚੋਂ ਬਾਹਿਰ ਵੇਖਦੀ ਹੈ :

ਭਿੱਤੋਂ ਬਾਹਿਰ ਛਲਕਦਾ ਸੂਰਜ
ਪਾਰੇ ਵਾਂਗ ਥਰਕਦਾ ਸਾਗਰ
ਸ਼ੁਕਰ ਵਾਂਗ ਗੂੰਜਦੀ ਧੜਕਣ
ਏਸ ਵਿਸ਼ਾਲ ਸਮੇਂ ਦੇ ਪੈਰੀਂ
ਇਕ ਜੀਵਨ
ਨਿੱਕੀ ਜਿਹੀ ਰੜਕਣ।

ਤੇ ਫਿਰ ਜਦੋਂ ਇਹ ਅੰਦਰ ਆ ਵੜਦੀ ਹੈ, ਤਾਂ ਸਭ ਅਨ੍ਹੇਰੇ ਕੱਟੇ ਜਾਣ ਲੱਗ ਪੈਂਦੇ ਹਨ :

ਪਰ ਅੱਜ ਚਾਨਣ ਦਾ ਹੜ੍ਹ ਆਇਆ
ਭੰਨ ਬੰਨੇ ਅੰਦਰ ਵੜ ਆਇਆ

ਧੋਤੇ ਜੀਵਨ ਦੇ ਅੰਗ ਸਾਰੇ
ਮੈਲੇ ਧੁੰਦਲੇ ਰੰਗ ਨਿਖਾਰੇ
ਬੌਧਿਕ ਸੁਰਤ ਸਹੀ ਮੁੱਲ ਅੰਕੇ
ਨਿੱਖਰੇ ਪੰਖ ਸੰਵਾਰੇ ਵੀ ।

ਕਈ ਵਾਰੀ ਮੈਂ ਸੋਚਦਾ ਹਾਂ ਕਿ ਪੰਜਾਬੀ ਕਵਿਤਾ ਲਈ ਅੱਗੇ ਜਾਣ ਵਾਲਾ ਰਾਹ ਇਹ ਹੀ ਤਾਂ ਨਹੀਂ—, ਅਨਾਤਮਾ ਵਿਚ ਆਤਮਾ ਦਾ ਵਾਸ ? ਮੈਂ ਉਨ੍ਹਾਂ ਪ੍ਰਯੋਗਾਂ ਦਾ ਕਾਇਲ ਨਹੀਂ ਜੋ ਪਿਛਲੇ ਪੰਜਾਹ ਕੁ ਵਰ੍ਹਿਆਂ ਵਿਚ ਯੂਰਪ ਨੇ ਕੀਤੇ ਹਨ। ਮੈਨੂੰ 'ਪ੍ਰਭਾਵਵਾਦ' ਤੋਂ ਅੱਗੇ 'ਯਥਾਰਥਵਾਦ' ਦਾ ਕੋਈ ਵਿਵਰਣ ਸਫਲ ਪ੍ਰਤੀਤ ਹੁੰਦਾ ਨਹੀਂ ਦਿੱਸਦਾ। ਇੱਥੋਂ ਤਕ ਕਿ ਸਮਾਜਵਾਦੀ ਯਥਾਰਥਵਾਦ ਨੂੰ ਵੀ ਮੈਂ ਇਸ ਪੱਖ ਤੋਂ ਕੁੱਝ ਊਣਾ ਸਮਝਦਾ ਹਾਂ। ਪ੍ਰਗਤੀਵਾਦੀ ਯਥਾਰਥਵਾਦ ਅਸਾਡੇ ਦੇਸ਼ ਵਿਚ ਤੇ ਪੱਛਮੀ ਯੂਰਪ ਦੇ ਕੁੱਝ ਦੇਸ਼ਾਂ ਵਿਚ ਵੀ ਸਫਲ ਰਿਹਾ ਹੈ ਤੇ ਮੇਰੇ ਵਿਚਾਰ ਵਿਚ ਇਸ ਲਈ ਕਿ ਇਹ ਇਕ ਵਿਦ੍ਰੋਹੀ ਪਰਾਕ੍ਰਮ ਹੋਣ ਕਰਕੇ ਸੂਰਮਗਤੀ ਦਾ ਲਖਾਇਕ ਹੈ। ਜੇ ਕਲਾ ਵਿਚ ਇਸ ਜਗਤ ਦੇ ਪ੍ਰਬੰਧਕਾਂ, ਸਰਾਫ਼ਾਂ, ਪੂੰਜੀ-ਪਤੀਆਂ, ਧਨਵਾਨਾਂ, ਸ਼ਕਤੀਵਾਨਾਂ ਦੇ ਮੂੰਹ ਉੱਤੇ ਕਰਾਰੀ ਕਰਾਰੀ ਕਹਿ ਦੇਣ ਦੀ ਸ਼ਕਤੀ ਨਹੀਂ, ਤਾਂ ਇਹ ਯਥਾਰਥਵਾਦੀ ਨਹੀਂ ਅਖਵਾ ਸਕਦੀ। ਸਮਾਜਵਾਦੀ ਯਥਾਰਥਵਾਦ ਵਿਚ ਇਸ ਕਰਾਰੇਪਣ ਦੀ ਮੈਨੂੰ ਘਾਟ ਦਿੱਸਦੀ ਹੈ। ਇਹ ਜ਼ਰੂਰੀ ਨਹੀਂ ਕਿ ਯਥਾਰਥਵਾਦ ਨਿਰਾ ਵਿਦ੍ਰੋਹੀ ਹੋਵੇ। ਜੇ ਸਮਾਜ ਦਾ ਪ੍ਰਬੰਧ ਸਹੀ ਰੂਪ ਵਿਚ ਪ੍ਰਗਤੀਵਾਦੀ ਜਾਂ ਸਮਾਜਵਾਦੀ ਹੱਥਾਂ ਵਿਚ ਹੈ, ਤਾਂ ਕਲਾ ਨੂੰ ਵਿਦ੍ਰੋਹ ਦੀ ਲੋੜ ਨਹੀਂ ਪਰ ਕਰਾਰੇਪਣ ਦੀ ਲੋੜ ਫੇਰ ਵੀ ਹੈ। ਜੇ ਕਲਾਕਾਰ, ਸਾਹਿੱਤਕਾਰ ਨੂੰ, ਵਿਦ੍ਰੋਹੀ ਕਰਮ ਦੀ ਆਵਸ਼ਕਤਾ ਨਾ ਹੋਵੇ ਤਾਂ ਚੰਗਾ ਹੈ, ਪਰ ਅਜਿਹੀ ਸਥਿਤੀ ਵਿਚ ਵੀ ਉਹ ਰਾਜਸੀ ਤੇ ਸਮਾਜਿਕ ਪ੍ਰਬੰਧਕਾਂ ਨੂੰ ਮੱਤ ਦੇਣ ਜੋਗਾ ਹੋਣਾ ਚਾਹੀਦਾ ਹੈ। ਇਸ ਦੀ ਕਿਰਤ ਅਜੇਹੀ ਹੋਣੀ ਚਾਹੀਦੀ ਹੈ ਜੋ ਪ੍ਰਬੰਧਕ ਵਰਗ ਦੀ ਪ੍ਰਾਪਤੀ ਤੋਂ ਉਚੇਰੀ ਜਾਪੇ, ਜਾਣੋ ਕਲਾਕਾਰ ਦੀ ਕਿਰਤ ਇਤਨੀ ਤਕੜੀ ਤੇ ਪ੍ਰਭਾਵਸ਼ਾਲੀ ਹੋਵੇ, ਕਿ ਇਸ ਤੋਂ ਸਪਸ਼ਟ ਹੁੰਦਾ ਹੋਵੇ ਕਿ ਜੇ ਉਹ ਪ੍ਰਬੰਧਕ ਬਣਨ ਦਾ ਸੰਕਲਪ ਕਰ ਲੈਂਦਾ ਤਾਂ ਵਰਤਮਾਨ ਪ੍ਰਬੰਧਕਾਂ ਤੋਂ ਵਧੇਰੇ ਕੁਸ਼ਲ ਤੇ ਨਿਪੁਣ ਹੁੰਦਾ, ਉਹ ਕਲਾਕਾਰ ਕਿਸੇ ਥੁੜ ਕਰ ਕੇ ਨਹੀਂ ਬਣਿਆ; ਇਸ ਕਰਕੇ ਬਣਿਆ ਹੈ ਕਿ ਉਹ ਪ੍ਰਬੰਧਕਾਂ ਨੂੰ ਰਾਹ ਦਿਖਾਣਾ ਚਾਹੁੰਦਾ ਹੈ, ਉਨ੍ਹਾਂ ਲਈ ਤੇ ਜਗਤ ਲਈ ਬੌਧਿਕ, ਭਾਵਕ ਤੇ ਸੌਂਦਰਯਾਤਮਕ ਪੱਖ ਤੋਂ ਨਵੇਂ ਵਿਧਾਨ ਉਲੀਕਣੇ ਚਾਹੁੰਦਾ ਹੈ ਤੇ ਉਲੀਕਦਾ ਹੈ।

ਜਦੋਂ ਮੈਂ ਆਖਦਾ ਹਾਂ ਕਿ ਪ੍ਰਭਜੋਤ ਹੁਣ ਉਸ ਪਠਾਰ ਉੱਤੇ ਆ ਗਈ ਹੈ, ਜਿੱਥੋਂ ਅਗਲਾ ਰਾਹ ਖ਼ਤਰਨਾਕ ਹੈ, ਤਾਂ ਮੇਰਾ ਭਾਵ ਇਹ ਹੀ ਹੈ। ਰਾਜਸੀ ਤੇ ਸਮਾਜਿਕ ਪ੍ਰਬੰਧਕ, ਇਸਤ੍ਰੀ ਲਈ, ਪਤੀ ਵਾਕਰ, ਅਜੇਹੇ ਜਿੰਨ ਹੁੰਦੇ ਹਨ, ਕਿ ਕਲਾਕਾਰ ਰੂਪੀ ਪਰੀ

ਇਨ੍ਹਾਂ ਉੱਤੇ ਨਿਰੰਤਰ ਭਾਰੂ ਬਣੀ ਰਹੇ ਤਾਂ ਠੀਕ ਹੈ, ਇਕ ਛਿਨ ਲਈ ਵੀ ਉਸ ਦੀ ਪਕੜ ਕੁੱਝ ਢਿੱਲੀ ਹੋਈ ਤਾਂ ਇਹ ਉੱਠ ਕੇ ਉਸ ਨੂੰ ਨਿਗਲ ਲੈਣਗੇ ।

ਮੈਂ ਪ੍ਰਭਜੋਤ ਨੂੰ ਇਹ ਆਖਣ ਦਾ ਹੀਆ ਨਹੀਂ ਰੱਖਦਾ ਕਿ ਉਹ ਹੋਰ ਵਿਦ੍ਰੋਹ-ਭਾਵੀ ਹੋ ਜਾਵੇ । ਮੈਂ ਇਕ ਦੁਨੀਆਦਾਰ ਹੁੰਦਾ ਹੋਇਆ ਉਸ ਨੂੰ ਪੂਰਣ ਵਿਦ੍ਰੋਹ ਦੀ ਸਲਾਹ ਨਹੀਂ ਦੇ ਸਕਦਾ । ਮੈਂ ਨਾ ਕਵੀ ਹਾਂ, ਤੇ ਨਾ ਸ਼ਾਇਦ ਸਹੀ ਅਰਥਾਂ ਵਿਚ, ਜਿਨ੍ਹਾਂ ਅਰਥਾਂ ਨੂੰ ਮੈਂ ਸਹੀ ਸਮਝਦਾ ਹਾਂ, ਸਾਹਿੱਤਕਾਰ । ਮੈਨੂੰ ਤਾਂ ਜੇ ਕੋਈ ਪੁੱਛੇ ਤੂੰ 'ਪੀੜ ਤੇ ਕਲਾਕਾਰੀ' ਦੇ ਯੋਗ ਨੂੰ ਚੁਣੇਂਗਾ ਕਿ 'ਸੁੱਖ ਤੇ ਦੁਨੀਆਦਾਰੀ' ਦੇ ਯੋਗ ਨੂੰ, ਤਾਂ ਮੈਂ ਪਿਛਲੇ ਯੋਗ ਨੂੰ ਹੀ ਚੁਣਾਂਗਾ । ਪਰ ਜੋ ਕਵੀ ਬਣਦੇ ਹਨ, ਕਵਿਤਾ ਲਿਖਦੇ ਹਨ, ਉਨ੍ਹਾਂ ਦੀ ਚੋਣ ਸ਼ਾਇਦ ਇਸ ਤੋਂ ਵੱਖਰੀ ਹੁੰਦੀ ਹੋਵੇਗੀ ।

ਖ਼ੈਰ, ਇਹ ਤਾਂ ਕੁੱਝ ਦੂਰ ਦੀ ਗੱਲ ਹੈ । ਜ਼ਰਾ ਨੇੜੇ ਰਹਿ ਕੇ ਮੈਨੂੰ ਇਸ ਕਵਿਤਾ ਵਿਚ ਇਕ ਸਿਆਣਪ ਵੀ ਦਿੱਸੀ ਹੈ, ਜੋ ਵਿਦ੍ਰੋਹ ਤੇ ਸੂਰਮਗਤੀ ਤੋਂ ਬਿਨਾਂ ਕਲਾ ਲਈ ਇਕ ਹੋਰ ਆਧਾਰ ਹੈ । ਸ਼ੇਕਸਪੀਅਰ ਵਿਦ੍ਰੋਹੀ ਨਹੀਂ ਸੀ, ਉਸ ਵਿਚ ਕਲਾਕਾਰ ਦੀ ਅਲੌਕਿਕ ਸਿਆਣਪ ਸੀ । ਤੇ ਉਹ ਹੁਣ ਤਕ ਸੰਸਾਰ ਦੇ ਸਾਰੇ ਕਵੀਆਂ, ਸਾਹਿੱਤਕਾਰਾਂ ਵਿੱਚੋਂ ਮਹਾਨਤਮ ਗਿਣਿਆ ਜਾਂਦਾ ਹੈ !

ਕਲਾ ਜਾਂ ਸਾਹਿੱਤ ਵਿਚ ਸਿਆਣਪ ਅਨਾਤਮਵਾਦੀ ਹੋ ਕੇ ਆਉਂਦੀ ਹੈ । ਆਪਣੇ ਆਤਮਾ ਦੇ ਚੱਕਰ ਵਿੱਚੋਂ ਨਿਕਲ ਕੇ ਜਗਤ ਦੇ ਅਨਾਤਮਕ, ਵਾਸਤਵਿਕ, ਇਤਿਹਾਸਿਕ ਪ੍ਰਵਾਹ ਵਿਚ ਪ੍ਰਵੇਸ਼ ਕਰਨ ਨਾਲ । ਪ੍ਰਭਜੋਤ ਵਿਚ ਇਸ ਪ੍ਰਵਾਹ ਵਿਚ ਪ੍ਰਵੇਸ਼ ਕਰ ਲੈਣ ਦੀ ਸ਼ਕਤੀ ਹੈ, ਤੇ ਮੈਂ ਉਸ ਨੂੰ ਇਸ ਸ਼ਕਤੀ ਦੀ ਵਧੇਰੇ ਵਰਤੋਂ ਦੀ ਸਲਾਹ ਦੇਵਾਂਗਾ ।

ਇਤਿਹਾਸਿਕ ਪ੍ਰਕਰਣ ਵਿਚ ਪ੍ਰਭਜੋਤ ਅਸਾਡੇ ਪ੍ਰਗਤੀਵਾਦੀ ਸਾਹਿੱਤਕਾਰਾਂ ਦੀ ਪਹਿਲੀ ਪੀੜ੍ਹੀ ਦੇ ਪਿਛਲੇ ਪੋਚ ਵਿਚ ਆਉਂਦੀ ਹੈ । ਇਹ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸਫ਼ੀਰ, ਆਦਿ ਕਵੀਆਂ ਤੇ ਗੁਰਬਖ਼ਸ਼ ਸਿੰਘ, ਦੁੱਗਲ, ਆਦਿ ਕਾਹਣੀਕਾਰਾਂ ਅਤੇ ਗਾਰਗੀ, ਆਦਿ, ਨਾਟਕਕਾਰਾਂ ਤੋਂ ਦਸ ਕੁ ਵਰ੍ਹੇ ਪਿੱਛੋਂ ਸਾਹਿੱਤ ਦੇ ਖੇਤਰ ਵਿਚ ਆਈ । (ਮੈਂ ਇੱਥੇ ਗੁਰਬਖ਼ਸ਼ ਸਿੰਘ ਨੂੰ ਦੁੱਗਲ, ਗਾਰਗੀ, ਆਦਿ, ਦਾ ਸਮਕਾਲੀ ਇਸ ਲਈ ਬਣਾਇਆ ਹੈ ਕਿ ਗੁਰਬਖ਼ਸ਼ ਸਿੰਘ ਭਾਵੇਂ ਉਮਰ ਦਾ ਵਡੇਰਾ ਹੈ ਪਰ ਸਾਹਿੱਤਿਕ ਖੇਤਰ ਵਿਚ ੧੯੩੦ ਤੋਂ ਪਿੱਛੋਂ ਹੀ ਆਇਆ ਹੈ) । ਇਸ ਕਾਰਣ ਇਸ ਵਿਚ ਪ੍ਰਗਤੀਵਾਦ ਦਾ ਤੀਖਣ ਵਿਦ੍ਰੋਹ-ਭਾਵ ਸ਼ਾਇਦ ਕਦੀ ਨਹੀਂ ਆਇਆ । ਇਸ ਵਿਚ ਰੋਮਾਂਟਕ ਅੰਸ਼ ਵਧੇਰੇ ਰਿਹਾ ਹੈ । ਇਸੇ ਕਾਰਣ ਅਸਾਡੇ ਸਾਹਿੱਤ ਦੇ ਆਲੋਚਕਾਂ ਨੇ ਇਸ ਨੂੰ ਬਹੁਤਾ ਗੌਲਿਆ ਨਹੀਂ ਪ੍ਰਤੀਤ ਹੁੰਦਾ । ਪਰ ਜਦੋਂ ਤੋਂ ਪ੍ਰਗਤੀਵਾਦੀ ਲਹਿਰ ਦਾ ਤੇਜ ਪ੍ਰਤਾਪ ਕੁਝ ਮੱਠਾ ਪਿਆ ਹੈ, ਤਾਂ ਕੁੱਝ ਹੋਰ ਪਿਛਲੇਰੇ ਪ੍ਰਗਤੀ-ਵਾਦੀਆਂ ਵਾਕਰ ਇਸ ਨੇ ਵੀ ਆਪਣੀ ਕਲਾ ਨੂੰ ਜ਼ਰਾ ਵੱਖਰਾ ਰੰਗ ਦੇਣ ਦਾ ਉਪਰਾਲਾ ਕੀਤਾ ਹੈ । ਇਹ ਸੌਂਦਰਯ-ਵਾਦੀ ਨਹੀਂ ਬਣੀ । ਇਸ ਵਿਚ ਅਲੰਕਾਰ ਦੀ ਸੁੰਦਰਤਾ ਹੈ, ਪਰ ਮਾਤ੍ਰਾ-ਤੋਲ ਤੇ ਲੈ ਦੀ ਘਾਟ ਹੈ, ਨਾਲੇ ਭਾਵ ਦੀ

ਅਤਿ ਤੀਖਣਤਾ ਹੈ ਜੋ ਸੁੰਦਰਤਾ ਨੂੰ ਲੰਘ ਕੇ ਸ਼ਕਤੀ ਵੱਲ ਨੂੰ ਅਹੁੜਦੀ ਹੈ। ਇਹ ਸ਼ਕਤੀ ਵੱਲ ਅਹੁੜ ਹੀ ਇਸ ਨੂੰ ਖ਼ਤਰਨਾਕ ਵਿਦ੍ਰੋਹ ਦੀ ਲੀਕ ਤਕ ਲੈ ਜਾਂਦੀ ਹੈ। ਪਰ ਨਾਲ ਹੀ ਇਸ ਵਿਚ ਸਿਆਣਪ ਦੀ ਕਣੀ ਵੀ ਹੈ। ਇਸ ਕਰਕੇ ਇਹ ਉਸ ਨਵੀਂ ਸ਼ਾਖਾ ਵਿਚ ਵੀ ਆ ਜਾਂਦੀ ਹੈ ਜਿਸ ਨੂੰ ਮੈਂ ਪ੍ਰਗਤੀਵਾਦੀ-ਸਿਆਣਪਵਾਦੀ (Sophisticated progres-sive) ਆਖਦਾ ਹਾਂ। ਇਸ ਵੇਲੇ ਪ੍ਰਗਤੀਵਾਦੀਆਂ ਨੂੰ ਸਿਆਣੇ ਹੋ ਕੇ ਚੱਲਣ ਦੀ ਲੋੜ ਹੈ।

ਇਸ ਸਿਆਣਪਵਾਦ ਨੇ ਪ੍ਰਭਜੋਤ ਨੂੰ ਪ੍ਰਗਤੀਵਾਦੀ-ਸੌਂਦਰਯਵਾਦੀ ਹੋਣ ਤੋਂ ਬਚਾ ਲਿਆ ਹੈ। ਸੌਂਦਰਯਵਾਦ ਬਹੁਤ ਸੁੰਦਰ ਰੰਗ ਹੈ, ਪਰ ਇਹ ਵਸਤੂ ਦੀ ਸ਼ਕਤੀ ਨੂੰ ਘਟਾ ਦੇਣ ਵਾਲਾ ਹੋ ਸਕਦਾ ਹੈ। ਹਾਂ, ਇਹ ਕੁੱਝ ਚਿਰ ਲਈ ਸ਼ਕਤੀ ਦੀ ਥਾਉਂ ਪੂਰ ਸਕਦਾ ਹੈ।

ਮੈਂ ਪ੍ਰਭਜੋਤ ਨੂੰ ਉਸ ਪ੍ਰਤੀਕਵਾਦ ਤੇ ਬਿੰਬਵਾਦ ਤੋਂ ਵੀ ਦੂਰ ਰਹਿਣ ਦੀ ਸਲਾਹ ਦੇਵਾਂਗਾ, ਜਿਸ ਦਾ ਹੁਣੇ ਜਿਹੇ ਚੋਖਾ ਭੌਂਵਾਰਾ ਰਿਹਾ ਹੈ, ਤੇ ਜਿਸ ਦੇ ਵਹਿਣ ਵਿਚ, ਅਸਾਡੇ ਉਸ ਤੋਂ ਜ਼ਰਾ ਪਹਿਲੇਰੇ ਕਵੀ, ਵਗ ਤੁਰੇ ਹਨ। ਬਿੰਬ ਨੂੰ ਹੀ ਸਭ ਕੁੱਝ ਬਣਾ ਲੈਣ ਨਾਲ ਵੀ ਕਵਿਤਾ ਸਫਲ ਨਹੀਂ ਹੋ ਜਾਂਦੀ। ਬਿੰਬ ਕਵਿਤਾ ਦਾ ਹਥਿਆਰ ਹੈ, ਇਸ ਦਾ ਸ਼ੇਯ ਨਹੀਂ।

## ਆਲੋਚਨਾ ਦੇ ਅਗਲੇ ਅੰਕ ਵਿਚ ਪੜ੍ਹੋ

ਜੋਧ ਸਿੰਘ : ਪੰਜਾਬ ਵਿਚ ਪੰਜਾਬੀ ਦੀ ਥਾਂ
ਸਿੱਧੇਸ਼੍ਵਰ ਵਰਮਾ : ਕਾਂਗੜੇ ਦੀ ਬੋਲੀ
ਕ੍ਰਿਸ਼ਨ ਸਿੰਘ : ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ
ਮਨਮੋਹਨ ਸਹਿਗਲ : ਗੁਰੂ ਨਾਨਕ ਦਾ ਹੁਕਮ-ਸਿੱਧਾਂਤ
ਸਾਹਿਬ ਸਿੰਘ : ਗੁਰੂ ਨਾਨਕ ਦਾ ਜੀਵਨ
ਮ੍ਰਿਗੇਂਦ੍ਰ ਸਿੰਘ : ਪਟਿਆਲਾ ਘਰਾਣੇ ਦਾ ਸੰਗੀਤ
ਗਰਜਾ ਸਿੰਘ : ਬਾਬਾ ਰਾਮ ਰਾਇ
ਹਰਿਭਜਨ ਸਿੰਘ : ਨਿਮਖ ਚਿਤਵੀਐ
ਰੂਪਕ ਹਰਿ : ਮੰਚ ਧੜਕਣਾਂ

# ਨਾਨਕ ਪ੍ਰਕਾਸ਼

ਜੈ ਭਗਵਾਨ ਗੋਇਲ

ਪ੍ਰਬੰਧ ਰਚਨਾਵਾਂ ਲਈ ਜਿਸ ਪ੍ਰੇਰਨਾ ਦੇਣ ਵਾਲੇ ਸਾਂਸਕ੍ਰਿਤਿਕ ਵਾਤਾਵਰਣ ਦੀ ਲੋੜ ਹੁੰਦੀ ਹੈ, ਰੀਤੀ ਕਾਲ ਵਿਚ ਉਸ ਦੀ ਘਾਟ ਸੀ; ਇਹੋ ਕਾਰਨ ਹੈ ਕਿ ਇਸ ਵਿਚ ਲਿਖੇ ਗਏ ਕਿਸੇ ਵੀ ਹਿੰਦੀ ਮਹਾ-ਕਾਵਿ ਦਾ ਵੇਰਵਾ ਹਿੰਦੀ ਦੇ ਇਤਿਹਾਸਾਂ ਵਿਚ ਨਹੀਂ ਆਉਂਦਾ। ਪਰ ਇਸੇ ਕਾਲ ਵਿਚ, ਪੰਜਾਬ ਦੀ ਉਪਜਾਊ ਧਰਤੀ ਉੱਤੇ ਸਿੱਖ-ਸੰਪਰਦਾਇ ਦੇ ਅੰਦੋਲਨ ਨੇ ਇਕ ਅਜਿਹੇ ਵਿਕਾਸਪਰਕ ਬੀਜ ਨੂੰ ਬੀਜਿਆ ਕਿ ਉਸ ਤੋਂ ਕਈ ਦਿਲ-ਚਸਪ ਪ੍ਰਬੰਧ-ਕਾਵਿ ਉਪਜੇ। ਭਾਈ ਸੰਤੋਖ ਸਿੰਘ, ਕਰਤਾ 'ਨਾਨਕ ਪ੍ਰਕਾਸ਼', ਇਸੇ ਅੰਦੋਲਨ ਦੀ ਦੇਣ ਹਨ। ਭਾਈ ਸਾਹਿਬ ਇਕ ਵਿਦਵਾਨ ਕਵੀ ਸਨ। ਭਾਰਤੀ ਸਾਹਿੱਤ, ਕਾਵਿ ਸ਼ਾਸਤਰ, ਦਰਸ਼ਨ, ਜੋਤਿਸ਼, ਵੈਦਿਕ, ਇਤਿਹਾਸ, ਪੁਰਾਣ, ਆਦਿ ਬਾਰੇ ਉਨ੍ਹਾਂ ਦਾ ਅਧਿਐਨ ਵਿਸਤ੍ਰਿਤ ਤੇ ਗੰਭੀਰ ਸੀ। ਉਨ੍ਹਾਂ ਨੇ ਇਕ ਯੁਗ-ਪਰਵਰਤਕ ਕਵੀ ਦੇ ਰੂਪ ਵਿਚ, ਭਾਰਤੀ ਜਨਤਾ ਨੂੰ ਇਕ ਸਾਂਝ-ਭਰਿਆ, ਮਾਨਵਵਾਦੀ ਸੁਨੇਹਾ ਦਿੱਤਾ। ਵਿਹਾਰਕ ਜੀਵਨ ਦੇ ਮੋਹ ਦੀ ਥਾਂ, ਪਵਿੱਤਰ ਆਚਰਣ, ਇੰਦਰੀ-ਸੰਜਮ ਅਤੇ ਅਧਿਆਤਮਿਕ ਜੀਵਨ ਦਾ ਆਦਰਸ਼ ਜਨਤਾ ਦੇ ਸਾਹਮਣੇ ਰੱਖਿਆ। ਏਕਤਾ ਦੀ ਭਾਵਨਾ ਨੂੰ ਜਾਗ੍ਰਿਤ ਕਰ ਕੇ ਭਾਈ ਸਾਹਿਬ ਨੇ ਅੱਤਿਆਚਾਰ ਦੀ ਜੜ੍ਹ ਪੁੱਟਣ ਦੀ ਪ੍ਰੇਰਨਾ ਦਿੱਤੀ। ਅਧਿਆਤਮਿਕਤਾ ਵਿਚ ਬਲੀ ਗੁਰੂ ਸਾਹਿਬਾਨ ਦੇ ਆਦਰਸ਼ ਜਨਤਾ ਦੇ ਸਾਹਮਣੇ ਲਿਆਂਦੇ, ਜਿਨ੍ਹਾਂ ਨੇ, ਲੋੜ ਵੇਲੇ, ਅੱਤਿਆਚਾਰੀ ਅਤੇ ਆਤੰਕਵਾਦੀ ਵਿਦੇਸ਼ੀ ਸ਼ਾਸਕਾ ਦੇ ਦਮਨ ਲਈ ਆਪ ਸ਼ਸਤਰ ਧਾਰਣ ਕਰ ਲਏ ਸਨ ਤੇ ਅੱਗੋਂ ਸ਼ਸਤਰਧਾਰੀ ਅਧਿਆਤਮਿਕਤਾ ਦੀ ਲਹਿਰ ਚਲਾਈ ਸੀ।

ਕਵਿਤਾ ਦੀ ਦ੍ਰਿਸ਼ਟੀ ਤੋਂ ਭਾਈ ਸੰਤੋਖ ਸਿਘ ਦੀ ਕਵਿਤਾ ਉੱਚ ਕੋਟੀ ਦੀ ਹੈ। ਅੱਡ ਅੱਡ ਭਾਵਾਂ ਦੇ ਮਾਹਮਿਕ ਵਿਅੰਜਨ ਵਿਚ ਉਨ੍ਹਾਂ ਨੂੰ ਬੜੀ ਸਫਲਤਾ ਮਿਲੀ ਹੈ। ਉਨ੍ਹਾਂ ਦੀ ਕਵਿਤਾ ਵਿਚ ਭਾਵ ਅਤੇ ਕਲਪਣਾ ਦਾ ਸੁੰਦਰ ਮੇਲ ਹੋਇਆ ਹੈ ਅਤੇ

ਭਾਸ਼ਾ ਉੱਤੇ ਉਨ੍ਹਾਂ ਦਾ ਅਦਭੁਤ ਤੇ ਅਨੋਖਾ ਅਧਿਕਾਰ ਹੈ।

ਆਪ ਨੇ ਸਿੱਖ ਗੁਰੂਆਂ ਦੇ ਜੀਵਨ, ਉਨ੍ਹਾਂ ਦੇ ਧਾਰਮਿਕ, ਸਮਾਜਿਕ ਅਤੇ ਆਚਰਣ-ਸੰਬੰਧੀ ਆਦਰਸ਼ਾਂ ਤੇ ਉਪਦੇਸ਼ਾਂ ਤੋਂ ਪ੍ਰੇਰਣਾ ਲੈ ਕੇ 'ਨਾਨਕ ਪ੍ਰਕਾਸ਼' ਤੇ 'ਗੁਰ ਪ੍ਰਤਾਪ ਸੂਰਜ' ਜਿਹੇ ਵਿਸ਼ਾਲ ਪ੍ਰਬੰਧ-ਕਾਵਿ ਰਚੇ।

ਨਾਨਕ ਪ੍ਰਕਾਸ਼ ਉਨ੍ਹਾਂ ਨੇ ਬੂੜੀਆ ਵਿਚ ਨਿਵਾਸ ਦੇ ਸਮੇਂ, ਸੰਮਤ ੧੮੮੦ ਬਿ. ਦੇ ਕੱਤਕ ਮਹੀਨੇ ਦੀ ਪੁੰਨਿਆਂ ਵਾਲੇ ਦਿਨ ਸਮਾਪਤ ਕੀਤਾ।[੧] 'ਨਾਮ ਕੋਸ਼' ੧੮੭੮ ਬਿ. ਵਿਚ ਸੰਪੂਰਣ ਹੋਇਆ ਸੀ। ਇਸ ਤਰ੍ਹਾਂ ਲਗ ਭਗ ਢਾਈ ਸਾਲਾਂ ਦੇ ਸਮੇਂ ਵਿਚ ਇਸ ਗ੍ਰੰਥ ਨੂੰ ਤਿਆਰ ਕਰਨਾ ਉਨ੍ਹਾਂ ਦੀ ਕਾਵਿ-ਪ੍ਰਤਿਭਾ ਤੇ ਘਾਲ ਦਾ ਸੂਚਕ ਹੈ।

ਇਹ ਗ੍ਰੰਥ ਪੂਰਵਾਰਧ ਅਤੇ ਉੱਤਰਾਰਧ, ਦੋ ਭਾਗਾਂ ਵਿੱਚ ਵੰਡਿਆ ਹੋਇਆ ਹੈ। ਪਹਿਲੇ ਅੱਧੇ ਹਿੱਸੇ ਵਿੱਚ ੭੩ ਅਤੇ ਦੂਜੇ ਅੱਧ ਵਿਚ ੫੭ ਅਧਿਆਇ ਹਨ। ਕੁੱਲ ਛੰਦ-ਸੰਖਿਆ ੯੭੦੦ ਹੈ। ਇਹ ਇਕ ਅਜਿਹਾ ਪ੍ਰਬੰਧ ਕਾਵਿ ਹੈ, ਜਿਸ ਦੀ ਰੋਜ਼ਾਨਾ ਕਥਾ ਗੁਰਦੁਆਰਿਆਂ ਵਿਚ ਸੁਣਨ ਵਾਲਿਆਂ ਨੂੰ ਆਨੰਦ-ਮਗਨ ਤਾਂ ਕਰਦੀ ਆਈ ਹੈ, ਪਰ ਗੁਰਮੁਖੀ ਲਿਪੀ ਵਿਚ ਹੋਣ ਕਰਕੇ, ਹਿੰਦੀ ਦੇ ਕਿਸੇ ਆਲੋਚਕ ਨੇ ਇਸ ਦਾ ਸਾਹਿੱਤਿਕ ਮੁੱਲ ਪਾਉਣ ਦੀ ਕੋਸ਼ਿਸ਼ ਅਜੇ ਤੱਕ ਨਹੀਂ ਕੀਤੀ।[੨]

ਭਾਰਤੀ ਮਹਾਕਾਵਿ ਦੀ ਪਰੰਪਰਾ ਦਾ ਪਾਲਣ ਕਰਦਿਆਂ ਹੋਇਆਂ ਇਸ ਰਚਨਾ ਦਾ ਮੁੱਢ ਵੀ ਬ੍ਰਹਮ ਅਤੇ ਗੁਰੂਆਂ, ਆਦਿ ਦੇ ਮੰਗਲਾਚਰਣ ਨਾਲ ਹੋਇਆ ਹੈ। ਰਚਨਾ ਦਾ ਆਰੰਭ '੧ੴ ਸਤਿਗੁਰ ਪ੍ਰਸਾਦਿ' ਨਾਲ ਕੀਤਾ ਗਿਆ ਹੈ। ਮੰਗਲਾਚਰਣ ਵਿਚ ਅਕਾਲ ਪੁਰਖ ਅਤੇ ਗੁਰੂਆਂ ਨੂੰ ਵਧੇਰੇ ਮਹਤੂ ਦਿੱਤਾ ਗਿਆ ਹੈ। ਗੁਰੂ-ਮਹਿਮਾ ਤੇ ਉਨ੍ਹਾਂ ਦੀ ਚਰਣ-ਬੰਦਨਾ ਆਦਿ ਤੋਂ ਬਿਨਾਂ ਸਰਸੂਤੀ, ਦੁਰਗਾ ਅਤੇ ਦੂਜੇ ਦੇਵੀ ਦੇਵਤਿਆਂ ਦੀ ਵੀ ਬੰਦਨਾ ਕੀਤੀ ਗਈ ਹੈ। ਇਸ ਗ੍ਰੰਥ ਦੇ ਹਰ ਅਧਿਆਇ ਦੇ ਆਰੰਭ ਵਿਚ, ਇਕ ਛੰਦ ਵਿਚ ਗੁਰੂਚਰਣ-ਸ਼ਾਰਦਾ ਯਾ ਕਥਾ ਆਦਿ ਨਾਲ ਸੰਬੰਧਿਤ ਮੰਗਲਾਚਰਣ ਆਏ ਹਨ ਅਤੇ ਅੰਤ ਵੀ ਗੁਰੂਆਂ ਅਤੇ ਯਮੁਨਾਂ ਆਦਿ ਦੇ ਮੰਗਲਾਚਰਣ ਨਾਲ ਹੀ ਹੋਇਆ ਹੈ। ਇਨ੍ਹਾਂ ਮੰਗਲਾਚਰਣਾਂ ਵਿਚ ਉਨ੍ਹਾਂ ਨੇ ਸੰਤ-ਮਹਿਮਾ, ਨਮਰਤਾ, ਨਿਰਵਿਕਾਰ ਮਨ, ਨਾਮ ਦੀ ਸ਼ਕਤੀ, ਗੁਰੂ-ਸ਼ਬਦ-ਮਹਿਮਾ ਤੇ ਗੁਰਬਾਣੀ ਆਦਿ ਦੇ ਮਹਤੂ ਦਾ ਵੀ

---

੧. ਏਕ ਆਂਕ ਅਰ ਅਸ਼ਟ ਕਰ ਬਹੁਰ ਅਸ਼ਟ ਪਰ ਸ਼ੂਨ
ਕਾਤਿਕ ਪੂਰਨਿਮਾ ਬਿਖੈ ਭਯੋ ਗ੍ਰੰਥ ਬਿਨ ਊਨ ॥੧੧੦॥
(ਨਾਨਕ ਪ੍ਰਕਾਸ਼, ਉੱਤਰ. ਅੰਕ. ੫੭)

੨. ਇਹ ਗ੍ਰੰਥ ਗੁਰਮੁਖੀ ਲਿਪੀ ਵਿਚ ਖ਼ਾਲਸਾ ਸਮਾਚਾਰ, ਅੰਮ੍ਰਿਤਸਰ ਤੋਂ ਛਪ ਚੁੱਕਿਆ ਹੈ। ਹੱਥ-ਲਿਖਤਾਂ ਹੇਠ-ਲਿਖੀਆਂ ਥਾਵਾਂ ਤੇ ਮਿਲ ਸਕਦੀਆਂ ਹਨ:

(ੳ) ਭਾਈ ਕਾਨ੍ਹ ਸਿੰਘ ਪੁਸਤਕਾਲਾ, ਬ੍ਰਿਜੇਸ਼ ਭਵਨ-ਨਾਭਾ, (ਅ) ਮੋਤੀ ਬਾਗ਼ ਰਾਜ ਭਵਨ ਪੁਸਤਕਾਲਾ, ਪਟਿਆਲਾ, ਨੰ. ੨੫ (ੲ) ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ, ਨੰ. ੨੧੬੨.

ਵਰਣਨ ਕੀਤਾ ਹੈ। ਗੁਰੂ ਨਾਨਕ ਤੇ ਦੂਜੇ ਗੁਰੂਆਂ ਨੂੰ, ਅਕਾਲ ਪੁਰਖ ਪਾਰਬ੍ਰਹਮ ਦੇ ਅਵਤਾਰ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ ਤੇ ਉਨ੍ਹਾਂ ਦੇ ਚਰਣਾਂ ਨੂੰ ਸੰਸਾਰ ਲਈ ਮੁਕਤੀ ਪ੍ਰਦਾਨ ਕਰਨ ਵਾਲੇ ਅਤੇ ਦ੍ਵੈਤ-ਭਾਵਨਾ ਨੂੰ ਨਸ਼ਟ ਕਰਨ ਵਾਲੇ ਦੱਸਿਆ ਹੈ। ਸੰਤ-ਸੰਗਤ ਨੂੰ ਉਨ੍ਹਾਂ ਨੇ ਉਸ ਸਰੋਵਰ ਦੇ ਸਮਾਨ ਦੱਸਿਆ ਹੈ ਜਿਸ ਵਿਚ ਇਸ਼ਨਾਨ ਕਰਨ ਨਾਲ ਕਾਂ ਕੋਇਲ ਤੇ ਬਗ਼ਲਾ ਹੰਸ ਬਣ ਜਾਂਦਾ ਹੈ।

ਕਰੁਣਾਮਈ ਗੁਰੂ ਦੇ ਚਰਣ-ਕੰਵਲਾਂ ਦੀ ਧੂੜ ਨਾਲ ਆਪਣੇ ਮਨ ਦੇ ਸ਼ੀਸ਼ੇ ਨੂੰ ਮਾਂਜ ਕੇ ਉਨ੍ਹਾਂ ਨੇ ਗੁਰੂ ਨਾਨਕ-ਚਰਿੱਤਰ ਦੀ ਉਸ ਕੀਰਤੀ ਦਾ ਵਰਣਨ ਕੀਤਾ ਹੈ ਜੋ ਸਮੁੰਦਰ ਨੂੰ ਰਿੜਕ ਕੇ ਕੱਢੇ ਹੋਏ ਰਤਨ ਦੇ ਸਮਾਨ ਹੈ ਅਤੇ ਜਿਸ ਦਾ ਪਾਨ ਕਰ ਕੇ ਸਿੱਖ ਮੁਕਤੀ ਪ੍ਰਾਪਤ ਕਰਦੇ ਹਨ। ਜਿਨ੍ਹਾਂ ਲੋਕਾਂ ਨੇ ਉਸ ਨੂੰ ਭਿੱਟਣ ਦੀ ਕੋਸ਼ਿਸ਼ ਕੀਤੀ ਹੈ ਉਸ ਨੂੰ ਉਹ ਰਾਹੂ ਜਿਹੀ ਮੰਦੀ ਤੇ ਮੈਲੀ ਮਤ ਵਾਲਾ ਦੱਸਦੇ ਹਨ।

ਇਹ ਕਥਾ ਸਭ ਮਨੋਰਥਾਂ ਨੂੰ ਪੂਰਣ ਕਰਨ ਵਾਲੀ ਤੇ ਬੇਹਦ ਆਨੰਦ ਦੇਣ ਵਾਲੀ ਹੈ। ਉਨ੍ਹਾਂ ਲਈ ਗੁਰੂ-ਨਖ ਚੰਦ੍ਰਿਕਾ ਸਮਾਨ ਹੈ ਜਿਸ ਵੱਲ ਲੱਗ ਕੇ ਉਨ੍ਹਾਂ ਦੇ ਮਨ-ਰੂਪੀ ਚਕੋਰ ਨੇ ਇਸ ਰਸੀਲੀ ਕਥਾ ਦਾ ਵਰਣਨ ਕੀਤਾ ਹੈ। ਲਗ ਭਗ ਸਾਰੇ ਮੰਗਲਾਚਰਣ ਇਸ ਤਰ੍ਹਾਂ ਦੀ ਅਲੰਕਾਰਿਕ ਸ਼ੈਲੀ ਵਿਚ ਹਨ।

## ਕਥਾਨਕ

ਇਹ ਰਚਨਾ ਗੁਰੂ ਨਾਨਕ ਦੇਵ ਜੀ ਦੇ ਜਨਮ, ਉਨ੍ਹਾਂ ਦੇ ਜੀਵਨ ਦੀਆਂ ਮੁੱਖ ਘਟਨਾਵਾਂ, ਉਦਾਸੀਆਂ, ਉਪਦੇਸ਼ਾਂ ਅਤੇ ਆਦਰਸ਼ਾਂ ਨਾਲ ਸੰਬੰਧਿਤ ਹੈ। ਭਾਈ ਸੰਤੋਖ ਸਿੰਘ ਦਾ ਕਹਿਣਾ ਹੈ ਕਿ ਜੋ ਕਥਾ ਬਾਬਾ ਬਾਲਾ ਸੰਧੂਰੂ ਨੇ ਗੁਰੂ ਅੰਗਦ ਨੂੰ ਸੁਣਾਈ ਸੀ, ਉਸੇ ਕਥਾ ਦਾ ਇਸ ਪ੍ਰਬੰਧ-ਕਾਵਿ ਵਿਚ ਵਰਣਨ ਹੈ। ਥਾਂ ਥਾਂ ਤੇ ਉਨ੍ਹਾਂ ਨੇ 'ਸ੍ਰੀ ਬਾਬਾ ਸੰਧੂਰੂ ਉਵਾਚ' ਕਹਿ ਕੇ ਭੀ ਇਸ ਵੱਲ ਇਸ਼ਾਰਾ ਕੀਤਾ ਹੈ।

ਇਸ ਗ੍ਰੰਥ ਦੀ ਰਚਨਾ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਦੀਆਂ ਵਾਰਾਂ, ਜਨਮ ਸਾਖੀ ਨਾਨਕ ਸ਼ਾਹ ਦੀ, ਦਸਮ ਗ੍ਰੰਥ, ਗੁਰ ਬਿਲਾਸ ਤੇ ਸੌ ਸਾਖੀ ਤੋਂ ਕਾਫ਼ੀ ਸਹਾਇਤਾ ਲਈ ਹੈ। ਅਮ੍ਰਿਤਸਰ ਤੇ ਦੂਜੀਆਂ ਥਾਵਾਂ ਤੇ ਜਾ ਕੇ ਖ਼ੁਦ ਭੀ ਗੁਰੂ ਨਾਨਕ ਦੇ ਜੀਵਨ ਸੰਬੰਧੀ ਸਾਮਗ੍ਰੀ ਇਕੱਠੀ ਕੀਤੀ। ਉਨ੍ਹਾਂ ਦੇ ਜੀਵਨ ਬਾਰੇ ਜੋ ਗੱਲਾਂ ਸਾਧਾਰਣ ਜਨਤਾ ਵਿੱਚ ਪ੍ਰਚਲਿਤ ਹਨ ਉਨ੍ਹਾਂ ਤੋਂ ਵੀ ਜਿੰਨਾ ਹੋ ਸਕਿਆ ਲਾਭ ਉਠਾਇਆ ਹੈ। ਇਸ ਤਰ੍ਹਾਂ ਇਸ ਨੂੰ ਗੁਰੂ ਨਾਨਕ ਦੇ ਚਰਿੱਤਰ ਉੱਤੇ ਇਕ ਇਤਿਹਾਸਕ ਵਿਵਰਣ ਬਣਾ ਦੇਣ ਦਾ ਯਤਨ ਕੀਤਾ ਗਿਆ ਹੈ। ਬਾਬਰ ਦੇ ਐਮਨਾਬਾਦ ਵਾਲੇ ਯੁੱਧ ਦਾ ਇਤਿਹਾਸਿਕ ਵਿਵਰਣ ਇਸ ਵਿਚ ਪ੍ਰਾਪਤ ਹੈ। ਇਸ ਲਈ ਇਹ ਗ੍ਰੰਥ ਪਿੱਛੋਂ ਆਉਣ ਵਾਲੇ ਸਿੱਖ ਇਤਿਹਾਸਕਾਰਾਂ ਲਈ ਬਹੁਤ ਉਪਯੋਗੀ ਸਿੱਧ ਹੋਇਆ ਹੈ ਪਰ ਇਸ ਵਿਚ ਅਨੇਕ ਅਜਿਹੀਆਂ ਅਲੌਕਿਕ ਤੇ ਅਮਾਨਵੀ ਘਟਨਾਵਾਂ ਤੇ ਕਰਾਮਾਤਾਂ ਦਾ ਸਮਾਵੇਸ਼ ਵੀ ਕੀਤਾ ਹੋਇਆ ਹੈ ਜੋ ਸਚਾਈ ਵੱਲੋਂ ਅੱਜ ਦੇ ਬੁੱਧੀਵਾਦੀ ਪਾਠਕਾਂ ਦੇ ਮਨ ਵਿਚ ਅਨੇਕ

ਸ਼ੋਕੇ ਉਪਜਾ ਸਕਦੀਆਂ ਹਨ। ਗੁਰੂ ਨਾਨਕ ਇਸ ਸੰਸਾਰ ਵਿਚ ਨਹੀਂ ਘੁੰਮਦੇ ਤੇ ਨਾ ਕੇਵਲ ਆਪਣੇ ਸਮੇਂ ਦੇ ਬ੍ਰਜ, ਅਯੁਧਿਆ, ਕਾਂਸ਼ੀ ਆਦਿ ਦੇ ਲੋਕਾਂ ਨੂੰ ਉਪਦੇਸ਼ ਦੇਂਦੇ ਹਨ। ਸਗੋਂ ਉਹ ਨੌਂ ਖੰਡਾਂ, ਸਾਰੇ ਦੀਪਾਂ ਤੇ ਬੈਕੁੰਠਾਂ, ਆਦਿ ਦਾ ਵੀ ਭ੍ਰਮਣ ਕਰਦੇ ਹਨ। ਭਗਵਾਨ ਵਿਸ਼ਣੂੰ, ਧ੍ਰੂ, ਪ੍ਰਹਿਲਾਦ, ਕਾਕ-ਭਸੁੰਡਿ ਦੱਤਾਤ੍ਰੇਯ, ਵਿਭੀਸ਼ਣ, ਸ੍ਰੀ ਕ੍ਰਿਸ਼ਣ, ਆਦਿ ਨਾਲ ਵੀ ਉਨ੍ਹਾਂ ਦਾ ਮੇਲ ਹੁੰਦਾ ਹੈ! ਗੋਪੀ ਚੰਦ, ਈਸ਼੍ਵਰ ਨਾਥ, ਮੰਗਲ ਨਾਥ, ਸ਼ੰਭੂ ਨਾਥ, ਹਨੀ ਫਾ, ਕਨੀ ਫਾ, ਆਦਿ ਸਿੱਧ ਅਤੇ ਗੋਰਖ, ਚਰਪਟ, ਮਛੰਦਰ, ਆਦਿ ਨਾਥ ਵੀ ਉਨ੍ਹਾਂ ਨਾਲ ਗੱਲ ਬਾਤ ਕਰਨ ਆਉਂਦੇ ਹਨ ਤੇ ਉਨ੍ਹਾਂ ਦੀਆਂ ਕਰਾਮਾਤਾਂ ਅਤੇ ਬਾਣੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀ ਜੈ ਜੈ ਕਰਦੇ ਹੋਏ ਮੁੜ ਜਾਂਦੇ ਹਨ। ਗੁਰੂ ਨਾਨਕ ਦਾ ਸੌ ਯੋਜਨ ਨੂੰ ਇਕ ਛਿਨ ਵਿਚ ਪਾਰ ਕਰ ਜਾਣਾ ਤੇ ਮੋਇਆਂ ਨੂੰ ਜਿਵਾ ਦੇਣਾ ਭੀ ਵਿਖਾਇਆ ਗਿਆ ਹੈ।

ਵਾਸਤਵ ਵਿਚ ਗੁਰੂ ਨਾਨਕ ਨੂੰ ਭਾਈ ਸੰਤੋਖ ਸਿੰਘ ਹਰੀ ਦਾ ਅਵਤਾਰ ਮੰਨਦੇ ਹਨ। ਅਤੇ ਉਨ੍ਹਾਂ ਨੂੰ ਦਿੱਬ-ਰੂਪ ਵਿਚ ਚਿਤ੍ਰਿਤ ਕਰਨ ਲਈ ਤੇ ਉਨ੍ਹਾਂ ਦਾ ਮਹਤ੍ਵ ਸਥਾਪਿਤ ਕਰਨ ਲਈ ਹੀ ਇਤਨੀਆਂ ਅਦਭੁਤ ਅਤੇ ਅਲੌਕਿਕ ਘਟਨਾਵਾਂ ਦੀ ਵਰਤੋਂ ਕੀਤੀ ਹੈ। ਤੁਲਸੀ ਨੇ ਵੀ ਰਾਮ ਨੂੰ ਵਿਸ਼ਣਤ੍ਵ ਪ੍ਰਦਾਨ ਕਰਨ ਲਈ ਇਸ ਤਰ੍ਹਾਂ ਦੀਆਂ ਅਨੇਕ ਅਲੌਕਿਕ ਘਟਨਾਵਾਂ ਦੀ ਕਲਪਣਾ ਕੀਤੀ ਸੀ। ਜਿਵੇਂ ਹਿੰਦੂਆਂ ਨੂੰ ਰਾਮ ਅਤੇ ਕ੍ਰਿਸ਼ਣ ਦੀਆਂ ਸਾਰੀਆਂ ਘਟਨਾਵਾਂ ਉੱਤੇ ਵਿਸ਼ਵਾਸ਼ ਹੈ ਉਸੇ ਤਰ੍ਹਾਂ ਸਿੱਖਾਂ ਨੂੰ ਗੁਰੂ ਨਾਨਕ ਦੀ ਅਲੌਕਿਕ ਸ਼ਕਤੀ ਵਿਚ ਵਿਸ਼ਵਾਸ਼ ਹੈ। ਗੁਰੂ ਨਾਨਕ ਦੇ ਚਰਿੱਤਰ ਨੂੰ ਇਹ ਪੌਰਾਣਿਕ ਰੂਪ ਖ਼ਾਸ ਉੱਦੇਸ਼ ਨਾਲ ਦਿੱਤਾ ਗਿਆ ਹੈ। ਇਸ ਮਾਧਿਅਮ ਨਾਲ ਕਵੀ ਨੇ ਯੁਗ ਦੀ ਸਾਂਸਕ੍ਰਿਤਿਕ ਚੇਤਨਾ ਅਤੇ ਰਾਸ਼ਟਰੀ ਭਾਵਨਾ ਨੂੰ ਪ੍ਰਗਟਾਇਆ ਹੈ।

ਭਾਈ ਸੰਤੋਖ ਸਿੰਘ ਨੂੰ ਪੌਰਾਣਿਕ ਕਥਾਵਾਂ ਦਾ ਬੜਾ ਗਿਆਨ ਸੀ, ਉਨ੍ਹਾਂ ਨੇ ਅਨੇਕ ਪੌਰਾਣਿਕ ਕਥਾਵਾਂ ਨੂੰ ਅਵਾਂਤਰ ਕਥਾਵਾਂ ਦੇ ਰੂਪ ਵਿੱਚ ਸਥਾਨ ਦਿੱਤਾ ਹੈ। ਰਾਮਾਇਣ ਤੇ ਮਹਾਭਾਰਤ ਦੇ ਵੀ ਕੁੱਝ ਪ੍ਰਸੰਗ ਆਏ ਹਨ। ਨੌਂ ਨਾਥ, ਚੌਰਾਸੀ ਸਿੱਧ ਤੇ ਛੇ ਜਤੀਆਂ ਦੇ ਨਾਂ ਭੀ ਗਿਣਾਏ ਗਏ ਹਨ। ਪਰ ਇਨ੍ਹਾਂ ਪ੍ਰਸੰਗਾਂ ਨੂੰ ਕੇਵਲ ਉਂਨਾਂ ਹੀ ਵਿਸਤਾਰ ਦਿੱਤਾ ਗਿਆ ਹੈ ਜਿੰਨੇਂ ਤੋਂ ਕਿ ਮੁੱਖ ਕਥਾਨਕ ਦੀ ਗਤੀ ਵਿਚ ਰੁਕਾਵਟ ਨਹੀਂ ਪੈਂਦੀ,—ਜਿੰਨੇਂ ਨਾਲ ਕਿ ਗੁਰੂ ਨਾਨਕ ਦੇ ਮਹਤ੍ਵ ਦੇ ਸਥਾਪਨ ਵਿਚ ਸਹਾਇਤਾ ਹੁੰਦੀ ਹੈ।

ਇਹ ਇਕ ਕਥਾ-ਪ੍ਰਧਾਨ ਕਾਵਿ ਹੈ ਜਿਸ ਵਿਚ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਦੇ ਧਰਮ-ਪ੍ਰਧਾਨ ਪ੍ਰਬੰਧ-ਕਾਵਿ ਦੀ ਤਰ੍ਹਾਂ, ਸਿੱਖ-ਸੰਪਰਦਾਇ ਦੇ ਦਾਰਸ਼ਨਿਕ ਸਿੱਧਾਂਤਾਂ ਦਾ ਸਪਸ਼ਟੀਕਰਣ ਕੀਤਾ ਗਿਆ ਹੈ। ਕਥਾ ਵਿਚ ਕਿਸੇ ਸ਼੍ਰੋਤਾ ਨੂੰ ਲਿਆ ਕੇ ਗੁਰੂ ਨਾਨਕ ਵੱਲੋਂ ਉਪਦੇਸ਼ ਦਿਵਾਇਆ ਗਿਆ ਹੈ। ਕਿਧਰੇ ਕਿਧਰੇ ਗੁਰੂਬਾਣੀ ਭੀ ਆਈ ਹੈ, ਜਿਸ ਤੋਂ ਉਸ ਦੀ ਸੰਬੰਧਿਤ ਪ੍ਰਸੰਗ ਦੇ ਅਨੁਕੂਲ ਵਿਆਖਿਆ ਹੋ ਜਾਂਦੀ ਹੈ।

ਘਟਨਾਵਾਂ ਵਿਚ ਕਾਰਜ-ਕਾਰਣ ਦਾ ਸੰਬੰਧ ਤਾਂ ਨਹੀਂ ਹੈ ਪਰ ਸਾਰੀਆਂ ਘਟਨਾਵਾਂ ਗੁਰੂ ਨਾਨਕ ਦੇ ਜੀਵਨ ਨਾਲ ਸੰਬੰਧ ਰੱਖਦੀਆਂ ਹਨ। ਇਸ ਲਈ ਕਥਾਨਕ ਦੀ ਸੰਗਲੀ

ਅਟੁੱਟ ਹੈ । ਪ੍ਰਸੰਗ ਛੋਟੇ ਤੇ ਸਰਲ ਹਨ । ਦਾਰਸ਼ਨਿਕ ਵਿਵੇਚਨ ਭੀ ਸਹਿਜ ਭਾਂਤ ਹੀ ਹੋਇਆ ਹੈ ਤੇ ਬਹੁਤ ਸਾਰੇ ਪ੍ਰਸੰਗਾਂ ਵਿਚ ਥੋੜ੍ਹਾ ਥੋੜ੍ਹਾ ਕਰ ਕੇ ਆਇਆ ਹੈ । ਘਟਨਾਵਾਂ ਦੇ ਚਿਤਰਣ ਵਿਚ ਕਵੀ ਨੇ ਕਲਪਣਾ ਦਾ ਵੀ ਯੋਗ ਦਿੱਤਾ ਹੈ, ਜਿਸ ਤੋਂ ਰੋਚਕਤਾ ਬਣੀ ਹੈ । ਮਾਤਾ ਤ੍ਰਿਪਤਾ, ਬਾਬਾ ਕਾਲੂ ਤੇ ਗੁਰੂ ਨਾਨਕ ਦੇ ਸਾਤ-ਗਰਭਿਤ, ਵਤਸਲ-ਪੂਰਣ ਤੇ ਮਾਰਮਿਕ ਸੰਬਾਦ, ਕਥਾ ਦੇ ਵਿਕਾਸ ਤੇ ਉਸ ਦੀ ਰੋਚਕਤਾ ਵਿਚ ਸਹਾਇਕ ਹੋਏ ਹਨ । ਕਥਾਨਕ ਵਿਚ ਮਹਾ ਕਾਵਿ ਵਰਗਾ ਜੋਸ਼ ਤੇ ਉਦਾਤਤਾ ਹੈ, ਤਾਂ ਭੀ ਇਹ ਮੰਨਣਾ ਪਵੇਗਾ ਕਿ ਇਸ ਵਿਚ ਨਾਟਕੀਅਤਾ ਅਤੇ ਰਮਣੀਅਤਾ ਦੀ ਥਾਂ ਕਥਾਤਮਕਤਾ, ਇਤਿਹਾਸਿਕਤਾ ਤੇ ਉਪਦੇਸ਼ਾਤਮਕਤਾ ਵਧੇਰੇ ਹੈ ।

## ਨਾਇਕ

ਇਸ ਕਾਵਿ ਦੇ ਨਾਇਕ ਗੁਰੂ ਨਾਨਕ ਦੇਵ ਜੀ ਸਦਗੁਣ-ਭਰਪੂਰ, ਉਦਾਤ ਚਰਿੱਤਰ ਵਾਲੇ ਦਿੱਬ-ਮਾਨਵ ਤੇ ਲੋਕ-ਨਾਇਕ ਹਨ ਜੋ ਦੁਖੀ ਲੋਕਾਂ ਦੇ ਦੁਖ ਦੂਰ ਕਰਨ ਲਈ ਪੈਦਾ ਹੋਏ ਹਨ । ਅਤੇ ਮਾਨਵ-ਜਾਤੀ ਨੂੰ ਵਿਰਕਤੀ, ਭਗਤੀ, ਦਇਆ, ਖਿਮਾ, ਸੇਵਾ, ਤਿਆਗ, ਪਤੀਵਰਤ ਧਰਮ, ਸਤਿ, ਵਿਸ਼ੇ-ਤਿਆਗ, ਆਦਿ ਸ਼ੁਭ ਗੁਣਾਂ ਅਤੇ ਪਵਿੱਤਰ ਧਰਮ,ਸਤਿ ਸੰਗਤ ਤੇ ਸਾਤਵਿਕ ਜੀਵਨ ਦਾ ਸੰਦੇਸ਼ ਦੇ ਕੇ ਲੋਕ-ਕਲਿਆਣ ਕਰਦੇ ਹਨ । ਉਹ ਬਾਹਰ ਦੇ ਅਡੰਬਰ ਅਤੇ ਜਾਤ-ਪਾਤ ਦਾ ਖੰਡਨ ਕਰ ਕੇ ਏਕਤਾ ਅਤੇ ਮਾਨਵ-ਧਰਮ ਦੀ ਸਥਾਪਨਾ ਵਿਚ ਲੱਗੇ ਰਹਿੰਦੇ ਹਨ ।

## ਵਸਤੂ-ਵਰਣਨ

ਦੰਡੀ, ਆਦਿ ਸੰਸਕ੍ਰਿਤ ਆਚਾਰੀਆਂ ਅਨੁਸਾਰ ਮਹਾ ਕਾਵਿ ਵਿਚ ਨਗਰ, ਉਪਬਨ, ਬਨ, ਸਮੁੰਦਰ, ਨਦੀ, ਪ੍ਰਭਾਤ ਤੇ ਮੌਸਮਾਂ, ਆਦਿ ਦਾ ਵੀ ਵਰਣਨ ਹੋਣਾ ਚਾਹੀਦਾ ਹੈ । ਨਾਨਕ ਪ੍ਰਕਾਸ਼ ਵਿਚ ਕਈ ਵਰਣਨ ਬੜੇ ਸਜੀਵ, ਸੁਭਾਵਿਕ ਤੇ ਰਮਣੀਕ ਹਨ । ਇਨ੍ਹਾਂ ਤੋਂ ਭਾਈ ਸੰਤੋਖ ਸਿੰਘ ਦੀ ਬਿੰਬ ਸਿਰਜਣ ਵਾਲੀ ਕਲਪਣਾ-ਸ਼ਕਤੀ ਅਤੇ ਬੜੇ ਸੂਖਮ ਨਿਰੀਖਣ ਦਾ ਪਤਾ ਚਲਦਾ ਹੈ । ਰੀਤੀ-ਕਾਲ ਵਿਚ ਕੁਦਰਤ ਦੇ ਯਥਾ-ਤੱਥ, ਸੰਸਲਿਸ਼ਟ ਤੇ ਸੁਤੰਤਰ ਚਿਤਰਣ ਵੱਲ ਸ਼ਾਇਦ ਕਿਸੇ ਵੀ ਕਵੀ ਦਾ ਧਿਆਨ ਨਹੀਂ ਗਿਆ । ਨਾਨਕ ਪ੍ਰਕਾਸ਼ ਵਿਚ ਸਾਰਿਆਂ ਮੌਸਮਾਂ ਦਾ ਜਿਹੋ ਜਿਹਾ ਸਜੀਵ ਅਤੇ ਚਿਤਰਾਤਮਕ ਵਰਣਨ ਹੋਇਆ ਹੈ ਉਹੋ ਜਿਹਾ ਕਿਸੇ ਭੀ ਰੀਤੀ-ਕਾਲੀਨ ਕਵੀ ਦੀ ਰਚਨਾ ਵਿਚ ਨਹੀਂ ਮਿਲਦਾ । ਇਨ੍ਹਾਂ ਵਰਣਨਾਂ ਵਿਚ ਕਿਸੇ ਖ਼ਾਸ ਮੌਸਮ ਦੇ ਵਾਤਾਵਰਣ ਅਤੇ ਲੋਕਾਂ ਉੱਤੇ ਪੈਣ ਵਾਲੇ ਉਸ ਦੇ ਪ੍ਰਭਾਵ ਨੂੰ ਪ੍ਰਗਟ ਕੀਤਾ ਗਿਆ ਹੈ । ਇਸ ਤੋਂ ਇਲਾਵਾ ਇਸ ਗ੍ਰੰਥ ਵਿਚ ਨਗਰ, ਪਰਬਤ, ਨਦੀ, ਪ੍ਰਭਾਤ, ਸਮੁੰਦਰ, ਆਦਿ ਦਾ ਭੀ ਵਰਣਨ ਹੋਇਆ ਹੈ, ਪਰ ਨਾ ਤੇ ਕਵੀ ਨੇ ਨਾਮ ਗਿਣਨ ਦੀ ਸ਼ੈਲੀ ਨੂੰ ਅਪਣਾਇਆ ਹੈ ਤੇ ਨਾ ਹੀ ਇਨ੍ਹਾਂ ਵਰਣਨਾਂ ਨੂੰ ਇਤਨਾ ਅਣਲੋੜੀਂਦਾ ਬਣਾਇਆ ਗਿਆ ਹੈ ਕਿ ਉਹ ਕਥਾਨਕ ਦੇ ਪ੍ਰਵਾਹ ਵਿਚ ਰੁਕਾਵਟ ਪੈਦਾ ਕਰਨ ।

## ਭਾਵ-ਪੱਖ

ਇਸ ਗ੍ਰੰਥ ਵਿਚ ਵਿਰਕਤੀ ਤੇ ਭਗਤੀ ਦੇ ਭਾਵਾਂ ਦਾ ਵਿਕਾਸ ਹੋਇਆ ਹੈ। ਅਨੇਕ ਪ੍ਰਸੰਗਾਂ ਰਾਹੀਂ ਲੋਕਾਂ ਦੀ ਗੁਰੂ ਨਾਨਕ ਸਾਹਿਬ ਬਾਰੇ ਸ਼ਰਧਾ ਤੇ ਭਗਤੀ-ਭਾਵਨਾ ਪ੍ਰਗਟ ਹੁੰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਅਕਾਲ-ਪੁਰਖ, ਪਾਰਬ੍ਰਹਮ ਦਾ ਅਵਤਾਰ ਮੰਨ ਕੇ, ਉਨ੍ਹਾਂ ਦੀ ਚਰਣ-ਬੰਦਨਾ ਤੇ ਬਿਨੈ ਦੇ ਸੈਂਕੜੇ ਛੰਦ ਇਸ ਗ੍ਰੰਥ ਵਿਚ ਆਏ ਹਨ, ਜਿਨ੍ਹਾਂ ਪ੍ਰਤਿ ਭਾਈ ਸੰਤੋਖ ਸਿੰਘ ਦੀ ਸ਼ਰਧਾ ਅਤੇ ਭਗਤੀ ਪ੍ਰਗਟ ਹੁੰਦੀ ਹੈ। ਇਹ ਇਕ ਭਗਤੀ-ਪ੍ਰਧਾਨ ਕਾਵਿ ਹੈ ਤੇ ਇਸ ਦਾ ਮੁੱਖ ਰਸ 'ਸ਼ਾਂਤ' ਹੈ। ਦੂਜੇ ਰਸ ਗੌਣ ਰੂਪ ਵਿਚ ਆਏ ਹਨ। ਉਨ੍ਹਾਂ ਦੀ ਪੂਰਤੀ ਵੀ ਸ਼ਾਂਤ-ਰਸ ਵਿਚ ਹੀ ਹੋ ਜਾਂਦੀ ਹੈ। ਗੁਰੂ ਨਾਨਕ ਦੇ ਜੀਵਨ ਵਿਚ ਸ਼ਿੰਗਾਰ, ਭੈ, ਕ੍ਰੋਧ, ਯੁੱਧ, ਆਦਿ ਦੇ ਲਈ ਕੋਈ ਸਥਾਨ ਨਹੀਂ ਸੀ, ਇਸ ਲਈ ਇਨ੍ਹਾਂ ਭਾਵਾਂ ਦੀ ਵਿਅੰਜਨਾ, ਆਮ ਕਰਕੇ, ਪ੍ਰਾਸੰਗਿਕ ਕਥਾਵਾਂ ਦੇ ਮਾਧਿਅਮ ਨਾਲ ਹੀ ਹੋਈ ਹੈ ਤੇ ਉਨ੍ਹਾਂ ਦੀ ਤ੍ਰਿਪਤੀ ਸ਼ਾਂਤ-ਰਸ ਵਿਚ ਹੀ ਹੁੰਦੀ ਦਿੱਸਦੀ ਹੈ। ਸਿੰਘਲ-ਦੀਪ ਵਿਚ, ਗੁਰੂ ਨਾਨਕ ਦੀ ਪ੍ਰੀਖਿਆ ਲੈਣ ਲਈ, ਰਾਜਾ ਸ਼ਿਵਨਾਭ ਰਾਤ ਵੇਲੇ ਸੁੰਦਰ ਪਦਮਨੀਆ ਨੂੰ ਉਨ੍ਹਾਂ ਕੋਲ ਭੇਜਦਾ ਹੈ, ਜੋ ਆਪਣੀ ਅਪੂਰਵ ਸੁੰਦਰਤਾ, ਅਨੋਖੇ ਸ਼ਿੰਗਾਰਾਂ ਅਤੇ ਕਾਮ-ਭਾਵਨਾ ਨੂੰ ਜਗਾਉਣ ਵਾਲੀਆਂ ਚੇਸ਼ਟਾਵਾਂ ਨਾਲ ਉਨ੍ਹਾਂ ਨੂੰ ਮੋਹਿਤ ਕਰਨਾ ਚਾਹੁੰਦੀਆਂ ਹਨ, ਪਰ ਗੁਰੂ ਨਾਨਕ ਸਾਹਿਬ ਉੱਪਰ ਉਨ੍ਹਾਂ ਦਾ ਕੋਈ ਅਸਰ ਨਹੀਂ ਹੁੰਦਾ। ਆਪ ਕਾਮ, ਲੋਭ ਤੇ ਮੋਹ ਨੂੰ ਛੱਡ ਕੇ ਉਨ੍ਹਾਂ ਨੂੰ 'ਸਤਿਨਾਮ' ਦਾ ਜਾਪ ਕਰਨ ਦਾ ਉਪਦੇਸ਼ ਦਿੰਦੇ ਹਨ, ਜਿਸ ਨੂੰ ਸੁਣ ਕੇ ਉਹ ਭੀ ਅੰਤ ਨੂੰ ਮੁਕਤੀ ਦਾ ਮਾਰਗ ਪ੍ਰਾਪਤ ਕਰਦੀਆਂ ਹਨ। ਇੱਥੇ ਸ਼ਿੰਗਾਰ ਦਾ ਅੰਤ ਸ਼ਾਂਤ ਵਿਚ ਹੁੰਦਾ ਹੈ। ਪ੍ਰਾਸੰਗਿਕ ਕਥਾਵਾਂ ਵਿਚ ਭੀ ਕਿਧਰੇ ਕਿਧਰੇ ਸ਼ਿੰਗਾਰ ਦਾ ਚਿਤਰਣ ਹੋਇਆ ਹੈ। ਇਕ ਥਾਂ ਤੇ ਦਰੋਪਦੀ ਦੀ ਗੁੱਤ, ਤ੍ਰਿਕੁਟੀ, ਨੇਤਰ, ਦੰਦ, ਮੁਖ, ਢਿੱਡ, ਰੋਮਾਵਲੀ, ਕਟਾਖ, ਮੁਖ-ਕਾਂਤੀ ਤੇ ਗਤੀ, ਆਦਿ ਦਾ ਪਰੰਪਰਿਤ ਉਪਮਾਨਾਂ ਦੁਆਰਾ ਬਹੁਤ ਸੁੰਦਰ ਵਰਣਨ ਕੀਤਾ ਹੈ। ਦਰੋਪਦੀ-ਕੀਚਕ ਪ੍ਰਸੰਗ ਵੀ, ਭਾਵਾਂ ਦੀ ਵਿਅੰਜਨਾ ਦੀ ਦ੍ਰਿਸ਼ਟੀ ਤੋਂ, ਬੜਾ ਸੁੰਦਰ ਬਣਿਆ ਹੈ। ਦਰੋਪਦੀ ਦੀ ਸੁੰਦਰਤਾ ਨੂੰ ਵੇਖ ਕੇ ਕੀਚਕ ਦਾ ਮਨ ਪਤੰਗੇ ਦੀ ਤਰ੍ਹਾਂ ਚੰਚਲ ਹੋ ਜਾਂਦਾ ਹੈ। ਉਹ ਆਪਣੇ ਸਰੀਰ ਨੂੰ ਸੁਗੰਧਿਤ ਪਦਾਰਥਾਂ ਨਾਲ ਚਮਕਾ ਕੇ, ਫੁੱਲਾਂ ਦੀ ਮਾਲਾ ਗਲ ਪਾ ਕੇ, ਸੁੰਦਰ ਸੇਜ ਵਿਛਾ ਕੇ ਤੇ ਉਠ ਉਠ ਕੇ ਉਸ ਦੇ ਆਉਣ ਦੀ ਰਾਹ ਵੇਖਦਾ ਹੈ। ਏਥੇ ਕੀਚਕ ਦੀ ਕਾਮ-ਭਾਵਨਾ, ਉਤਕੰਠਾ, ਉੱਲਾਸ ਤੇ ਵਿਆਕੁਲਤਾ ਦੀ ਸੁੰਦਰ ਵਿਅੰਜਨਾ ਹੋਈ ਹੈ; ਪਰ ਇਸ ਪ੍ਰਸੰਗ ਦੇ ਅੰਤ ਵਿਚ ਵੀ ਗੁਰੂ ਨਾਨਕ ਇਹ ਉਪਦੇਸ਼ ਦੇਂਦੇ ਨਜ਼ਰ ਆਉਂਦੇ ਹਨ ਕਿ ਇਸ ਸੰਸਾਰ ਵਿਚ ਸਾਰੇ ਬਲਸ਼ਾਲੀ ਤੇ ਵਿਲਾਸੀ ਲੋਕਾਂ ਦਾ ਅਵੱਸ਼ ਨਾਸ ਹੁੰਦਾ ਹੈ। ਇਸ ਲਈ ਮਨੁੱਖ ਨੂੰ ਸੰਸਾਰਿਕ ਭੋਗਾਂ ਦਾ ਤਿਆਗ ਕਰ ਕੇ ਭਗਵਾਨ ਦੀ ਭਗਤੀ ਕਰਨੀ ਚਾਹੀਦੀ ਹੈ। ਗੁਰੂ ਨਾਨਕ ਦੇ ਮਾਤਾ ਪਿਤਾ ਵਾਲੇ ਪ੍ਰਸੰਗ ਵਿਚ ਵਾਤਸਲ ਦੀ ਵੀ ਝਾਕੀ ਮਿਲਦੀ ਹੈ। ਉਨ੍ਹਾਂ ਦੇ ਬਿਰਹਾ ਵਿਚ ਮਾਤਾ ਤ੍ਰਿਪਤਾ ਅਤੇ ਪਿਤਾ ਕਾਲੂ ਦੇ ਹਿਰਦੇ ਦੀ ਵੇਦਨਾ ਵੀ ਚੰਗੀ

ਦਰਸਾਈ ਹੋਈ ਹੈ। ਬਹੁਤ ਸਮੇਂ ਪਿੱਛੋਂ ਮਿਲਾਪ ਹੋਣ ਉੱਤੇ ਮਾਤਾ ਦੀ ਇੱਛਾ, ਉਤਕੰਠਾ, ਆਤੁਰਤਾ, ਦੀਨਤਾ, ਬਿਹਬਲਤਾ, ਤੇ ਵਿਆਕੁਲਤਾ ਦੀ ਬੜੀ ਹੀ ਮਾਰਮਿਕ ਵਿਅੰਜਨਾ ਹੋਈ ਹੈ। ਪਰ ਉੱਥੇ ਵੀ ਅੰਤ ਵਿਚ ਗੁਰੂ ਨਾਨਕ ਸਾਹਿਬ ਸਭ ਨੂੰ ਇਹੋ ਉਪਦੇਸ਼ ਦੇਂਦੇ ਹਨ ਕਿ ਸੰਸਾਰ ਮਿੱਥਿਆ ਹੈ, ਸੁਪਨਾ ਹੈ, ਅਤੇ ਮੋਹ ਨੂੰ ਤਿਆਗ ਕੇ ਸਤਿਨਾਮ ਦਾ ਜਾਪ ਕਰਦਿਆਂ ਹੋਇਆਂ ਪਰਮ ਭਗਤੀ ਵਿਚ ਮਨ ਲਾ ਕੇ ਆਪਣਾ ਉੱਧਾਰ ਕਰਨਾ ਚਾਹੀਦਾ ਹੈ।

ਇਸੇ ਪ੍ਰਕਾਰ ਯੁੱਧ ਅਤੇ ਬੀਰਤਾ ਦਾ ਚਿਤਰਣ ਵੀ ਪ੍ਰਾਸੰਗਿਕ ਕਥਾਵਾਂ ਵਿਚ ਹੋਇਆ ਹੈ। ਬਾਬਰ ਦੇ ਐਮਨਾਬਾਦ ਦੇ ਯੁੱਧ-ਵਰਣਨ ਵਿੱਚ ਹੋਲੀ ਦਾ ਰੂਪਕ ਬੰਨ੍ਹ ਕੇ ਕਵੀ ਨੇ ਸੈਨਾ ਦੇ ਹਮਲੇ ਤੇ ਯੁੱਧ-ਭੂਮੀ ਦਾ ਸਜੀਵ ਚਿਤਰਣ ਨਿਰੂਪਿਤ ਕੀਤਾ ਹੈ। ਇਸ ਵਰਣਨ ਵਿਚ ਬੀਰ-ਰਸ ਸੰਬੰਧੀ ਵਿਭਾਵ, ਅਨੁਭਾਵ ਤੇ ਸੰਚਾਰੀ ਭਾਵਾਂ ਦੀ ਚੰਗੀ ਵਿਅੰਜਨਾ ਹੋਈ ਹੈ; ਪਰ ਅੰਤ ਵਿੱਚ ਇੱਥੇ ਵੀ ਗੁਰੂ ਨਾਨਕ ਬਾਬਰ ਨੂੰ ਸਰੀਰ ਤੇ ਐਸ਼ਵਰਜ ਦੀ ਨਿਸਾਰਤਾ ਦਾ ਉਪਦੇਸ਼ ਦੇ ਕੇ ਭਗਵਾਨ ਦੀ ਭਗਤੀ ਦਾ ਮਹਤੂ ਸਮਝਾਉਂਦੇ ਹਨ। ਇਸ ਤਰ੍ਹਾਂ ਵੀਰ-ਰਸ ਏਥੇ ਵੀ ਸ਼ਾਂਤ ਹੋ ਨਿੱਬੜਦਾ ਹੈ।

ਐਮਨਾਬਾਦ ਦੇ ਯੁੱਧ-ਵਰਨਣ ਵਿੱਚ ਇਕ ਸੋਗੀ ਮੌਕਾ ਆਉਂਦਾ ਹੈ ਜਦੋਂ ਜ਼ਖ਼ਮੀ ਯੋਧਿਆਂ ਦੇ ਸੰਬੰਧੀ ਵਿਰਲਾਪ ਕਰਦੇ ਹਨ। ਇਹ ਵਰਣਨ ਵੀ ਆਪਣੇ ਆਪ ਵਿਚ ਸੁਤੰਤਰ ਨਹੀਂ ਕਿਉਂਕਿ ਗੁਰੂ ਨਾਨਕ ਇਸ ਰੁਦਨ ਨੂੰ ਸੁਣ ਕੇ ਸਰੀਰ ਦੀ ਨਾਸ਼ਮਾਨਤਾ ਦਾ ਬੋਧ ਕਰਾਉਂਦੇ ਹਨ ਅਤੇ ਸਤਿਗੁਰ ਦੀ ਮਹਿਮਾ ਦਾ ਉਪਦੇਸ਼ ਦੇਂਦੇ ਹਨ,। ਏਥੇ ਵੀ ਸ਼ੋਕ ਦਾ ਅੰਤ ਸ਼ਾਂਤ ਵਿਚ ਹੁੰਦਾ ਹੈ। ਏਸੇ ਤਰ੍ਹਾਂ 'ਸ਼ਾਹ ਅਤੇ ਕੋਹੜੇ ਫ਼ਕੀਰ' ਵਾਲੇ ਪ੍ਰਸੰਗ ਵਿਚ ਕ੍ਰੋਧ ਦੀ ਚੰਗੀ ਅਭਿਵਿਅੰਜਨਾ ਹੋਈ ਹੈ ਪਰ ਅੰਤ ਵਿਚ ਕ੍ਰੋਧ ਦੇ ਕਾਰਣ ਜਨਮੇਜੇ ਨੂੰ ਜੋ ਦੁਖ ਹੋਇਆ, ਉਸ ਉੱਤੇ ਪ੍ਰਕਾਸ਼ ਪਾਉਂਦਿਆਂ ਹੋਇਆਂ, ਕ੍ਰੋਧ ਨੂੰ ਛੱਡ ਕੇ, ਭਗਵਾਨ ਪ੍ਰੇਮ ਦੇ ਮਹਤੂ ਦੀ ਸਥਾਪਨਾ ਕੀਤੀ ਗਈ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਵੇਂ ਪ੍ਰਾਸੰਗਿਕ ਕਥਾਵਾਂ ਵਿਚ ਰਤੀ, ਕ੍ਰੋਧ, ਸ਼ੋਕ, ਭੈ, ਆਦਿ ਦੀ ਚੰਗੀ ਅਭਿਵਿਅੰਜਨਾ ਹੋਈ ਹੈ, ਪਰ ਅੰਤ ਵਿੱਚ ਸਰੀਰ ਅਤੇ ਸੰਸਾਰ ਦੀ ਨਾਸ਼ਮਾਨਤਾ ਅਤੇ ਪਲ ਪਲੀ ਵਿੱਚ ਨਸ਼ਟ ਹੋਣ ਵਾਲੇ ਲੱਛਣ ਉੱਤੇ ਪ੍ਰਕਾਸ਼ ਪਾ ਕੇ ਕਾਮ, ਕ੍ਰੋਧ, ਮੋਹ, ਆਦਿ ਵਿਕਾਰਾਂ ਨੂੰ ਤਿਆਗ ਕੇ ਭਗਵਾਨ ਦੀ ਭਗਤੀ ਦਾ ਮਹਤੂ ਸਥਾਪਿਤ ਕੀਤਾ ਗਿਆ ਹੈ। ਪਰ ਇਨ੍ਹਾਂ ਸਭਨਾਂ ਭਾਵਾਂ ਦੀ ਸਮਾਪਤੀ ਸ਼ਾਂਤ-ਰਸ ਵਿਚ ਹੀ ਹੋ ਜਾਂਦੀ ਹੈ ਤੇ ਇਹੋ ਹੀ ਮੁੱਖ ਰਸ ਹੈ।

## ਦਾਰਸ਼ਨਿਕਤਾ

ਇਸ ਗ੍ਰੰਥ ਵਿੱਚ ਹਠ, ਯੋਗ, ਭਗਤੀ, ਕਰਮ, ਗਿਆਨ, ਆਦਿ ਉੱਤੇ ਵਿਸਤਾਰ ਨਾਲ ਵਿਚਾਰ ਕੀਤਾ ਗਿਆ ਹੈ ਪਰ ਮਹਤੂ ਸਿੱਖ ਮਤ ਦੇ ਸਿੱਧਾਂਤਾਂ ਦਾ ਹੀ

ਸਥਾਪਿਤ ਕੀਤਾ ਗਿਆ ਹੈ। ਬ੍ਰਹਮ, ਜੀਵ, ਜਗਤ, ਮਾਇਆ, ਆਦਿ ਸੰਬੰਧੀ ਵਿਚਾਰ ਇਸੇ ਸੰਪਰਦਾਇ ਦੇ ਅਨੁਕੂਲ ਹਨ। ਬ੍ਰਹਮ ਨੂੰ ਨਿਰਾਕਾਰ, ਅਗਮ, ਅਗੋਚਰ, ਅਲੱਖ, ਅਨਾਦਿ, ਅਕਰਮ, ਅਭਰਮ, ਅਦ੍ਵੈਤ, ਅਜਨਮਾ, ਅਜਰ, ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ। ਉਹ ਸਰਵ-ਵਿਆਪੀ ਹੈ ਅਤੇ ਘਟ ਘਟ ਵਿਚ ਵੱਸਦਾ ਹੈ। ਵਿਸ਼ਨੂੰ, ਸ਼ਿਵ, ਬ੍ਰਹਮ—ਤਿੰਨਾਂ ਤੋਂ ਉੱਤੇ ਮਾਇਆ-ਪਤੀ ਹੈ। ਆਤਮਾ ਵੀ ਸੱਚਦਾਨੰਦ-ਸਰੂਪ ਹੈ ਜੋ ਬ੍ਰਹਮ ਨਾਲ ਇਕ-ਰੂਪ ਅਤੇ ਅਭਿੰਨ ਹੈ। ਜਗਤ, ਸੁਫਨੇ-ਸਮਾਨ, ਮਿੱਥਿਆ, ਛਿਨ ਵਿਚ ਨਸ਼ਟ ਹੋਣ ਵਾਲਾ ਤੇ ਮ੍ਰਿਗ-ਤ੍ਰਿਸ਼ਨਾ ਵਾਂਗ ਹੈ। ਕਈ ਥਾਵਾਂ ਉੱਤੇ ਗੁਰੂ ਗ੍ਰੰਥ ਸਾਹਿਬ ਤੇ ਗੁਰਬਾਣੀ ਦੇ ਮਹਤ੍ਵ ਉੱਤੇ ਬੜਾ ਪ੍ਰਕਾਸ਼ ਪਾਇਆ ਹੈ। ਇਕ ਸੰਪਰਦਾਇ ਦੇ ਅਨੁਯਾਈ ਹੁੰਦਿਆਂ ਵੀ ਭਾਈ ਸੰਤੋਖ ਸਿੰਘ ਵਿਚ ਸੰਪ੍ਰਦਾਇਕ ਕੱਟੜਤਾ ਨਹੀਂ ਸੀ। ਹਿੰਦੂਆਂ ਤੇ ਅਵਤਾਰਾਂ, ਦੇਵੀ ਦੇਵਤਿਆਂ ਦੀ ਵੀ ਉਨ੍ਹਾਂ ਨੇ ਬੰਦਨਾ ਕੀਤੀ ਹੈ। ਵਾਸਤਵ ਵਿੱਚ ਉਹ ਹਿੰਦੂ, ਮੁਸਲਮਾਨ, ਸਿੱਖ ਆਦਿ ਦੇ ਭੇਦ-ਭਾਵ ਨੂੰ ਦੂਰ ਕਰ ਕੇ ਏਕਤਾ ਅਤੇ ਮਾਨਵ-ਭਾਵਨਾ ਪੈਦਾ ਕਰਨਾ ਚਾਹੁੰਦੇ ਸਨ। ਇਹ ਮੇਲ ਦੀ ਭਾਵਨਾ ਭਾਰਤੀ-ਸੰਸਕ੍ਰਿਤੀ ਦੇ ਅਪਾਰ ਆਰੰਭ ਤੋਂ ਹੀ ਆ ਰਹੀ ਹੈ।

### ਭਾਸ਼ਾ-ਸ਼ੈਲੀ

ਇਹ ਗ੍ਰੰਥ ਸੁਧਰੀ ਹੋਈ ਅਤੇ ਸਟਲ ਬ੍ਰਜ-ਭਾਸ਼ਾ ਵਿਚ ਲਿਖਿਆ ਗਿਆ ਹੈ। ਭਾਸ਼ਾ, ਕਥਾ ਦੇ ਅਨੁਰੂਪ, ਵਿਹਾਰਕ, ਵੇਗਮਈ ਅਤੇ ਪਾਤਰਾਂ ਤੇ ਪ੍ਰਸੰਗਾਂ ਦੇ ਅਨੁਕੂਲ ਹੈ। ਇਸ ਵਿਚ ਉਰਦੂ, ਫ਼ਾਰਸੀ, ਅਰਬੀ, ਪੰਜਾਬੀ, ਲਹਿੰਦੀ ਤੇ ਕੁੱਝ ਦੇਸੀ ਪੇਂਡੂ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ। ਮੁਹਾਵਰੇ, ਲੋਕੋਕਤੀਆਂ ਅਤੇ ਸੂਕਤੀਆਂ ਨਾਲ ਭਾਸ਼ਾ ਜ਼ੋਰਦਾਰ ਅਤੇ ਸਮਰੱਥ ਬਣ ਗਈ ਹੈ। ਭਾਸ਼ਾ ਉੱਤੇ ਉਨ੍ਹਾਂ ਦਾ ਪੂਰਾ ਅਧਿਕਾਰ ਹੈ। ਸ਼ਬਦ-ਭੰਡਾਰ ਅਥਾਹ ਹੈ। ਇਸ ਤੋਂ ਕੁੱਝ ਪਹਿਲਾਂ ਇਨ੍ਹਾਂ ਨੇ 'ਨਾਮ ਕੋਸ਼' ਦੀ ਰਚਨਾ ਕੀਤੀ ਸੀ। ਉਸ ਦੇ ਸ਼ਬਦ-ਕੋਸ਼ ਤੋਂ ਇਸ ਰਚਨਾ ਵਿਚ ਪੂਰਾ ਪੂਰਾ ਲਾਭ ਉਠਾਇਆ ਗਿਆ ਹੈ।

ਸ਼ੈਲੀ ਦੇ ਦੋ ਰੂਪ ਹਨ। ਮੰਗਲਾਂ ਦੀ ਸ਼ੈਲੀ ਕੁੱਝ ਅਲੰਕ੍ਰਿਤ ਹੈ, ਜਿਸ ਵਿਚ ਅਰਥ-ਅਲੰਕਾਰ ਦੇ ਨਾਲ ਅਨੁਪ੍ਰਾਸ, ਯਮਕ, ਆਦਿ ਸ਼ਬਦ-ਅਲੰਕਾਰਾਂ ਦਾ ਵੀ ਚਮਤਕਾਰ ਹੈ। ਕਥਾ ਦੀ ਸ਼ੈਲੀ ਸਰਲ ਅਤੇ ਸੁਭਾਵਿਕ ਹੈ। ਉਸ ਵਿਚ, ਜ਼ਿਆਦਾ ਕਰਕੇ, ਉਪਮਾ, ਉਤਪ੍ਰੇਕਸ਼ਾ, ਅਤਿਸ਼ਯੋਕਤੀ, ਰੂਪਕ, ਆਦਿ ਅਲੰਕਾਰਾਂ ਦਾ ਪ੍ਰਯੋਗ ਵਧੇਰੇ ਹੋਇਆ ਹੈ ਪਰ ਬਹੁਤ ਹੀ ਸੁਭਾਵਿਕ ਰੂਪ ਵਿਚ। ਉਹ ਭਾਵਾਂ ਅਤੇ ਵਰਣਨਾਂ ਵਿਚ ਸਜੀਵਤਾ ਅਤੇ ਪ੍ਰਭਾਵ ਪੈਦਾ ਕਰਨ ਵਿਚ ਸਹਾਇਕ ਹੋਏ ਹਨ।

ਇਹ ਗ੍ਰੰਥ ਦੋਹਾ-ਚੌਪਾਈ ਵਿੱਚ ਲਿਖਿਆ ਗਿਆ ਹੈ। ਵਿਚ ਵਿਚ, ਭਾਵਾਂ ਦੇ ਅਨੁਕੂਲ, ਨਰਾਜ, ਅੜਿੱਲ, ਦਵੱਯਾ, ਹਰਿਗੀਤਿਕਾ, ਕਬਿੱਤ, ਸਵੱਯਾ, ਤੋਟਕ, ਛਪੈ, ਸੰਕਰ, ਚੂਲਿਕਾ, ਕੁੰਡਲੀ, ਭੁਜੰਗ-ਪ੍ਰਯਾਤ, ਰਸਾਵਲ, ਸੋਰਠਾ, ਆਦਿ ਛੰਦਾਂ ਦਾ ਵੀ ਪ੍ਰਯੋਗ ਹੋਇਆ ਹੈ। ਇਸ ਛੰਦ-ਵਿਵਿਧਤਾ ਨੇ ਇਕਰਸਤਾ ਤੇ ਨੀਰਸਤਾ ਨਹੀਂ ਆਉਣ ਦਿਤੀ।

ਨਾਲੇ ਭਾਵ ਵਧੇਰੇ ਤੀਬਰਤਾ ਨਾਲ ਪ੍ਰਗਟ ਹੋਏ ਹਨ ।

ਉਪਰੋਕਤ ਵਿਵੇਚਨ ਤੋਂ ਇਹ ਸਪਸ਼ਟ ਹੈ ਕਿ ਇਸ ਕਾਵਿ ਵਿਚ ਮਹਾ ਕਾਵਿ ਦੇ ਪ੍ਰਾਚੀਨ ਲੱਛਣਾਂ ਨੂੰ ਵਿਸ਼ੇਸ਼ ਕਰਕੇ ਨਿਭਾਇਆ ਗਿਆ ਹੈ । ਉਸ ਵਿਚ ਮਹਾ ਕਾਵਿ ਵਾਲੀ ਗਰਿਮਾ ਅਤੇ ਉਦਾਤਤਾ ਹੈ ! ਅਧਿਆਇ ਅੱਠ ਤੋਂ ਵਧ ਹਨ । ਮੰਗਲਾਚਰਣ, ਸੰਤ-ਮਹਿਮਾ, ਕਲਿ-ਪ੍ਰਸੰਗ, ਨਗਰ, ਉਪਵਨ, ਪ੍ਰਭਾਤ, ਪਰਬਤ, ਰਿਤੂ ਦਾ ਵਰਣਨ ਵੀ ਹੈ, ਅਤੇ ਰਸਾਂ ਵਿਚ ਸ਼ਾਂਤ ਮੁੱਖ ਹੈ । ਨਾਇਕ ਵੀ ਉਦਾਤ ਹੈ, ਕਥਾਨਕ ਗਰਿਮਾ-ਪੂਰਣ ਤੇ ਪ੍ਰਸਿੱਧ ਹੈ । ਨਾਲ ਹੀ ਇਸ ਵਿਚ ਮਾਨਵ-ਧਰਮ, ਦਇਆ, ਸੇਵਾ, ਪਰਉਪਕਾਰ, ਕਰੁਣਾ, ਆਦਿ ਦਾ ਸੰਦੇਸ਼ ਅੰਕਿਤ ਹੈ, ਜਿਹੜਾ ਹਰ ਯੁਗ ਵਿਚ ਮਾਨਵ-ਮਾਤਰ ਲਈ ਉਪਯੋਗੀ ਹੈ ।

## ਇਸ ਅੰਕ ਦੇ ਹੋਰ ਲੇਖਕ

**ਪ੍ਰੇਮ ਪਕਾਸ਼ ਸਿੰਘ** : ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰੀਡਰ-ਅਧਿਅੱਖ । ਇਨ੍ਹਾਂ ਦੀਆਂ ਪ੍ਰਸਿੱਧ ਕਿਤਾਬਾਂ ਹਨ :
੧. ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ ਤੇ
੨. ਭਾਰਤੀ ਕਾਵਿ-ਸ਼ਾਸਤਰ

**ਗੁਰਬਖ਼ਸ਼ ਸਿੰਘ**—ਲੈਕਚਰਰ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ । ਇਨ੍ਹਾਂ ਨੇ ਡਾਕਟੋਰੇਟ ਦੀ ਡਿਗਰੀ ਦਿੱਲੀ ਯੂਨੀਵਰਸਟੀ ਤੋਂ ਲਈ ਹੈ । ਵਿਸ਼ਾ ਸੀ :

"Studies in Descriptive Aspects of the Phonetics of Panjabi."

ਨਿਮਖ ਚਿਤਵੀਏ—

# ਬੇੜਾ ਬੰਧ ਨਾ ਸਕਿਓ

ਹਰਿ ਭਜਨ ਸਿੰਘ

ਸੂਹੀ ਲਲਿਤ ॥
ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰ ਜਬ ਊਛਲੈ ਤਬ ਤਰਣੁ ਦੁਹੇਲਾ ॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥ ੧ ॥ ਰਹਾਉ ॥
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥ ੨ ॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥ ੩ ॥

ਫਰੀਦ ਦੀ ਇਹ ਸੱਤ-ਸਤਰੀ ਰਚਨਾ ਮੈਨੂੰ ਬਹੁਤ ਸੁੰਦਰ ਪ੍ਰਤੀਤ ਹੁੰਦੀ ਰਹੀ ਹੈ ਪਰ ਇਸ ਦਾ ਸਮੁੱਚਾ ਅਖੰਡਿਤ ਦੀਦਾਰ ਮੈਂ ਕਦੇ ਨਹੀਂ ਕਰ ਸਕਿਆ। ਮੇਰੇ ਅਤੇ ਇਸ ਰਚਨਾ ਵਿਚਕਾਰ ਕੋਈ ਨਾ ਕੋਈ ਪ੍ਰਸ਼ਨ ਆ ਖਲੋਂਦਾ ਰਿਹਾ ਹੈ। ਆਦਿ ਗ੍ਰੰਥ ਵਿਚ ਸੰਗ੍ਰਹੀਤ ਇਹ ਰਚਨਾ ਆਦਿ-ਗ੍ਰੰਥ ਦੇ ਲਿਪੀ-ਸ਼ਾਸਨ ਵਿਚ ਬੱਝੀ ਹੋਈ ਹੈ। ਇਕ ਪ੍ਰਸ਼ਨ ਉੱਭਰਦਾ ਹੈ : ਕੀ ਇਸ ਰਚਨਾ ਦੇ ਕਰਤੇ ਦਾ ਲਿਪੀ-ਮਾਧਿਅਮ ਗੁਰਮੁਖੀ ਸੀ ? ਕੀ ਉਸ ਦਾ ਲਿਪੀਕਰਣ ਗੁਰਬਾਣੀ-ਵਿਆਕਰਣ ਦੇ ਸ਼ਾਸਨ ਵਿਚ ਬੱਝਾ ਹੋਇਆ ਸੀ ? ਪੱਕੀ ਹਾਂ ਵਿਚ ਕੋਈ ਉੱਤਰ ਨਹੀਂ ਮਿਲਦਾ। ਇਸ ਰਚਨਾ ਦੇ ਅਮਿਸ਼੍ਰਿਤ ਸੁਹਜ ਤਕ ਪਹੁੰਚਣਾ ਮੁਸ਼ਕਿਲ ਹੋ ਰਿਹਾ ਹੈ।

ਅਨੁਭਵ ਤੋਂ ਅਭਿਵਿਅਕਤੀ ਤੱਕ ਦਾ ਪੈਂਡਾ ਹੀ ਏਨਾ ਲੰਮਾ ਹੈ ਕਿ ਅੰਤ ਸਮੇਂ ਪ੍ਰਾਪਤ ਹੋਣ ਵਾਲੀ ਸੰਵਾਰੀ-ਸਿਸ਼ਕਾਰੀ ਵਸਤ ਆਰੰਭ ਸਮੇਂ ਦੀ ਅਣਘੜ ਜਾਂ ਅੱਧਘੜ

ਪ੍ਰਾਕ੍ਰਿਤ ਹੋਂਦ ਨਾਲੋਂ ਕਾਫ਼ੀ ਅੱਡਰੀ ਪ੍ਰਤੀਤ ਹੁੰਦੀ ਹੈ । ਕਵੀ ਦੀ ਅਭਿਵਿਅਕਤੀ ਤੋਂ
ਸ੍ਰੋਤੇ ਦੀ ਪ੍ਰਾਪਤੀ ਤੱਕ ਦਾ ਪੈਂਡਾ ਇਸ ਤੋਂ ਵੀ ਲਮੇਰਾ ਹੈ। ਪਰ ਜੇ ਇਸ ਵਿਚਕਾਰ
ਪਰਮ-ਪੰਡਿਤ ਲਿਪੀਕਾਰ ਆ ਖਲੋਵੇ ਤਾਂ ਰਚਨਾ ਦਾ ਸਰੂਪ ਹੋਰ ਵੀ ਬਦਲ ਜਾਂਦਾ ਹੈ।
ਕਵੀ-ਕਿਰਤ-ਲਿਪੀਕਾਰ-ਸ੍ਰੋਤੇ ਦੀ ਸੰਗਲੀ ਪੜਸੰਗਲੀ ਥਾਣੀ ਲੰਘ ਰਹੀ ਕਿਰਤ ਕਵੀ-
ਮਨ ਦਾ ਹੂ-ਬ-ਹੂ ਚਿਤਰ ਦੇ ਜਾਏ ਤਾਂ ਕਰਾਮਾਤ ਹੀ ਸਮਝਣੀ ਚਾਹੀਦੀ ਹੈ । ਆਦਿ
ਗ੍ਰੰਥ ਦਾ ਲਿਪੀਕਾਰ ਵਿਆਕਰਣ-ਵਿਗਿਆਨ ਦਾ ਪੰਡਿਤ ਹੈ । ਵਿਗਿਆਨ ਅਤੇ ਕਾਵਿ
ਦਾ ਅੰਤਰ ਸੂਝਵਾਨ ਸਮਾਲੋਚਕ ਬਹੁਤ ਦੇਰ ਤੋਂ ਸਮਝਾਉਂਦੇ ਰਹੇ ਹਨ । ਕਾਵਿ,
ਵਿਗਿਆਨ ਦੇ ਸ਼ਾਸਨ ਹੇਠ ਰਹੇ—ਅਜੇਹੀ ਜ਼ਿੱਦ ਇਕ-ਅੱਧ ਵਿਦਵਾਨ ਤੋਂ ਸਿਵਾ ਹੋਰ ਕਿਸੇ
ਨਹੀਂ ਕੀਤੀ ਤੇ ਇਹ ਜ਼ਿੱਦ ਵੀ ਕਾਵਿ ਅਤੇ ਵਿਗਿਆਨ ਦੇ ਆਪਸੀ ਸੰਬੰਧਾਂ ਦੇ ਆਧਾਰ
ਉੱਤੇ ਨਹੀਂ ਹੋਈ ਸਗੋਂ ਕਿਸੇ ਪਰੰਪਰਾ ਦੀ ਵਿਆਖਿਆ-ਵਿਸ਼ੇਸ਼ ਦੇ ਸਮਰਥਨ ਲਈ
ਹੋਈ ਹੈ । ਫ਼ਰੀਦ ਨੇ ਇਸ ਕਾਂਵਿ-ਕਿਰਤ ਦੀ ਰਚਨਾ 'ਬਾਣੀ' ਦੀ ਉਦੇਸ਼-ਸਿੱਧੀ ਲਈ
ਕੀਤੀ ? 'ਰਹਾਉ' ਸ਼ਬਦ ਉਸ ਦਾ ਅਪਣਾ ਹੈ ਜਾਂ ਸੰਪਾਦਕ ਦਾ ਜਾਂ ਲਿਪੀਕਾਰ ਦਾ ?
'ਸੂਹੀ ਲਲਿਤ' ਦਾ ਨਿਰਦੇਸ਼ ਉਸ ਦੁਆਰਾ ਹੀ ਕੀਤਾ ਗਿਆ ਹੈ ? ਇਨ੍ਹਾਂ ਸਵਾਲਾਂ ਦੇ
ਜਵਾਬ ਲੱਭਣ ਦਾ ਮੇਰੇ ਪਾਸ ਕੋਈ ਸਾਧਨ ਨਹੀਂ । ਮੈਂ ਇਸ ਰਚਨਾ ਨੂੰ ਵਿਆਕਰਣ-
ਸ਼ਾਸਨ-ਮੁਕਤ, ਬਾਣੀ ਪਰੰਪਰਾ-ਮੁਕਤ, ਰਹਾਉ-ਰਾਗ-ਮੁਕਤ ਸ਼ੁੱਧ ਕਾਵਿ-ਸ੍ਰਿਸ਼ਟੀ ਦੇ ਰੂਪ
ਵਿਚ ਮਾਣਨ ਦਾ ਜਤਨ ਕਰ ਰਿਹਾ ਹਾਂ । ਮੈਨੂੰ ਮੇਰੀ ਸੀਮਾ ਲਈ ਖਿਮਾ ਕੀਤਾ ਜਾਏ ।

ਮੇਰੀ ਸਭ ਤੋਂ ਵੱਡੀ ਕਮਜ਼ੋਰੀ ਬਿੰਬ ਲਈ ਹੈ । ਮੈਨੂੰ ਕਵਿਤਾ ਦੇ ਅਰਥ ਗ੍ਰਹਿਣ
ਕਰਨ ਦਾ ਕੋਈ ਸ਼ੌਕ ਨਹੀਂ, ਕਦੀ ਕਦਾਈਂ ਇਸ ਦੀ ਮਜਬੂਰੀ ਦਾ ਅਨੁਭਵ ਮੈਂ ਜ਼ਰੂਰ
ਕੀਤਾ ਹੈ । ਸ਼ੌਕ ਹੈ ਕਵਿਤਾ ਦਾ ਬਿੰਬ ਗ੍ਰਹਿਣ ਕਰਨ ਦਾ। ਅਰਥ ਮੈਨੂੰ ਅਨੁਭਵ ਦੇ ਗਿਆਨ
ਤਕ ਪਹੁੰਚਾਉਂਦੇ ਹਨ, ਅਨੁਭਵ ਦੀ ਅਵਸਥਾ ਤਕ ਨਹੀਂ । ਅਨੁਭਵ ਅਰਥ ਨਹੀਂ
ਅਵਸਥਾ ਹੈ । ਮੇਰਾ ਅਨੁਭਵ ਕਵੀ ਦੇ ਅਨੁਭਵ ਦਾ ਉਤਾਰਾ ਹੋਵੇ, ਇਹ ਜ਼ਰੂਰੀ
ਨਹੀਂ । ਕਵਿਤਾ ਕਵੀ ਦੀ ਹੁੰਦੀ ਹੈ, ਉਸ ਦਾ ਅਨੁਭਵ ਮੇਰਾ ਆਪਣਾ । ਕਵਿਤਾ
ਕਵੀ ਦਾ ਉਹੋ ਅਨੁਭਵ ਮੇਰੇ ਤੱਕ ਨਹੀਂ ਪਹੁੰਚਾਉਂਦੀ, ਉਸ ਜੇਸਾ ਅਨੁਭਵ ਹੀ
ਪਹੁੰਚਾ ਸਕਦੀ ਹੈ । ਆਪਣੀ ਇਸ ਕਮਜ਼ੋਰੀ ਵਲ ਬਾਰ ਬਾਰ ਸੰਕੇਤ ਕਰਦਾ ਹੋਇਆ
ਮੈਂ ਚਥਲੇ ਕੰਮ ਵੱਲ ਪ੍ਰਵਿਰਤ ਹੁੰਦਾ ਹਾਂ । ਸੱਚ ਪੇਸ਼ ਕਰਨ ਦਾ ਕੋਈ ਦਾਅਵਾ ਨਹੀਂ,
ਕੇਵਲ ਆਪਣੀ ਪ੍ਰਤੀਤੀ ਪੇਸ਼ ਕਰ ਰਿਹਾ ਹਾਂ ।

ਇਸ ਕਿਰਤ ਵਿਚ ਮੈਨੂੰ ਸਰੋਵਰ-ਕੰਢੇ ਖਲੋਤੀ, ਕਸੁੰਭੜੇ ਦੇ ਜੋਬਨ ਵੱਲ ਰੁਚਿਤ
ਪਰ ਸੰਕੋਚਵਾਨ ਸੁਕੁਮਾਰ ਨਾਇਕਾ ਦਾ ਬਿੰਬ ਪ੍ਰਤੀਤ ਹੋਇਆ ਹੈ । ਮਨ ਵਿਚ ਮਿਲਣ
ਦਾ ਚਾਅ ਹੈ, ਆਪਣੀ ਦੁੱਧਵੰਤੀ ਸਥਿਤੀ ਦੀ ਲਾਲਸਾ ਹੈ ਤੇ ਪਿਆਰੇ ਵੱਲੋਂ ਸੱਦਾ
ਆਉਣ ਦਾ ਨਿਸਚਿਤ ਵਿਸ਼ਵਾਸ਼ ਹੈ । ਸਾਰੀ ਕਿਰਤ ਇਕ ਆਤਮ-ਸੰਬਾਦ ਪ੍ਰਤੀਤ
ਹੁੰਦੀ ਹੈ । ਸੱਦਾ ਅਜੇ ਆਇਆ ਨਹੀਂ, ਪਰ ਆਉਣ ਦੇ ਨਿਸਚੇ ਕਾਰਣ ਸਰੋਵਰ
ਨੂੰ ਪਾਰ ਕਰਨ ਦੀ ਕਠਿਨਤਾ ਦਾ ਇਹਸਾਸ ਅਗਾਊਂ ਜਾਗ ਪਿਆ ਹੈ । ਇਸ ਜਲ-

ਖੰਡ ਨੂੰ ਕਿਸੇ ਬੇੜੇ ਨਾਲ ਵੀ ਪਾਰ ਕੀਤਾ ਜਾ ਸਕਦਾ ਸੀ, ਬੇੜਾ ਕੋਈ ਨਹੀਂ। ਇਸ ਦਲ-ਪਾਸਾਰ ਉੱਪਰ ਕੋਈ ਮਲਾਹ ਨਹੀਂ ਜਿਸ ਦੇ ਬੇੜੇ ਤੋਂ ਮਾਂਗਵੀ ਮੱਦਦ ਮਿਲ ਸਕੇ। ਕੇਵਲ ਆਪਣੇ ਬੰਨ੍ਹੇ ਹੋਏ ਬੇੜੇ ਦਾ ਹੀ ਸਹਾਰਾ ਹੋ ਸਕਦਾ ਸੀ। ਨਾਇਕਾ ਨੂੰ ਵਕਤ ਤਾਂ ਮਿਲਿਆ ਸੀ ਬੇੜਾ ਬੰਨ੍ਹਣ ਦਾ ਪਰ ਬੇੜਾ ਬੰਨ੍ਹਿਆ ਨਹੀਂ ਜਾ ਸਕਿਆ। ਇਹ ਵੇਲਾ ਗਵਾ ਕੇ ਬੈਠੀ ਨਾਇਕਾ ਦਾ, ਉਦਾਸ ਬਿੰਬ ਨਹੀਂ, ਵੇਲਾ ਹੰਢਾ ਕੇ ਖਲੋਤੀ ਨਾਇਕਾ ਦਾ ਆਸਵੰਦ ਬਿੰਬ ਹੈ। ਨਾਇਕਾ ਨੂੰ ਆਪਣੇ ਜਤਨ ਦੀ ਅਸਫਲਤਾ ਦਾ ਇਹਸਾਸ ਹੈ : ਬੇੜਾ ਬੰਨ੍ਹਿਆ ਨਾ ਜਾ ਸਕਿਆ, ਸ਼ਾਇਦ ਬੇੜਾ ਬੰਨ੍ਹਿਆ ਨਹੀਂ ਸੀ ਜਾ ਸਕਦਾ। ਪਿਆਰ ਦਾ ਸਰੋਵਰ ਜਿਸ ਬੇੜੇ ਨਾਲ ਪਾਰ ਕੀਤਾ ਜਾ ਸਕਦਾ ਹੈ, ਉਹ ਸ਼ਾਇਦ ਹਾਲੀ ਤੱਕ ਬੰਨ੍ਹਿਆ ਨਹੀਂ ਜਾ ਸਕਿਆ।

ਨਾਇਕਾ ਆਪਣੇ ਵਰਤ ਚੁੱਕੇ ਸਮੇਂ ਬਾਰੇ ਹੀ ਸਜਗ ਨਹੀਂ, ਵਾਪਰਨ ਵਾਲੇ ਸਮੇਂ ਬਾਰੇ ਵੀ ਸੁਚੇਤ ਹੈ। ਸਰੋਵਰ ਪਾਰ ਕਰਨਾ ਹੀ ਪਵੇਗਾ, ਬੇੜੇ ਉੱਪਰ ਨਹੀਂ ਤਾਂ ਆਪਣੇ ਹੱਥਾਂ ਦੇ ਬਲ ਉੱਪਰ ਹੀ ਸਹੀ। ਤਰਨਾ ਮੁਸ਼ਕਿਲ ਪਵੇਗਾ—ਮੁਸ਼ਕਿਲ, ਪਰ ਅਸੰਭਵ ਨਹੀਂ। ਇਹ ਭਵਿੱਖ ਵਿਚ ਵਿਚਾਰਨ ਵਾਲੀ ਦੁਹੇਲੀ ਸਥਿਤੀ ਦਾ ਚਿਤਰ ਹੈ, ਦੁਹੇਲੀ ਸਥਿਤੀ ਵਿਚ ਵਾਪਰ ਰਹੇ ਸੰਘਰਸ਼ ਦਾ ਨਹੀਂ। ਅਤੀਤਕਾਲੀਨ ਜਤਨ ਤੋਂ ਪੈਦਾ ਹੋਈ ਅਪ੍ਰਾਪਤੀ ਤੇ ਭਵਿੱਖ-ਕਾਲੀਨ ਜਤਨ ਸਮੇਂ ਪੈਦਾ ਹੋ ਸਕਣ ਵਾਲੀ ਕਠਿਨਾਈ ਦੇ ਜੁੜਵੇਂ ਇਹਸਾਸ ਨਾਲ ਭਾਰਾ-ਗੌਰਾ ਵਰਤਮਾਨ ਛਿਨ ਹੈ ਇਸ ਬਿੰਬ ਦਾ।

'ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ' ਬਿੰਬ ਦਾ ਇਹ ਵੇਰਵਾ ਮੈਨੂੰ ਫੜ ਕੇ ਬਹਾ ਲੈਂਦਾ ਹੈ। ਹਥੁ, ਕਸੁੰਭੜਾ ਤੇ ਢੋਲਾ ਦਾ ਰੂਪ ਤਾਂ ਨਿਸਚਿਤ ਹੈ, ਪਰ ਭਵਿੱਖ ਵਿਚ ਵਾਪਰਨ ਵਾਲੀ ਕ੍ਰਿਆ 'ਜਲਿ ਜਾਸੀ' ਕਦੇ ਹੱਥ, ਕਦੇ ਕਸੁੰਭੜੇ ਅਤੇ ਕਦੇ ਢੋਲਾ ਨਾਲ ਸੰਗਤੀ ਸਥਾਪਿਤ ਕਰਦੀ ਪ੍ਰਤੀਤ ਹੁੰਦੀ ਹੈ। ਹਥੁ, ਕਸੁੰਭੜੇ ਅਤੇ ਢੋਲਾ ਵਿਚਕਾਰ ਪਈ ਅੱਗਨ ਕਦੀ ਇਕ ਕਦੀ ਦੂਜੇ ਨੂੰ ਸਾੜਦੀ ਪ੍ਰਤੀਤ ਹੁੰਦੀ ਹੈ। ਕੱਚੀ ਵਸਤ ਨਾਲ ਸੰਬੰਧ ਜੋੜ ਕੇ ਅਸੀਂ ਆਪ ਹੀ ਉਸ ਦੀ ਕਚਿਆਈ ਨਾਲ ਨਹੀਂ ਲਿੱਬੜਦੇ, ਉਸ ਦੇ ਰੂਪ ਨੂੰ ਵੀ ਵਿਦਰੂਪ ਕਰਦੇ ਹਾਂ। ਸੰਗ ਇਕ ਸਹੀ, ਪਰ ਸੰਗਦੋਸ਼ ਦੁਵੱਲੀ ਕਾਟ ਕਰਦਾ ਹੈ। ਜਦ ਕਦੇ ਵੀ ਕੱਚੇ ਰੰਗ ਦੇ ਲਾਲ ਫੁੱਲਾਂ ਨੂੰ ਛੋਹ ਬੈਠਾ ਹਾਂ, ਮੈਂ ਫੁੱਲਾਂ ਦਾ ਸੁਹਜ ਵੀ ਵਿਗਾੜਿਆ ਹੈ ਤੇ ਅਪਣੇ ਹੱਥ ਵੀ ਮੁੜ ਮਿੱਟੀ ਵਿਚ ਪੂੰਝੇ ਹਨ। ਦੁਨੀਆ ਦੇ ਕਸੁੰਭਿਆਂ ਨਾਲ ਖੇਡਦਿਆਂ ਆਪਣੇ ਅਤੇ ਉਨ੍ਹਾਂ ਦੇ ਉਥਲੇ-ਪਨ ਦਾ ਇਹਸਾਸ ਮੈਨੂੰ ਇੱਕੋ ਵਾਰ ਹੁੰਦਾ ਰਿਹਾ ਹੈ। ਇਹ ਤੁਕ ਮੈਨੂੰ ਮਨੁੱਖ ਅਤੇ ਮਾਇਆ ਦੇ ਸੰਬੰਧਾਂ ਵਿੱਚੋਂ ਉਪਜਣ ਵਾਲੀ ਸਾਂਝੀ ਨਿਗੁਣਤਾ ਦਾ ਇਹਸਾਸ ਕਰਾਉਂਦੀ ਰਹੀ ਹੈ। ਤੇ ਇਕ ਹੋਰ ਹਾਨੀ ਵੱਲ ਵੀ ਸੰਕੇਤ ਹੁੰਦਾ ਜਾਪਿਆ ਹੈ। ਕਸੁੰਭੇ ਨਾਲ ਸੰਬੰਧ ਸਥਾਪਿਤ ਕਰਨ ਵੇਲੇ ਮੇਰੇ ਅੰਦਰ ਢੋਲੇ ਵਰਗਾ ਸੁਹਜ ਦਾ ਇਹਸਾਸ ਸੀ। ਪਰ ਇਸ ਸੰਬੰਧ ਦੇ ਬਾਦ ਮੇਰੇ ਹੱਥ ਹੀ ਚਿਪਚਿਪੇ ਨਹੀਂ ਹੋਏ, ਕਸੁੰਭੇ ਦਾ ਰੂਪ ਹੀ ਵਿਦਰੂਪ

ਨਹੀਂ ਹੋਇਆ, ਮੇਰੇ ਅੰਦਰ ਵੱਸਦੀ ਮੇਰੀ ਸੁਹਜ-ਪਛਾਣ ਵੀ ਜਿਵੇਂ ਲੁਸੀ ਗਈ ਹੈ। ਦੁਨੀਆ ਨਾਲ ਮਿਤਰਾਈਆਂ ਪਾ ਕੇ ਅਸੀਂ ਅੰਤ ਵਿਚ ਆਪ ਹੀ ਘਾਟੇ ਵਿਚ ਨਹੀਂ ਰਹਿੰਦੇ, ਮਿੱਤਰਾਂ ਦੇ ਬਿੰਬ ਨੂੰ ਖੰਡਿਤ ਕਰਦੇ ਹਾਂ ਤੇ ਅੱਗੇ ਲਈ ਆਪਣੇ ਅੰਦਰ ਵੱਸਦੀ ਮਿੱਤਰ-ਭਾਵਨਾ ਨੂੰ ਵੀ ਜ਼ਖ਼ਮੀ ਕਰਦੇ ਹਾਂ। ਇਸ ਤੁਕ ਨੂੰ ਮੈਂ ਕਈ ਵਾਰ ਪੜ੍ਹਿਆ ਹੈ, ਮੈਂ ਇਸ ਦੇ ਅਰਥ-ਸੁਹਜ ਨੂੰ ਕਿਸੇ ਇਕ ਅਰਥ ਤੱਕ ਸੀਮਿਤ ਕਰਨ ਤੋਂ ਸਦਾ ਅਸਮਰੱਥ ਰਿਹਾ ਹਾਂ। ਹੱਥ-ਕਸੁੰਭਾ-ਢੋਲਾ ਦੇ ਸੰਯੁਕਤ ਸੰਬੰਧ ਤੋਂ ਪੈਦਾ ਹੋਣ ਵਾਲਾ ਤ੍ਰਿਮੁਖੀ ਅਗਨ-ਬਿੰਬ ਹੀ ਮੇਰੀ ਸਿਮਰਤੀ ਵਿਚ ਟਿਕ ਜਾਂਦਾ ਰਿਹਾ ਹੈ। ਅਜੇਹੀ ਤਰਲ ਸੰਯੁਕਤੀ ਉੱਪਰ ਕੋਈ ਵੀ ਕਵੀ ਮਾਣ ਕਰ ਸਕਦਾ ਹੈ।

'ਇਕ ਆਪੀਨੈ ਪਤਲੀ ਸਹ ਕੇਰੇ ਬੋਲਾ'—ਵੀ ਖਿਨ ਭਰ ਠਹਿਰ ਜਾਣ ਲਈ ਆਵਾਜ਼ ਦੇਂਦਾ ਰਿਹਾ ਹੈ। ਇਸ ਦੇ ਨਿਸਚਿਤ ਸਥਿਰ-ਅਰਥ ਨਾਲ ਮੇਰੀ ਸਾਂਝ ਨਹੀਂ ਪੈ ਸਕੀ। 'ਕੇਰੇ' ਦਾ ਅਰਥ 'ਕਰੜਾ' ਵਾਲੇ ਅਰਥ ਨੂੰ ਨਿਸਚਿਤ ਕਰਦਾ ਪਰ ਭਾਵ-ਪਾਸਾਰ ਨੂੰ ਸੰਗੋੜਦਾ ਹੈ। ਕੇਰੇ ਦਾ ਅਰਥ 'ਦੇਹ' ਹੀ ਮੈਨੂੰ ਮੁੜ-ਮੁੜ ਪ੍ਰਾਪਤ ਹੁੰਦਾ ਰਿਹਾ ਹੈ। ਸ਼ੋਹ ਦੇ ਬੋਲਾਂ ਵਿਚ ਕੂਲੇ ਤੇ ਕਰੜੇ ਦੋਹਾਂ ਰੂਪਾਂ ਦੀ ਸੰਯੁਕਤੀ ਹੀ ਮੈਨੂੰ ਹੁੰਦੀ ਰਹੀ ਹੈ। ਉਹ ਕੂਲਾ ਵੀ ਬੋਲੇ ਤਾਂ ਮਨ ਵਿਚ ਕਰੜਾ ਰੁੱਗ ਭਰਿਆ ਜਾਂਦਾ ਹੈ, ਉਹ ਕਰੜਾਈ ਨਾਲ ਵੀ ਬੁਲਾਏ ਤਾਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਮਿਹਰ ਕਰ ਰਿਹਾ ਹੈ। ਪਤਲੀ ਦਾ ਬਿੰਬ ਨਿਰੋਲ ਕਮਜ਼ੋਰ ਇਸਤ੍ਰੀ ਦਾ ਹੀ ਅਰਥ ਗ੍ਰਹਿਣ ਨਹੀਂ ਕਰਾਉਂਦਾ। ਪਤਲੀ ਦਾ ਬਿੰਬ ਸੁੰਦਰ ਹੈ, ਇਸ ਦਾ ਅਰਥ ਭਾਵੇਂ ਕਵਜ਼ੋਰ ਹੀ ਹੋਵੇ। ਸੁੰਦਰ-ਅਬਲ ਇਸਤ੍ਰੀ ਤੇ ਪਤੀ ਦੇ ਕੂਲੇ-ਕਰੜੇ ਬੋਲ—ਕੁੱਝ ਇਸ ਪ੍ਰਕਾਰ ਦੀ ਤਰਲ ਸੰਯੁਕਤੀ ਮੇਰੇ ਤੱਕ ਪਹੁੰਚੀ ਹੈ।

'ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ'—ਵਿਦਵਾਨਾਂ ਪਾਸੋਂ ਪੜ੍ਹਿਆ-ਸੁਣਿਆ ਅਰਥ 'ਦੋਹਿਆ ਹੋਇਆ ਦੁੱਧ ਮੁੜ ਥਣਾਂ ਵਿਚ ਨਹੀਂ ਆਉਂਦਾ' ਸੰਕੇਤ ਕਰਦਾ ਹੈ ਜਿਸ ਨਾਲ ਮੈਂ ਜਤਨ ਕਰਨ ਤੇ ਵੀ ਇਕ-ਸੁਰ ਨਹੀਂ ਹੋ ਸਕਿਆ। ਇਹ ਅਰਥ ਜਿਵੇਂ ਇਸ ਕਾਵਿ-ਕਿਰਤ ਦੀ ਬਿੰਬ-ਏਕਤਾ ਨੂੰ ਖੰਡਿਤ ਕਰਦਾ ਹੈ। ਇਸ ਕਿਰਤ ਦੀ ਹਰ ਪੰਗਤੀ ਵਿਚ ਸ਼ੋਹ ਮਿਲਣ ਲਈ ਉਤਸੁਕ ਜਤਨਸ਼ੀਲ ਇਸਤ੍ਰੀ ਦਾ ਚਿਤਰ ਪ੍ਰਤੀਤ ਹੁੰਦਾ ਹੈ। ਬੇੜਾ ਬੰਨ੍ਹਣ ਵਿਚ ਜਤਨਸ਼ੀਲ ਪਰ ਅਸਮਰਥ ਭਰੇ ਸਰਵਰ ਵਿਚ ਤਰਣ ਨੂੰ ਮੁਸ਼ਕਿਲ (ਦੁਹੇਲਾ) ਪ੍ਰਤੀਤ ਕਰਦੀ ਹੋਈ (ਮੁਸ਼ਕਿਲ ਪਰ ਨਾਮੁਮਕਿਨ ਨਹੀਂ) ਕਸੁੰਭੜੇ ਨੂੰ ਹੱਥ ਲਾਉਣ ਲਗਿਆਂ ਆਪਣੇ ਅੰਦਰ ਵੱਸਦੀ ਢੋਲ-ਭਾਵਨਾ ਦੇ ਲੂਸ ਜਾਣ ਵੱਲ ਸੁਚੇਤ, ਅਪਣੀ ਸੁੰਦਰ-ਅਬਲ ਹੋਂਦ ਨੂੰ ਸ਼ੋਹ ਦੀ ਕੂਲੀ-ਕਰੜੀ ਆਵਾਜ਼ ਵੱਲ ਸਾਵਧਾਨ ਕਰਦੀ ਇਹ ਇਸਤ੍ਰੀ ਮੈਨੂੰ ਅਗਲੀ ਪੰਗਤੀ ਵਿਚ ਉਸ ਇਸਤ੍ਰੀ ਵਰਗੀ ਪ੍ਰਤੀਤ ਹੋਈ ਹੈ ਜੋ ਪ੍ਰਿਯ-ਮੇਲ ਨਾਲ ਅਪਣੀ ਹੋਂਦ ਦੇ ਦੁੱਧਵੰਤੀ ਹੋਣ ਦਾ ਅਨੁਭਵ ਮਾਣ ਚੁੱਕੀ ਹੈ ਅਤੇ ਮੇਲ ਨਾਂ ਹੋਣ ਨਾਲ ਆਪਣੀ ਹੋਂਦ ਦੇ ਅੰਤਰ ਜਾਣ ਦੀ ਸੰਭਾਵਨਾ ਤੋਂ

ਜਾਣੂੰ ਹੈ । ਦੁਧਵੰਤੀ ਗਾਂ-ਮੱਝ ਦੇ ਥਣ-ਦੁੱਧ ਦਾ ਅਰਥ ਕਿਸੇ ਕੱਥਕੜ ਦਾ ਸਰਲ ਦ੍ਰਿਸ਼ਟਾਂਤ ਤਾਂ ਜ਼ਰੂਰ ਹੋ ਸਕਦਾ ਹੈ, ਕਿਸੇ ਕਵੀ ਦੇ ਨਿੱਜੀ ਅਨੁਭਵ ਦਾ ਸਹਿਜ-ਸਮੂਰਤਨ ਨਹੀਂ । ਇਸ ਸੰਖੇਪ ਜਹੀ ਰਚਨਾ ਦੀ ਹਰ ਇਕ ਤੁਕ ਵਿਚ ਮੈਨੂੰ ਕਵੀ ਦਾ ਆਪਣਾ ਅਨੁਭਵ ਸਮੂਰਤ ਹੋਇਆ ਪ੍ਰਤੀਤ ਹੋਇਆ ਹੈ । ਆਪਣੇ ਪ੍ਰਿਯ ਦੇ ਮੇਲ ਤੋਂ ਵਿਕਸਿਤ ਦੁੱਧਵੰਤੀ ਇਸਤ੍ਰੀ ਦਾ ਬਿੰਬ ਹੀ ਮੈਨੂੰ ਇਸ ਪੰਗਤੀ ਦੇ ਪ੍ਰਮਾਣਿਕ ਸੁਹਜ ਤੱਕ ਪਹੁੰਚਾਉਂਦਾ ਪ੍ਰਤੀਤ ਹੁੰਦਾ ਹੈ । ਇਹ ਬਿੰਬ ਫਰੀਦ ਨੇ ਕਮਾਲ ਸਾਦਗੀ ਨਾਲ ਸਿਰਜਿਆ ਹੈ, ਇਹ ਸਾਦਗੀ ਹੀ ਇਸ ਵਿਚ ਇੰਦ੍ਰਿਆਵੀ ਸੇਕ ਨੂੰ ਉਜਾਗਰ ਨਹੀਂ ਹੋਣ ਦੇਂਦੀ, ਇਸੇ ਲਈ ਅਰਥ ਗ੍ਰਹਿਣ ਕਰਨ ਵਿਚ ਨਿਪੁਣ ਵਿਦਵਾਨਾਂ ਦਾ ਮਨ ਵੀ ਕਿਸੇ ਹੋਰਸ ਪਾਸੇ ਵਹਿ ਤੁਰਿਆ ਹੈ । ਕਸੁੰਭੜਿਆਂ ਨਾਲ ਖੇਡਣ ਤੋਂ ਝਿਜਕਦੀ, ਸੁਹਣੀ-ਨਿਬਲੀ ਨਾਰ ਨੂੰ ਮਨ ਵਿਚਲੇ ਢੋਲ ਦੇ ਗਵਾ ਬਹਿਣ ਦਾ ਇਹਸਾਸ; ਸ਼ੋਹ ਦੇ ਬੋਲਾਂ ਦੀ ਆਸ ਤੇ ਉਸ ਦੇ ਬਿਨਾਂ ਆਪਣੀ ਅੰਦਰਲੀ ਸਾਰੀ ਸਿਰਜਣ-ਧਾਰਾ ਦੇ ਸੁੱਕ ਜਾਣ ਦਾ ਤੌਖਲਾ—ਕੁੱਝ ਇਸ ਪ੍ਰਕਾਰ ਦਾ ਅਹਿਸਾਸ ਮੈਨੂੰ ਬਾਰ ਬਾਰ ਹੋਇਆ ਹੈ । ਮੈਂ ਆਪਣੀਆਂ ਗੱਲਾਂ ਜ਼ਾਇਦ ਲੋੜੋਂ ਵੱਧ ਦੁਹਰਾ ਗਿਆ ਹਾਂ । ਪਰ ਇਸ ਰਚਨਾ ਨੇ ਵੀ ਤਾਂ ਅਪਣਾ ਸੁਹਜ ਮੇਰੇ ਅੰਦਰ ਬਾਰ ਬਾਰ ਦੁਹਰਾਇਆ ਹੈ । ਲੋੜੋਂ ਵਧ ? ਮੈਨੂੰ ਅਜੇਹੀ ਪ੍ਰਤੀਤੀ ਨਹੀਂ ਹੋਈ ।

ਸ਼ੋਹ ਦੇ ਆਵਾਜ਼ ਦੇਣ ਉੱਤੇ ਹੰਸੁ ਡੁੰਮਣਾ ਚਲਸੀ,—ਇਸ ਪੰਗਤੀ ਦੇ ਅਨੁਭਵ ਦਾ ਹਾਣੀ ਮੈਂ ਅੱਜ ਤੀਕ ਨਹੀਂ ਹੋ ਸਕਿਆ । ਉੱਪਰਲੀਆਂ ਸਾਰੀਆਂ ਪੰਗਤੀਆਂ ਵਿਚ ਕਵੀ ਦੀ ਆਤਮਾ ਸ਼ੋਹ ਦੇ ਮਿਲਣ ਲਈ ਉਤਸੁਕ ਪ੍ਰਤੀਤ ਹੁੰਦੀ ਹੈ । ਸ਼ੋਹ ਦੇ ਮਿਲਣ ਉੱਤੇ ਆਤਮਾ ਡੁੰਮਣਾ ਹੋ ਕੇ ਚੱਲੇਗੀ—ਇਹ ਗੱਲ ਉਪਰਲੇ ਅਨੁਭਵ ਨੂੰ ਖੰਡਿਤ ਕਰਦੀ ਪ੍ਰਤੀਤ ਹੁੰਦੀ ਹੈ । ਸੱਚੀ ਗੱਲ ਤਾਂ ਇਹ ਹੈ ਕਿ ਡੁੰਮਣਾ ਸ਼ਬਦ ਨਾਲ ਹੋਰ ਥਾਂ ਕਦੇ ਮੇਰੀ ਹਲਕੀ ਜਹੀ ਮੁਲਾਕਾਤ ਨਹੀਂ ਹੋਈ । ਵਿਦਵਾਨਾਂ ਦੁਆਰਾ ਕੀਤੇ ਅਰਥ (ਉਦਾਸ) ਉੱਪਰ ਮੈਨੂੰ ਪੱਕਾ ਭਰੋਸਾ ਨਹੀਂ । ਜੇ ਇਸ ਦਾ ਇਹੋ ਅਰਥ ਸ੍ਵੀਕਾਰ ਕਰਨਾ ਪਵੇ ਤਾਂ ਮੈਂ ਇਸ ਦਾ ਸੰਬੰਧ 'ਹੰਸੁ' ਨਾਲ ਨ ਜੋੜ ਕੇ, 'ਅਹਿ ਤਨੁ' ਨਾਲ ਜੋੜਨਾ ਵਧੇਰੇ ਪਸੰਦ ਕਰਾਂਗਾ । ਉਂਞ, ਮੈਨੂੰ ਇਸ ਅਰਥ ਵਾਲੇ ਸ਼ਬਦ ਦੀ ਏਸ ਥਾਂ ਜ਼ਰੂਰਤ ਵੀ ਮਹਿਸੂਸ ਨਹੀਂ ਹੁੰਦੀ । ਉੱਪਰਲੀਆਂ ਸਾਰੀਆਂ ਪੰਗਤੀਆਂ ਵਿਚ ਕਵੀ ਨੇ ਆਪਣੇ ਮਨ ਦਾ ਭਾਵ ਸਮੂਰਤ ਕੀਤਾ ਹੈ, ਉਸ ਦਾ ਨਾਮ ਨਹੀਂ ਦੱਸਿਆ । ਇਸ ਸ਼ਬਦ ਦੀ ਪ੍ਰਕਿਰਤੀ ਇਸ ਰਚਨਾ ਦੇ ਬਾਕੀ ਸ਼ਬਦਾਂ ਦੀ ਪ੍ਰਕਿਰਤੀ ਨਾਲੋਂ ਵੱਖਰੀ ਹੈ । ਇਹ ਸ਼ਬਦ ਭਾਵ ਦਾ ਨਾਮ ਦੱਸਦਾ ਹੈ ਉਸ ਨੂੰ ਸਮੂਰਤ ਨਹੀਂ ਕਰਦਾ । ਤਾਂ ਵੀ, ਬਿੰਬ ਦੇ ਮੋਹ ਵਿਚ ਫਸਿਆ ਮੇਰਾ ਮਨ ਕਿਵੇਂ ਇਸ ਨੂੰ ਨਾਇਕਾ ਦੀ ਪ੍ਰਿਯ ਵੱਲ ਯਾਤ੍ਰਾ ਦੇ ਚਿਤਰ ਨਾਲ ਜੋੜ ਹੀ ਲੈਂਦਾ ਹੈ । ਪ੍ਰਿਯ ਦਾ ਸੱਦਾ ਆਉਣ ਤੇ ਪਤਲੀ-ਨਿਬਲੀ ਨਾਰ, ਬੇੜੇ ਤੋਂ ਬਿਨਾਂ, ਦੁਹੇਲੇ ਤਰਣ ਵਿਚ ਪ੍ਰਵਿਰਤ ਹੋ ਹੀ ਜਾਵੇਗੀ । ਇਸ ਤਰਣ ਸਮੇਂ ਉਹ ਉਦਾਸ ਹੋਵੇਗੀ ?—ਮੈਂ ਉਦਾਸ ਤਾਰੂ ਨੂੰ ਕਦੇ ਤਰਦਿਆਂ ਨਹੀਂ ਵੇਖਿਆ । ਇਸ ਤਰਣ ਵਿਚ ਉਹ ਡੁੰਮ-ਡੋਲੇ ਖਾਵੇਗੀ ?—ਅਵੱਸ਼ !

ਪ੍ਰਤੀਖਿਆ ਤੋਂ ਪ੍ਰਵਿਰਤੀ ਤੱਕ ਦੇ ਇਸ ਬਿੰਬ ਦੀ ਪ੍ਰਾਪਤੀ ਵਿਚ ਹੀ ਮੇਰੇ ਲਈ ਇਸ ਰਚਨਾ ਅਧਿਅਨ ਦੀ ਸਾਰਥਕਤਾ ਹੈ । ਇਹ ਬਿੰਬ ਮਨੁੱਖ ਦੇ ਆਦਿਮ ਮਨੋਵਿਕਾਰ ਵੱਲ ਹੀ ਸੰਕੇਤ ਨਹੀਂ ਕਰਦਾ, ਉਸ ਦਾ ਬਾਹਰਲਾ ਰੂਪ-ਆਕਾਰ ਵੀ ਆਦਿਮ ਸੁਹਜ ਵਾਲਾ ਸੀ—ਭਰਿਆ, ਉੱਛਲਦਾ ਜਲ-ਪਾਸਾਰ, ਕਸੁੰਭੜਾ, ਦੁੱਧ, ਬਣ, ਹੰਸ— ਇਨ੍ਹਾਂ ਵਿੱਚੋਂ ਕਿਸੇ ਇਕ ਦੀ ਰਚਨਾ ਵਿਚ ਵੀ ਮਨੁੱਖ ਦੇ ਹੱਥ ਨਹੀਂ ਲੱਗੇ । ਕੇਵਲ ਇੱਕੋ ਮਨੁੱਖ ਦੁਆਰਾ ਬਣਾਈ ਜਾਣ ਵਾਲੀ ਵਸਤ ਵੱਲ ਸੰਕੇਤ ਹੈ—ਬੇੜਾ ! ਤੇ ਬੇੜਾ ਇਸ ਰਚਨਾ ਦਾ ਅੰਗ ਬਣ ਕੇ ਵੀ ਅਜੇ ਅਰਚਿਆ ਪਿਆ ਹੈ । ਸ਼ੁੱਧ ਪ੍ਰਾਕ੍ਰਿਤਿਕ ਸੁਹਜ ਅਜੋਕੀ ਕਵਿਤਾ ਵਿੱਚੋਂ ਗ਼ਾਇਬ ਹੁੰਦਾ ਜਾ ਰਿਹਾ ਹੈ । ਮਾਨਵ-ਨਿਰਮਿਤ ਵਸਤਾਂ ਦੇ ਰਾਮ-ਰੋਲੇ ਨਾਲ ਭਰੀ ਹੋਈ ਕਵਿਤਾ ਤੋਂ ਛਿਨ ਭਰ ਬਿਸ੍ਰਾਮ ਲਈ ਮੈਂ ਪ੍ਰਾਕ੍ਰਿਤਿਕ ਸੁਹਜ ਨਾਲ ਭਾਰੀ-ਗੋਰੀ ਕਾਵਿ-ਕਿਰਤ ਵੱਲ ਕਦੇ ਕਦੇ ਇਸ ਪ੍ਰਕਾਰ ਰੁਚਿਤ ਹੁੰਦਾ ਹਾਂ ਜਿਵੇਂ ਸ਼ਹਿਰੀ ਕਾਰ-ਵਿਹਾਰਾਂ ਨਾਲ ਅੱਕੇ-ਥੱਕੇ ਲੋਕ ਸ਼ਹਿਰੋਂ ਦੂਰ ਪਿਕਨਿਕ ਲਈ ਜਾ ਰਹੇ ਹੋਣ !

## ਇਸ ਅੰਕ ਦੇ ਹੋਰ ਲੇਖਕ

**ਗੋਵਿੰਦ ਨਾਥ ਰਾਜਗੁਰੂ :** ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਇਨ੍ਹਾਂ ਨੂੰ ਅਪਭ੍ਰੰਸ਼ ਉੱਤੇ ਉਚੇਰੀ ਖੋਜ ਕਰਨ ਵਾਸਤੇ ਵਜ਼ੀਫ਼ਾ ਦੇ ਕੇ ਹਿੰਦੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸੰਬੰਧਿਤ ਕਰ ਦਿੱਤਾ ਹੈ । ਅਗੋਂ ਖੋਜ ਕਰਨ ਲਈ ਇਹ ਇਸੇ ਸਾਲ ਜਰਮਨੀ ਜਾ ਰਹੇ ਹਨ ।

ਪੀ-ਐਚ. ਡੀ. ਦੀ ਡਿਗਰੀ ਇਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਹੋਈ ਹੈ । ਇਨ੍ਹਾਂ ਦੀ ਖੋਜ ਦਾ ਵਿਸ਼ਾ ਸੀ : "Hindi Prose in Gurmukhi Script—18th & 19th Centuries."

**ਇੰਦਰ ਨਾਥ ਮਦਾਨ—** ਰੀਡਰ, ਹਿੰਦੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ । ਪੰਜਾਬ ਵਿਚ ਹਿੰਦੀ ਦੇ ਪੁਰਾਣੇ ਅਧਿਆਪਕ, ਲੇਖਕ ਤੇ ਆਲੋਚਕ ਹਨ । ਡਾਕਟੋਰੇਟ ਦੀ ਡਿਗਰੀ ਇਨ੍ਹਾਂ ਨੂੰ 'Tendencies in Modern Hindi Literature With Special Reference to The Social Environment' ਲਿਖਣ ਉੱਤੇ ਮਿਲੀ । ਡਾਕਟਰ ਮਦਾਨ, ਹਿੰਦੀ ਨਾਲ ਸੰਬੰਧਿਤ ਵਿਸ਼ੇ ਉੱਤੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰਨ ਵਾਲਾ ਪੰਜਾਬ ਵਿਚ ਪਹਿਲਾ ਤੇ ਭਾਰਤ ਭਰ ਵਿਚ ਦੂਜਾ ਵਿਦਵਾਨ ਸੀ ।

'ਮੈਥਿਲੀ ਸ਼ਰਣ ਗੁਪਤ', ਪੰਜਾਬੀ ਵਿਚ ਇਨ੍ਹਾਂ ਦੀ ਪਹਿਲੀ ਰਚਨਾ ਹੈ ।

# 'ਪਟੀ' ਮਹਲਾ ੧ ਦਾ ਰਚਣ-ਕਾਲ

ਸੀਤਾ ਰਾਮ ਬਾਹਰੀ

ਰਾਗ ਆਸਾ ਵਿਚ ਗੁਰੂ ਨਾਨਕ ਸਾਹਿਬ ਰਚਿਤ 'ਪਟੀ' ਦਾ ਰੂਪਕ ਪੱਖ ਸਿੱਧਾ ਸਾਦਾ ਜਿਹਾ ਹੈ ਪਰ ਉਸ ਦੇ ਵਿਚਾਰ ਬਹੁਤ ਗੰਭੀਰ ਹਨ, ਇਸ ਲਈ ਉਸ ਦੇ ਸਮੇਂ-ਸੰਕੇਤ ਦਾ ਨਿਰਣਾ ਹੋਣਾ ਚਾਹੀਦਾ ਹੈ।

ਬਹੁਤ ਸੱਜਣਾਂ ਨੇ ਇਸ ਨੂੰ ਗੁਰੂ ਨਾਨਕ ਸਾਹਿਬ ਦੀ ਬਾਲ ਅਵਸਥਾ ਵਿਚ ਕੀਤੀ ਮੁੱਢਲੀ ਰਚਨਾ ਮੰਨਿਆ ਹੈ*। ਇਸ ਵਿਚਾਰ ਦਾ ਆਰੰਭਕ ਆਧਾਰ ਹੈ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ, ਜੋ ਉਸ ਜੁਗ ਵਿਚ ਲਿਖੀ ਗਈ ਜਦੋਂ ਗੁਰੂ ਸਾਹਿਬ ਨੂੰ ਨਿਰੰਕਾਰ ਦਾ ਅਵਤਾਰ ਤੇ ਚਮਤਕਾਰੀ ਗੁਰੂ ਸਿੱਧ ਕਰਨ ਦਾ ਮੋਹ ਫੈਲ ਗਿਆ ਸੀ।

ਇਸ ਤੋਂ ਪਹਿਲਾਂ ਕਿ ਅਸੀਂ ਇਸ ਬਾਣੀ ਦੇ ਰਚਣ-ਕਾਲ ਬਾਰੇ ਆਪਣੇ ਵਿਚਾਰ ਪੇਸ਼ ਕਰੀਏ, ਜਨਮ ਸਾਖੀ ਬਾਰੇ ਇਹ ਗੱਲ ਪ੍ਰਤੱਖ ਹੋ ਜਾਣੀ ਚਾਹੀਦੀ ਹੈ ਕਿ ਇਸ ਦੇ ਲੇਖਕ ਦੀ ਰੁਚੀ ਇਤਿਹਾਸਿਕ ਨਹੀਂ, ਪ੍ਰਥਾਏਕਾਰਾਂ ਵਾਲੀ ਹੈ ਜੋ ਉਥਾਨਿਕਾ ਬਨੌਣ ਦੇ ਆਹਰ ਵਿਚ ਲੱਗੇ ਰਹਿੰਦੇ ਸਨ। ਲੇਖਕ ਦੀ ਆਪਣੀ ਵਾਕਫ਼ੀ ਦਾ ਇਹ ਹਾਲ ਹੈ ਕਿ ਚੌਥੇ ਗੁਰੂ ਸਾਹਿਬ ਦੇ ਗਉੜੀ ਗੁਆਰੇਰੀ ਵਾਲੇ ਸ਼ਬਦ ਨੂੰ ਗੁਰੂ ਨਾਨਕ ਸਾਹਿਬ ਦਾ ਗਉੜੀ ਦੀਪਕੀ ਵਾਲਾ ਸ਼ਬਦ ਦੱਸਿਆ ਹੈ। ਇਸੇ ਤਰ੍ਹਾਂ ਮਾਰੂ ਮਹਲਾ ੫ ਦਾ ਸ਼ਬਦ, ਮਹਲਾ ੧ ਦਾ ਦੱਸਿਆ ਹੋਇਆ ਹੈ।

ਪਟੀ ਬਾਰੇ ਸਾਡੇ ਵਿਚਾਰ ਇਸ ਤਰ੍ਹਾਂ ਹਨ :

[੧] ਪਟੀ ਲਿਖਣ ਬਾਰੇ, ਪੁਰਾਣਾ ਰਿਵਾਜ ਇਹ ਸੀ ਕਿ ਸਿਰੇ ਉੱਤੇ ਲਿਖਿਆ ਜਾਏ,

---

* ਸ਼ਬਦਾਰਥ, ਪੰ: ੪੩੨; ਜੀਵਨ ਕਥਾ ਸ੍ਰੀ ਗੁਰੂ ਨਾਨਕ ਦੇਵ ਜੀ—ਪ੍ਰੋ: ਕਰਤਾਰ ਸਿੰਘ, ਪੰ: ੪੬—੫੧, ੪੮੦, ਆਦਿ।

'ਓ' ਨਮਹ ਸਿੱਧੰ (ਸਿੱਧਙ)'* ਮਰਾਠੀ ਸੰਤ ਵੀ 'ਓ ਸਿੱਧੰ' ਲਿਖਿਆ ਕਰਦੇ ਸਨ। ਇਸੇ ਪ੍ਰਕਾਰ 'ਸੋਅਹੰ' ਜਾਂ 'ਸੋਹਙ' ਲਿਖਣ ਦੀ ਪਰੰਪਰਾ ਵੀ ਰਹੀ ਹੈ। ਇਸ ਭਾਵ ਨੂੰ ਲੇਖਕਾਂ ਨੇ ਕਈ ਤਰ੍ਹਾਂ ਪ੍ਰਗਟ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀ ਪੱਟੀ ਦੀ ਪਹਿਲੀ, ਦੂਜੀ, ਤੀਜੀ ਤੇ ਚੌਥੀ ਪਉੜੀ ਦੇ ਪਹਿਲੇ ਪਹਿਲੇ ਅੱਖਰ ਇਕੱਠੇ ਕੀਤੇ ਜਾਣ ਤਾਂ ਸ਼ਬਦ ਬਣਦਾ ਹੈ 'ਸ ਈ ਊ ਙੰ'। ਉਂਜ ਕੱਕੇ ਤੋਂ ਪਹਿਲਾਂ, ਪਟੀ ਦੇ ਆਮ ਪੰਜਾਬੀ ਕ੍ਰਮ ਅਨੁਸਾਰ ੳ, ਅ, ੲ, ਸ, ਹ ਅੱਖਰ ਆਉਣੇ ਚਾਹੀਦੇ ਸਨ, ਪਰ ਗੁਰੂ ਸਾਹਿਬ ਨੇ ਇਸ ਅੱਖਰ-ਕ੍ਰਮ ਨੂੰ ਨਹੀਂ ਅਪਣਾਇਆ। ੩੪ ਵੀਂ ਤੇ ੩੫ਵੀਂ ਪਉੜੀ ਵਿਚ ਹਾਹੇ ਤੇ ਆਇੜੇ ਦਾ ਜ਼ਿਕਰ ਹੈ। ਙ ਦੋ ਵੇਰ ਆ ਗਿਆ ਹੈ। ਇਹ ਉਚੇਚ ਕਿਸੇ ਅਵਾਣੇ ਬਾਲ ਦਾ ਨਹੀਂ ਹੋ ਸਕਦਾ। ਇਸ ਵਿਚ ਸਾਨੂੰ ਜਿੱਥੇ ਇਕ ਪਾਸੇ ਪ੍ਰਚਲਤ ਪਰੰਪਰਾ ਦੀ ਸੋਝੀ ਦਿੱਸਦੀ ਹੈ। ਉੱਥੇ ਦੂਜੇ ਪਾਸੇ ਭਾਸ਼ਾ ਚਿਤ੍ਰ ਅਲੰਕਾਰ ਘੜਨ ਦੀ ਜਾਚ ਵੀ ਪ੍ਰਾਪਤ ਹੈ, ਜੋ ਕਵੀ ਦੀ ਪ੍ਰੋੜ੍ਹਤਾ ਦੀ ਲਖਾਇਕ ਹੈ:

੧. ਸਸੈ ਸੋਇ ਸ੍ਰਿਸਟਿ ਜਿਨਿ ਸਾਜੀ...

੨. ਈਵੜੀ ਆਦਿ ਪੁਰਖੁ ਹੈ ਦਾਤਾ.........

੩. ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ

੪. ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ .........

]੨] ਇਸ ਪੱਟੀ ਦੀ ਅੰਤਲੀ ਤੁਕ 'ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ' ਤੋਂ ਸਪਸ਼ਟ ਪ੍ਰਤੀਤ ਹੁੰਦਾ ਹੈ ਕਿ ਲਿਖਣ ਵੇਲੇ ਉਨ੍ਹਾਂ ਨੂੰ ਰਚਨਾ ਦੇ ਅਭਿਆਸ ਤੇ ਆਪਣੇ ਚੇਤਨ ਕਾਵਿਕ ਰੂਪ ਦਾ ਅਨੁਭਵ ਸੀ। ਇਸ ਦ੍ਰਿਸ਼ਟੀ-ਕੋਣ ਨਾਲ ਤਾਂ ਇਹ ਮੰਨਣਾ ਪੈ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਵੀ ਕੋਈ ਨ ਕੋਈ ਰਚਨਾ ਅਵੱਸ਼ ਹੋਵੇਗੀ।

ਪ੍ਰਥਾਇ ਦੀ ਕਲਪਣਾ ਕਰਨ ਵਾਲੇ, ਪਤਾ ਨਹੀਂ, ਗੁਰੂ ਸਾਹਿਬ ਦੀ, ਵਰ੍ਹੇ ਦੀ ਅਵਸਥਾ ਤੋਂ ਪਹਿਲਾਂ ਦੀ ਰਚਨਾ ਬਾਰੇ ਕੀ ਅਨੁਮਾਨ ਲਾਉਣਗੇ ?

ਹਾਂ ਬਾਵਾ ਬੁੱਧ ਸਿੰਘ ਜੀ ਨੇ ਸੱਚ ਮੁੱਚ ਕਲਪਣਾ ਕੀਤੀ ਹੈ। ਉਨ੍ਹਾਂ ਨੇ ਸਿਰੀ ਰਾਗ ਦੇ ਪਹਿਲੇ ਸ਼ਬਦ-- 'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਇ

---

* (i) ਮ. ੫ ਦੀ ਬਾਵਨ ਅਖਰੀ ਦੀ ਪ੍ਰਥਮ ਪਉੜੀ ਵਿਚ ਵੀ ਪਹਿਲਾ ਚਰਣ ਹੈ—'ਓਅੰ' ਸਾਧ ਸਤਿਗੁਰੰ ਨਮਸਕਾਰ'—ਕਿੰਨੀ ਸੂਖਮਤਾ ਨਾਲ ਸਿਧਙ ਦੇ ਨਾਲ ਸਤਿਗੁਰ ਵੀ ਜੋੜਿਆ ਹੈ। ਅੱਗੇ ਫੇਰ ਓਅੰ+ਸ+ਧ+ਙ ਵਾਲੀਆਂ ਪਉੜੀਆਂ ਹਨ। 'ਮ. ੩ ਨੇ ਸਿਧੰ ਙਾਇਐ' (ਪੰ:੪੩੪) ਕਿਹਾ ਹੈ।

(ii) ਦਖਣੀ ਓਅੰਕਾਰ ਵਿਚ ਓਨਮ ਸ+ਨ+ਙ ਵਾਲੀਆਂ ਪਉੜੀਆਂ ਮੌਜੂਦ ਹਨ।

ਜਣਾਉ* ਬਾਰੇ ਲਿਖਿਆ ਹੈ—

> 'ਇਹ ਪੰਜ ਬਰਸ ਦੇ ਬਾਲਕ ਦੀ ਕਵਿਤਾ ਹੈ ਜੋ ਦੱਸਦੀ ਹੈ ਕਿ ਆਪ ਕਿਨ੍ਹਾਂ ਕਿਨ੍ਹਾ ਆਤਮਕ ਤਾਕਤਾਂ ਦੇ ਵਾਲੀ ਸਨ ਤੇ ਇਹ ਬਾਣੀ ਭਲਾ ਬਿਨਾ ਇਲਹਾਮ ਤੋਂ ਹੋਰ ਕੀ ਹੋ ਸਕਦੀ ਹੈ ?†

'ਸ੍ਰੀ ਗੁਰੂ ਗ੍ਰੰਥ ਕੋਸ਼' (ਦੂਜੀ ਵੇਰ) ਦੇ ਪੰਨਾਂ ੧੩੭੦ ਵਿਚ ਦੱਸਿਆ ਗਿਆ ਹੈ ਕਿ ਇਹ ਸ਼ਬਦ ੧੫੦੬ ਈ. ਵਿਚ ਵੇਈਂ ਨਦੀ ਵਿਚ ਇਸ਼ਨਾਨ ਮਗਰੋਂ ਉਚਾਰਿਆ ਹੈ ਤੇ ਇਹ ਉਨ੍ਹਾਂ ਦੀ ਪਹਿਲੀ ਰਚਨਾ ਹੈ। ਇਸ ਪ੍ਰਸੰਗ ਦੀ ਤਿਥੀ ਪ੍ਰੋ: ਸਾਹਿਬ ਸਿੰਘ ਜੀ ਅਨੁਸਾਰ, ੨੧ ਭਾਦੋਂ ਸੰਮਤਿ ੧੫੬੪ (੨੦ ਅਗਸਤ ਸੰਨ ੧੫੦੭) ਹੈ‡। ਉਸ ਵੇਲੇ ਉਨ੍ਹਾਂ ਦੀ ਅਵਸਥਾ ੩੮ ਵਰ੍ਹੇ ਸੀ। ਉਪਦੇਸ਼ਾਤਮਕ ਕਾਵਿ, ਰਚਨਾ ਵੀ ਉਸ ਕਾਲ ਵਿਚ ਵਧੇਰੇ ਉਚਿੱਤ ਲਗਦੀ ਹੈ। ਉਨ੍ਹਾਂ ਦਾ ਪਹਿਲਾ ਸਿੱਖ ਭਗੀਰਥ ਸੀ ਜੋ ਉਨ੍ਹਾ ਨੂੰ ੧੫੨੦ ਈ: ਤੋਂ ਬਾਦ ਮਿਲਿਆ ਸੀ। ਇਸ ਤੋਂ ਪਹਿਲਾਂ ਉਹ ਕਿਸ ਨੂੰ ਉਪਦੇਸ਼ ਕਰਦੇ ? ਕਿਸ ਨੂੰ ਪੱਟੀ ਵਰਗਾ ਉਪਦੇਸ਼ ਦਿੰਦੇ ਹਨ ?

[੩] ਪਟੀ ਲਿਖੀ ਦੇ 'ਲਿਖੀ' ਸ਼ਬਦ ਉੱਪਰ ਵਿਦਵਾਨਾਂ ਨੇ ਵਾਧੂ ਧਿਆਨ ਦੇ ਕੇ ਅਨੁਮਾਨ ਲਾਇਆ ਹੈ ਕਿ ਪਟੀ (ਤਖ਼ਤੀ) ਉੱਪਰ ਇਹ ਬਾਣੀ ਲਿਖੀ ਗਈ ਸੀ; ਹਾਲਾਂਕਿ ਇਹ ੩੫ ਪਉੜੀਆਂ ਤਖ਼ਤੀ ਦੇ ਦੋਵਾਂ ਪਾਸੇ ਬਰੀਕ ਕਲਮ ਨਾਲ ਲਿਖੀਆਂ ਨਹੀਂ ਜਾ ਸਕਦੀਆਂ।

ਪੁਰਾਤਨ ਜਨਮ ਸਾਖੀ ਨੇ ਤਾਂ ਦੱਸਿਆ ਹੈ ਕਿ ਪਾਧੇ ਨੇ ਪਟੀ ਲਿਖ ਦਿੱਤੀ। ਪੂਰੀ ਟੂਕ ਇਹ ਹੈ :

> ਜਬ ਬਾਬਾ ਬਰਸਾਂ ਸੱਤਾਂ ਕਾ ਹੋਇਆ ਤਬ ਕਾਲੂ ਕਹਿਆ : 'ਨਾਨਕ ! ਤੂੰ ਪੜ੍ਹ।' ਤਬ ਗੁਰੂ ਨਾਨਕ ਕਉ ਪਾਧੇ ਪਾਸ ਲੈ ਗਇਆ। ਕਾਲੂ ਕਹਿਆ : 'ਪਾਧੇ ਇਸ ਨੂੰ ਪੜ੍ਹਾਇ।' ਤਬ ਪਾਧੇ ਪਟੀ ਲਿਖ ਦਿੱਤੀ। ਅਖਰਾਂ ਪੈਤੀਸ ਕੀ ਮੁਹਾਰਣੀ। ਤਬ ਗੁਰੂ ਨਾਨਕ ਲਗਾ ਪੜ੍ਹਨ। ਰਾਗ ਆਸਾ ਵਿਚ ਪਟੀ ਮ: ੧ ਆਦਿ ਬਾਣੀ ਹੋਈ (ਪੰਨਾ ੧)।

[੪] ਕਬੀਰ ਤਾਂ ਪਾਠਸ਼ਾਲਾ ਵਿਚ ਗਏ ਹੀ ਨਹੀਂ ਸਨ, ਕਾਗਜ਼ ਮੱਸੀ ਛੋਹੀ ਵੀ ਨਹੀਂ ਸੀ, ਫੇਰ ਪੰਡਿਤਾਂ ਨੂੰ ਸੰਬੋਧਨ ਕਰਨਾ ਤੇ ਉਨ੍ਹਾਂ ਦੇ ਵਿਹਾਰ ਉੱਤੇ ਕਟਾਖ਼ ਕਿਵੇਂ ਕਰ ਲਿਆ ? ਇਹ ਕਾਵਿ-ਧਾਰਾ ਸਿੱਧਾਂ ਦੇ ਜੁਗ ਤੋਂ ਚਲੀ ਆਉਂਦੀ ਸੀ। ਇਸ

---

* ਇਹ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਰਾਗ ਦਾ ਪ੍ਰਥਮ ਸ਼ਬਦ ਹੈ ਜਿਸ ਦਾ ਭਾਵ ਅਗਲੇ ਸ਼ਬਦ ਨਾਲ ਮਿਲ ਕੇ ਪੂਰਾ ਹੋਇਆ ਹੈ। ਵੇਖੋ ਗੁ. ਗ੍ਰੰ. ਸਾ. ਪੰਨਾ ੧੪.

† ਹੰਸ-ਚੋਗ, ਪੰ. ੪੦ (੧੯੨੬ ਈ.) (ii)

‡ ਜਪੁ ਸਾਹਿਬ ਸਟੀਕ, ਪੰਨਾ ੭, (੧੯੫੭ ਈ).

ਲਈ ਇਹ ਕਹਿਣਾ ਕੇਵਲ ਸ਼ਰਧਾ-ਮਾਤਰ ਹੀ ਹੋ ਸਕਦਾ ਹੈ ਕਿ 'ਗੁਰੂ ਨਾਨਕ ਸਾਹਿਬ ਦੀ ਰੁਚੀ ਅਧਿਆਤਮਕ ਵਿਦਿਆ ਵੱਲ ਸੀ ਤੇ ਇਸ ਦੇ ਕਈ ਪ੍ਰਮਾਣ ਆਪ ਨੇ ਆਪਣੇ ਪਾਠਸ਼ਾਲਾ ਦੇ ਪੰਡਿਤ ਜੀ ਤੇ ਮਸਜਿਦ ਦੇ ਮੌਲਵੀ ਜੀ ਨੂੰ ਰੂਹਾਨੀ ਵਿਦਿਆ ਸੰਬੰਧੀ ਪੁੱਛਾਂ ਪੁੱਛ ਕੇ ਤੇ ਵਿਚਾਰ ਦੱਸ ਕੇ, ਦਿੱਤੇ।'*

ਡਾ. ਤਾਰਨ ਸਿੰਘ ਜੀ ਨੇ ਪੰ. ੨੪੫-੪੬ ਉੱਤੇ ਦੱਸਿਆ ਹੈ ਕਿ 'ਬਾਬਾ ਨਾਨਕ ਜੀ ਨੇ ੧੫੨੦ ਤਕ ਬਹੁਤ ਸਾਰੇ ਸ਼ਲੋਕ ਤੇ ਕੁੱਝ ਪਦੇ ਲਿਖੇ ਹੋਣੇ ਹਨ। ੧੫੨੧ ਈ. ਦੇ ਮਗਰੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਆਪ ਦੀਆਂ ਸਾਰੀਆਂ ਲੰਮੀਆਂ ਬਾਣੀਆਂ ਅਤੇ ਛੰਦ ਇਸ ਕਾਲ ਵਿਚ ਰਚੇ ਗਏ ਹਨ—ਇਨ੍ਹਾਂ ਵਿਚ ਅੰਤਰ-ਮੁਖਤਾ ਤੇ ਦਾਰਸ਼ਨਿਕਤਾ ਉੱਤੇ ਜ਼ੋਰ ਹੈ। ਸੋ ਜਪੁ, ਤਿੰਨੇ ਵਾਰਾਂ, ਪਟੀ, ਥਿਤੀ, ਓਅੰਕਾਰ, ਸਿਧ ਗੋਸਟਿ, ਬਾਰਹਮਾਹਾ ਅਤੇ ਸੋਲਹੇ ਤੇ ਛੰਤ ਇਸ ਸਮੇਂ ਦੀ ਰਚਨਾ ਹਨ।'

ਫੇਰ ਪੰਨਾ ੨੫੬ ਉੱਤੇ ਲਿਖਿਆ ਹੈ:—

ਰਵਾਇਤ ਅਨੁਸਾਰ ਇਹ ਰਚਨਾ ਗੁਰੂ ਸਾਹਿਬ ਦੀ ਪਹਿਲੀ ਰਚਨਾ ਮੰਨੀ ਗਈ ਹੈ ਜੋ ਆਪ ਨੇ ਸੱਤ ਸਾਲ ਦੀ ਉਮਰ ਵਿਚ ਪਾਠਸ਼ਾਲਾ ਵਿਚ ਪੱਟੀ ਉੱਤੇ ਲਿਖ ਕੇ ਦੱਸੀ। ਸ਼ਾਇਦ, ਗੁਰੂ ਅਰਜਨ ਸਾਹਿਬ ਨੇ ਇਸ ਰਵਾਇਤ ਨੂੰ ਪ੍ਰਵਾਣ ਕਰਦਿਆਂ ਇਸ ਰਚਨਾ ਦਾ ਸਿਰਲੇਖ 'ਪਟੀ ਲਿਖੀ' ਕਿਹਾ ਹੈ। ਗੁਰੂ ਅਮਰਦਾਸ ਜੀ ਨੇ ਇਸੇ ਰਚਨਾ ਤੋਂ ਪ੍ਰੇਰਣਾ ਲੈ ਕੇ ਇਸ ਰਾਗ ਵਿਚ ਪਟੀ ਨਾਂ ਦੀ ਰਚਨਾ ਕੀਤੀ ਹੈ।' ਇਹ ਅੰਤਲਾ ਵਾਕ ਸਪਸ਼ਟ ਕਰ ਦਿੰਦਾ ਹੈ ਕਿ 'ਪਟੀ' ਇਕ ਕਾਵਿ-ਰੂਪ ਸੀ ਜੋ ਮੁਹਾਰਨੀ ਦੇ ਆਧਾਰ ਉੱਤੇ ਲਿਖਿਆ ਹੋਇਆ ਹੈ ਤੇ ਇਸ ਨੂੰ ਸੱਚ ਮੁੱਚ ਕਿਸੇ ਫੱਟੀ ਜਾਂ ਤਖ਼ਤੀ ਉੱਤੇ ਲਿਖਣ ਦੀ ਲੋੜ ਨਹੀਂ ਸੀ ਹੁੰਦੀ। 'ਦਖਣੀ ਓਅੰਕਾਰ' ਵਿਚ ਵੀ ਪਟੀ ਦਾ ਸੰਕੇਤ ਹੈ:—

'ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ' ॥੫੪॥ (ਪੰ. ੯੩੮)

ਅਤੇ ਇਸ ਬਾਣੀ ਵਿਚ ਪਾਂਡੇ ਪ੍ਰਤਿ ਵਧੇਰੇ ਸਪਸ਼ਟ ਸੰਬੋਧਨ ਹੈ:—

ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ।†

---

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿੱਤਿਕ ਇਤਿਹਾਸ, ਡਾ. ਤਾਰਨ ਸਿੰਘ ਪੰ. ੨੩੭।

† ਇਸੇ ਪ੍ਰਕਾਰ ਸ੍ਰੀ ਰਾਗੁ ਦਾ ੬ਵਾਂ ਸ਼ਬਦ—

'ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ.........

ਵੀ ਪਾਂਧੇ ਪਾਸ ਪੜ੍ਹਨ ਵੇਲੇ ਦਾ ਉਚਰਿਆ ਕਿਹਾ ਜਾਂਦਾ ਹੈ (ਸ਼ਬਦਾਰਥ, ਪੰ. ੧੬)। ਇਸ ਦਾ ਅੰਤਲਾ ਚਰਣ ਆਪੇ ਦਸ ਰਿਹਾ ਹੈ ਕਿ ਇਹ ਵੀ ਇਕ ਪ੍ਰੌੜ੍ਹ ਪੁਰਖ ਦੀ ਰਚਨਾ ਹੈ—

ਨਾਉ ਜਿਨ੍ਹਾਂ ਸੁਲਤਾਨ ਖਾਨ ਹੋਂਦੇ ਡਿਠੇ ਖੇਹ।
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥

ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ। (ਪੰ. ੯੩੦)

ਭਾਈ ਕਾਨ੍ਹ ਸਿੰਘ ਨੇ ਸੱਚ ਕਿਹਾ ਹੈ :

'ਸੰਪ੍ਰਦਾਈ ਗਿਆਨੀਆਂ ਨੇ ਮਨ-ਕਲਪਿਤ ਉਥਾਨਿਕਾ-ਗ੍ਰੰਥ ਲਿਖ ਕੇ, ਉਸ ਦਾ ਕਰਤਾ ਗੁਰੂ ਅਰਜਨ ਦੇਵ ਜੀ ਅਤੇ ਦਸ਼ਮੇਸ਼ ਜੀ ਨੂੰ ਮੰਨਿਆ ਹੈ, ਅਰ ਭਾਈ ਗੁਰਦਾਸ ਅਤੇ ਭਾਈ ਮਨੀ ਸਿੰਘ ਜੀ ਦੀ ਹੱਥੀਂ ਉਥਾਨਿਕਾ ਦਾ ਲਿਖਿਆ ਜਾਣਾ ਕਲਪਿਆ ਹੈ ਪਰ ਬਹੁਤੇ ਸ਼ਬਦਾਂ ਦੀ ਉਥਾਨਿਕਾ ਮੂਲੋਂ ਅਸੰਗਤ ਹੈ......ਜੋ ਉਥਾਨਿਕਾ ਇਤਿਹਾਸ ਨਾਲ ਸੰਬੰਧ ਰੱਖਦੀ ਹੈ ਅਤੇ ਯੁਕਤਿ ਵਿਰੁੱਧ ਨਹੀਂ, ਉਹ ਮੰਨਣੀ ਚਾਹੀਦੀ ਹੈ........ ਵਿਚਾਰਵਾਨਾਂ ਨੂੰ ਵਿਵੇਕ ਬੁੱਧਿ ਨਾਲ ਯੋਗ੍ਯ ਅਤੇ ਅਜੋਗ੍ਯ ਉਥਾਨਿਕਾ ਦਾ ਨਿਰਣਯ ਕਰ ਲੈਣਾ ਚਾਹੀਦਾ ਹੈ।' (ਗੁਰਮਤ ਮਾਰਤੰਡ, ਪੰ. ੫-੬)

[੫] ਗੁਰੂ ਅਮਰਦਾਸ ਜੀ ਦੀ ਪਟੀ (ਗੁ. ਗ੍ਰੰ., ਪੰ. ੪੩੪) ਗੁਰੂ ਨਾਨਕ ਦੇਵ ਜੀ ਦੀ ਸ਼ੈਲੀ ਵਿਚ ਹੈ ਅਤੇ ਇਹ ਉਨ੍ਹਾਂ ਦੀ ੭੨ ਵਰ੍ਹੇ ਦੀ ਅਵਸਥਾ ਤੋਂ ਮਗਰੋਂ ਦੀ ਰਚਨਾ ਹੈ। ਫਿਰ ਵੀ ਪਾਂਡੇ ਪ੍ਰਤਿ ਕਿਹਾ ਹੈ:—

੧. ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥
ਪਹਿਲਾ ਫਾਹਾ ਪਇਆ ਪਾਧੇ ਪਿਛੌ ਦੇ ਗਲਿ ਚਾਟੜਿਆ ॥੫॥

੨. ਸਤਿਗੁਰ ਬਾਝਹੁ ਗੁਰੂ ਨਾ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥

ਜੇਕਰ ਮ. ੧ ਦੀ ਪਟੀ ਅੱਖੋਂ ਉਹਲੇ ਹੋਵੇ ਤਾਂ ਇੱਥੇ ਵੀ ਪ੍ਰਥਾਇ ਦਾ ਅਨੁਮਾਨ ਲੱਗੇਗਾ ਕਿ ਮ. ੩ ਨੇ ਵੀ ਪੜ੍ਹਨ ਜਾਣ ਵੇਲੇ, ਪੰਜ ਜਾਂ ਛੇ ਵਰ੍ਹੇ ਦੀ ਅਵਸਥਾ ਵਿਚ, ਇਹ ਬਾਣੀ ਉਚਾਰੀ ਹੋਵੇਗੀ।

ਸ਼ਰਧਾ ਨੂੰ ਵਿਗਿਆਨ ਦੀਆਂ ਅੱਖਾਂ ਲੱਗ ਜਾਣ ਤਾਂ ਦੁਬਧਾ ਮਿਟ ਜਾਂਦੀ ਹੈ। ਕਿਸੇ ਵੀ ਸਾਖੀ ਦੀ ਲਿਖਤ ਨਾਲੋਂ ਅੰਦਰਲੀ ਉਗਾਹੀ ਵਧੇਰੇ ਕੀਮਤੀ ਹੁੰਦੀ ਹੈ।

ਕਬੀਰ ਜੀ ਦੀ ਰਾਗ ਗਉੜੀ ਵਿਚ ਲਿਖੀ ਬਾਵਨ ਅਖਰੀ ਦੀ ਕਾਵਿ-ਸ਼ੈਲੀ ਵੀ ਰਾਗ ਆਸਾ ਦੀ ਪਟੀ ਵਾਂਗ ਹੈ। ਪ੍ਰਬੋਧਨ ਦੀਆਂ ਤੁਕਾਂ ਵੇਖੋ :—

(i) ਪੰਡਿਤ ਹੋਇ ਸੁ ਅਨਭੈ ਰਹੇ ॥
ਪੰਡਿਤ ਲੋਗਹੁ ਕਉ ਬਿਉਹਾਰ ॥
ਗਿਆਨਵੰਤ ਕਉ ਤਤੁ ਬੀਚਾਰ ॥੪੫॥

(ii) ਓਅੰਕਾਰ ਲਖੈ ਜਉ ਕੋਈ,
ਸੋਈ ਲਖਿ ਮੇਟਣਾ ਨ ਹੋਈ ॥੬॥

(iii) ਬਾਵਨ ਅਖਰੀ ਜੋਰੇ ਆਨਿ ॥ ਸਕਿਆ ਨ ਅਖਰ ਏਕ ਪਛਾਨਿ ॥

(iv) ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥

ਗੁਰੂ ਨਾਨਕ ਨੇ ਭੀ ਕਿਹਾ ਹੈ—

ਮਨ ਕਾਹੇ ਭੂਲੇ ਮੂੜ੍ਹ ਮਨਾ। ਜਬ ਲੇਖਾ ਦੇਵਹਿ ਬੀਰਾ ਤਉ ਪੜ੍ਹਿਆ ॥

ਕਬੀਰ ਜੀ ਨੇ ਕਈ ਵੇਰ ਸ਼ਬਦ ਦੇ ਪ੍ਰਥਮ ਅੱਖਰ ਦੀ ਥਾਂ ਹੋਰ ਅੱਖਰ ਦੀ ਮੁਹਾਰਨੀ ਹੀ ਵਰਤੀ ਲਈ ਹੈ, ਜਿਵੇਂ :

| ਭਗਤ ਕਬੀਰ | ਗੁਰੂ ਨਾਨਕ |
|---|---|
| ਤਤਾ ਅਤਰ ਤਰਿਓ ਨਹ ਜਾਈ<br>ਤਨ ਤ੍ਰਿਭਵਣ ਮਹਿ ਰਹਿਓ ਸਮਾਈ ॥<br>ਜਿਉ ਤ੍ਰਿਭਵਣ ਤਨ ਮਾਹਿ ਸਮਾਵਾ<br>ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥੨੨॥<br>੨ ਏ ਅਖਰ ਖਿਰ ਜਾਹਿਗੇ<br>ਓਇ ਅਖਰ ਇਨ ਮਹਿ ਨਾਹਿ ॥੧॥ | ਤਤੈ ਤਾਰੂ ਭਵਜਲੁ ਹੋਆ<br>ਤਾਕਾ ਅੰਤੁ ਨ ਪਾਇਆ ॥<br>ਨ ਤਰਨਾ ਤੁਲਹਾ ਹਮ ਬੂਡਸਿ<br>ਤਾਰਿ ਲੇਹਿ ਤਾਰਣ ਰਾਇਆ ॥੧੯॥<br>ਏਨਾ ਅਖਰਾ ਮਹਿ ਜੋ ਗੁਰਮੁਖ ਬੂਝੈ<br>ਤਿਸੁ ਸਿਰਿ ਲੇਖੁ ਨ ਹੋਈ ॥੨॥ |

[੬] ਸੰਬੋਧਨ ਵਿਚ, ਮਾਈ, ਭਾਈ, ਭਾਈ ਰੇ, ਰੇ ਮਨ, ਵੈਦ, ਸਾਧੋ, ਪੰਡਿਤਾ, ਪਾਂਡੇ, ਮੀਤਾ ਲੋਕਾ, ਆਦਿ ਅਨੇਕ ਰੂਪ ਮਿਲਦੇ ਹਨ। ਇਹ ਬਹੁਤੇ ਕਰ ਕੇ ਪਰੰਪਰਿਤ ਹਨ। ਮੀਰਾ ਬਾਈ ਵੀ ਮਾਈ, ਬੀਰਾ, ਬੀਰ ਤੇ ਵੈਦ ਨੂੰ ਸੰਬੋਧਨ ਕਰਦੀ ਹੈ। 'ਵੈਦ ਬੁਲਾਇਆ' ਮੀਰਾ ਬਾਈ ਦੀ ਪਦਾਵਲੀ ਵਿਚ ਵੀ ਦਿੱਤਾ ਹੈ। 'ਵੈਦਾ ਵੈਦੁ ਸੁਵੈਦੁ ਤੂ ਪਹਲਾ ਰੋਗੁ ਪਛਾਣ' ਆਦਿ ਮ. ੨ ਦਾ ਰਚਿਤ ਹੈ (ਪੰ. ੧੨੭੯)। ਇਹ ਵੈਦਗੀ' ਵਾਲਾ ਸਲੋਕ ਮੀਰਾ ਬਾਈ ਦੀ ਪਦਾਵਲੀ ਵਿਚ ਵੀ ਦਿੱਤਾ ਹੈ। ਇਹ ਵੀ ਇਕ ਕਾਵਿ-ਸ਼ੈਲੀ ਸੀ। ਇਸ ਦੀ ਇਤਹਾਸਿਕ ਉਥਾਨਿਕਾ ਬਣਾਉਣੀ ਉਚਿੱਤ ਨਹੀਂ। ਸਾਖੀਕਾਰ ਨੇ ਤਾਂ ਇਸ ਪ੍ਰਸੰਗ ਵਿਚ ਕਈ ਟੂਕਾਂ ਕੋਲੋਂ ਪਾ ਕੇ ਸਾਰੀ ਸਾਖੀ ਨੂੰ ਰੰਗੀਨ ਬਣਾ ਦੇਣ ਦਾ ਜਤਨ ਵੀ ਕੀਤਾ ਹੈ (ਵੇਖੋ, ਪੰਨਾ ੧੩, ਪੁਰਾਤਨ ਜਨਮ ਸਾਖੀ*, ਵਲੈਤ ਵਾਲੀ, ੧੯੪੮ ਈ.)

ਗੁਰੂ ਨਾਨਕ ਸਾਹਿਬ ਨੇ ਕਈ ਸ਼ਬਦਾਂ ਵਿਚ ਆਪਣੇ ਆਪ ਨੂੰ ਮਹਲਾ ਰੂਪ ਵਿਚ ਵਰਣਨ ਕੀਤਾ ਹੈ : 'ਮੈਂ ਬਨਜਾਰਨਿ ਰਾਮ ਕੀ (ਪੰ. ੧੫੭), ਮੈਂ ਰੋਵੰਦੀ ਸਭ ਜਗੁ ਰੁੰਨਾ (ਪੰ. ੫੫੮), ਹਉ ਹਉ ਕਰਤੀ ਮੈ (ਪੰ. ੯੩੭), ਹਉ ਘੋਲ ਘੁਮਾਈ (ਪੰ. ੧੦੧੪), ਹਉ ਦੋਹਾਗਣਿ (ਪੰ. ੯੯੦), ਆਦਿ, ਆਦਿ—ਇਹ ਇਕ ਕਾਵਿ-ਸ਼ੈਲੀ ਹੈ, ਇਤਿਹਾਸਿਕ ਰੂਪ ਵਿਚ, ਕਿਸੇ ਇਸਤ੍ਰੀ ਦੀ ਉਕਤੀ ਨਹੀਂ।

ਇਸੇ ਪ੍ਰਕਾਰ, ਪਟੀ ਵਿਚ, ਗੁਰੂ ਨਾਨਕ ਸਾਹਿਬ ਦਾ ਪਾਂਧੇ ਵੱਲ ਕੀਤਾ ਸੰਬੋਧਨ ਕਿਸੇ ਇਤਿਹਾਸਿਕ ਉਥਾਨਿਕਾ ਦਾ ਸੂਚਕ ਨਹੀਂ ਹੈ।

---

* ਇਸੇ ਤਰ੍ਹਾਂ ਸ਼ੇਖ ਸ਼ਰਫ਼ ਪ੍ਰਤਿ ੪ ਸ਼ਬਦ ਵੇਖੋ।

[੭] ਗੁਰੂ ਨਾਨਕ ਦੀ ਬਾਣੀ ਵਿਚ 'ਨਾਨਕ ਸਾਇਰ' ਕੇਵਲ ਦੋ ਵੇਰ ਆਇਆ ਹੈ ਅਤੇ ਇਹ ਇੱਕੋ ਕਾਲ-ਕ੍ਰਮ ਦਾ ਸੂਚਕ ਹੈ ।

ਆਸਾ ਪਟੀ ਦੀ ਅੰਤਲੀ ਤੁਕ ਹੈ:—

ਕਰੇ ਕਰਾਇ ਸਭ ਕਿਛੁ ਜਾਣੈ
ਨਾਨਕ ਸਾਇਰ ਇਵ ਕਹਿਆ ॥੩੫॥ (ਪੰ. ੪੩੪)

ਅਤੇ ਪੰ. ੬੬੦ ਉੱਤੇ ਧਨਾਸਰੀ ਘਰ ੧ ਦੇ ਦੂਜੇ ਚਉਪਦੇ ਵਿਚ ਹੈ:—

ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥ਰਹਾਉ॥
ਸਾਸੁ ਮਾਸੁ ਸਭੁ ਜੀਉ ਤੁਮਾਰਾ
ਤੂ ਮੈ ਖਰਾ ਪਿਆਰਾ
ਨਾਨਕ ਸਾਇਰੁ ਏਵ ਕਹਤੁ ਹੈ
ਸਚੇ ਪਰਵਦਗਾਰਾ ॥੨॥

ਸਮੁੱਚੇ ਸ਼ਬਦ ਦਾ ਭਾਵ ਵੈਰਾਗ-ਭਰਪੂਰ ਹੈ ਅਤੇ ਪ੍ਰੌੜ੍ਹ ਅਵਸਥਾ ਦਾ ਲਖਾਇਕ ਹੈ । ਸੱਚ ਪੁੱਛੋ ਤਾਂ ਧਨਾਸਰੀ ਰਾਗ ਦੇ ਅੱਠੇ ਸ਼ਬਦ ਦਾਰਸ਼ਨਿਕ ਵਿਚਾਰ-ਧਾਰਾ ਦੇ ਧਾਰਨੀ ਹਨ ਅਤੇ ਪਟੀ ਦੀ ਵਿਚਾਰ-ਧਾਰਾ ਵੀ, ਬਹੁਤ ਦੂਰ ਤੱਕ, ਦਾਰਸ਼ਨਿਕ ਨਿਰਵੇਦ ਜਾਂ ਵੈਰਾਗ ਵਾਲੀ ਹੈ ।

[੮] ਭਾਸ਼ਾ ਵਿਗਿਆਨ ਦੇ ਪੱਖ ਤੋਂ, ਰਾਗ ਆਸਾ ਵਾਲੀ 'ਪਟੀ', ੭ ਵਰ੍ਹੇ ਦੇ ਬਾਲਕ ਦੀ ਆਪਣੀ ਮਾਤ-ਬੋਲੀ ਵਿਚ ਉਚਾਰੀ ਹੋਈ ਰਚਨਾ ਨਹੀਂ ਹੈ, ਕਿਉਂਕਿ :

(ੳ) ਇਸ ਵਿਚ ਠੇਠ ਪੰਜਾਬੀ ਦੇ ਵਾਕ ਤੇ ਵਿਆਕਰਣ-ਰੂਪ ਬਹੁਤ ਘੱਟ ਹਨ । ਜੋ ਹਨ ਉਹ ਇਸ ਤਰ੍ਹਾਂ ਦੇ ਹਨ :

(i) ਸਭ; ਸਭਨਾ; ਆਪੇ ਸਚਾ ; ਏਨਾਂ ਅਖਰਾਂ; ਹਉਮੈ; ਕਿਸੈ; ਭੇਣੇ ; ਜੇਕਰਿ; ਓਸ ਵਿਟਹੁ ; ਹੋਰ ।

(ii) ਪੜਿਆ; ਪਾਇਆ; ਕਮਾਇਆ; ਲਇਆ;ਹੁਕਮ ਪਇਆ; ਘਾਲ ਸੇਵਕ ਜੇ ਘਾਲੈ; ਪੜਿਆ ਪੰਡਿਤ ਆਪ ਥੀਆ;ਭਜ ਪਇਆ; ਭੁਲਾਈਅਨੁ; ਸੁਣਿਆ; ਵੇਖੇ;ਢਾਹ ਉਸਾਰੇ ਆਪੇ;ਦੋਸਿ ਕਰੰਮਾ ਆਪਣਿਆਂ; ਤਿਸ ਦਾ ਦੀਆ ਸਭਨੀ ਲੀਆ; ਫਾਹੀ ਸਭ ਜਗੁ ਫਾਸਾ; ਬੰਧਿ ਲਇਆ ; ਚੋਪਤਿ ਕੀਤੇ ;

—ਇਹ ਕ੍ਰਿਆ-ਰੂਪ ਦੱਖਣੀ ਹਿੰਦੀ ਵਿਚ ਵੀ ਮਿਲਦੇ ਹਨ ।

(ਅ) ਪਟੀ ਵਿਚ, ਵਧੇਰੇ ਕਰਕੇ, ਸਾਧ-ਭਾਖਾ, ਹਿੰਦੀ ਦੇ ਪ੍ਰਯੋਗ ਹਨ :

੧. ਸਾਹਿਬੁ ਏਕੁ ਭਇਆ ੨. ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ ੩. ਮਨ ਕਾਹੇ ਭੂਲੇ ੪. ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ੫. ਜੋ ਗੁਰਮੁਖਿ ਬੂਝੇ ਤਿਸੁ ਸਿਰਿ

ਲੇਖੁ ਨ ਹੋਈ ੬. ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ੭. ਸਰਬ ਜੀਆ ਮਹਿ ਏਕੋ ਜਾਣੈ ੮. ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ੯. ਜਮ ਰਾਜੇ ਕੇ ਹੇਰੂ ਆਏ ੧੦. ਕਰਿ ਖਰੀਦਿ ਜਿਨਿ ਖਰਚੁ ਦੀਆ ੧੧. ਤਈਂ ਕੀਆ ੧੨. ਸਬਦਿ ਗੁਰੂ ਕੇ ਲਾਗਿ ਰਹੇ ੧੩. ਇਨ ਬਿਧਿ ਸਾਹਿਬੁ ਰਮਤੁ ਰਹੈ ੧੪. ਤੇਰਾ ਕੀਆ ਭਰਮੁ ਹੋਆ ੧੫. ਜਜੈ ਜਾਨੁ ਮੰਗਤ ਜਨੁ ਜਾਚੈ ੧੬. ਮਰਹੁ ਕਿਆ ਪ੍ਰਾਣੀ ੧੭. ਏਕੋ ਲੇਵੈ ਏਕੋ ਦੇਵੈ ੧੮. ਏਕੋ ਰਵਿ ਰਹਿਆ ਸਭੁ ਥਾਈ ਏਕੁ ਵਸਿਆ ਮਨ ਮਾਹੀ ੧੯. ਟੰਚੁ ਕਰਹੁ ਕਿਆ ਪ੍ਰਾਣੀ ੨੦. ਭਾਜਿ ਪੜਹੁ ਤੁਮ ਹਰਿ ਸਰਣਾ ੨੧. ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ ਕਾ ਚਿਤੁ ਲਾਗਾ ੨੨. ਡੰਫੁ ਕਰਹੁ ਕਿਆ ਪ੍ਰਾਣੀ ੨੩. ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ੨੪. ਤਾ ਕਾ ਅੰਤੁ ਨ ਪਾਇਆ ੨੫. ਹਮ ਬੂਝਹਿ ਤਾਰਿ ਲੇਹਿ ਤਾਰਣ ਰਾਇਆ ੨੬. ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ ੨੭. ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ੨੮. ਨਾ ਡੀਠਾ ਨ ਸੰਮ੍ਹਲਿਆ ੨੯. ਕੰਤੁ ਨ ਕਬਹੂ ਮੈ ਮਿਲਿਆ ੩੦. ਮੀਠਾ ਮਾਇਆ ਮੋਹ ਕੀਆ ੩੧. ਹਰਿ ਨਾਮੁ ਲੀਆ।

(ੲ) ਕੋਈ ਬਾਲਕ ਪਰਿਨਿਸ਼ਠ (Classical) ਸ਼ਬਦਾਵਲੀ ਦੀ ਵਰਤੋਂ ਧਾਰਾ-ਵਾਹਕ ਰੂਪ ਵਿਚ ਨਹੀਂ ਕਰ ਸਕਦਾ ਅਤੇ ਬਿਨਾਂ ਅਭਿਆਸ ਤੇ ਸਿੱਖਿਆ ਦੇ ਬਦੇਸੀ ਬੋਲੀਆਂ ਦਾ ਜਾਣਕਾਰ ਨਹੀਂ ਹੋ ਸਕਦਾ। ਵੇਖੋ, ਆਸਾ ਪਟੀ ਵਿੱਚੋਂ ਵਿਦਵਤਾ-ਪਰਕ ਪਰਿਨਿਸ਼ਠ ਸ਼ਬਦਾਵਲੀ :

(i) ਸੰਸਕ੍ਰਿਤ :

ਸ੍ਰਿਸ਼ਟਿ; ਸਰਬ; ਮੂੜ੍ਹ; ਆਦਿ ਪੁਰਖੁ; ਉਪਮਾ; ਗਿਆਨ; ਪੰਡਿਤ; ਕੇਸ; ਪੁੰਡਰ; ਪ੍ਰਾਣੀ; ਛਾਇਆ (ਛਾਂ); ਅੰਤਰਿ; ਸਰਬ ਨਿਰੰਤਰਿ; ਹਰਿ ਗੁਣ; ਪੁਨਰਪਿ; ਭਵਜਲ; ਥਾਨਿ ਥਾਨੰਤਰਿ; ਮਧੁ ਸੂਦਨ; ਸਮ; ਵਾਸਦੇਉ; ਪਰਮੇਸਰੁ; ਅਨੁਦਿਨੁ; ਗੁਰਮੁਖ; ਪਰਪੰਚ; ਗੋਇ (ਜੀਭ)

(ii) ਫ਼ਾਰਸੀ-ਅਰਬੀ :

ਖੁੰਦਕਾਰੁ (ਖ਼ੁਦਾਵੰਦਗਾਰ); ਸਾਹ ਆਲਮੁ ; ਤਈਂ (ਨਿਸ਼ਚਿਤ) ; ਸਾਇਰ

[੯] ਗੁਰੂ ਨਾਨਕ ਜੀ ਦੀ ਪਟੀ ਦੀ ਤੁਲਨਾ ਵਿਚ, ਗੁਰੂ ਅਮਰ ਦਾਸ ਜੀ ਦੀ ਪਟੀ ਵਧੇਰੇ ਪੰਜਾਬੀ-ਪ੍ਰਧਾਨ ਹੈ। ਵਿਚਾਰ ਵੀ ਵਧੇਰੇ ਸਰਲ ਤੇ ਸ਼ਬਦਾਵਲੀ ਵੀ ਸੌਖੇਰੀ ਹੈ।

[੧੦] ਨਾਨਕ ਕਹਿਆ—'ਪਾਂਧਾ ਤੂੰ ਕਿਛ ਪੜ੍ਹਿਆ ਹੈਂ ਜੋ ਮੇਰੇ ਤਾਈਂ ਪੜ੍ਹਾ-ਉਂਦਾ ਹੈਂ ?'
ਤਬ ਪਾਂਧੇ ਕਹਿਆ—'ਮੈਂ ਸੱਭੋ ਕਿਛ ਪੜ੍ਹਿਆ ਹਾਂ ਜੋ ਕਿਛ ਹੈ, ਬੇਦ ਸਾਸ-ਤਰ ਪੜ੍ਹਿਆ ਹਾਂ। ਜਮਾਂ, ਖਰਚ, ਰੋਜ਼ਨਾਮਾ, ਖਾਤਾ, ਲੇਖਾ, ਮੈਂ ਸਭ ਕਿਛ ਪੜ੍ਹਿਆ ਹਾਂ।' ਤਬ ਬਾਬੇ ਕਹਿਆ 'ਪਾਂਧਾ! ਪੜ੍ਹੇ ਗਲ ਫਾਹੇ ਪਉਂਦੇ ਹੈਨ*।
ਇਹ ਪੜ੍ਹਨਾ ਹੈ ਸਭ ਬਾਦ।' (ਪੰਨਾ ੪, ਪੁਰਾਤਨ ਜਨਮ ਸਾਖੀ)

ਇਸ ਬ੍ਰਿਤਾਂਤ ਵਿੱਚੋਂ ਜਿਸ ਸੂਝ ਦਾ ਚਿਤਰ ਦਿੱਸਦਾ ਹੈ ਉਹ ਪਟੀ ਵਿਚ ਆਏ ਗੁਰੂ ਨਾਨਕ ਦੇਵ ਜੀ ਦੇ ਆਪਣੇ ਉਪਦੇਸ਼ ਦੇ ਅਨੁਕੂਲ ਨਹੀਂ ਹੈ :

੧. ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ।
ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥੮॥

੨. ਭਰਮੁ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨ ਗੁਰੂ ਮਿਲਿਆ ॥੧੮

ਇਸ ਲਈ ਇੱਥੇ ਪ੍ਰਥਾਇ ਬਣਾਉਣ ਤੇ ਉਥਾਨਿਕਾ ਸਜਾਉਣ ਦਾ ਉਚੇਚ ਠੀਕ ਤਰ੍ਹਾਂ ਯੁਕਤ ਨਹੀਂ ਦਿੱਸਦਾ। ਪਾਂਧੇ ਨੂੰ ਉਪਦੇਸ਼ ਦੇਣ ਦੀ ਤੀਬਰਤਾ ਤਾਂ ਮ. ੩ ਦੀ ਪੱਟੀ ਵਿਚ ਸਗੋਂ ਵਧੇਰੇ ਹੈ :

[੧੧] ਗੁਰੂ ਨਾਨਕ ਦੇਵ ਦੇ ਨਿਮਨ-ਲਿਖਿਤ ਦਾਰਸ਼ਨਿਕ ਵਿਚਾਰ ਉਨ੍ਹਾਂ ਦੇ ਵਿਸ਼ਾਲ ਅਨੁਭਵ, ਗੂੜ੍ਹ ਅਧਿਐਨ ਅਤੇ ਪ੍ਰੌੜ੍ਹ ਚਿੰਤਨ ਦੇ ਲਖਾਇਕ ਹਨ :

੧. ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ ॥੩॥
੨. ਸਰਬ ਜੀਆ ਮਹਿ ਏਕੋ ਜਾਣੈ ਤ ਹਉਮੈ ਕਹੈ ਨ ਕੋਈ ॥੪॥
੩. ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ ॥੬॥
੪. ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥੧੩॥
੫. ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥੧੬॥
੬. ਗੁਰ ਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥੨੫॥
੭. ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ ॥੩੦॥

ਗੂੜ੍ਹ ਸ਼ੈਲੀ ਦੇ ਕੁੱਝ ਨਮੂਨੇ ਵੇਖੋ :

੮. ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿੰਦੁ ਗਰਬਿ ਭਇਆ
ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਨ ਵਾਹੈ ਤਈ ਕੀਆ ॥੭॥

ਅਰਥਾਤ ਜਿਸ ਬੰਦੇ ਦੀ ਗੋਇ (ਜੀਭ) ਹਰਿ ਜਸ ਗਾਉਣਾ ਛੱਡ ਦਿੰਦੀ ਹੈ ਅਤੇ ਉਹ ਹਉਮੈ ਗਰਬ ਵਿਚ ਪੈ ਕੇ ਕੇਵਲ ਗੱਲਾਂ ਨਾਲ ਹੀ ਗੋਬਿੰਦ-ਪ੍ਰਾਪਤੀ ਚਾਹੁੰਦਾ ਹੈ,

*ਇਹ ਭਾਵ ਤਾਂ ਮ. ੩ ਦੀ ਪੱਟੀ ਦਾ ਹੈ—'ਪਹਿਲਾ ਫਾਹਾ ਪਇਆ ਪਾਧੇ ਪਿਛੋ ਦੈ ਗਲਿ ਚਾਟੜਿਆ ॥੫॥ (ਪੰ. ੪੩੫)

ਅਜਿਹੇ ਕੱਚੇ ਬੰਦੇ ਨੂੰ, ਪਕਾਉਣ ਲਈ, ਉਹ ਘੜਨ ਵਾਲਾ, ਉਸ ਨੂੰ ਠੀਕ ਥਾਂ ਨਜਿੱਠ ਕੇ, ਆਵੀ ਦੇ ਵਿਚ ਸਜਾ ਦਿੰਦਾ ਹੈ ।

੨. ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ
ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ ॥੨੨॥

ਅਰਥਾਤ ਜਿਸ ਪਰਮੇਸ਼ਰ ਨੇ ਅਪਣੀ ਰੂਪ ਸਾਜਣ ਵਾਲੀ ਸ਼ਕਤੀ ਧਾਰ ਛੱਡੀ ਹੈ ਉਸ ਨੇ ਹਰੇਕ ਚੀਜ਼ ਨੂੰ ਰੰਗ ਬਰੰਗਾ ਬਣਾ ਦਿੱਤਾ ਹੈ । ਉਸ ਦਾ ਪ੍ਰਦਾਨ ਕੀਤਾ ਸਭ ਪ੍ਰਾਪਤ ਕਰਦੇ ਹਨ, ਆਪਣੇ ਆਪਣੇ ਕਰਮਾਂ ਅਨੁਸਾਰ ।

੩. ਮੰਮੈ ਮੋਹੁ ਮਰਣ ਮਧੁ ਸੂਦਨੁ ਮਰਣੁ ਭਇਆ ਤਬ ਚੇਤਵਿਆ
ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ ॥੨੮॥

ਮੋਹ ਦੇ ਕਾਰਣ, ਮਧੁ ਰਾਕਸ਼ ਦੇ ਮਾਰਨ ਵਾਲਾ ਕ੍ਰਿਸ਼ਨ (ਪ੍ਰਭੂ), ਅਤੇ ਮਰਨ ਦੀ ਗੱਲ ਮਨੁੱਖ ਨੂੰ ਭੁੱਲ ਜਾਂਦੀ ਹੈ, ਜਦੋਂ ਮਰਨ ਦਾ ਵੇਲਾ ਆ ਢੁੱਕਦਾ ਹੈ ਤਦੋਂ ਯਾਦ ਆਉਂਦੀ ਹੈ ਕਿ ਆਪਣਾ ਮਰਨਾ ਤੇ ਆਪਣਾ ਭਗਵਾਨ ਧਿਆਨ ਵਿਚ ਹੋਣੇ ਚਾਹੀਦੇ ਹਨ । ਉਹ ਕਾਇਆ-ਧਾਰੀ ਹੋ ਕੇ ਵਿਕਾਰਾਂ ਵਿਚ ਪੈ ਗਿਆ ਅਤੇ ਮ—ਮਰਣ ਅਤੇ ਮ—ਮਧੁ ਸੂਦਨ ਵਿੱਸਰ ਗਿਆ ।

[੧੨] ਵੱਡੀ ਵਰੇਸ ਦੇ ਨਿਰੀਖਣ, ਅਨੁਭਵ ਤੇ ਰੂਪਕ ਸ਼ੈਲੀ ਦੇ ਨਮੂਨੇ :

(ੳ) ੧. ਬੇੜੀ ਤੁਲਹਾ :

ਤਤੇ ਤਾਰੂ ਭਵਜਲੁ ਹੋਆ ਤਾ ਕਾ ਅੰਤੁ ਨ ਪਾਇਆ ।
ਨ ਤਰਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ ॥੧੮॥

੨. ਜੂਆ :

ਜੂਐ ਜਨਮ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ ॥

੩. ਚਉਪੜ :

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥੨੬॥

(ਅ) ਸ਼ਿੰਗਾਰ-ਰਸ ਦੇ ਸੰਜੋਗ-ਵਿਜੋਗ ਵਾਲੇ ਪੱਖ ਦੀ ਜਾਣ ਪਛਾਣ ਅਤੇ ਉਸ ਦਾ ਰਹੱਸਵਾਦੀ ਵਰਣਨ, ਬਾਲੜੀ ਉਮਰ ਵਿਚ ਕਰ ਸੱਕਣਾ ਸਾਰੀਆਂ ਮਨੋ-ਵਿਗਿਆਨਿਕ ਵਿਸ਼ਲੇਸ਼ਣ-ਪੱਧਤੀਆਂ ਦੇ ਪ੍ਰਤਿਕੂਲ ਹੈ । ਇਹ ਉਦਾਹਰਣ ਵੇਖੋ :

ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ।
ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥੨੩॥

ਕੁੱਝ ਟੁਕਾਂ ਵਿਚ ਤਾਂ ਪਕੇਰੀ ਉਮਰ ਦੇ ਸਪਸ਼ਟ ਸੰਕੇਤ ਵੀ ਲੱਭਦੇ ਹਨ, ਜਿਵੇਂ :

੧. ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ

ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥੫॥

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥

ਇਸ ਚਰਚਾ ਤੋਂ ਲੇਖਕ ਦਾ ਮੰਤਵ ਇਹ ਹੈ ਕਿ ਪਾਰਖ ਤੇ ਖੋਜੀ ਸੱਜਣ ਪ੍ਰਚਲਿਤ ਸਾਖੀਆਂ ਨਾਲੋਂ ਗੁਰਬਾਣੀ ਦੀ ਅੰਦਰਲੀ ਸਾਖੀ ਉੱਤੇ ਵਧੇਰੇ ਵਿਚਾਰ-ਵਟਾਂਦਰਾ ਕਰ ਕੇ ਤੱਥ ਨਿਜਿੱਠਣ ਦਾ ਪ੍ਰਯਤਨ ਕਰਨ ।

ਇਹ ਲੇਖ ਇਕ ਸੁਝਾਉ ਹੈ, ਨਿਰਣਾ ਨਹੀਂ ।

## ਸਾਡੇ ਹੋਰ ਲੇਖਕ

**ਸੰਤ ਸਿੰਘ ਸੇਖੋਂ**— ਪੰਜਾਬੀ ਦੇ ਪ੍ਰਸਿੱਧ ਅਧਿਆਪਕ, ਸਾਹਿੱਤਕਾਰ ਤੇ ਆਲੋਚਕ ।
ਪਤਾ: ਬੱਸੀ ਪਠਾਣਾਂ, ਜ਼ਿਲਾ ਪਟਿਆਲਾ

**ਜੈ ਭਗਵਾਨ ਗੋਇਲ**—ਕੁਰੂਕਸ਼ੇਤ੍ਰ ਯੂਨੀਵਰਸਿਟੀ, ਕੁਰੂਕਸ਼ੇਤ੍ਰ, ਜ਼ਿਲਾ ਕਰਨਾਲ ਦੇ ਹਿੰਦੀ ਵਿਭਾਗ ਵਿਚ ਲੈਕਚਰਰ । ਪੰਜਾਬ ਯੂਨੀਵਰਸਿਟੀ ਤੋਂ ਭਾਈ ਸੰਤੋਖ ਸਿੰਘ ਉੱਤੇ ਖੋਜ ਪੱਤਰ ਲਿਖ ਕੇ ਪੀ-ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ।

**ਹਰਿਭਜਨ ਸਿੰਘ**— ਪ੍ਰਸਿੱਧ ਕਵੀ, ਆਲੋਚਕ ਤੇ ਅਨੁਵਾਦਕ; ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਦੇਵ ਨਗਰ, ਦਿੱਲੀ ਦੇ ਹਿੰਦੀ ਵਿਭਾਗ ਦੇ ਅਧਿਅੱਖ । ਦਿੱਲੀ ਯੂਨੀਵਰਸਿਟੀ ਨੇ ਇਨ੍ਹਾਂ ਦੀ ਖੋਜ ਉੱਤੇ ਡਾਕਟਰੀ ਦੀ ਡਿਗਰੀ ਪ੍ਰਦਾਨ ਕੀਤੀ । ਵਿਸ਼ਾ ਸੀ : 'ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਕਾਵਯ ਕਾ ਆਲੋਚਨਾਤਮਕ ਅਧਯਯਨ (ਸਤਾਰ੍ਹਵੀਂ ਔਰ ਅਠਾਰ੍ਹਵੀਂ ਸ਼ਤਾਬਦੀਆਂ) ।

**ਸੀਤਾ ਰਾਮ ਬਾਹਰੀ**—ਪ੍ਰਸਿੱਧ ਵਿਦਵਾਨ; ਦਯਾਨੰਦ ਮਥਰਾਦਾਸ ਕਾਲਜ, ਮੋਗਾ, ਜ਼ਿਲਾ ਫ਼ੀਰੋਜ਼ਪੁਰ ਵਿਚ ਹਿੰਦੀ ਵਿਭਾਗ ਦੇ ਅਧਿਅੱਖ ਹਨ ।

**ਸਾਹਿਬ ਸਿੰਘ**— ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮੁੱਖ ਟੀਕਾਕਾਰ, ਵਿਆਖਿਆਕਾਰ ਤੇ ਵਿਆਕਰਣ-ਗਿਆਤਾ ।
ਪਤਾ : ੭੧੯/੧੪, ਰਾਜ ਵਾਲਾ ਖੂਹ, ਜੀ. ਟੀ. ਰੋਡ, ਅਮ੍ਰਿਤਸਰ ।

# ਸ੍ਰੀ ਗੁਰੂ ਨਾਨਕ ਦੇਵ ਜੀ

ਸਾਹਿਬ ਸਿੰਘ

## ਜਨਮ ਅਸਥਾਨ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ, ਪਿੰਡ ਤਲਵੰਡੀ ਵਿਚ, ਵੈਸਾਖ ਸੁਦੀ ੩, ਸੰਮਤ ੧੫੨੬ ਨੂੰ ਹੋਇਆ। ਪ੍ਰਵਿਸ਼ਟਾ ਮਹੀਨਾ ਵੈਸਾਖ ਦੀ ੨੦ ਤਾਰੀਖ਼ ਸੀ। ਈਸਵੀ ਸੰਨ ੧੪੬੯ ਸੀ, ਮਹੀਨਾ ਅਪ੍ਰੈਲ ਦੀ ੧੫ ਤਾਰੀਖ਼, ਦਿਨ ਛਨਿੱਛਰਵਾਰ ਸੀ। ਤਲਵੰਡੀ ਦਾ ਪਹਿਲਾ ਨਾਮ 'ਰਾਇਪੁਰ' ਸੀ, ਫਿਰ 'ਰਾਇ ਭੋਇ' ਦੀ ਤਲਵੰਡੀ ਨਾਮ ਪ੍ਰਸਿੱਧ ਹੋਇਆ। ਸਤਿਗੁਰੂ ਨਾਨਕ ਦੇਵ ਜੀ ਦਾ ਜਨਮ-ਅਸਥਾਨ ਹੋਣ ਕਰਕੇ ਹੁਣ ਇਸ ਦਾ ਨਾਮ 'ਨਨਕਾਣਾ ਸਾਹਿਬ' ਹੈ। ਨਨਕਾਣਾ ਸਾਹਿਬ, ਲਾਹੌਰ ਤੋਂ ੪੮ ਮੀਲ ਪੱਛਮ ਵੱਲ ਹੈ। ਲਾਹੌਰ ਤੋਂ ਜੜ੍ਹਾਂਵਾਲੇ ਨੂੰ ਜਾਣ ਵਾਲੀ ਰੇਲਵੇ ਲਾਈਨ ਉੱਤੇ ਨਨਕਾਣਾ ਸਾਹਿਬ ਰੇਲ ਦਾ ਸਟੇਸ਼ਨ ਹੈ, ਜ਼ਿਲਾ ਸ਼ੇਖ਼ੂਪੁਰਾ। ਕਿਲ੍ਹਾ ਸ਼ੇਖ਼ੂਪੁਰਾ ਜੰਕਸ਼ਨ ਤੋਂ ਇਕ ਲਾਈਨ, ਸਾਂਗਲੇ ਦੇ ਰਸਤੇ, ਲਾਇਲਪੁਰ ਨੂੰ ਜਾਂਦੀ ਹੈ। ਦੂਜੀ ਲਾਈਨ ਨਨਕਾਣਾ ਸਾਹਿਬ, ਜੜ੍ਹਾਂਵਾਲੇ ਦੇ ਰਸਤੇ, ਲਾਇਲਪੁਰ ਨੂੰ ਜਾਂਦੀ ਹੈ।

ਰਾਇ ਭੋਇ, ਭੱਟੀ ਮੁਸਲਮਾਨ ਸਰਦਾਰ, ਤਲਵੰਡੀ ਦੇ ਆਸ ਪਾਸ ਦੇ ਇਲਾਕੇ ਦਾ ਮਾਲਕ ਸੀ। ਮੁਸਲਮਾਨਾਂ ਦੇ ਰਾਜ ਸਮੇਂ ਬਹੁਤ ਸਾਰੇ ਭੱਟੀ ਰਾਜਪੂਤ ਮੁਸਲਮਾਨ ਹੋ ਗਏ ਸਨ, ਜਿਨ੍ਹਾਂ ਵਿੱਚੋਂ ਪਿੰਡੀ ਭੱਟੀਆਂ, ਜ਼ਿਲਾ ਗੁਜਰਾਤ ਦਾ ਦੁੱਲਾ ਭੱਟੀ ਅਤੇ ਉਸ ਦਾ ਪੁੱਤਰ ਕਮਾਲ ਖ਼ਾਨ ਇਤਿਹਾਸ ਵਿਚ ਪ੍ਰਸਿੱਧ ਹਨ।

## ਪਹਿਲਾ ਪਿੰਡ

ਗੁਰੂ ਨਾਨਕ ਸਾਹਿਬ ਦੇ ਪਿਤਾ ਦਾ ਨਾਮ ਬਾਬਾ ਕਾਲੂ ਜੀ ਸੀ। ਇਤਿਹਾਸ ਵਿਚ ਉਨ੍ਹਾਂ ਨੂੰ ਕਲਿਆਣ ਰਾਇ ਅਤੇ ਕਾਲੂ ਰਾਇ ਕਰਕੇ ਲਿਖਿਆ ਹੈ। ਰਾਇ ਭੋਇ ਦੇ ਪੁੱਤਰ ਰਾਇ ਬੁਲਾਰ ਪਾਸ ਪਟਵਾਰੀ ਦੇ ਅਹੁਦੇ ਉੱਤੇ ਮੁਲਾਜ਼ਮਤ ਦੇ

ਕਾਰਣ ਇਹ ਤਲਵੰਡੀ ਰਹਿੰਦੇ ਸਨ। ਇਨ੍ਹਾਂ ਦਾ ਅਸਲੀ ਪਿੰਡ ਜ਼ਿਲਾ ਅੰਮ੍ਰਿਤਸਰ, ਤਹਸੀਲ ਤਰਨ ਤਾਰਨ ਵਿਚ ਸੀ। ਉਸ ਪਿੰਡ ਦਾ ਨਾਮ 'ਪੱਠੇ ਵਿੰਡ' ਸੀ, ਤਰਨ ਤਾਰਨ ਤੋਂ ੧੦ ਮੀਲ ਪੂਰਬ-ਦੱਖਣ ਦੀ ਗੁੱਠ ਵਿਚ। ਪੱਠੇ ਵਿੰਡ ਪਿੰਡ, ਲਾਹੌਰ ਦੇ ਉੱਤਰ ਪਾਸੇ ਅਤੇ ਜਾਮਾਰਾਇ ਤੋਂ ਡੇਢ ਮੀਲ ਲਹਿੰਦੇ ਪਾਸੇ ਸੀ। ਹੁਣ ਉੱਥੇ ਗੁਰੂ ਨਾਨਕ ਜੀ ਦਾ ਗੁਰਦੁਆਰਾ ਹੈ। ਨਾਮ ਡਿਹਰਾ ਸਾਹਿਬ ਹੈ। ਸਥਾਨਕ ਸੰਗਤ ਦੇ ਉੱਦਮ ਨਾਲ ਇਕ ਖ਼ਾਲਸਾ ਹਾਈ ਸਕੂਲ ਭੀ ਬਣ ਗਿਆ ਹੈ।

## ਨਾਨਕਾ ਪਿੰਡ

ਸਤਿਗੁਰੂ ਨਾਨਕ ਸਾਹਿਬ ਦੀ ਮਾਤਾ ਦਾ ਨਾਮ 'ਤ੍ਰਿਪਤਾ' ਸੀ। ਮਾਤਾ ਤ੍ਰਿਪਤਾ ਜੀ ਦਾ ਪੇਕਾ ਪਿੰਡ ਚਾਹਲ, ਜ਼ਿਲਾ ਤਹਸੀਲ ਲਾਹੌਰ ਵਿਚ ਹੈ। ਲਾਹੌਰ ਛਾਉਣੀ ਤੋਂ ਅੱਠ ਮੀਲ ਦੀ ਵਿੱਥ ਉੱਤੇ ਪੂਰਬ ਦੱਖਣ ਪਾਸੇ। ਸਤਿਗੁਰੂ ਜੀ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਦਾ ਜਨਮ ਇਸੇ ਪਿੰਡ ਵਿਚ ਸੰਨ ੧੪੬੪ ਵਿਚ ਹੋਇਆ ਸੀ। ਬੀਬੀ ਨਾਨਕੀ ਜੀ ਗੁਰੂ ਨਾਨਕ ਦੇਵ ਜੀ ਨਾਲੋਂ ਪੰਜ ਸਾਲ ਵੱਡੇ ਸਨ। ਨਾਨਕਾ ਪਿੰਡ ਹੋਣ ਕਰਕੇ ਸਤਿਗੁਰੂ ਜੀ ਕਈ ਵਾਰੀ ਚਾਹਲ ਆਉਂਦੇ ਜਾਂਦੇ ਰਹੇ। ਉਨ੍ਹਾਂ ਦੀ ਯਾਦ ਵਿਚ ਉੱਥੇ ਇਕ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ।

## ਵਿਦਿਆ

ਸੱਤ ਸਾਲਾਂ ਦੀ ਉਮਰੇ ਗੁਰੂ ਨਾਨਕ ਦੇਵ ਜੀ ਦੇ ਪਿਤਾ ਨੇ ਪਹਿਲਾਂ ਇਨ੍ਹਾਂ ਨੂੰ ਗੋਪਾਲ ਪੰਡਿਤ ਪਾਸ ਹਿੰਦੀ ਪੜ੍ਹਨ ਬਿਠਾਇਆ, ਫੇਰ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਪੜ੍ਹਨ। ਜਦੋਂ ਸਤਿਗੁਰੂ ਜੀ ਦੀ ਉਮਰ ਤੇਰ੍ਹਾਂ ਸਾਲਾਂ ਦੀ ਹੋਈ, ਤਾਂ ਸੰਮਤ ੧੫੩੯ ਵਿਚ ਉਨ੍ਹਾਂ ਨੂੰ ਤਲਵੰਡੀ ਦੇ ਮੌਲਵੀ ਕੁਤਬੁੱਦੀਨ ਪਾਸ ਫ਼ਾਰਸੀ ਪੜ੍ਹਨ ਲਈ ਬਿਠਾਇਆ ਗਿਆ। ਗੁਰੂ ਨਾਨਕ ਦੇਵ ਜੀ ਦੀ ਅੱਤ ਉੱਚੇ ਦਰਜੇ ਦੀ ਤੀਖਣ ਬੁੱਧੀ ਵੇਖ ਕੇ ਇਹ ਤਿੰਨੇ ਉਸਤਾਦ, ਆਪੋ ਅਪਣੀ ਵਾਰੀ, ਬੜੇ ਹੈਰਾਨ ਹੋਏ। ਨਿਰਾ ਦਿਮਾਗ਼ ਹੀ ਰੌਸ਼ਨ ਨਹੀਂ ਸੀ, ਸਤਿਗੁਰੂ ਜੀ ਨੂੰ ਆਤਮਕ ਜੀਵਨ ਦੀ ਭੀ ਬੜੀ ਸੂਝ ਸੀ। ਗੁਰੂ ਨਾਨਕ ਦੇਵ ਜੀ ਦਾ ਬਾਲ ਉਮਰ ਦਾ ਗੰਭੀਰ ਜੀਵਨ ਤੱਕ ਕੇ ਨਗਰ ਦੇ ਸਾਰੇ ਹਿੰਦੂ ਮੁਸਲਮਾਨ ਸਿਰ ਨਿਵਾਉਣ ਲੱਗ ਪਏ। ਰਾਇ ਬੁਲਾਰ ਭੀ ਆਖਣ ਲੱਗ ਪਿਆ ਕਿ ਇਸ ਬਾਲਕ ਉੱਤੇ ਖ਼ੁਦਾ ਦੀ ਖ਼ਾਸ ਰਹਮਤ ਹੈ।

## ਜਨੇਊ

ਤਕਰੀਬਨ ਹਰੇਕ ਧਰਮ ਅਨੁਸਾਰ ਮਨੁੱਖ ਦੇ ਦੋ ਜਨਮ ਮਿੱਥੇ ਗਏ ਹਨ, ਇਕ ਸਰੀਰਿਕ ਜਨਮ, ਜੋ ਹਰੇਕ ਜੀਵ ਨੂੰ ਆਪਣੀ ਮਾਂ ਤੋਂ ਮਿਲਦਾ ਹੈ, ਦੂਜਾ ਆਤਮਕ ਜਨਮ ਜਿਸ ਦੀ ਪ੍ਰਾਪਤੀ ਵਾਸਤੇ ਖ਼ਾਸ ਉਮਰ ਉੱਤੇ ਪਹੁੰਚ ਕੇ ਧਾਰਮਿਕ ਮਰਯਾਦਾ ਕਰਨੀ ਪੈਂਦੀ ਹੈ।

ਮੱਨੂ ਦੇ ਧਰਮ-ਸ਼ਾਸਤਰ ਅਨੁਸਾਰ ਬ੍ਰਾਹਮਣ, ਖੱਤਰੀ ਅਤੇ ਵੈਸ਼ ਵਾਸਤੇ ਆਤਮਕ
ਜਨਮ ਦੀ ਪ੍ਰਾਪਤੀ ਦੀ ਖ਼ਾਤਰ ਜਨੇਊ ਪਹਿਰਨ ਦੀ ਮਰਯਾਦਾ ਹੈ। ਸ਼ੂਦਰ ਨੂੰ
ਇਸ ਦਾ ਅਧਿਕਾਰ ਹੀ ਨਹੀਂ ਹੈ। ਮੱਨੂ ਦੇ ਮਤ ਅਨੁਸਾਰ ਬ੍ਰਾਹਮਣ ਦਾ ਜਨੇਊ ਕਪਾਹ
ਦਾ, ਖੱਤਰੀ ਦਾ ਜਨੇਊ ਸਣ ਦਾ ਅਤੇ ਵੈਸ਼ ਦਾ ਜਨੇਊ ਮੇਢੇ ਦੀ ਉੱਨ ਦਾ ਹੋਣਾ
ਚਾਹੀਦਾ ਹੈ।

ਸੂਤਰ ਨੂੰ ਵੱਟ ਕੇ, ਤਿਹਰਾ ਕਰ ਕੇ ਉਸ ਦੀ ਡੋਰ ਵੱਟਣੀ ਹੁੰਦੀ ਹੈ। ਇਹਨਾਂ
ਤਿਹਰੀਆਂ ਤਿੰਨ ਡੋਰਾਂ ਦਾ ਇਕ ਅਗ੍ਰ ਹੁੰਦਾ ਹੈ। ਦੋ ਅਗ੍ਰਾਂ ਦਾ ਇਕ ਜਨੇਊ ਬਣਦਾ
ਹੈ। ਜਨੇਊ ਖੱਬੇ ਮੋਢੇ ਤੋਂ ਪਹਿਨ ਕੇ ਸੱਜੀ ਵੱਖੀ ਵੱਲ ਲਟਕਾਇਆ ਜਾਂਦਾ ਹੈ।
ਪਰ ਪਿੱਤਰੀ-ਕਰਮ ਕਰਨ ਵੇਲੇ ਜਨੇਊ ਸੱਜੇ ਮੋਢੇ ਤੇ ਪਹਿਨੀਦਾ ਹੈ।

ਮਰਯਾਦਾ ਅਨੁਸਾਰ ਬ੍ਰਾਹਮਣ ਦਾ ਜਨੇਊ-ਸੰਸਕਾਰ, ਗਰਭ ਤੋਂ ਲੈ ਕੇ ਅੱਠਵੇਂ ਸਾਲ
ਵਿਚ ਹੋਣਾ ਚਾਹੀਦਾ ਹੈ, ਖੱਤਰੀ ਦਾ ਯਾਰ੍ਹਵੇਂ ਸਾਲ ਅਤੇ ਵੈਸ਼ ਦਾ ਬਾਰ੍ਹਵੇਂ ਸਾਲ ਵਿਚ।
ਬ੍ਰਾਹਮਣ ਦਾ ਬਸੰਤ ਰੁੱਤੇ, ਖੱਤਰੀ ਦਾ ਗਰਮੀ ਦੀ ਰੁੱਤੇ ਅਤੇ ਵੈਸ਼ ਦਾ ਪਤਝੱੜ ਵਿਚ।

ਸੰਸਕਾਰ, ਆਦਿਕ ਕਰਮ ਕਰਾਉਣ ਲਈ ਹਰੇਕ ਹਿੰਦੂ ਘਰ ਦਾ ਇਕ ਪ੍ਰੋਹਿਤ
ਹੁੰਦਾ ਸੀ ਜੋ ਬ੍ਰਾਹਮਣ ਜਾਤੀ ਵਿੱਚੋਂ ਹੀ ਹੋ ਸਕਦਾ ਸੀ। ਬਾਬਾ ਕਾਲੂ ਜੀ ਦੇ ਘਰ ਦਾ
ਪ੍ਰੋਹਿਤ ਪੰਡਿਤ ਹਰਦਿਆਲ ਸੀ, ਜੋ ਤਲਵੰਡੀ ਦਾ ਹੀ ਵਸਨੀਕ ਸੀ। ਗੁਰੂ ਨਾਨਕ
ਦੇਵ ਜੀ ਦੀ ਜਨਮ-ਪਤ੍ਰੀ ਇਸੇ ਨੇ ਬਣਾਈ ਸੀ। ਜਨਮ-ਪਤ੍ਰੀ ਉਹ ਕਾਗਜ਼ ਹੁੰਦਾ ਹੈ
ਜਿਸ ਉੱਤੇ ਕਿਸੇ ਦੇ ਜਨਮ ਸਮੇਂ ਦੇ ਦਿਨ, ਥਿਤ, ਸਾਲ, ਯੋਗ ਕਰਣ, ਨਛੱਤਰ, ਰਾਸ
ਅਤੇ ਗ੍ਰਹਿਆਂ ਦੀ ਚੰਗੀ ਮੰਦੀ ਦਸ਼ਾ ਦਾ ਨਿਰਣਾ ਲਿਖਿਆ ਹੁੰਦਾ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਦਸਾਂ ਸਾਲਾਂ ਦੇ ਹੋਏ ਤਾਂ ਮਰਯਾਦਾ ਅਨੁਸਾਰ ਉਨ੍ਹਾਂ
ਨੂੰ ਜਨੇਊ ਪਾਉਣ ਲਈ ਪੰਡਿਤ ਹਰਦਿਆਲ ਨੂੰ ਸੱਦਿਆ ਗਿਆ। ਇਹ ਅਧਿਕਾਰ
ਪ੍ਰੋਹਿਤ ਦਾ ਹੀ ਹੁੰਦਾ ਹੈ।

ਘਰ ਵਿਚ ਪੁੱਤਰ ਦਾ ਜਨਮ ਧਰਮ-ਸ਼ਾਸਤਰਾਂ ਅਨੁਸਾਰ ਇਕ ਬੜੀ ਵਡਭਾਗਤਾ
ਹੈ। ਪੁੱਤਰ ਹੀ ਪਿੱਤਰਾਂ ਨੂੰ ਪੂ ਨਾਮ ਦੇ ਨਰਕ ਤੋਂ ਬਚਾਉਂਦਾ ਹੈ। ਪੁੱਤਰ ਹੀ ਪਿੱਤਰਾਂ
ਨਮਿੱਤ ਯੱਗ, ਸ਼੍ਰਾਧ ਆਦਿਕ ਕਰਨ ਦਾ ਅਧਿਕਾਰੀ ਹੈ। ਇਹ ਅਧਿਕਾਰ ਧੀ ਨੂੰ ਨਹੀਂ ਹੈ।
ਜਨੇਊ ਪਹਿਰਨ ਦਾ ਅਧਿਕਾਰ ਭੀ ਪੁੱਤਰ ਨੂੰ ਹੀ ਹੈ, ਧੀ ਨੂੰ ਨਹੀਂ। ਸੋ, ਜਿਵੇਂ
ਪੁੱਤਰ ਦਾ ਜਨਮ ਗ੍ਰਿਹਸਤੀ ਵਾਸਤੇ ਬੜੀ ਖ਼ੁਸ਼ੀ ਦਾ ਅਵਸਰ ਲਿਆਉਂਦਾ ਹੈ, ਤਿਵੇਂ
ਹੀ ਜਨੇਊ ਪਹਿਰਾਉਣ ਦੀ ਰੀਤ ਭੀ ਬੜੇ ਚਾਅ-ਮਲ੍ਹਾਰ ਵਾਲੀ ਹੁੰਦੀ ਹੈ। ਸਾਰੇ ਸਾਕ-
ਅੰਗ ਸੱਦੇ ਜਾਂਦੇ ਹਨ, ਵਿਆਹ ਸ਼ਾਦੀ ਵਾਂਗ ਹੀ ਖਾਣ ਪਕਾਉਣ ਦੇ ਬੜੇ ਉਚੇਚ ਕੀਤੇ
ਜਾਂਦੇ ਹਨ। ਸਰਦੇ-ਪੁੱਜਦੇ ਘਰਾਂ ਵਿਚ ਮਾਸ ਵੀ ਬਣਦਾ ਹੈ। ਬਾਬਾ ਕਾਲੂ ਜੀ ਨੇ
ਭੀ ਸਾਰੇ ਸਾਕ ਅੰਗ ਸੱਦੇ।

## ਅਦੁੱਤੀ ਦ੍ਰਿੜ੍ਹਤਾ

ਤਲਵੰਡੀ ਵਿਚ ਗੁਰੂ ਨਾਨਕ ਦੇਵ ਜੀ ਦੀ ਰੌਸ਼ਨ-ਦਿਮਾਗੀ ਦੀ ਚਰਚਾ ਤਾਂ ਪਹਿਲਾਂ ਹੀ ਸੀ, ਪਰ ਕਿਸੇ ਨੂੰ ਅਜੇ ਇਹ ਨਹੀਂ ਸੀ ਪਤਾ ਕਿ ਦਸਾਂ ਸਾਲਾਂ ਦਾ ਬਾਲਕ ਹਿੰਦੂ-ਸ਼ਾਸਤਰਾਂ ਦੇ ਸਦੀਆਂ ਦੇ ਬਣੇ ਭਰਮ-ਭਾ ਦਾ ਟਾਕਰਾ ਕਰਨ ਨੂੰ ਤਿਆਰ ਹੋ ਪਏਗਾ।

ਜਦੋਂ ਨਗਰ ਦਾ ਸ਼ਰੀਕਾ, ਬਰਾਦਰੀ, ਨਗਰ ਦੇ ਪੈਂਚ ਅਤੇ ਸਾਰੇ ਸਾਕ-ਅੰਗ ਜੁੜ ਬੈਠੇ, ਤਾਂ ਪੁਰੋਹਿਤ ਹਰਦਿਆਲ ਨੇ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਹਿਨਾਉਣ ਲਈ ਸ਼ਾਸਤਰਾਂ ਦੀ ਰਹੁ-ਰੀਤੀ ਆਰੰਭ ਕੀਤੀ। ਸਤਿਗੁਰੂ ਜੀ ਭੀ ਪੰਡਿਤ ਦੇ ਪਾਸ ਬੈਠੇ ਹੋਏ ਸਭ ਕੁੱਝ ਵੇਖਦੇ ਰਹੇ। ਜਦੋਂ ਗ੍ਰਹਿ-ਪੂਜਾ, ਦੇਵ-ਪੂਜਾ, ਆਦਿਕ ਹੋ ਚੁੱਕੀਆਂ ਤਾਂ ਸਾਰੇ ਮੇਲ ਦੀਆਂ ਅੱਖਾਂ ਗੁਰੂ ਨਾਨਕ ਦੇਵ ਜੀ ਅਤੇ ਪੰਡਿਤ ਹਰਦਿਆਲ ਉੱਤੇ ਟਿਕ ਗਈਆਂ, ਜਨੇਊ ਪੈਂਦੇ ਸਾਰ ਸਭਨਾਂ ਨੇ ਬਾਬਾ ਕਾਲੂ ਅਤੇ ਮਾਤਾ ਤ੍ਰਿਪਤਾ ਜੀ ਨੂੰ ਵਧਾਈਆਂ ਦੇਣੀਆਂ ਸਨ। ਪੰਡਿਤ ਹਰਦਿਆਲ ਜਨੇਊ ਫੜ ਕੇ ਗੁਰੂ ਨਾਨਕ ਦੇਵ ਜੀ ਦੇ ਗਲ ਵਿਚ ਪਾਉਣ ਲੱਗਾ, ਪਰ ਭਰੀ ਸੱਥ ਵਿਚ ਉਨ੍ਹਾਂ ਨੇ ਪੰਡਿਤ ਜੀ ਦਾ ਹੱਥ ਰੋਕ ਦਿੱਤਾ,ਤੇ ਕਹਿਣ ਲਗੇ—ਪੰਡਿਤ ਜੀ ! ਜਨੇਊ ਪਾਇਆਂ ਸਾਡੇ ਲੋਕਾਂ ਦਾ ਦੂਜਾ ਜਨਮ ਹੁੰਦਾ ਹੈ, ਜਿਸ ਨੂੰ ਤੁਸੀਂ ਆਤਮਕ ਜਨਮ ਆਖਦੇ ਹੋ; ਤਾਂ ਫਿਰ ਉਹ ਜਨੇਊ ਭੀ ਕਿਸੇ ਹੋਰ ਕਿਸਮ ਦਾ ਹੀ ਚਾਹੀਦਾ ਸੀ, ਜੋ ਆਤਮਾ ਲਈ ਫਬਵਾਂ ਹੁੰਦਾ। ਜਿਹੜਾ ਜਨੇਊ ਤੁਸੀਂ ਮੈਨੂੰ ਦੇ ਰਹੇ ਹੋ, ਇਹ ਤਾਂ ਕਪਾਹ ਦੇ ਧਾਗੇ ਦਾ ਹੈ। ਇਹ ਮੈਲਾ ਭੀ ਹੋ ਜਾਏਗਾ, ਇਹ ਟੁੱਟ ਭੀ ਜਾਏਗਾ, ਇਸ ਨੂੰ ਵਟਾਉਣ ਦੀ ਲੋੜ ਭੀ ਪਏਗੀ। ਜਦੋਂ ਅੰਤ ਵੇਲੇ ਆਤਮਾ ਤੇ ਸਰੀਰ ਦਾ ਸਦੀਵੀ ਵਿਛੋੜਾ ਹੋਵੇਗਾ, ਇਹ ਜਨੇਊ ਸਰੀਰ ਦੇ ਨਾਲ ਹੀ ਚਿਖਾ ਵਿਚ ਸੜ ਜਾਏਗਾ ਫੇਰ ਇਹ ਜਨੇਊ ਆਤਮਕ ਜਨਮ ਲਈ ਕਿਵੇਂ ਹੋਇਆ ? ਗੱਲ ਬੜੀ ਸਾਦਾ ਸੀ, ਹਰੇਕ ਦੀ ਸਮਝ ਗੋਚਰੀ ਸੀ, ਪਰ ਅਜੇ ਤੱਕ ਬੜੇ ਬੜੇ ਸਿਆਣਿਆਂ ਨੂੰ ਭੀ ਕਦੇ ਅਹੁੜੀ ਨਹੀਂ ਸੀ। ਜੇ ਕਿਸੇ ਨੂੰ ਕਦੇ ਅਹੁੜੀ ਸੀ, ਤਾਂ ਹਿੰਮਤ ਨਹੀਂ ਸੀ ਪਈ ਕਿ ਸ਼ਾਸਤਰਾਂ ਦਾ ਟਾਕਰਾ ਕਰਦਾ।

ਦਸਾਂ ਸਾਲਾਂ ਦੇ ਬਾਲਕ ਨੇ ਸ਼ਾਸਤਰਾਂ ਦੇ ਅਧਿਕਾਰ ਨੂੰ ਵੰਗਾਰਿਆ। ਸਾਰੇ ਲੋਕ ਹੈਰਾਨ ਰਹਿ ਗਏ। ਪੰਡਿਤ ਨੇ ਬੜੇ ਮਿੱਠ ਬੋਲਾਂ ਨਾਲ ਗੁਰੂ ਨਾਨਕ ਦੇਵ ਜੀ ਨੂੰ ਪ੍ਰੇਰਣ ਦੇ ਜਤਨ ਕੀਤੇ। ਸਹੇ ਦੀ ਨਹੀਂ, ਉਸ ਨੂੰ ਤਾਂ ਪਹੇ ਦੀ ਪੈ ਗਈ ਸੀ। ਮਾਪਿਆਂ ਨੇ ਭੀ ਬੜੇ ਲਾਡ ਨਾਲ ਸਮਝਾਇਆ ਕਿ ਸ਼ਾਸਤਰਾਂ ਦਾ ਉਲੰਘਣ ਕਰਨਾ ਬੜਾ ਪਾਪ ਹੈ। ਪਿਆਰ ਭੀ ਕੀਤਾ ਗਿਆ, ਡਰਾਵੇ ਭੀ ਦਿੱਤੇ ਗਏ। ਪਰ ਗੁਰੂ ਨਾਨਕ ਦੇਵ ਜੀ ਆਪਣੇ ਇਰਾਦੇ ਉੱਤੇ ਦ੍ਰਿੜ੍ਹ ਰਹੇ। ਉਨ੍ਹਾਂ ਦਾ ਉੱਤਰ ਇਹੀ ਸੀ ਕਿ ਆਤਮਕ ਜਨਮ ਲਈ ਆਤਮਕ ਜਨੇਊ ਦੀ ਲੋੜ ਹੈ, ਜੇ ਪੰਡਿਤ ਜੀ ਦੇ ਪਾਸ ਉਹ ਜਨੇਊ ਮੌਜੂਦ ਹੈ ਤਾਂ ਬੇਸ਼ਕ ਦੇ ਦੇਣ, ਅਸੀਂ ਪਾ ਲੈਂਦੇ ਹਾਂ।

ਕਰਮ-ਕਾਂਡ ਦੇ ਸਦੀਆਂ ਦੇ ਬਣੇ ਪੱਕੇ ਭਰਮ-ਗੜ੍ਹ ਉੱਤੇ ਦਸਾਂ ਸਾਲਾਂ ਦੇ ਬਾਲਕ ਗੁਰੂ ਨਾਨਕ ਦੇਵ ਜੀ ਦੀ ਇਹ ਪਹਿਲੀ ਕਾਰੀ ਚੋਟ ਸੀ ; ਜੀਵਨ-ਸੰਗ੍ਰਾਮ ਵਿਚ ਇਹ ਪਹਿਲੀ ਜਿੱਤ ਸੀ, ਜੋ ਬਾਲਕ-ਗੁਰੂ ਨੇ ਆਪਣੀ ਦ੍ਰਿੜ੍ਹਤਾ ਦੇ ਬਲ ਨਾਲ ਹਾਸਿਲ ਕੀਤੀ ।

## ਮਹੀਆਂ ਚਾਰਨੀਆਂ

ਰਾਇ ਬੁਲਾਰ ਦਸਾਂ ਪਿੰਡਾਂ ਦਾ ਮਾਲਕ ਸੀ । ਉਸ ਦੇ ਪਿਤ੍ਰੀ ਰਾਇ ਭੋਇ ਨੂੰ, ਮੁਸਲਮਾਨ ਹੋ ਜਾਣ ਉੱਤੇ, ਹਕੂਮਤ ਵੱਲੋਂ ਇਹ ਜਾਗੀਰ ਮਿਲੀ ਸੀ । ਬਾਬਾ ਕਾਲੂ ਜੀ ਇਨ੍ਹਾਂ ਦਸਾਂ ਪਿੰਡਾਂ ਦੇ ਪਟਵਾਰੀ ਸਨ, ਰਾਇ ਬੁਲਾਰ ਨੇ ਕੁੱਝ ਜ਼ਮੀਨ ਦੀ ਮਾਲਕੀ ਭੀ ਇਨ੍ਹਾਂ ਨੂੰ ਦੇ ਦਿੱਤੀ ਸੀ । ਵਾਹੀ ਦਾ ਕੰਮ ਬਾਬਾ ਜੀ ਮੁਜ਼ਾਰਿਆਂ ਪਾਸੋਂ ਕਰਾਉਂਦੇ ਸਨ, ਪਰ ਕਿਉਂਕਿ ਸਰਕਾਰੀ ਕੰਮ ਵਿਚ ਇਨ੍ਹਾਂ ਨੂੰ ਸਦਾ ਬਾਹਰ ਦੀਆਂ ਜ਼ਮੀਨਾਂ ਨਾਲ ਹੀ ਵਾਹ ਪੈਂਦਾ ਸੀ, ਸੋ ਆਪਣੀ ਜ਼ਮੀਨ ਦੀ ਨਿਗਰਾਨੀ ਭੀ ਆਪ ਹੀ ਕਰ ਲਿਆ ਕਰਦੇ ਸਨ । ਜ਼ਮੀਨ ਇਨ੍ਹਾਂ ਦੀ, ਤਲਵੰਡੀ ਦੇ ਨੇੜੇ ਹੀ ਸੀ, ਜਿਸ ਕਰ ਕੇ ਗੁਰੂ ਨਾਨਕ ਦੇਵ ਜੀ ਭੀ ਛੋਟੀ ਉਮਰ ਤੋਂ ਹੀ ਆਪਣੇ ਖੇਤਾਂ ਵਿਚ ਫੇਰਾ-ਤੋਰਾ ਰੱਖਣ ਲੱਗ ਪਏ ਸਨ ।

ਲੋਕ ਬਾਹਰ ਦੀਆਂ ਖੁੱਲ੍ਹੀਆਂ ਜ਼ਮੀਨਾਂ ਵਿਚ ਲਵੇਰਾ ਆਮ ਰੱਖਿਆ ਕਰਦੇ ਸਨ । ਸਾਰੀ ਦੀ ਸਾਰੀ ਜ਼ਮੀਨ ਨਾ ਕੋਈ ਵਾਂਹਦਾ ਸੀ, ਨਾ ਇਤਨੀ ਲੋੜ ਜਾਪਦੀ ਸੀ । ਮਾਲ-ਡੰਗਰ ਦੇ ਚੰਰਨ ਵਾਸਤੇ ਖੁੱਲ੍ਹੇ ਖਿੱਤੇ ਹੁੰਦੇ ਸਨ । ਅਨਾਜ ਨਾਲੋਂ ਲੋਕ ਬੇਰ, ਪੀਲੂ, ਆਦਿਕ ਵਧੀਕ ਵਰਤਦੇ ਸਨ । ਦੁੱਧ ਵੱਲੋਂ ਬੇ-ਪਰਵਾਹੀ ਹੁੰਦੀ ਸੀ, ਪਰ ਜਿਤਨਾ ਕੁ ਫ਼ਸਲ ਲੋਕ ਬੀਜਦੇ ਸਨ, ਉਹ ਉਨ੍ਹਾਂ ਲਈ ਬੜਾ ਬਹੁ-ਮੁੱਲਾ ਹੁੰਦਾ ਸੀ ।

ਬਾਬਾ ਕਾਲੂ ਜੀ ਨੇ ਭੀ ਕਾਫ਼ੀ ਮਾਲ-ਡੰਗਰ ਰੱਖਿਆ ਹੋਇਆ ਸੀ । ਕਾਮੇ ਨੌਕਰ ਪਸ਼ੂਆਂ ਨੂੰ ਛੇੜ ਕੇ ਜੂਹ ਵਿਚ ਲੈ ਜਾਇਆ ਕਰਦੇ ਸਨ । ਪਿੰਡ ਦੇ ਹੋਰ ਬਾਲਕਾਂ ਵਾਂਗ ਗੁਰੂ ਨਾਨਕ ਦੇਵ ਜੀ ਭੀ ਕਈ ਵਾਰੀ ਪੜ੍ਹਨੋਂ ਛੁੱਟੀ ਹੋਣ ਉੱਤੇ ਕਾਮਿਆਂ ਦੇ ਨਾਲ ਮਾਲ ਦੇ ਪਿੱਛੇ ਚਲੇ ਜਾਂਦੇ ਸਨ । ਛੋਟੀ ਉਮਰ ਤੋਂ ਹੀ ਇਨ੍ਹਾਂ ਦੀ ਸੁਰਤ ਦਾ ਰੁਖ਼ ਕਰਤਾਰ ਦੀ ਯਾਦ ਵੱਲ ਸੀ ਪਰ ਬਾਰ ਦੇ ਵਣ, ਕਰੀਰ, ਜੰਡ, ਆਦਿਕ ਇਨ੍ਹਾਂ ਨੂੰ ਸਿਰਜਣਹਾਰ ਵੱਲ ਹੋਰ ਧੂਹ ਪਾਉਣ ਲਗ ਪਏ ।

ਰਾਇ ਬੁਲਾਰ ਪਿੰਡਾਂ ਦਾ ਮਾਲਕ ਸੀ । ਉਸ ਦੇ ਘਰ ਅੰਨ, ਧਨ ਦੀ ਬੇਪਰਵਾਹੀ ਸੀ । ਬਾਬਾ ਕਾਲੂ ਜੀ ਪਟਵਾਰੀ ਭੀ ਸਨ ਤੇ ਕੁੱਝ ਜ਼ਮੀਨ ਦੀ ਮਾਲਕੀ ਵਾਲੇ ਭੀ ਸਨ । ਇਨ੍ਹਾਂ ਦੇ ਘਰ ਵਿਚ ਭੀ ਕੋਈ ਥੁੜ ਨਹੀਂ ਸੀ, ਪਰ ਨਗਰ ਦੇ ਸਾਰੇ ਹੀ ਲੋਕ ਤਾਂ ਸੌਖੇ ਨਹੀਂ ਹੋ ਸਕਦੇ ਸਨ, ਕੰਮੀਆਂ-ਕਮੀਣਾਂ ਦੀ ਜੀਵਨ-ਪੱਧਰ ਬਹੁਤ ਨੀਵੀਂ ਹੋਇਆ ਕਰਦੀ ਸੀ । ਗ਼ਰੀਬਾਂ ਦੇ ਬੱਚੇ, ਆਮ ਤੌਰ ਉੱਤੇ, ਸਾਰਾ ਦਿਨ ਡੰਗਰ ਚਾਰਨ

ਉੱਤੇ ਰਹਿੰਦੇ ਸਨ। ਛੋਟੀ ਉਮਰ ਤੋਂ ਹੀ ਰੋਸ਼ਨ-ਦਿਮਾਗ ਗੁਰੂ ਨਾਨਕ ਦੇਵ ਜੀ ਨੇ ਗਰੀਬਾਂ ਦੀ ਗਰੀਬੀ ਬਹੁਤ ਨੇੜੇ ਹੋ ਕੇ ਵੇਖ ਲਈ, ਸੋ ਉਨ੍ਹਾਂ ਨਾਲ ਹਮਦਰਦੀ ਬਣਨੀ ਸਾਧਾਰਣ ਤੇ ਕੁਦਰਤੀ ਗੱਲ ਸੀ।

ਤਲਵੰਡੀ ਦੇ ਚੁਫੇਰੇ ਦੀ ਦਸਾਂ ਪਿੰਡਾਂ ਦੀ ਜ਼ਮੀਨ ਦਾ ਮਾਲਕ ਇਕੱਲਾ ਰਾਇ ਬੁਲਾਰ ਸੀ, ਬਾਕੀ ਲੋਕ ਮੁਜ਼ਾਰੇ ਹੀ ਸਨ। ਆਪਣੀ ਜ਼ਮੀਨ ਉੱਤੇ ਅਨੇਕਾਂ ਵਾਰੀ ਜਾਂਦੇ ਰਹਿਣ ਦੇ ਕਾਰਨ ਤੀਖਣ-ਬਧਿ ਗੁਰੂ ਨਾਨਕ ਦੇਵ ਜੀ ਨੇ ਗਰੀਬ ਮੁਜ਼ਾਰਿਆਂ ਦਾ ਰੋਜ਼ਾਨਾ ਜੀਵਨ ਚੰਗੀ ਤਰ੍ਹਾਂ ਵੇਖ ਪਰਖ ਲਿਆ ਸੀ। ਸਵੇਰ ਤੋਂ ਸ਼ਾਮ ਤੱਕ ਉਨ੍ਹਾਂ ਨੇ ਮਿੱਟੀ ਦੇ ਨਾਲ ਮਿੱਟੀ ਹੋਏ ਰਹਿਣਾ ਪਰ ਜਦੋਂ ਮਿਹਨਤ ਦਾ ਫਲ ਮਿਲਣ ਦਾ ਵੇਲਾ ਆਉਣਾ ਤਾਂ ਬਹੁਤੀ ਕਮਾਈ ਜ਼ਮੀਨ ਦੇ ਮਾਲਕ ਦੇ ਘਰ ਪਹੁੰਚ ਜਾਣੀ—ਇਸ ਵੰਡ ਦਾ ਅਸਰ ਭੀ ਬਾਲ ਉਮਰੇ ਹੀ ਸਤਿਗੁਰੂ ਜੀ ਉੱਤੇ ਪੈਂਦਾ ਰਿਹਾ। ਕਿਸਾਨਾਂ ਦੀ ਹੱਡ-ਭੰਨ ਮਿਹਨਤ ਵਾਸਤੇ ਉਨ੍ਹਾਂ ਦੇ ਦਿਲ ਵਿਚ ਡੂੰਘੀ ਕਦਰ ਬਣ ਗਈ।

ਸਿੱਖ ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਉਮਰ ਦਸ ਬਾਰ੍ਹਾਂ ਸਾਲਾਂ ਦੀ ਸੀ ਜਦੋਂ ਇਕ ਵਾਰੀ ਮਹੀਆਂ ਦਾ ਮਾਹੀ ਕਿਤੇ ਵਾਂਢੇ ਗਿਆ ਹੋਇਆ ਸੀ। ਮਹੀਆਂ ਪਿੱਛੇ ਜਾਣ ਦਾ ਤਜਰਬਾ ਸਤਿਗੁਰੂ ਜੀ ਨੂੰ ਹੋ ਹੀ ਚੁੱਕਾ ਸੀ। ਪਿਤਾ ਜੀ ਦੀ ਆਗਿਆ ਅਨੁਸਾਰ ਮਹੀਆਂ ਛੇੜ ਕੇ ਜੂਹ ਵਿਚ ਲੈ ਗਏ। ਮਹੀਆਂ ਚਾਰਨ ਤੇ ਖੂਹ ਵਾਹੁਣ ਦੀ ਹੱਡ-ਬੀਤੀ ਵਾਲੇ ਜਾਣਦੇ ਹਨ ਕਿ ਕਿਸ ਤਰ੍ਹਾਂ ਡੰਗਰਾਂ ਪਿੱਛੇ ਜਾ ਕੇ ਕਿਸੇ ਰੁੱਖ ਹੇਠ ਬੈਠਿਆਂ ਜਾਂ ਵਗਦੇ ਖੂਹ ਦੀ ਗਾਧੀ ਉੱਤੇ ਨੀਂਦ ਬਦੋ-ਬਦੀ ਆ ਦਬਾਉਂਦੀ ਹੈ। ਸਿਆਣੀ ਉਮਰ ਵਾਲਿਆਂ ਦੀ ਭੀ ਪੇਸ਼ ਨਹੀਂ ਜਾਂਦੀ। ਚਰਦੇ ਪਸ਼ੂ ਭੀ ਦਾਅ ਲੱਗਣ ਤੇ ਸੁੱਕੇ ਸੜੇ ਘਾਹ ਬੂਟ ਤੋਂ ਹਰੇ ਖੇਤਾਂ ਵੱਲ ਖਿਸਕ ਤੁਰਦੇ ਹਨ। ਡਾਂਗਰੀ ਮੁੰਡੇ, ਆਮ ਤੌਰ ਉੱਤੇ, ਡੰਗਰਾਂ ਨੂੰ ਮੋੜਨ ਦੀਆਂ ਵਾਰੀਆਂ ਬੰਨ੍ਹ ਲੈਂਦੇ ਹਨ। ਸਾਖੀ ਅਨੁਸਾਰ ਇਉਂ ਜਾਪਦਾ ਹੈ ਕਿ ਉਸ ਦਿਨ ਗੁਰੂ ਨਾਨਕ ਦੇਵ ਜੀ ਇਕੱਲੇ ਹੀ ਮਹੀਆਂ ਚਾਰਦੇ ਰਹੇ। ਪਰ ਉਨ੍ਹਾਂ ਦੇ ਭਾਣੇ ਇਹ ਇਕੱਲ ਨਹੀਂ ਸੀ। ਕੁਦਰਤ ਵਿਚ ਵੱਸਦੇ ਕਾਦਰ ਨਾਲ ਸੁਰਤ ਜੋੜ ਲੈਣੀ—ਇਹ ਅਭਿਆਸ ਉਹ ਛੋਟੀ ਉਮਰ ਤੋਂ ਹੀ ਪਕਾ ਚੁੱਕੇ ਸਨ। ਰੁੱਖ ਦੀ ਠੰਡੀ ਛਾਂ ਹੇਠ ਬੈਠਿਆਂ ਕਿਤੇ ਅੱਖ ਲਗ ਗਈ ਹੋਵੇਗੀ। ਇਤਨੇ ਵਿਚ ਹੀ ਮਹੀਆਂ ਰਵਾਂ-ਰਵੀਂ ਕਿਸੇ ਕਿਸਾਨ ਦੀ ਪੈਲੀ ਨੂੰ ਜਾ ਪਈਆਂ।

ਫ਼ਸਲ-ਬੰਨਾ ਵੇਖਣ ਆਏ ਕਿਸਾਨ ਨੇ ਦੂਰੋਂ ਮਹੀਆਂ ਪੈਲੀ ਖਾਂਦੀਆਂ ਵੇਖ ਲਈਆਂ। ਉਸ ਦੇ ਕਲੇਜੇ ਵਿਚ, ਮਾਨੋ, ਛੁਰੀ ਚੱਲ ਗਈ। ਘਬਰਾਹਟ ਤੇ ਕ੍ਰੋਧ ਵਿਚ ਬੋਲਦਾ ਬਕਦਾ ਵਾਹੋ, ਦਾਹੀ ਭੱਜਾ ਆਇਆ। ਇਹ ਰੌਲਾ ਸੁਣ ਕੇ ਗੁਰੂ ਨਾਨਕ ਦੇਵ ਜੀ ਦੀ ਅੱਖ ਖੁੱਲ੍ਹ ਗਈ। ਦੌੜ ਕੇ ਮਹੀਆਂ ਪੈਲੀ ਵਿੱਚੋਂ ਕੱਢੀਆਂ ਪਰ ਗਰੀਬ ਕਿਸਾਨ ਦਾ ਨੁਕਸਾਨ ਵੇਖ ਕੇ ਉਨ੍ਹਾਂ ਦੇ ਦਿਲ ਵਿਚ ਬੜੀ ਚੋਭ ਲੱਗੀ। ਗਰੀਬਾਂ ਦਾ ਦੁੱਖ ਵੰਡਾਉਣ ਵਾਲਾ ਅਤੇ ਉਨ੍ਹਾਂ ਦੀ ਮਿਹਨਤ ਦੀ ਕਦਰ ਜਾਣਨ ਵਾਲਾ

ਦਿਲ ਪਿਆਰ ਹਮਦਰਦੀ ਨਾਲ ਭਰ ਆਇਆ। ਕਿਸਾਨ ਨੇ ਨੇੜੇ ਆ ਕੇ ਮਹੀਆਂ
ਦੇ ਛੇੜੂ ਗੁਰੂ ਨਾਨਕ ਦੇਵ ਜੀ ਨੂੰ ਵੇਖਿਆ। ਇੱਕ ਉਹ ਪਟਵਾਰੀ ਦੇ ਪੁੱਤਰ, ਦੂਜੇ
ਉਹਨਾਂ ਦੀ ਉੱਦਤਾ ਦੀ ਚਰਚਾ ਘਰ ਘਰ ਵਿਚ। ਕਿਸਾਨ ਠਠੰਬਰ ਗਿਆ। ਬੋਲਣਾ
ਬਕਣਾ ਤਾਂ ਛੱਡ ਦਿੱਤਾ ਪਰ ਉਜਾੜਾ ਵੇਖ ਕੇ ਉਸ ਦੇ ਅੰਦਰ ਹਾਹੀਂ ਬਲ
ਰਹੀਆ ਸਨ। ਗੁਰੂ ਨਾਨਕ ਦੇਵ ਜੀ ਨੂੰ ਲੈ ਕੇ ਰਾਇ ਬੁਲਾਰ ਵੱਲ ਚੱਲ
ਪਿਆ। ਨਾਲੇ ਹੀ ਮਹੀਆਂ ਹਿੱਕ ਲਈਆਂ। ਤੁਰਦੀ ਵਾਰੀ ਬਾਲ-ਸਿੱਧ ਗੁਰੂ ਨੇ
ਪਿਆਰ-ਭਰੀ ਨਿਗਾਹ ਨਾਲ ਉੱਜੜੇ ਫ਼ਸਲ ਵੱਲ ਤੱਕਿਆ। ਕਿਸਾਨ ਦਾ ਬੇੜਾ ਪਾਰ
ਹੋ ਗਿਆ, ਪਰ ਉਸ ਦੀਆਂ ਕ੍ਰੋਧ ਤੇ ਹਸਰਤ-ਭਰੀਆਂ ਅੱਖਾਂ ਅਜੇ ਦੇਖਣ ਦੇ ਸਮਰੱਥ
ਨਹੀਂ ਸਨ।

ਕਿਸਾਨ ਗੁਰੂ ਨਾਨਕ ਦੇਵ ਜੀ ਨੂੰ ਲੈ ਕੇ ਰਾਇ ਬੁਲਾਰ ਪਾਸ ਪਹੁੰਚਿਆ। ਉਸ ਨੇ
ਤਪੇ ਦਿਲ ਨਾਲ ਆਪਣੀ ਸਾਰੀ ਵਿੱਥਿਆ ਦੱਸੀ। ਨਗਰ ਦੇ ਕਈ ਨਰ ਨਾਰ
ਵੀ ਆ ਇਕੱਠੇ ਹੋਏ। ਗੁਰੂ ਨਾਨਕ ਦੇਵ ਜੀ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ ਕਿ
ਸਾਰੇ ਜਗਤ ਦੀ ਸਾਰ ਰੱਖਣ ਵਾਲੇ ਕਾਦਰ ਦੀ ਮਿਹਰ ਨਾਲ ਕਿਸਾਨ ਦਾ ਖੇਤ ਪਹਿਲੇ
ਵਾਂਗ ਹੀ ਹਰਿਆ ਭਰਿਆ ਹੈ। ਮਾਲਕ ਦੇ ਘਰ ਕੋਈ ਘਾਟ ਨਹੀਂ ਹੈ, ਉਸ ਦੇ ਦਰ
ਤੋਂ ਸਭ ਕੁੱਝ ਮਿਲ ਜਾਂਦਾ ਹੈ। ਰਾਇ-ਬੁਲਾਰ ਨੇ ਇਕ ਦੋ ਬੰਦੇ ਕਿਸਾਨ ਦੇ ਨਾਲ ਭੇਜੇ ਜੋ
ਜਾ ਕੇ ਵੇਖ ਆਏ। ਸੱਚ-ਮੁੱਚ ਖੇਤ ਵਿਚ ਕਿਤੇ ਕੋਈ ਉਜਾੜਾ ਨਹੀਂ ਦਿੱਸਦਾ ਸੀ।
ਪਲਾਂ ਵਿਚ ਹੀ ਸਾਰੇ ਨਗਰ
ਵਿਚ ਖ਼ਬਰ ਖਿੱਲਰ ਗਈ।

ਇਹ ਕੋਈ ਸਾਧਾਰਣ ਜਿਹੀ ਗੱਲ ਨਹੀਂ ਸੀ। ਬਾਰਾਂ ਸਾਲਾਂ ਦੀ ਉਮਰ ਤੇ ਅੱਪੜ ਰਹੇ ਗੁਰੂ ਨਾਨਕ ਨੇ ਅੱਜ
ਆਪਣੇ ਨਗਰ-ਵਾਸੀਆਂ ਨੂੰ ਇਹ ਤੀਜਾ ਚਮਤਕਾਰ ਵਿਖਾਇਆ ਕਿ ਖ਼ਾਲਿਕ ਦੀ ਬੰਦਗੀ
ਤੇ ਖ਼ਲਕਤ ਨਾਲ ਪਿਆਰ, ਸਭ ਤੋਂ ਉੱਚੀ ਕਰਾਮਾਤ ਹੈ; ਦੁਨੀਆ ਦੀਆਂ ਰਿੱਧੀਆਂ
ਸਿੱਧੀਆਂ ਇਸ ਦੇ ਪੈਰ ਪਈਆਂ ਚੁੰਮਦੀਆਂ ਹਨ।

## ਕੁੜਮਾਈ ਅਤੇ ਵਿਆਹ

ਗੁਰੂ ਨਾਨਕ ਦੇਵ ਜੀ ਦੀ ਕੁੜਮਾਈ ਵੈਸਾਖ ਵਦੀ ੧, ਸੰਮਤ ੧੫੪੨ ਨੂੰ ਹੋਈ।
ਸੂਰਜ ਦੇ ਹਿਸਾਬ, ਵੈਸਾਖ ਦੀ ੫ ਤਾਰੀਖ਼ ਸੀ। ਉਸ ਵੇਲੇ ਉਨ੍ਹਾਂ ਦੀ ਉਮਰ ੧੬ ਸਾਲਾਂ
ਦੀ ਸੀ। ਨਗਰ ਬਟਾਲੇ ਦੇ ਰਹਿਣ ਵਾਲੇ ਮੂਲ ਚੰਦ ਜੀ ਨੇ ਆਪਣੀ ਲੜਕੀ ਸੁਲੱਖਣੀ
ਜੀ ਦਾ ਸਾਕ ਦਿੱਤਾ ਸੀ। ਇਹ ਸਾਕ ਗੁਰੂ ਨਾਨਕ ਦੇਵ ਜੀ ਦੇ ਭਣਵਈਏ ਭਾਈ ਜੈ
ਰਾਮ ਜੀ ਦੀ ਰਾਹੀਂ ਹੋਇਆ ਸੀ। ਬਾਬਾ ਮੂਲ ਚੰਦ ਜੀ ਪਿੰਡ ਪੱਖੋ ਕੇ ਰੰਧਾਵੇ ਦੇ
ਪਟਵਾਰੀ ਸਨ। ਪੱਖੋ ਕੇ, ਜ਼ਿਲਾ ਗੁਰਦਾਸਪੁਰ ਵਿਚ, ਰਾਵੀ ਤੋਂ ਪਾਰਲੇ ਪਾਸੇ (ਹੁਣ
ਪਾਕਿਸਤਾਨ ਵਿਚ), ਡੇਹਰਾ ਬਾਬਾ ਨਾਨਕ ਤੋਂ ਪੰਜ ਕੁ ਮੀਲਾਂ ਦੀ ਵਿੱਥ ਉੱਤੇ ਹੈ।

ਭਾਈ ਜੈ ਰਾਮ ਜੀ, ਖ਼ਾਨਪੁਰ ਦੇ ਰਹਿਣ ਵਾਲੇ ਉੱਪਲ ਖੱਤਰੀ ਸਨ, ਅਤੇ
ਨਵਾਬ ਦੌਲਤ ਖ਼ਾਨ ਲੋਦੀ ਪਾਸ ਮਾਲ ਦੇ ਮਹਿਕਮੇ ਵਿਚ ਆਮਿਲ ਸਨ। ਬਾਬਾ ਕਾਲੂ ਜੀ

ਤਲਵੰਡੀ ਦੇ ਪਟਵਾਰੀ ਸਨ। ਕਈ ਵਾਰੀ ਭਾਈ ਜੈ ਰਾਮ ਜੀ ਨੂੰ ਆਪਣੇ ਮਹਿਕਮੇ ਦੇ ਕੰਮ ਤਲਵੰਡੀ ਜਾਣਾ ਪੈਂਦਾ ਸੀ। ਇੱਕੋ ਮਹਿਕਮੇ ਦੇ ਹੋਣ ਕਰਕੇ ਦੋਹਾਂ ਦੀ ਸਾਂਝ ਵਧਦੀ ਗਈ ਤੇ ਆਖ਼ਰ ਬਾਬਾ ਕਾਲੂ ਜੀ ਨੇ ਆਪਣੀ ਲੜਕੀ ਬੀਬੀ ਨਾਨਕੀ ਜੀ ਦੀ ਸ਼ਾਦੀ ਉਨ੍ਹਾਂ ਨਾਲ ਕਰ ਦਿੱਤੀ।

ਭਾਈ ਜੈ ਰਾਮ ਜੀ ਨੂੰ ਬਟਾਲੇ ਵੱਲ ਵੀ ਜਾਣਾ ਪੈਂਦਾ ਸੀ। ਬਾਬਾ ਮੂਲ ਚੰਦ ਜੀ ਨਾਲ ਸਾਂਝ ਬਣਨ ਉੱਤੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਲਈ ਸਾਕ ਦਾ ਪ੍ਰਬੰਧ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਦਾ ਵਿਆਹ ੨੪ ਜੇਠ ੧੫੪੪ ਨੂੰ ਹੋਇਆ। ਸੰਨ ੧੪੮੭, ਮਈ ਦੀ ਤਕਰੀਬਨ ੨੧ ਤਾਰੀਖ਼। ਉਸ ਵੇਲੇ ਉਨ੍ਹਾਂ ਦੀ ਉਮਰ ੧੮ ਸਾਲਾਂ ਦੀ ਹੋ ਚੁੱਕੀ ਸੀ। ਜੰਞ ਬਟਾਲੇ ਗਈ ਸੀ। ਬਟਾਲਾ, ਅਮ੍ਰਿਤਸਰੋਂ ਪਠਾਨਕੋਟ ਨੂੰ ਜਾਣ ਵਾਲੀ ਰੇਲਵੇ ਲਾਈਨ ਉੱਤੇ ਪ੍ਰਸਿੱਧ ਸਟੇਸ਼ਨ ਹੈ। ਜਿੱਥੇ ਜੰਞ ਨੇ ਡੇਰਾ ਕੀਤਾ ਸੀ. ਉੱਥੇ ਅਜੇ ਭੀ ਉਸ ਵੇਲ ਦੀ ਕੱਚੀ ਕੰਧ ਦਾ ਨਮੂਨਾ ਸੰਭਾਲਿਆ ਹੋਇਆ ਹੈ। ਓਥੇ ਹਰ ਸਾਲ ਭਾਦਰੋਂ ਸੁਦੀ ੭ ਨੂੰ ਮੇਲਾ ਲਗਦਾ ਹੈ।

## ਭਾਈ ਮਰਦਾਨਾ

ਭਾਈ ਮਰਦਾਨਾ, ਚੌਂਭੜ ਜ਼ਾਤ ਦੇ ਮਿਰਾਸੀ ਮੀਰ ਬਾਦਰੇ ਦਾ ਪੁੱਤਰ ਸੀ। ਜਿਸ ਦਾ ਜਨਮ ਤਲਵੰਡੀ ਵਿਚ ਫੱਗਣ,ਸੰਮਤ ੧੫੧੬ ਵਿਚ ਹੋਇਆ। ਗੁਰੂ ਨਾਨਕ ਦੇਵ ਜੀ ਨਾਲੋਂ ਉਮਰੋਂ ਇਹ ੯ ਸਾਲ ੨ ਮਹੀਨੇ ਵੱਡਾ ਸੀ। ਮਰਦਾਨੇ ਨੂੰ ਰਾਗ ਦਾ ਬੜਾ ਸ਼ੌਕ ਸੀ। ਮਿਰਾਸੀਆਂ ਦਿਆਂ ਬੱਚਿਆਂ ਨੂੰ ਰਾਗ ਦੀ ਹੀ ਗੁੜ੍ਹਤੀ ਮਿਲਦੀ ਹੈ। ਇਸ ਦਾ ਪਿਆਰਾ ਤੰਤੀ ਸਾਜ਼ ਰਬਾਬ ਸੀ। ਰਾਗ ਦੀ ਬਰਕਤ ਕਰਕੇ ਹੀ ਮਰਦਾਨੇ ਨੂੰ ਗੁਰੂ ਨਾਨਕ ਦੇਵ ਜੀ ਦੀ ਸੰਗਤ ਦਾ ਸੁਭਾਗ ਮਿਲਿਆ। ਇਸ ਦਾ ਨਾਂ, ਸਤਿਗੁਰੂ ਜੀ ਦੇ ਨਾਂ ਨਾਲ ਅਟੁੱਟ ਤੌਰ ਉੱਤੇ ਜੁੜਿਆ ਹੋਇਆ ਹੈ।

ਸਿੱਖ–ਇਤਿਹਾਸ ਨੇ ਉੱਘੜ ਕੇ ਇਹ ਨਹੀਂ ਦੱਸਿਆ ਕਿ ਮਰਦਾਨੇ ਦਾ ਸਾਥ ਗੁਰੂ ਨਾਨਕ ਦੇਵ ਜੀ ਨਾਲ ਕਦੋਂ ਤੋਂ ਸ਼ੁਰੂ ਹੋਇਆ, ਪਰ ਪਿੰਡਾਂ ਦੇ ਜੀਵਨ ਨੂੰ ਜਾਣਨ ਵਾਲੇ ਇਹ ਅੰਦਾਜ਼ਾ ਲਾਏ ਬਿਨਾਂ ਨਹੀਂ ਰਹਿ ਸਕਦੇ, ਕਿ ਇਹ ਸਾਥ ਛੋਟੀ ਉਮਰ ਤੋਂ ਹੀ ਬਣ ਗਿਆ ਹੋਵੇਗਾ। ਗੁਰੂ ਨਾਨਕ ਦੇਵ ਜੀ ਦੇ ਪਿਤਾ, ਰਾਇ-ਬੁਲਾਰ ਦੇ ਦਸਾਂ ਪਿੰਡਾਂ ਦੇ ਪਟਵਾਰੀ ਸਨ, ਇਸ ਲਈ ਮਰਦਾਨੇ ਦੇ ਪਿਤਾ ਬਾਦਰੇ ਦਾ, ਬਾਬਾ ਕਾਲੂ ਜੀ ਪਾਸ ਨਿੱਤ ਆਉਂਦੇ ਜਾਂਦੇ ਰਹਿਣਾ, ਕੁਦਰਤੀ ਗੱਲ ਸੀ। ਇਸ ਘਰੋਂ ਉਸ ਦੀਆਂ ਸੈਂਕੜੇ ਲੋੜਾਂ ਪੂਰੀਆਂ ਹੋਣ ਦੀ ਸੰਭਾਵਨਾ ਸੀ। ਪਿਓ ਦੇ ਸਬੱਬ ਮਰਦਾਨੇ ਦਾ ਪਰਚਾ ਭੀ ਪੈ ਗਿਆ। ਬਾਬਾ ਕਾਲੂ ਜੀ ਦੀ ਆਪਣੀ ਭੁਇੰ ਦੀ ਮਾਲਕੀ ਭੀ ਸੀ। ਮਿਰਾਸੀ ਦੀ ਆਜੀਵਿਕਾ ਹੀ ਇਸੇ ਗੱਲ ਵਿਚ ਹੁੰਦੀ ਸੀ ਕਿ ਉਹ ਹਰੇਕ ਕਿਸਾਨ ਜਾਂ ਮਾਲਕ ਦੇ

ਵੱਟ-ਬੰਨੇ ਉੱਤੇ ਜਾ ਕੇ ਸਦਾ 'ਪੀਰਾਂ ਦੀ ਰੱਖ, ਅੱਲ੍ਹਾ ਦੀ ਰੱਖ' ਆਖਦਾ ਰਹੇ । ਇਹੀ ਕਿੱਤਾ ਬਾਦਰੇ ਦਾ ਹੋ ਸਕਦਾ ਸੀ, ਤੇ ਬਾਦਰੇ ਦੇ ਨਾਲ ਉਸ ਦੇ ਪੁੱਤਰ ਮਰਦਾਨੇ ਦਾ । ਪਰ ਇਸ ਦੇ ਗੁਣ ਦੀ ਕਦਰ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਆਪਣਾ ਬਣਾ ਲਿਆ । ਗੁਰੂ ਨਾਨਕ ਦੇਵ ਜੀ ਦੀ ਉਮਰ ਵਿਆਹ ਵੇਲੇ ੧੮ ਸਾਲ ਦੀ ਸੀ, ਮਰਦਾਨਾ ਉਸ ਵੇਲੇ ਸਵਾ ਸਤਾਈਆਂ ਸਾਲਾਂ ਦਾ ਸੀ । ਰਾਗ ਦੀ ਬਹੁਤੀ ਵਰਤੋਂ ਵਿਆਹਾਂ ਸਮੇਂ ਹੀ ਹੁੰਦੀ ਹੈ । ਮਿਰਾਸੀ ਨੇ ਉੱਥ ਭੀ ਜੰਞੇ ਜਾਣਾ ਹੀ ਸੀ । ਸੋ, ਇਹ ਆਖਣਾ ਅਸਲੀਅਤ ਤੋਂ ਦੂਰ ਨਹੀਂ ਹੋਵੇਗਾ ਕਿ ਜੇਠ, ਸੰਮਤ ੧੫੪੪ (ਮਈ, ਸੰਨ ੧੪੮੭) ਤੋਂ ਗੁਰੂ ਨਾਨਕ ਦੇਵ ਜੀ ਅਤੇ ਮਰਦਾਨੇ ਦੀ ਡੂੰਘੀ ਸਾਂਝ ਬਣ ਗਈ । ਰਾਗ ਦੇ ਕਦਰ-ਸ਼ਨਾਸ ਸਤਿਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਮਰਦਾਨਾ ਇਸ ਗੁਣ ਵਿਚ ਦਿਨੋ ਦਿਨ ਵਧੀਕ ਤਾਕ ਹੁੰਦਾ ਗਿਆ ।

ਗੁਰੂ ਨਾਨਕ ਦੇਵ ਜੀ ਦਾ ਜੀਵਨ ਉਪਰੀ ਨਜ਼ਰੇ ਪੜ੍ਹਨ ਨਾਲ ਵੀ ਇਹ ਦਿੱਸ ਪੈਂਦਾ ਹੈ ਕਿ ਭਾਈ ਮਰਦਾਨੇ ਤੋਂ ਛੁੱਟ ਕਿਸੇ ਭੀ ਹੋਰ ਮਨੁੱਖ ਨੂੰ ਇਤਨੇ ਲੰਮੇ ਸਮੇਂ ਲਈ ਸਤਿਗੁਰੂ ਜੀ ਦੇ ਨਾਲ ਰਹਿਣ ਦਾ ਸੁਭਾਗ ਨਸੀਬ ਨਹੀਂ ਹੋਇਆ । ਭਾਈ ਮਰਦਾਨੇ ਦਾ ਦੇਹਾਂਤ ੧੩ ਮੱਘਰ, ਸੰਮਤ ੧੫੯੧ ਨੂੰ ਹੋਇਆ ਸੀ । ਉਸ ਵੇਲੇ ਭੀ ਗੁਰੂ ਨਾਨਕ ਦੇਵ ਜੀ ਉਸ ਦੇ ਪਾਸ ਮੌਜੂਦ ਸਨ । ਕਰਤਾਰਪੁਰ ਵਿਚ ਸਤਿਗੁਰੂ ਜੀ ਦੇ ਆਪਣੇ ਜੋਤੀ ਜੋਤਿ ਸਮਾਣ ਤੋਂ ਪੰਜ ਸਾਲ ਪਹਿਲਾਂ ਤੱਕ, ਤਕਰੀਬਨ ੪੭ ਸਾਲ, ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਸਾਥੀ ਰਿਹਾ ।

ਕੀਰਤਨ ਦੀ ਖ਼ਾਤਰ ਹੀ ਭਾਈ ਮਰਦਾਨੇ ਦੀ ਸਤਿਗੁਰੂ ਜੀ ਨਾਲ ਸਾਂਝ ਬਣੀ ਸੀ ।

ਕੀਰਤਨ ਦੀ ਖ਼ਾਤਰ ਹੀ ਭਾਈ ਮਰਦਾਨੇ ਦੀ ਸਤਿਗੁਰੂ ਜੀ ਨਾਲ ਸਾਂਝ ਬਣੀ ਸੀ । ਘੱਟ ਤੋਂ ਘੱਟ ੪੭ ਸਾਲ ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਹਰ ਰੋਜ਼ ਸੁਣੀ ਤੇ ਗਾਈ । ਇਹ ਬੜੀ ਸਾਧਾਰਣ ਗੱਲ ਸੀ ਕਿ ਮਰਦਾਨਾ ਤਨੋਂ ਮਨੋਂ ਸਤਿਗੁਰੂ ਜੀ ਦਾ ਸ਼ਰਧਾਲੂ ਬਣ ਜਾਂਦਾ । ਇਹੀ ਕਾਰਨ ਹੈ ਕਿ ਸਿੱਖ ਪੰਥ ਵਿਚ ਉਸ ਨੂੰ 'ਭਾਈ' ਦੀ ਪਦਵੀ ਮਿਲੀ ਆ ਰਹੀ ਹੈ । ਰਬਾਬ ਵਜਾਉਣ ਕਰਕੇ ਮਰਦਾਨਾ 'ਰਬਾਬੀ' ਅਖਵਾਇਆ । ਉਸ ਤੋਂ ਪਿੱਛੋਂ ਉਸ ਦੀ ਕੁਲ ਦੇ ਲੋਕ ਜੋ ਗੁਰੂ-ਘਰ ਵਿਚ ਕੀਰਤਨ ਕਰਦੇ ਰਹੇ 'ਰਬਾਬੀ' ਹੀ ਅਖਵਾਉਂਦੇ ਰਹੇ ।

ਭਾਈ ਮਰਦਾਨੇ ਦੀ ਕੁੱਲ ਉਮਰ ਪੌਣੇ ਪੰਝੱਤਰ ਸਾਲਾਂ ਦੀ ਸੀ । ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਵੱਲ ਧਿਆਨ ਕੀਤਿਆਂ ਸਪਸ਼ਟ ਹੁੰਦਾ ਹੈ ਕਿ ੩੧ ਰਾਗਾਂ ਵਿੱਚੋਂ ਸਤਿਗੁਰੂ ਨਾਨਕ ਦੇਵ ਜੀ ਨੇ ੧੯ ਵਰਤੇ ਹਨ, ਭਾਵ ਸਤਿਗੁਰੂ ਜੀ ੧੯ ਰਾਗ ਗਾਇਆ ਕਰਦੇ ਸਨ । ਇਹ ਕਹਿਣਾ ਅਸਲੀਅਤ ਤੋਂ ਦੂਰ ਨਹੀਂ ਹੋ ਸਕਦਾ ਕਿ ੪੭ ਸਾਲਾਂ ਦੀ ਸੰਗਤ ਦਾ ਸਦਕਾ, ਭਾਈ ਮਰਦਾਨਾ ਉਨ੍ਹਾਂ ੧੯ ਰਾਗਾਂ ਨੂੰ ਗਾਉਣ ਅਤੇ ਰਬਾਬ ਉੱਤੇ ਵਜਾਉਣ ਵਿਚ ਉੱਚ-ਕੋਟੀ ਦਾ ਕਲਾਕਾਰ ਹੋ ਚੁੱਕਿਆ ਸੀ । ਉਹ ੧੯ ਰਾਗ ਇਹ ਹਨ—

| | | |
|---|---|---|
| ੧. ਆਸਾ | ੭. ਤੁਖਾਰੀ | ੧੩. ਤਿਲੰਗ |
| ੨. ਭੈਰਉ | ੮. ਗੂਜਰੀ | ੧੪. ਮਾਰੂ |
| ੩. ਪ੍ਰਭਾਤੀ | ੯. ਸਾਰੰਗ | ੧੫. ਵਡਹੰਸ |
| ੪. ਸੂਹੀ | ੧੦. ਸਿਰੀ ਰਾਗ | ੧੬. ਸੋਰਠ |
| ੫. ਬਿਲਾਵਲ | ੧੧. ਗਉੜੀ | ੧੭. ਮਲਾਰ |
| ੬. ਰਾਮਕਲੀ | ੧੨. ਧਨਾਸਰੀ | ੧੮. ਬਸੰਤ |
| | | ੧੯. ਕਾਨੜਾ |

## ਵਿਹਾਰ-ਕਾਰ

ਗੁਰੂ ਨਾਨਕ ਦੇ ਜੀ ਦੀ ਬਾਲਕ-ਉਮਰ ਬਾਰੇ ਸਿੱਖ-ਇਤਿਹਾਸ ਵਿਚ ਸਿਰਫ਼ ਦੋ ਤਿੰਨ ਹੀ ਸਾਖੀਆਂ ਦਾ ਜ਼ਿਕਰ ਹੈ, ਜਿਨ੍ਹਾਂ ਤੋਂ ਇਹ ਪਤਾ ਮਿਲਦਾ ਹੈ ਕਿ ਲੋੜ ਅਨੁਸਾਰ ਉਹ ਮਹੀਆਂ ਚਾਰਨ ਜਾਂ ਫ਼ਸਲ ਬੰਨੇ ਦੀ ਰਾਖੀ ਲਈ ਜਾਂਦੇ ਹੁੰਦੇ ਹਨ। ਅਸਲ ਵਿਚ ਸਾਡੇ ਤੱਕ ਸਿਰਫ਼ ਉਹ ਸਾਖੀਆਂ ਹੀ ਪਹੁੰਚੀਆਂ ਹਨ, ਜੋ ਕਿਸੇ ਉਚੇਰੀ ਘਟਨਾ ਦਾ ਬਿਆਨ ਕਰਦੀਆਂ ਹਨ। ਇਹ ਅਨੁਮਾਨ ਗ਼ਲਤ ਨਹੀਂ ਹਵੇਗਾ ਕਿ ਕਾਮਿਆਂ ਦੇ ਹੁੰਦਿਆਂ ਭੀ, ਪਾਂਧੇ ਤੇ ਮੌਲਵੀ ਤੋਂ ਵਿਹਲ ਲੱਗਣ ਉੱਤੇ, ਉਹ ਆਪਣੇ ਖੇਤਾਂ ਵੱਲ ਵੀ ਤੋਰਾ-ਫੇਰੀ ਰੱਖਦੇ ਸਨ।

ਸਾਊ ਲੋਕਾਂ ਵਾਸਤੇ ਆਜੀਵਿਕਾ ਦੇ ਚਾਰ ਕਿੱਤੇ ਹੀ ਮੰਨੇ-ਪਰਮੰਨੇ ਚਲੇ ਆ ਰਹੇ ਹਨ—ਵਾਹੀ, ਹਟੀ, ਵਪਾਰ ਅਤੇ ਨੌਕਰੀ। ਗੁਰੂ ਨਾਨਕ ਦੇਵ ਨੇ ਇਨ੍ਹਾਂ ਚਹੁੰਆਂ ਦਾ ਜ਼ਿਕਰ ਵੀ ਕੀਤਾ ਹੈ। ਵਪਾਰ ਵਾਸਤੇ ਹੱਟੀ ਦਾ ਤਜਰਬਾ ਹੋਣਾ ਜ਼ਰੂਰੀ ਹੈ, ਜਾਂ ਘਰ ਵਿੱਚੋਂ ਪਹਿਲਾਂ ਹੀ ਕੋਈ ਧਿਰ ਵਪਾਰ ਕਰਦਾ ਹੋਵੇ, ਜਿਸ ਦੇ ਨਾਲ ਸਿੱਧਾ ਹੀ ਵਪਾਰ ਨੂੰ ਹੱਥ ਪੈ ਸਕੇ। ਬਾਬਾ ਕਾਲੂ ਜੀ ਦਾ ਕਿੱਤਾ ਮੁਲਾਜ਼ਿਮਤ ਸੀ। ਗੁਰੂ ਨਾਨਕ ਦੇਵ ਜੀ ਦੇ ਵਪਾਰ ਬਾਰੇ ਸਿੱਖ ਇਤਿਹਾਸ ਨੇ ਸਿਰਫ਼ ਇੱਕੋ ਸਾਖੀ ਦੱਸੀ ਹੈ, ਜਦੋਂ ਉਹ ਆਪਣੀ ਸਾਰੀ ਹੀ ਰਕਮ ਲੋੜਵੰਦਾਂ ਦੇ ਅੰਨ ਲਈ ਖ਼ਰਚ ਆਏ ਸਨ। ਉਸ ਵੇਲੇ ਉਨ੍ਹਾਂ ਦੀ ਉਮਰ ੩੪ ਸਾਲਾਂ ਦੀ ਸੀ। ਮਹੀਆਂ ਚਾਰਨ ਅਤੇ ਫ਼ਸਲ-ਬੰਨੇ ਦੀ ਰਾਖੀ ਦੀਆਂ ਸਾਖੀਆਂ ਵਾਂਗ, ਵਪਾਰ ਦੀ ਇਹ ਸਾਖੀ ਭੀ ਉਚੇਰੀ ਘਟਨਾ ਦੀ ਖ਼ਾਤਰ ਹੀ ਹੈ। ਪਰ ਇਹ ਸਾਖੀ ਬੰਦਸ਼ ਨਹੀਂ ਲਾਉਂਦੀ ਕਿ ਸਤਿਗੁਰੂ ਜੀ ਸਿਰਫ਼ ਇੱਕੋ ਵਾਰੀ ਹੀ ਵਪਾਰ ਕਰਨ ਗਏ ਸਨ।

ਬਾਬਾ ਕਾਲੂ ਜੀ ਲਈ ਦਸਾਂ ਪਿੰਡਾਂ ਦੀ ਪਟਵਾਰ ਦਾ ਰੁਝੇਵਾਂ ਬੜਾ ਕਾਫ਼ੀ ਸੀ। ਗੁਰੂ ਨਾਨਕ ਦੇਵ ਜੀ ਜਿਉਂ ਜਿਉਂ ਉਮਰੋਂ ਸਿਆਣੇ ਹੁੰਦੇ ਗਏ, ਇਹ ਕੁਦਰਤੀ ਗੱਲ ਸੀ ਕਿ ਵਾਹੀ ਆਦਿਕ ਦੀ ਨਿਗਰਾਨੀ ਦਾ ਭਾਰ ਉਹ ਆਪਣੇ ਪਿਤਾ ਜੀ ਦੇ ਸਿਰ ਤੋਂ ਹੌਲਾ ਕਰੀ ਜਾਂਦੇ। ੩੪ ਸਾਲਾਂ ਦੀ ਉਮਰ ਵਿਚ ਉਹ ਚੂਹੜਕਾਣੇ ਵਪਾਰ ਕਰਨ ਲਈ ਗਏ। ਵਾਹੀ ਦੀ ਨਿਗਰਾਨੀ ਤੋਂ ਅੱਚਣਚੇਤ ਵਪਾਰ ਲਈ ਤੁਰ ਪੈਣਾ

ਦੁਨਿਆਵੀ ਹੱਡ-ਬੀਤੀ ਵਿਚ ਇਕ ਅਨੋਖੀ ਗੱਲ ਹੈ । ਸਤਿਗੁਰੂ ਜੀ ਦੀ ਸ਼ਾਦੀ ੧੮ ਸਾਲਾਂ ਦੀ ਉਮਰ ਵਿਚ ਹੋਈ ਸੀ, ਸੋ ਇਹ ਅੰਦਾਜ਼ਾ ਭੀ ਕੁਰਾਹੇ ਨਹੀਂ ਲੈ ਜਾਂਦਾ ਕਿ ਇਸ ਉਮਰੇ ਜਾਂ ਇਸ ਤੋਂ ਪਹਿਲਾਂ ਹੀ ਉਨ੍ਹਾਂ ਹੱਟੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ, ਵਾਹੀ ਦੀ ਨਿਗਰਾਨੀ ਭੀ ਇਸ ਦੇ ਨਾਲ ਨਾਲ ਹੁੰਦੀ ਗਈ । ਹੱਟੀ ਦਾ ਇਹੋ ਤਜਰਬਾ ਸੀ ਜਿਸ ਕਰਕੇ ਉਨ੍ਹਾਂ ਨੂੰ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਦੇ ਮੋਦੀਖਾਨੇ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਸੀ । ਉਨ੍ਹਾਂ ਸਮਿਆਂ ਵਿਚ ਰੁਪਇਆ ਪੈਸਾ ਬਹੁਤ ਥੋੜ੍ਹਾ ਹੋਣ ਕਰਕੇ, ਜ਼ਿਮੀਂਦਾਰ ਲੋਕ ਜ਼ਮੀਨ ਦਾ ਮਾਮਲਾ ਜਿਨਸ ਵਿਚ ਦਿਆ ਕਰਦੇ ਸਨ । ਉਹ ਸਾਰੀ ਜਿਨਸ ਸਰਕਾਰੀ ਗੁਦਾਮ ਵਿਚ ਜਮ੍ਹਾਂ ਹੋ ਜਾਂਦੀ ਸੀ, ਜਿਸ ਨੂੰ ਮੋਦੀਖਾਨਾ ਆਖਦੇ ਸਨ । ਮੋਦੀਖ਼ਾਨੇ ਦਾ ਹਿਸਾਬ ਰੱਖਣ ਵਾਲੇ ਮੁਲਾਜ਼ਿਮ ਨੂੰ ਮੋਦੀ ਆਖੀਦਾ ਸੀ । ਸਰਕਾਰੀ ਮੁਲਾਜ਼ਿਮਾਂ ਨੂੰ ਤਨਖਾਹਾਂ ਦਾ ਬਹੁਤਾ ਹਿੱਸਾ ਜਿਨਸ ਵਿਚ ਹੀ ਮਿਲਦਾ ਸੀ । ਉਹ ਜਿਨਸ ਵੰਡਣੀ ਮੋਦੀ ਦਾ ਕੰਮ ਹੁੰਦਾ ਸੀ । ਜਿਹੜੀ ਜਿਨਸ ਵਧ ਰਹਿੰਦੀ ਸੀ, ਉਹ ਵੇਚ ਕੇ, ਸਰਕਾਰੀ ਖ਼ਜ਼ਾਨੇ ਵਿਚ ਰੁਪਇਆ ਜਮ੍ਹਾ ਕਰਾ ਦਿੱਤਾ ਜਾਂਦਾ ਸੀ । ਇਹ ਕੰਮ ਬੜੀ ਹੀ ਜ਼ਿੰਮੇ-ਵਾਰੀ ਦਾ ਸੀ । ਤਜਰਬਾ, ਈਮਾਨਦਾਰੀ, ਲਿਆਕਤ, ਗੰਭੀਰਤਾ ਆਦਿਕ ਕਈ ਗੁਣਾਂ ਦੀ ਪਰਖ-ਪ੍ਰਤੀਤ ਪਿੱਛੋਂ ਮੋਦੀ ਦਾ ਅਹੁਦਾ ਮਿਲਦਾ ਸੀ ।

ਪਰ ਦੁਨੀਆਦਾਰਾਂ ਦੇ ਵਿਹਾਰ-ਕਾਰ ਅਤੇ ਗੁਰੂ ਨਾਨਕ ਦੇਵ ਜੀ ਦੇ ਵਿਹਾਰ-ਕਾਰ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ ਸੀ । ਇਸ ਫ਼ਰਕ ਨੂੰ ਸਮਝਣ ਲਈ ਗੁਰੂ ਨਾਨਕ ਦੇਵ ਜੀ ਬਾਰੇ ਹੇਠ-ਲਿਖੀਆਂ ਗੱਲਾਂ ਵਲ ਧਿਆਨ ਦੇਣਾ ਜ਼ਰੂਰੀ ਹੈ :

## ਕੀਰਤਨ ਦਾ ਇਸ਼ਕ

ਭਾਈ ਮਰਦਾਨੇ ਨਾਲ ਗੁਰੂ ਨਾਨਕ ਦੇਵ ਜੀ ਦੀ ਡੂੰਘੀ ਸਾਂਝ ਦਾ ਸਭ ਤੋਂ ਵਡਾ ਕਾਰਣ ਇਹੀ ਸੀ ਕਿ ਮਰਦਾਨਾ ਰਾਗ ਵਿਚ ਪ੍ਰਬੀਨ ਸੀ । ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਵਿੱਚੋਂ ਸਭ ਤੋਂ ਵਧੀਕ ਗਿਣਤੀ ਉਨ੍ਹਾਂ ਰਾਗਾਂ ਦੀ ਹੈ ਜੋ ਅੰਮ੍ਰਿਤ ਵੇਲੇ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤਕ ਗਾਏ ਜਾਂਦੇ ਹਨ:-

੧. ਆਸਾ ੨. ਭੈਰਉ ੩. ਪ੍ਰਭਾਤੀ ੪. ਸੂਹੀ

੫. ਬਿਲਾਵਲ ੬. ਰਾਮਕਲੀ ੭. ਤੁਖਾਰੀ ੮. ਗੂਜਰੀ

ਮਾਲੂਮ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਸੁੱਚ-ਇਸ਼ਨਾਨ, ਆਦਿਕ ਤੋਂ ਵਿਹਲੇ ਹੋ ਕੇ, ਅੰਮ੍ਰਿਤ ਵੇਲੇ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤੱਕ, ਕੀਰਤਨ ਰਾਹੀਂ ਅਕਾਲ ਪੁਰਖ ਦੀ ਯਾਦ ਵਿਚ ਜੁੜੇ ਰਹਿੰਦੇ ਸਨ ।

ਇਨ੍ਹਾਂ ਤੋਂ ਉਤਰ ਕੇ ਦਿਨ ਦੇ ਤੀਜੇ ਚੌਥੇ ਪਹਿਰ ਨੂੰ ਗਾਏ ਜਾਣ ਵਾਲੇ ਰਾਗ ਹਨ :

੧. ਸਿਰੀ ੨. ਗਉੜੀ ੩. ਧਨਾਸਰੀ ੪. ਤਿਲੰਗ ੫. ਮਾਰੂ

ਅਤੇ ਰਾਤ ਦੇ ਰਾਗ ਹਨ :—

੧. ਵਡਹੰਸ ੨. ਸੋਰਠ ੩. ਮਲਾਰ ੪. ਬਸੰਤ ੫. ਕਾਨੜਾ

ਦੁਪਹਿਰ ਵੇਲੇ ਦਾ ਸਿਰਫ਼ ਇੱਕੋ ਰਾਗ ਗੁਰੂ ਨਾਨਕ ਦੇਵ ਜੀ ਨੇ ਲਿਆ ਹੈ: ਸਾਰੰਗ।

ਇੱਥੋਂ ਇਹੀ ਅਨੁਮਾਨ ਲੱਗਦਾ ਹੈ ਕਿ ਸਤਿਗੁਰੂ ਜੀ ਕੀਰਤਨ ਦੇ ਬੜੇ ਆਸ਼ਿਕ ਸਨ। ਕਾਰ-ਵਿਹਾਰ ਉੱਤੇ ਜਾਣ ਤੋਂ ਪਹਿਲਾਂ ਤੇ ਪਿੱਛੋਂ, ਨੀਂਦ ਤੋਂ ਉੱਠਦਿਆਂ ਹੀ ਤੇ ਸੌਣ ਤੋਂ ਪਹਿਲਾਂ, ਕੀਰਤਨ, ਸਦਾ ਉਨ੍ਹਾਂ ਦੀ ਰੂਹ ਦੀ ਖ਼ੁਰਾਕ ਬਣਦਾ ਸੀ। ਤਲਵੰਡੀ ਦੇ ਲੋਕ ਤੇ ਗੁਰੂ ਨਾਨਕ ਦੇਵ ਜੀ ਦੇ ਸਾਰੇ ਸਾਕ-ਅੰਗ, ਸਨੀਕਾ-ਬਰਾਦਰੀ ਇਹੀ ਸਿੱਟਾ ਕੱਢ ਸਕੀ ਸੀ ਕਿ ਉਹ ਜੀ ਲਾ ਕੇ ਵਿਹਾਰ ਕਾਰ ਨਹੀਂ ਕਰ ਰਹੇ। ਦੁਨੀਆਦਾਰ ਤਾਂ ਸਵੇਂਗਾ, ਖਾਏਗਾ ਤੇ ਮਾਇਆ ਕਮਾਏਗਾ। ਸਤਿਸੰਗ, ਆਦਿਕ ਵਿਚ ਉਸ ਦਾ ਜਾਣਾ ਰੱਬ ਦਾ ਉਲਾਂਭਾ ਲਾਹੁਣ ਵਾਲੀ ਗੱਲ ਹੀ ਹੋਇਆ ਕਰਦੀ ਹੈ।

ਅੱਜ ਦਾ ਪੰਜਾਬੀ ਸ਼ਾਇਦ ਸਹੀ ਅੰਦਾਜ਼ਾ ਨਾ ਲਾ ਸਕੇ ਕਿ ਗੁਰੂ ਨਾਨਕ ਦੇਵ ਜੀ ਦੀ ਇਹ ਨਿੱਤ ਦੀ ਕਾਰ ਦਾ ਤਲਵੰਡੀ-ਨਿਵਾਸੀਆਂ ਉੱਤੇ ਕੀ ਅਸਰ ਪੈ ਰਿਹਾ ਸੀ। ਇਕ ਪਾਸੇ ਇਕ ਅੱਤ ਨੀਵੀਂ ਜ਼ਾਤ ਦਾ ਗ਼ਰੀਬ ਮਰਦਾਨਾ, ਦੂਜੇ ਪਾਸੇ ਉੱਚੀ ਕੁਲ ਦੇ ਖੱਤਰੀ ਤੇ ਭੂਮੀਦਾਰ ਤੇ ਪਟਵਾਰੀ, ਬਾਬਾ ਕਾਲੂ ਜੀ ਦਾ ਸਪੁੱਤਰ ਗੁਰੂ ਨਾਨਕ—ਦੋਵੇਂ, ਇੱਕੋ ਪੱਧਰ ਉੱਤੇ ਮਿਲ ਕੇ,ਪਿਆਰ ਨਾਲ, ਹਰ ਰੋਜ਼, ਕਈ ਕਈ ਘੰਟੇ ਰੱਬ ਦੀ ਸਿਫ਼ਤ ਸਾਲਾਹ ਦੇ ਗੀਤ ਗਾਉਣ,—ਇਸ ਦਾ ਅਸਰ ਉਨ੍ਹਾਂ ਲੋਕਾਂ ਉੱਤੇ ਪੈਣੋਂ ਰਹਿ ਨਹੀਂ ਸੀ ਸਕਦਾ। ਉਨ੍ਹਾਂ ਦਾ ਪਰਸਪਰ ਡੂੰਘਾ ਪਿਆਰ ਇਕ ਹੈਰਾਨ ਕਰਨ ਵਾਲੀ ਗੱਲ ਸੀ। ਇਸ ਦੀ ਮਿਕਨਾਤੀਸੀ ਖਿੱਚ ਨੇ ਇਸ ਮੇਲ ਨੂੰ ਇਕ ਨਿੱਤ-ਵਧਦਾ ਸਤਿਸੰਗ ਬਣਾ ਦਿੱਤਾ, ਜਿਸ ਵਿਚ ਤਲਵੰਡੀ ਨਿਵਾਸੀ ਨਰ ਨਾਰ ਆਪ-ਮੁਹਾਰੇ ਸਾਂਝੀਵਾਲ ਬਣਨ ਲੱਗ ਪਏ। ਸਿੱਖ-ਇਤਿਹਾਸ ਨੇ ਸਿਰਫ਼ ਰਾਇ ਬੁਲਾਰ ਦੀ ਸ਼ਰਧਾ ਦਾ ਹੀ ਜ਼ਿਕਰ ਕੀਤਾ ਹੈ।

## ਰਮਤੇ ਸੰਤਾਂ ਸਾਧਾਂ ਨਾਲ ਮੇਲ

ਕਾਬਲ ਵੱਲੋਂ ਆਉਂਦੇ ਪਠਾਣਾਂ ਦੇ ਹਮਲਿਆਂ ਤੋਂ ਲਾਂਭੇ, ਤਲਵੰਡੀ-ਚੂਹੜਕਾਣੇ ਦੀ ਬਾਰ ਵਿਚ ਆ ਕੇ ਅਨੇਕਾਂ ਰਮਤੇ ਸੰਤ ਸਾਧ ਟਿਕੇ ਰਹਿੰਦੇ ਸਨ, ਇਕੱਲੇ ਦੁਕੱਲੇ ਭੀ ਤੇ ਟੋਲਿਆਂ ਵਿਚ ਭੀ।ਆਪਣੇ ਫ਼ਸਲ-ਬੰਨੇ ਉੱਤੇ ਜਾਣ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੂੰ ਛੋਟੀ ਉਮਰ ਤੋਂ ਹੀ ਉਨ੍ਹਾਂ ਨਾਲ ਵਾਹ ਪੈਣ ਲੱਗ ਪਿਆ ਸੀ। ਸੱਤ ਸਾਲ ਅਤੇ ਨੌਂ ਸਾਲ ਦੀਆਂ ਅਨੋਖੀਆਂ ਘਟਨਾਵਾਂ ਦੇ ਕਾਰਣ ਉਨ੍ਹਾਂ ਦੀ ਰੌਸ਼ਨ-ਦਿਮਾਗ਼ੀ ਅਤੇ ਨਿਰਭੈਤਾ ਤਲਵੰਡੀ ਦੇ ਘਰ ਘਰ ਵਿਚ ਧੁੰਮ ਚੁੱਕੀ ਹੋਈ ਸੀ। ਸੰਤਾਂ ਸਾਧਾਂ ਦੇ ਨਿਰੇ ਭੇਖ ਦਾ ਪਾਜ ਭੀ ਸਤਿਗੁਰੂ ਜੀ ਨੇ ਉਸੇ ਤਰ੍ਹਾਂ ਉਘੇੜਨਾ ਸ਼ੁਰੂ ਕਰ ਦਿੱਤਾ। ਭੋਲੇ ਭਾਲੇ ਲੋਕਾਂ ਨੂੰ ਭੀ ਕੱਚ ਤੇ ਸੱਚ ਵਿਚ ਫ਼ਰਕ ਦਿੱਸਣ ਲੱਗ ਪਿਆ, ਕਈ ਸੰਤ ਸਾਧ ਭੀ ਅਸਲੀਅਤ ਨੂੰ ਪਛਾਣ ਕੇ

ਉਨਾਂ ਦੇ ਹਮ-ਖ਼ਿਆਲ ਬਣਦੇ ਗਏ । ਕੀਰਤਨ ਵਾਲੇ ਸਤਿਸੰਗ ਵਿਚ ਉਨ੍ਹਾਂ ਰਮਤੇ ਸੰਤਾਂ ਸਾਧਾਂ ਨੇ ਭੀ ਸਾਂਝੀਵਾਲ ਬਣਨਾ ਸ਼ੁਰੂ ਕਰ ਦਿੱਤਾ । ਗੁਰੂ ਨਾਨਕ ਦੇਵ ਜੀ ਦਾ ਕੁਝ ਸਮਾਂ ਹਰ ਰੋਜ਼ ਵਿਚਾਰ ਤੇ ਦਰਸ਼ਨਾਂ ਵਿਚ ਖ਼ਰਚ ਹੋਣ ਲਗ ਪਿਆ । ਕੀਰਤਨ ਵੱਲ ਬਹੁਤੀ ਰੁਚੀ ਵੇਖ ਕੇ ਲੋਕ ਅੱਗੇ ਹੀ ਮਿਥ ਚੁੱਕੇ ਸਨ ਕਿ ਬਾਬਾ ਕਾਲੂ ਦਾ ਪੁੱਤਰ ਜੀ ਲਾ ਕੇ ਕਾਰ-ਵਿਹਾਰ ਨਹੀਂ ਕਰਦਾ, ਹੁਣ ਸੰਤਾਂ ਸਾਧਾਂ ਨਾਲ ਬੈਠਕ-ਗੋਸ਼ਟ ਵੇਖ ਕੇ ਕਮਜ਼ੋਰ-ਦਿਲ ਬੰਦਿਆਂ ਨੇ ਇਹ ਦੰਦ-ਕਥਾ ਚਲਾ ਦਿੱਤੀ ਕਿ ਇਹ ਬੱਸ ਅੱਜ ਭਲਕ ਹੀ ਝੁੱਗਾ ਚੋੜ ਕਰ ਕੇ ਸਾਧਾਂ ਨਾਲ ਚਲਾ ਜਾਏਗਾ । ਸਾਰੇ ਹੀ ਨਿਰੇ ਭੇਖੀ ਨਹੀਂ ਹੋਇਆ ਕਰਦੇ । ਜਿਨ੍ਹਾਂ ਸਾਧਾਂ ਨੂੰ ਗੁਰੂ ਨਾਨਕ ਦੇਵ ਜੀ ਵਾਲਾ ਜੀਵਨ-ਰਾਹ ਪਸੰਦ ਆਉਣ ਲਗ ਪਿਆ, ਉਨ੍ਹਾਂ ਨਾਲ ਸਤਿਗੁਰੂ ਜੀ ਦੀ ਦਿਲੀ ਸਾਂਝ ਬਣਨੀ ਇਕ ਕੁਦਰਤੀ ਖੇਡ ਸੀ । ਸਾਧ, ਸਰੀਰ ਤੇ ਰੋਟੀ-ਕਪੜੇ ਆਦਿਕ ਦੀਆਂ ਲੋੜਾਂ ਬਾਰੇ ਪਰ-ਅਧੀਨ ਹੁੰਦੇ ਹਨ ਪਰ ਗੁਰੂ ਨਾਨਕ ਦੇਵ ਜੀ ਆਪਣੀ ਰੋਜ਼ੀ ਆਪ ਕਮਾਉਂਦੇ ਸਨ । ਅਨੇਕਾਂ ਵਾਰੀ ਉਹ ਲੋੜਵੰਦਾਂ ਦੀਆਂ ਗ਼ਰਜ਼ਾਂ ਪੂਰੀਆਂ ਕਰ ਦੇਂਦੇ ਸਨ । ਇੱਥੋਂ ਭੀ ਲੋਕ ਇਹੀ ਸਿੱਟਾ ਕੱਢਦੇ ਗਏ ਕਿ ਕਾਲੂ ਦਾ ਪੁੱਤਰ ਘਰ ਉਜਾੜ ਰਿਹਾ ਹੈ । ਬਾਬਾ ਕਾਲੂ ਜੀ ਭੀ ਕਈ ਵਾਰੀ ਸਤਿਗੁਰੂ ਜੀ ਨੂੰ ਇਸ ਖੁੱਲ੍ਹ-ਦਿਲੀ ਵੱਲੋਂ ਵਰਜਦੇ ਰਹਿੰਦੇ ਸਨ । ਸਿੱਖ ਇਤਿਹਾਸ ਨੇ ਵੰਨਗੀ ਵਜੋਂ ਇਕ ਦੋ ਘਟਨਾਵਾਂ ਹੀ ਦੱਸੀਆਂ ਹਨ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਿਸੇ ਸਤਿਸੰਗੀ ਸਾਧ ਨੂੰ ਗੜਵੀ ਜਾਂ ਹੱਥ ਦੀ ਮੁੰਦਰੀ ਦੇ ਦਿੱਤੀ ਸੀ ।

## ਭਾਰਤ ਦੇ ਲੋਕਾਂ ਉੱਤੇ ਬਿਪਤਾ

ਯਾਰ੍ਹਵੀਂ ਸਦੀ ਵਿਚ ਮਹਮੂਦ ਗ਼ਜ਼ਨਵੀ ਨੇ ਪੰਜਾਬ ਅਤੇ ਪੰਜਾਬ ਦੇ ਰਸਤੇ ਭਾਰਤ ਦੇ ਹੋਰ ਹਿੱਸਿਆਂ ਉੱਤੇ ਬੜੇ ਹਮਲੇ ਕੀਤੇ । ਇਨ੍ਹਾਂ ਨਾਲ ਉਸ ਨੇ ਪੰਜਾਬ ਦੇ ਹਿੰਦੂ-ਰਾਜ ਦਾ ਲੱਕ ਤੋੜ ਦਿੱਤਾ । ਮਹਮੂਦ ਤੋਂ ਪਿੱਛੋਂ ਭਾਰਤ ਉੱਤੇ ਮੁਸਲਮਾਨਾਂ ਲਈ ਹਮਲੇ ਕਰਨ ਦਾ ਰਾਹ ਖੁੱਲ੍ਹ ਗਿਆ । ਦੋ ਸਦੀਆਂ ਵਿਚ ਹੀ ਹਿੰਦੂ ਤਾਕਤ ਕੇਵਲ ਨਾਮ-ਮਾਤ੍ਰ ਹੀ ਰਹਿ ਗਈ ਤੇ ਤੇਰ੍ਹਵੀਂ ਸਦੀ ਦੇ ਸ਼ੁਰੂ ਵਿਚ ਮੁਸਲਿਮ ਰਾਜ ਪੱਕੇ ਪੈਰਾਂ ਉੱਤੇ ਕਾਇਮ ਹੋ ਗਿਆ । ਸੰਨ ੧੨੦੬ ਤੋਂ ਲੈ ਕੇ ੧੫੨੬ ਤੱਕ ਪਠਾਣਾਂ ਦੇ ਪੰਜ ਖ਼ਾਨਦਾਨਾਂ ਨੇ ਇੱਥੇ ਰਾਜ ਕੀਤਾ । ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਸੰਨ ੧੪੬੯ ਈ. ਵਿਚ ਹੋਇਆ, ਤਦੋਂ ਅਖ਼ੀਰਲੇ ਲੋਦੀ ਖ਼ਾਨਦਾਨ ਦਾ ਪਹਿਲਾ ਬਾਦਸ਼ਾਹ ਬਹਲੋਲ, ਦਿੱਲੀ ਦੇ ਤਖ਼ਤ ਉੱਤੇ ਬੈਠਾ ਹੋਇਆ ਸੀ ।

ਕਾਬਲ ਤੋਂ ਭਾਰਤ ਉੱਤੇ ਹਮਲੇ, ਆਮ ਤੌਰ ਉੱਤੇ, ਹਸਨ ਅਬਦਾਲ, ਭੇਰਾ, ਵਜ਼ੀਰ ਆਬਾਦ, ਸਿਆਲਕੋਟ, ਸੈਦਪੁਰ (ਐਮਨਾਬਾਦ) ਤੇ ਲਾਹੌਰ ਦੇ ਰਸਤੇ ਹੀ ਹੁੰਦੇ ਰਹੇ । ਲਾਹੌਰ ਤੋਂ ਪਛੱਮ ਵੱਲ ਦਾ ਬਾਰ ਦਾ ਇਲਾਕਾ ਜਲ-ਹਰਿਆਵਲ-ਹੀਣ, ਕੰਗਾਲ ਇਲਾਕਾ ਸੀ । ਉਹ ਜਰਵਾਣਿਆਂ ਦੀ ਨਜ਼ਰੋਂ ਸਦਾ ਉਹਲੇ ਹੀ ਰਿਹਾ । ਭਾਰਤ ਦੇ ਰਮਤੇ ਸੰਤ

ਸਾਧ ਰੂਹੜਕਾਣਾ-ਤਲਵੰਡੀ ਦੀ ਬਾਰ ਵਿਚ ਹੀ ਆ ਕੇ ਟਿਕਿਆ ਕਰਦੇ ਸਨ। ਇਨ੍ਹਾਂ ਲੋਕਾਂ ਦੀ ਰਾਹੀਂ ਹੀ ਦੇਸ ਦੀ ਸਦਗਤੀ ਜਾਂ ਦੁਰਗਤੀ ਦੀਆਂ ਖ਼ਬਰਾਂ ਇਕ ਥਾਂ ਤੋਂ ਦੂਜੇ ਥਾਂ ਅੱਪੜਦੀਆਂ ਸਨ। ਪਰ ਜਿੱਥੇ ਜਰਵਾਣਿਆਂ ਨੇ ਪ੍ਰਿਥ੍ਵੀ ਰਾਜ ਵਰਗੇ ਸੂਰਮੇ ਰਾਜਪੂਤਾਂ ਦਾ ਘਾਣ ਕਰ ਕੇ ਰੱਖ ਦਿੱਤਾ, ਉੱਥੇ ਗ਼ਰੀਬ ਪਰਜਾ ਦੀ ਕੀ ਜਾ ਸੀ ?

ਭਾਰਤ ਵਿਚ ਪੈਰ ਟਿਕਾਉਂਦਿਆਂ ਹੀ ਮੁਸਲਮਾਨ ਬਾਦਸ਼ਾਹਾਂ ਨੇ ਪਹਿਲਾ ਕੰਮ ਇਹ ਕੀਤਾ ਕਿ ਦੇਸ਼ ਦੀ ਤਕਰੀਬਨ ਸਾਰੀ ਜ਼ਰਖ਼ੇਜ਼ ਜ਼ਮੀਨ ਵੱਡੇ ਵੱਡੇ ਮੁਸਲਮਾਨਾ ਨੂੰ ਜਾਗੀਰ ਦੇ ਤੌਰ ਉੱਤੇ ਦੇ ਦਿੱਤੀ। ਪਰ ਜ਼ਮੀਨ ਤੋਂ ਭੀ ਪਹਿਲਾਂ ਹੱਲਾ ਹੁੰਦਾ ਹੈ ਜ਼ਰ ਅਤੇ ਜ਼ਨਾਨੀ ਉੱਤੇ।

ਸੰਨ ੧੯੪੭ ਦੀ ਪੰਜਾਬ-ਵੰਡ ਜਿਨ੍ਹਾਂ ਨੇ ਅੱਖੀਂ ਵੇਖੀ ਹੈ, ਉਹ ਉਸ ਘੋਰ ਭਿਆਨਕ ਸਮੇਂ ਦਾ ਸਹੀ ਅੰਦਾਜ਼ਾ ਲਾ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਨੂੰ ਰਮਤੇ ਸੰਤਾਂ ਸਾਧਾਂ ਨਾਲ ਜੋ ਤਲਵੰਡੀ ਦੀ ਜੂਹ ਵਿਚ ਆ ਕੇ ਟਿਕਿਆ ਕਰਦੇ ਸਨ, ਛੋਟੀ ਉਮਰ ਤੋਂ ਹੀ ਵਾਹ ਪੈ ਰਿਹਾ ਸੀ। ਜਨਤਾ ਉੱਤੇ ਪੈ ਰਹੀ ਬਿਪਤਾ ਦੀਆਂ ਖ਼ਬਰਾਂ ਬਾਲ-ਵਰੇਸ ਤੋਂ ਹੀ ਉਨ੍ਹਾਂ ਦੇ ਕੰਨੀਂ ਪੈਣ ਲਗ ਪਈਆਂ ਸਨ। ਉਨ੍ਹਾਂ ਦੇ ਸੁਭਾਵ ਵਿਚ ਡੂੰਘੀ ਗੰਭੀਰਤਾ ਦਿਨੋ ਦਿਨ ਵਧਣ ਲੱਗ ਪਈ।

ਜਾਗੀਰਾਂ, ਆਦਿ ਦੇ ਲਾਲਚ ਨੇ ਅਨੇਕਾਂ ਵੱਡੇ ਵੱਡੇ ਹਿੰਦੂ ਘਰਾਣਿਆਂ ਨੂੰ ਆਪਣੇ ਧਰਮ ਤੋਂ ਥਿੜਕਾ ਦਿੱਤਾ। ਰਾਇ ਬੁਲਾਰ ਦੇ ਪਿਉ ਰਾਇ ਭੋਇ ਦੀ ਮਿਸਾਲ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਮੌਜੂਦ ਸੀ।

ਜੱਥੇਬੰਦ ਜਰਵਾਣਿਆਂ ਦਾ ਟਾਕਰਾ ਰਣ-ਭੂਮੀ ਵਿਚ ਕਰਨ ਦੀ ਹਿੰਮਤ ਤਾਂ ਘਟ ਗਈ, ਪਰ ਹਿੰਦੂ ਜਨਤਾ ਨੇ ਆਪਣੇ ਲਈ ਕਈ ਭਾਈਚਾਰਕ ਨਿਯਮ ਨਵੇਂ ਬਣਾ ਲਏ ਜਾਂ ਪੁਰਾਣਿਆਂ ਵਿਚ ਤਬਦੀਲੀ ਕਰ ਲਈ। ਮੁਸਲਮਾਨਾਂ ਨਾਲ ਭਾਈਚਾਰਕ ਨਾ-ਮਿਲ-ਵਰਤਣ ਨੂੰ ਇਤਨੀ ਸਿਖਰ ਤਕ ਪੁਚਾ ਦਿੱਤਾ ਗਿਆ ਕਿ ਮਗਰੋਂ ਇਹ ਸਾਧਾਰਣ ਆਤ-ਮਕ ਜੀਵਨ ਲਈ ਇਕ ਕੋਝਾ ਰੋਗ ਹੀ ਬਣ ਗਿਆ। ਬਹੂ ਬੇਟੀਆਂ ਦੀ ਇੱਜ਼ਤ ਦੀ ਰਾਖੀ ਲਈ ਛੋਟੀ ਉਮਰੇ ਹੀ ਵਿਆਹ ਦੇਣ ਦੇ ਰਿਵਾਜ ਨੂੰ ਉਤਸਾਹ ਦਿੱਤਾ ਗਿਆ। ਮਰੇ ਖਸਮ ਨਾਲ ਉਸ ਦੀ ਚਿਤਾ ਉੱਤੇ ਉਸ ਦੀ ਵਿਧਵਾ ਦੇ ਸੜਨ ਦੀ ਰੀਤ ਜ਼ੋਰ ਫੜਨ ਲਗ ਪਈ। ਕਈ ਘਰਾਣਿਆਂ ਵਿਚ ਲੋਕ ਜੰਮਦੀਆਂ ਧੀਆਂ ਨੂੰ ਜਾਨੋਂ ਮਾਰਨ ਲਗ ਪਏ।

ਜਿਉਂ ਜਿਉਂ ਗੁਰੂ ਨਾਨਕ ਦੇਵ ਜੀ ਵਡੇਰੀ ਉਮਰ ਦੇ ਹੁੰਦੇ ਗਏ ਆਪਣੇ ਸਮਾਜ ਦੀ ਇਹ ਸਾਰੀ ਨਿੱਘਰਦੀ ਦਸ਼ਾ ਮੁੜ ਮੁੜ ਉਨ੍ਹਾਂ ਦੇ ਸਾਹਮਣੇ ਆਉਣ ਲਗ ਪਈ। ਪਰ ਜਰਵਾਣਿਆਂ ਦੇ ਅੱਤਿਆਚਾਰਾਂ ਨਾਲੋਂ ਵਧੀਕ ਦਰਦਨਾਕ ਸੀ ਲਾ-ਪਰਵਾਹੀ ਉਨ੍ਹਾਂ ਲੋਕਾਂ ਦੀ, ਜੋ ਆਪਣੇ ਆਪ ਨੂੰ ਧਰਮ ਦੇ ਨੇਤਾ ਤੇ ਰਾਖੇ ਅਖਵਾਉਂਦੇ ਸਨ।

ਅਠਾਰਾਂ ਵੀਹ ਸਾਲ ਦੀ ਉਮਰ ਦੇ ਸਾਧਾਰਣ ਗਭਰੂ ਤਾਂ ਇਹ ਸਭ ਕੁੱਝ ਵੇਖ ਸੁਣ ਕੇ ਬੇ-ਪਰਵਾਹ ਰਹਿ ਸਕਦੇ ਸਨ, ਪਰ ਮਨੁੱਖਤਾ ਦੇ ਸੱਚੇ ਦਰਦੀ ਗੁਰੂ ਨਾਨਕ ਦੇਵ ਜੀ ਤੋਂ ਇਸ ਭਿਆਨਕ ਦਸ਼ਾ ਨੂੰ ਆਈ-ਗਈ ਕਰਨ ਦੀ ਆਸ ਨਹੀਂ ਸੀ ਹੋ ਸਕਦੀ।

ਅਨੇਕਾਂ ਵਾਰੀ ਐਸਾ ਹੋਣ ਲਗ ਪਿਆ ਕਿ ਸਤਿਗੁਰੂ ਜੀ ਕਈ ਕਈ ਘੰਟੇ ਜਨਤਾ ਉੱਤੇ ਆਈ ਇਸ ਬਿਪਤਾ ਬਾਰੇ ਸੋਚੀਂ ਪਏ ਰਹਿੰਦੇ ਸਨ । ਹੱਟੀ ਦਾ ਕੰਮ ਭੀ ਭੁੱਲ ਜਾਂਦਾ ਸੀ । ਬੇ-ਦਰਦ ਲੋਕ ਕੀ ਸਮਝਣ ਉਸ ਦਿਲ ਦੀ ਪੀੜ, ਜਿਹੜਾ ਆਪਣੇ ਦੇਸ਼ ਦੀ ਬੇ-ਪਤੀ ਦੀਆਂ ਖ਼ਬਰਾਂ ਸੁਣ ਕੇ ਤੜਪ ਪੈਂਦਾ ਸੀ ? ਇਸ ਗੰਭੀਰਤਾ ਤੇ ਦਿੱਸਦੀ ਉਦਾਸੀ ਤੋਂ ਭੀ ਲੋਕ ਇਹੀ ਅੰਦਾਜ਼ੇ ਲਾਉਂਦੇ ਸਨ ਕਿ ਕਾਲੂ ਦਾ ਪੁੱਤਰ ਫ਼ਕੀਰ ਹੋਣ ਨੂੰ ਫਿਰਦਾ ਹੈ ।

## ਵੈਦ ਦਾ ਆਉਣਾ

ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਜਿਨ੍ਹਾਂ ਦਿਨਾਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ, ਤਦੋਂ ਦਿੱਲੀ ਦੇ ਤਖ਼ਤ ਉੱਤੇ ਲੋਦੀ ਖ਼ਾਨਦਾਨ ਦਾ ਦੂਜਾ ਬਾਦਸ਼ਾਹ ਸਿਕੰਦਰ ਬੈਠਾ ਹੋਇਆ ਸੀ । ਇਸ ਨੇ ਸੰਨ ੧੪੮੯ ਤੋਂ ੧੫੧੭ ਤੱਕ ਰਾਜ ਕੀਤਾ । ੧੭ ਫ਼ਰਵਰੀ, ੧੫੧੭ ਨੂੰ ਆਗਰੇ ਵਿਚ ਇਸ ਦੀ ਮੌਤ ਹੋਈ । ਇਸ ਨੇ ਦਿੱਲੀ ਦੀ ਥਾਂ ਆਗਰੇ ਨੂੰ ਰਾਜਧਾਨੀ ਬਣਾਇਆ ਸੀ । ਇਸ ਨੇ ਜਿਤਨਾ ਚਿਰ ਰਾਜ ਕੀਤਾ, ਹਿੰਦੂ ਜਨਤਾ ਉੱਤੇ, ਖ਼ਾਸ ਕਰਕੇ, ਬਹੁਤ ਸਖ਼ਤੀਆਂ ਕੀਤੀਆਂ । ਇਨਸਾਫ਼ ਦੀ ਵਾਗ-ਡੋਰ ਕਾਜ਼ੀਆਂ ਦੇ ਹੱਥ ਹੁੰਦੀ ਸੀ, ਜੋ ਰੱਜ ਕੇ ਰਿਸ਼ਵਤ ਲੈਂਦੇ ਸਨ । ਸੰਨ ੧੪੯੦ ਵਿਚ ਸਿਕੰਦਰ ਬਨਾਰਸ ਗਿਆ । ਕਬੀਰ ਜੀ ਬਨਾਰਸ ਦੇ ਰਹਿਣ ਵਾਲੇ ਸਨ ਤੇ ਓਦੋਂ ਉਹ ਬਨਾਰਸ ਵਿਚ ਹੀ ਸਨ । ਉਨ੍ਹਾਂ ਦੀ ਨਿਰਭੈਤਾ ਦਾ ਅੰਦਾਜ਼ਾ ਲਾਉਣਾ ਹੋਵੇ, ਤਾਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਉਨ੍ਹਾਂ ਦੇ ਸ਼ਬਦ ਪੜ੍ਹ ਕੇ ਵੇਖ ਲਵੋ । ਧਰਮ ਦੀਆਂ ਦੁਕਾਨਾਂ ਲਾ ਕੇ ਜਨਤਾ ਨੂੰ ਲੁੱਟਣ ਵਾਲੇ ਬ੍ਰਾਹਮਣਾਂ ਅਤੇ ਕਾਜ਼ੀਆਂ ਦੇ ਪਾਖੰਡ ਉਹ ਨਿਝੱਕ ਹੋ ਕੇ ਨਸ਼ਰ ਕਰਿਆ ਕਰਦੇ ਸਨ । ਜਦੋਂ ਸਿਕੰਦਰ ਬਨਾਰਸ ਗਿਆ ਤਾਂ ਕਾਜ਼ੀਆਂ ਨੇ ਕਬੀਰ ਜੀ ਦੇ ਵਿਰੁੱਧ ਉਸ ਦੇ ਕੰਨ ਰੱਜ ਕੇ ਭਰੇ । ਉਸ ਨੇ ਹੁਕਮ ਦਿੱਤਾ ਕਿ ਕਬੀਰ ਨੂੰ ਮਸਤ ਹਾਥੀ ਦੇ ਸਾਹਮਣੇ ਸੁੱਟਿਆ ਜਾਏ । ਇਸ ਘਟਨਾ ਦਾ ਜ਼ਿਕਰ ਕਬੀਰ ਜੀ ਨੇ ਆਪ ਭੀ ਕੀਤਾ ਹੈ ਕਿ ਮੁਸ਼ਕਾਂ ਬੰਨ੍ਹ ਕੇ ਉਨ੍ਹਾਂ ਨੂੰ ਹਾਥੀ ਅੱਗੇ ਸੁੱਟਿਆ ਗਿਆ ਸੀ, ਪਰ ਕੁਦਰਤ ਕਰਤਾਰ ਦੀ ! ਹਾਥੀ ਕਬੀਰ ਜੀ ਦੇ ਨੇੜੇ ਨਾ ਢੁੱਕਿਆ । ਸਿਕੰਦਰ ਨੇ ਇਹ ਸਭ ਕੁੱਝ ਅੱਖੀਂ ਵੇਖਿਆ । ਕਬੀਰ ਜੀ ਦੀ ਬਜ਼ੁਰਗੀ ਦਾ ਕਾਇਲ ਹੋ ਕੇ ਉਨ੍ਹਾਂ ਨੂੰ ਛੱਡ ਦਿੱਤਾ । ਅਤੇ ਸੰਤਾਂ ਸਾਧਾਂ ਰਾਹੀਂ ਇਹ ਖ਼ਬਰ ਸਾਰੇ ਭਾਰਤ ਵਿਚ ਖਿੱਲਰ ਗਈ । ਗੁਰੂ ਨਾਨਕ ਦੇਵ ਜੀ ਨੇ ਭੀ ਸੁਣੀ ਹੋਵੇਗੀ । ਇਹ ਕੋਈ ਸਾਧਾਰਣ ਜਿਹੀ ਗੱਲ ਨਹੀਂ ਸੀ । ਰਿਸ਼ਵਤ-ਖ਼ੋਰ ਕਾਜ਼ੀ, ਇਨਸਾਫ਼ ਦੇ ਪਰਦੇ ਪਿੱਛੇ, ਬੇ-ਸ਼ਕ ਮਨ-ਮੰਨੇ ਅੱਤਿਆਚਾਰ ਜਨਤਾ ਉੱਤੇ ਕਰੀ ਜਾਣ, ਪਰ ਜੇ ਕੋਈ ਜਨ-ਸਾਧਾਰਣ ਜ਼ਬਾਨ ਖੋਲ੍ਹ ਬੈਠੇ, ਤਾਂ ਉਸ ਨੂੰ ਸਖ਼ਤੀ ਨਾਲ ਦਬਾਇਆ ਜਾਂਦਾ ਸੀ । ਫੇਰ ਆਪਣੇ ਲੋਕਾਂ ਨੂੰ ਜਗਾਉਣ ਤੇ ਜੱਥੇਬੰਦ ਕਰਨ ਲਈ ਕਿਹੜਾ ਤਰੀਕਾ ਵਰਤਿਆ ਜਾਏ ?

ਸਿੱਖ ਇਤਿਹਾਸ ਅਨੁਸਾਰ ਬਾਈ ਸਾਲਾਂ ਦੀ ਉਮਰੇ, ਸੰਨ ੧੪੯੧ ਵਿਚ, ਗੁਰੂ ਨਾਨਕ ਦੇਵ ਜੀ ਕਈ ਦਿਨ ਚੁੱਪ ਹੀ ਰਹੇ 'ਨ ਅੰਨ ਹੀ ਜੇਵੇ, ਨ ਕਿਸੀ ਨਿਉਂ ਬੋਲੈ, ਨ ਬਕੈ'। ਸ਼ਰੀਕੇ ਬਰਾਦਰੀ ਦੇ ਭਿਰਾਵਾਂ ਦੀ ਸਲਾਹ-ਮੱਤ ਨਾਲ, 'ਦਾਦਾ ਕਾਲੂ, ਬੈਦੂ ਬੁਲਾਇ ਲੈ ਆਇਆ।' ਇਹ ਸਾਖੀ ਪ੍ਰਸਿੱਧ ਹੈ! ਵੈਦ ਨੇ ਗੁਰੂ ਨਾਨਕ ਦੇਵ ਜੀ ਦਾ ਕੋਈ ਸਰੀਰਿਕ ਰੋਗ ਪਛਾਣਨ ਲਈ ਉਨ੍ਹਾਂ ਦੀ ਨਬਜ਼ ਨੂੰ ਹੱਥ ਪਾਇਆ। ਪਰ ਨਬਜ਼ ਚੰਗੀ ਭਲੀ ਸੀ, ਸਰੀਰ ਬਿਲਕੁਲ ਅਰੋਗ ਸੀ। ਵੈਦ ਕਿਹੜਾ ਰੋਗ ਦੱਸੇ ਅਤੇ ਕਿਹੜੀ ਦਵਾਈ ਦੇਵੇ? ਸਤਿਗੁਰੂ ਜੀ ਨੇ ਉਸ ਦੀ ਘਬਰਾਹਟ ਤੇ ਹੈਰਾਨੀ ਦੂਰ ਕਰਨ ਲਈ ਉਸ ਨੂੰ ਸਮਝਾਇਆ ਕਿ ਤੇਰੀ ਵਿੱਦਿਆ ਤੇ ਮਿਹਨਤ ਇੱਥੇ ਕੋਈ ਕਾਟ ਨਹੀਂ ਕਰ ਸਕਦੀ। ਮੇਰੇ ਸਰੀਰ ਵਿਚ ਕੋਈ ਰੋਗ ਨਹੀਂ ਹੈ। ਹਾਂ, ਦਿੱਲ ਵਿਚ ਇਕ ਐਸਾ ਦਰਦ ਹੈ ਜਿਸ ਦੀ ਤੈਨੂੰ ਪਛਾਣ ਨਹੀਂ। ਇਸ ਦਰਦ ਨੂੰ ਉਹੀ ਸਮਝ ਸਕਦਾ ਹੈ ਜਿਸ ਦੇ ਅੰਦਰ ਇਹਸਾਸ ਹੈ!

## ਚੂਹੜਕਾਣੇ ਦਾ ਖਰਾ ਸੌਦਾ

ਗੁਰੂ ਨਾਨਕ ਦੇਵ ਜੀ ਦਾ ਹੱਟੀ-ਵਪਾਰ ਦਾ ਵਿਹਾਰਕਾਰ ਇਸੇ ਤਰ੍ਹਾਂ ਚੋਦਾਂ ਪੰਦਰਾਂ ਸਾਲ ਚਲਦਾ ਰਿਹਾ, ਨਾਲੋ ਨਾਲ, ਭਾਈ ਮਰਦਾਨੇ ਦੀ ਮਿਲ-ਵਰਤਣ ਦਾ ਸਦਕਾ, ਰੂਹ ਦੀ ਖ਼ੁਰਾਕ, ਕੀਰਤਨ, ਤੋਂ ਭੀ ਖੁੰਝਾਈ ਨਾ ਹੋਈ। ਜਿਉਂ ਜਿਉਂ ਕੀਰਤਨ ਦੀ ਸੋਭਾ ਖਿੱਲਰਦੀ ਗਈ, ਤਿਉਂ ਤਿਉਂ ਹੋਰ ਭੀ ਕਈ ਲੋਕ ਸਤਿਸੰਗੀ ਬਣਦੇ ਗਏ,—ਤਲਵੰਡੀ ਦੇ ਵਸਨੀਕ ਭੀ ਅਤੇ ਰਮਤੇ ਸੰਤ ਸਾਧ ਭੀ, ਜੋ ਉੱਥੇ ਆ ਟਿਕਦੇ ਸਨ। ਸਤਿਸੰਗ ਦੀ ਸਾਂਝ ਕਰਕੇ ਸਤਿਗੁਰੂ ਜੀ ਇਨ੍ਹਾਂ ਲੋਕਾਂ ਦੀਆਂ ਭੋਜਨ ਛਾਦਨ ਆਦਿਕ ਦੀਆਂ ਜ਼ਰੂਰੀ ਲੋੜਾਂ ਭੀ ਪੂਰੀਆਂ ਕਰ ਦਿਆ ਕਰਦੇ ਸਨ।

ਜਿਸ ਸਮੇਂ ਦਾ ਜ਼ਿਕਰ ਚੱਲ ਰਿਹਾ ਹੈ, ਭੁਇੰ ਦੀ ਅੱਤ ਕਾਣੀ ਵੰਡ ਦੇ ਕਾਰਣ ਬਹੁਤੇ ਲੋਕ ਰੋਟੀ ਕੱਪੜੇ ਤੋਂ ਆਤੁਰ ਹੀ ਰਹਿੰਦੇ ਸਨ। ਜੇ ਕਦੇ ਔੜ ਲੱਗ ਜਾਂਦੀ ਤਾਂ ਕਾਲ ਆਤੁਰ ਗ਼ਰੀਬਾਂ ਦੇ ਆਹੂ ਲਾਹੁੰਦਾ। ਬਾਰ ਵਿਚ ਵਾਹੀ-ਖੇਤੀ, ਆਮ ਤੌਰ ਉੱਤੇ, ਵਰਖਾ ਦੇ ਆਸਰੇ ਹੁੰਦੀ ਸੀ। ਸੋ, ਜਦੋਂ ਕਦੇ ਵਰਖਾ ਦਾ ਰਤਾ ਕੁ ਅੱਗਾ ਪਿੱਛਾ ਹੋ ਜਾਂਦਾ, ਉਨ੍ਹਾਂ ਗ਼ਰੀਬਾਂ ਦੇ ਭਾ ਦੀ ਹੀ ਬਣ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨਿਰੇ ਪਰਦੇਸੀ ਲੋੜਵੰਦਾਂ ਦੀ ਲੋੜ ਹੀ ਪੂਰੀ ਨਹੀਂ ਸਨ ਕਰਦੇ, ਆਪਣੀ ਕਮਾਈ ਵਿੱਚੋਂ ਆਪਣੇ ਚਗਿਰਦੇ ਦੇ ਲੋੜਵੰਦ ਗ਼ਰੀਬਾਂ ਦੀ ਬਾਂਹ ਭੀ ਫੜਦੇ ਰਹਿੰਦੇ ਸਨ। ਇਸ ਦਾ ਨਤੀਜਾ ਇਹ ਨਿਕਲਦਾ ਸੀ ਕਿ ਮਾਇਆ ਇਕ ਹੱਥ ਆ ਕੇ ਦੂਜੇ ਹੱਥ ਨਿਕਲ ਜਾਂਦੀ ਸੀ। ਬਾਬਾ ਕਾਲੂ ਜੀ ਆਪਣੇ ਪੁੱਤਰ ਦੀ ਇਸ ਕਿਰਤ-ਕਮਾਈ ਉੱਤੇ ਖ਼ੁਸ਼ ਨਹੀਂ ਸਨ!

ਕਈ ਸਿੱਖ-ਇਤਿਹਾਸਕਾਰਾਂ ਨੇ ਖਰੇ ਸੌਦੇ ਦੀ ਸਾਖੀ ਲਿਖੀ ਹੈ ਜੋ ਸਿੱਖ ਕੌਮ ਵਿਚ ਬੜੀ ਹੀ ਪ੍ਰਸਿੱਧ ਹੈ। ਜਦੋਂ ਦੀ ਇਹ ਵਾਰਤਾ ਹੈ ਤਦੋਂ ਸਤਿਗੁਰੂ ਨਾਨਕ ਦੇਵ ਜੀ ਦੀ

ਉਮਰ ਚੌਂਤੀ ਪੈਂਤੀ ਸਾਲਾਂ ਦੀ ਸੀ। ਹੱਟੀ ਵਾਸਤੇ ਸੌਦਾ ਖ਼ਰੀਦਣ ਲਈ ਚੂਹੜਕਾਣੇ ਨੂੰ ਚੱਲ ਪਏ। ਤਲਵੰਡੀਓਂ ਸਭ ਤੋਂ ਨੇੜੇ ਵੱਡਾ ਨਗਰ ਇਹੀ ਸੀ। ਭਾਈ ਮਰਦਾਨਾ ਭੀ ਨਾਲ ਹੀ ਸੀ। ਜਦੋਂ ਕਦੇ ਸੌਦਾ ਖ਼ਰੀਦਣ ਦੇ ਕੰਮ ਤਲਵੰਡੀ ਤੋਂ ਬਾਹਰ ਜਾਂਦੇ ਸਨ, ਮਰਦਾਨਾ ਸਦਾ ਨਾਲ ਹੁੰਦਾ ਸੀ, ਕਿਉਂਕਿ ਕੀਰਤਨ ਵੱਲੋਂ ਨਾਗਾ ਗੁਰੂ ਨਾਨਕ ਦੇਵ ਜੀ ਵਾਸਤੇ ਅਸਹਿ ਹੋ ਚੁੱਕਾ ਸੀ।

ਚੌਂਤੀ ਪੈਂਤੀ ਸਾਲਾਂ ਦੀ ਉਮਰ ਤੱਕ ਸੌਦਾ ਪੱਤਾ ਖ਼ਰੀਦਣ ਵੇਚਣ ਵਾਲੇ ਦਾ ਆਪਣਾ ਤਜਰਬਾ ਇਤਨਾ ਹੋ ਜਾਂਦਾ ਹੈ ਕਿ ਉਸ ਨੂੰ ਕਿਸੇ ਦੀ ਸਿੱਖ-ਮਤ ਦੀ ਲੋੜ ਨਹੀਂ ਪੈਂਦੀ। ਪਰ ਮਾਪੇ, ਸੁਭਾਵਿਕ ਹੀ, ਆਪਣੇ ਜਵਾਨ ਪੁੱਤਰਾਂ ਨੂੰ ਭੀ ਕਈ ਵਾਰੀ ਤੁਰਨ ਲੱਗਿਆਂ ਕੋਈ ਨ ਕੋਈ ਸਿੱਖਿਆ ਦੇ ਹੀ ਦੇਂਦੇ ਹਨ। ਸਾਖੀਕਾਰ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਦੇਵ ਜੀ ਚੂਹੜਕਾਣੇ ਨੂੰ ਤੁਰਨ ਲੱਗੇ ਤਾਂ ਉਨ੍ਹਾਂ ਦੇ ਪਿਤਾ ਬਾਬਾ ਕਾਲੂ ਜੀ ਨੇ ਸੁਚੇਤ ਕਰਨ ਲਈ ਉਨ੍ਹਾਂ ਨੂੰ ਆਖਿਆ ਕਿ ਮਾਲ ਧਿਆਨ ਨਾਲ ਖ਼ਰੀਦਣਾ, ਖਰਾ ਹੋਵੇ, ਤਾਂ ਜੋ ਲਾਹੇਵੰਦਾ ਹੋ ਸਕੇ।

ਇਹ ਜ਼ਿਕਰ ਸੰਨ ੧੫੦੩-੪ ਦਾ ਹੈ। ਸਿਕੰਦਰ ਲੋਦੀ ਦਾ ਰਾਜ ਸੀ। ਉਸ ਨੇ ਦਿੱਲੀ ਦੀ ਥਾਂ ਆਗਰੇ ਨੂੰ ਰਾਜਧਾਨੀ ਬਣਾ ਲਿਆ ਸੀ, ਕਿਉਂਕਿ ਉਸ ਦਾ ਸਾਰਾ ਧਿਆਨ ਬਿਹਾਰ ਵੱਲ ਸੀ, ਜਿਸ ਨੂੰ ਉਸ ਨੇ ਫ਼ਤਹ ਕਰ ਕੇ ਆਪਣੇ ਰਾਜ ਵਿਚ ਰਲਾ ਲਿਆ ਸੀ। ਪੰਜਾਬ ਦੇ ਜਾਗੀਰਦਾਰ ਇਸ ਗੱਲੋਂ ਖ਼ੁਸ਼ ਸਨ ਕਿ ਬਾਦਸ਼ਾਹ ਉਨ੍ਹਾਂ ਤੋਂ ਦੂਰ ਪਰੇ ਗਿਆ ਹੋਇਆ ਹੈ। ਹਿੰਦੂ ਸਿਕੰਦਰ ਦੇ ਹੱਥੋਂ ਤੰਗ ਸਨ ਹੀ। ਪੰਜਾਬ ਦੇ ਹਾਲਾਤ ਅਟਿਕਵੇਂ ਜਿਹੇ ਹੋ ਗਏ। ਔੜ ਦੇ ਕਾਰਣ ਗ਼ਰੀਬਾਂ ਦਾ ਹੱਥ ਕਾਫ਼ੀ ਤੰਗ ਹੋ ਗਿਆ ਤੇ ਸੰਤਾਂ ਸਾਧਾਂ ਦੀ ਸੇਵਾ ਭੀ ਘਟ ਗਈ।

ਗੁਰੂ ਨਾਨਕ ਦੇਵ ਜੀ ਘਰੋਂ ਵੀਹ ਰੁਪੈ ਲੈ ਕੇ ਤੁਰੇ ਸਨ। ਭਾਵੇਂ ਕਾਲ ਜਿਹੀ ਹਾਲਤ ਸੀ, ਫਿਰ ਭੀ ਉਸ ਜ਼ਮਾਨੇ ਦੇ ਵੀਹ ਰੁਪੈ ਅੱਜ ਕੱਲ ਦੇ ਦੋ ਹਜ਼ਾਰ ਨਾਲੋਂ ਚੰਗੇ ਸਨ। ਅੰਨ ਦੇ ਕਾਲ ਸਮੇਂ ਪਿੰਡਾਂ ਨਾਲੋਂ ਸ਼ਹਿਰਾਂ-ਨਗਰਾਂ ਦੀ ਹਾਲਤ ਵਧੀਕ ਖ਼ਰਾਬ ਹੋ ਜਾਂਦੀ ਹੈ। ਤਲਵੰਡੀ ਤੋਂ ਵਾਪਸ ਆਉਂਦੇ ਸੰਤਾਂ ਦੀ ਇਕ ਮੰਡਲੀ ਚੂਹੜਕਾਣੇ ਟਿਕੀ ਹੋਈ ਗੁਰੂ ਨਾਨਕ ਦੇਵ ਜੀ ਨੂੰ ਮਿਲ ਪਈ। ਉਨ੍ਹਾਂ ਵਿਚ ਕਈ ਅੱਗੇ ਹੀ ਸਤਿਗੁਰੂ ਜੀ ਦੇ ਸਤਿਸੰਗੀ, ਵਾਕਿਫ਼ ਬਣ ਚੁੱਕੇ ਸਨ। ਇਕ ਦੋ ਦਿਨਾਂ ਤੋਂ ਇਨ੍ਹਾਂ ਦੀ ਅੰਨ ਪਾਣੀ ਬਾਰੇ ਕਿਸੇ ਵਾਤ ਨਹੀਂ ਸੀ ਪੁੱਛੀ। ਸਤਿਗੁਰੂ ਜੀ ਨੇ ਉਨ੍ਹਾਂ ਵਾਸਤੇ ਲੰਗਰ ਦਾ ਪ੍ਰਬੰਧ ਕਰ ਦਿੱਤਾ। ਕਈਆਂ ਨੂੰ ਬਸਤਰ, ਆਦਿਕ ਦੀ ਭੀ ਲੋੜ ਸੀ। ਲੰਗਰ ਖੁੱਲ੍ਹਣ ਉੱਤੇ ਹੋਰ ਭੀ ਕਈ ਗ਼ਰੀਬ ਆ ਪਹੁੰਚੇ। ਵੀਹ ਰੁਪਇਆਂ ਦੀ ਸਾਰੀ ਦੀ ਸਾਰੀ ਰਕਮ ਇਸ ਕੰਮ ਉੱਤੇ ਖ਼ਰਚ ਹੋ ਗਈ।

ਗੁਰੂ ਨਾਨਕ ਦੇਵ ਜੀ ਵਾਸਤੇ ਇਹ ਇਕ ਸਾਧਾਰਣ ਜਿਹਾ ਕੰਮ ਸੀ। ਆਪਣੀ ਕਮਾਈ ਵਿੱਚੋਂ ਉਹ ਸਦਾ ਲੋੜਵੰਦਾਂ ਦੀ ਮਦਦ ਕਰਦੇ ਚਲੇ ਆ ਰਹੇ ਸਨ। ਪਰ ਇਸ

ਵਾਲੀ ਰਕਮ ਬਹੁਤ ਵਧੀਕ ਖ਼ਰਚ ਹੋ ਗਈ ਸੀ । ਸਖ਼ੀ-ਦਿਲ ਕਮਾਉ ਲਈ ਮਾਇਆ ਹੱਥਾਂ ਦੀ ਮੈਲ ਹੈ; ਪਰ ਬਾਬਾ ਕਾਲੂ ਜੀ ਨੂੰ ਸਤਿ-ਗੁਰੂ ਜੀ ਦੀ ਇਤਨੀ ਖੁੱਲ੍ਹ-ਦਿਲੀ ਉੱਤੇ ਬਹੁਤ ਗੁੱਸਾ ਆਇਆ । ਪੁੱਤਰ ਭਾਵੇਂ ਕਿਤਨਾ ਵੱਡਾ, ਕਮਾਊ ਤੇ ਸਿਆਣਾ ਹੋ ਜਾਏ, ਪਿਓ ਦੀਆਂ ਨਜ਼ਰਾਂ ਵਿਚ ਉਹ ਬਾਲ ਹੀ ਹੁੰਦਾ ਹੈ । ਬਾਬਾ ਕਾਲੂ ਜੀ ਬਹੁਤ ਨਾਰਾਜ਼ ਹੋਏ । ਉਨ੍ਹਾਂ ਦੀਆਂ ਇਹ ਆਸਾਂ ਮੁੱਕ ਗਈਆਂ ਕਿ ਉਨ੍ਹਾਂ ਦਾ ਪੁੱਤਰ ਕਦੇ ਖੱਟ-ਜਮਾ ਕੇ ਦੁਨੀਆਦਾਰਾਂ ਵਾਲਾ ਨਾਮਣਾ ਖੱਟੇਗਾ । ਆਖ਼ਰ ਦੁਨੀਆ ਵਿਚ ਧਨ ਨੂੰ ਹੀ ਮਾਣ ਮਿਲਦਾ ਹੈ—ਧਨੀ ਹੀ ਖ਼ਾਨਦਾਨੀ, ਧਨੀ ਹੀ ਅਕਲਈਆ, ਧਨੀ ਹੀ ਸ਼ਰੀਫ਼ ਤੇ ਈਮਾਨਦਾਰ, ਧਨੀ ਹੀ ਧਰਮੀ ਤੇ ਧਨੀ ਹੀ ਦਾਨੀ !

ਗੁਰੂ ਨਾਨਕ ਦੇਵ ਜੀ ਬਾਬਾ ਕਾਲੂ ਜੀ ਦੇ ਮਨੋਂ ਚੜ੍ਹ ਗਏ । ਇਹ ਖ਼ਬਰ ਬੀਬੀ ਨਾਨਕੀ ਅਤੇ ਭਾਈ ਜੈ ਰਾਮ ਜੀ ਨੂੰ ਭੀ ਅੱਪੜ ਗਈ । ਭਾਈ ਜੈ ਰਾਮ ਜੀ ਦਾ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਨਾਲ ਬੜਾ ਅਸਰ ਰਸੂਖ਼ ਸੀ । ਉਨ੍ਹਾਂ ਨੇ ਨਵਾਬ ਨੂੰ ਪ੍ਰੇਰਿਆ ਕਿ (ਗੁਰੂ) ਨਾਨਕ ਨੂੰ ਆਪਣਾ ਮੋਦੀ ਬਣਾ ਲਏ । ਆਪ ਪੁੱਜ ਕੇ ਈਮਾਨਦਾਰ ਤੇ ਮਿਹਨਤੀ ਸਨ ਤੇ ਪਿਤਾ ਨੂੰ ਦੁੱਖ ਸੀ ਤਾਂ ਇਹੀ ਕਿ ਉਹ ਆਪਣੀ ਕਮਾਈ ਗ਼ਰੀਬਾਂ ਨੂੰ ਕਿਉਂ ਖਵਾਉਂਦੇ ਹਨ । ਸਰਕਾਰੀ ਮਹਿਕਮਿਆਂ ਵਿਚ ਮਿਹਨਤੀ ਤੇ ਈਮਾਨਦਾਰ ਕਰਮਚਾਰੀ ਕਿਤੇ ਭਾਗਾਂ ਨਾਲ ਲੱਭਦੇ ਹੋਣਗੇ. ਸੋ ਨਵਾਬ ਤੁਰਤ ਮੰਨ ਗਿਆ । ਭਾਈ ਜੈ ਰਾਮ ਜੀ ਨੇ ਬਾਬਾ ਕਾਲੂ ਜੀ ਅਤੇ ਗੁਰੂ ਨਾਨਕ ਦੇਵ ਜੀ ਨੂੰ ਸੁਨੇਹਾ ਭੇਜ ਦਿੱਤਾ ।

## ਸੁਲਤਾਨ ਪੁਰ ਨੂੰ

ਜਦੋਂ ਭਾਈ ਜੈਰਾਮ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਆਉਣ ਲਈ ਸੁਨੇਹਾ ਭੇਜਿਆ ਉਨ੍ਹਾਂ ਦੀ ਉਮਰ ਉਸ ਵੇਲੇ ਪੈਤੀਂ ਸਾਲ ਸਾਢੇ ਛੇ ਮਹੀਨੇ ਸੀ । ਇਕ ਜਨਮਸਾਖੀ ਵਾਲਾ ਲਿਖਦਾ ਹੈ— "ਪੈਂਤੀਸ ਬਰਸਾਂ ਕਾ ਅਰੁ ਛਿਆਂ ਸਾਢਿਆਂ ਮਾਹਾਂ ਕਾ ਜਬ ਹੋਆ, ਤਬ ਆਇ ਜੈਰਾਮ ਕੋ ਮਿਲੇ ।" ਸੋ ਇਹ ਜ਼ਿਕਰ ਤਕਰੀਬਨ ੪ ਮੱਘਰ, ਸੰਮਤ ੧੫੬੧ ਦਾ ਹੈ । ਈਸਵੀ ਸੰਨ ਅਨੁਸਾਰ ਤਕਰੀਬਨ ੩੦ ਅਕਤੂਬਰ ਸੰਨ ੧੫੦੪ ਸੀ । ਸੁਲਤਾਨਪੁਰ, ਕਪੂਰਥਲੇ ਤੋਂ ੧੬ ਮੀਲ ਦੱਖਣ ਪਾਸੇ ਹੈ । ੧੧ਵੀਂ ਸਦੀ ਵਿਚ ਮਹਮੂਦ ਗਜ਼ਨਵੀ ਦੇ ਫ਼ੌਜਦਾਰ ਸੁਲਤਾਨ ਖ਼ਾਨ ਲੋਦੀ ਨੇ ਇਹ ਨਗਰ ਵਸਾਇਆ ਸੀ ।

ਉਸ ਵੇਲੇ ਤੱਕ ਸਤਿਗੁਰ ਜੀ ਦੇ ਘਰ ਦੋਨੋਂ ਸਾਹਿਬਜ਼ਾਦੇ ਬਾਬਾ ਸਿਰੀ ਚੰਦ ਅਤੇ ਬਾਬਾ ਲਖਮੀ ਦਾਸ ਜੀ ਪੈਦਾ ਹੋ ਚੁੱਕੇ ਸਨ । ਸਿੱਖ-ਇਤਿਹਾਸ ਅਨੁਸਾਰ ਬਾਬਾ ਸਿਰੀ ਚੰਦ ਜੀ ਦਾ ਜਨਮ ਭਾਦਰੋਂ ਸੁਦੀ ੯, ਸੰਮਤ ੧੫੫੧ (ਅਗਸਤ, ਸੰਨ ੧੪੯੪) ਨੂੰ ਹੋਇਆ ਸੀ, ਅਤੇ ਬਾਬਾ ਲਖਮੀ ਦਾਸ ਜੀ ਦਾ ੧੯ ਫੱਗਣ, ਸੰਮਤ ੧੫੫੩ ਨੂੰ (ਮਾਰਚ, ੧੪੯੭)।

ਤਲਵੰਡੀ ਤੋਂ ਤੁਰਨ ਲੱਗਿਆਂ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਆਪਣੇ ਨਾਲ ਲੈ ਲਿਆ । ਮਰਦਾਨਾ ਭੀ ਸਤਿਗੁਰੂ ਜੀ ਤੋਂ ਬਿਨਾਂ ਨਹੀਂ ਸੀ ਰਹਿ ਸਕਦਾ ।

ਸਤਾਰਾਂ ਅਠਾਰਾਂ ਸਾਲਾਂ ਦੀ ਅੱਤ ਨੇੜੇ ਦੀ ਪ੍ਰੀਤ ਬਣ ਚੁੱਕੀ ਸੀ। ਸਾਥ ਛੱਡਦਾ ਭੀ ਕਿਵੇਂ? ਬਾਕੀ ਲੋਕਾਂ ਦੀਆਂ ਨਜ਼ਰਾਂ ਵਿਚ ਮਰਦਾਨਾ ਇਕ ਗ਼ਰੀਬ ਮਿਰਾਸੀ ਹੀ ਸੀ। ਸਾਵੀਂ ਮਨੁੱਖਤਾ ਵਾਲਾ ਸਲੂਕ ਉਸ ਨੂੰ ਸਿਰਫ਼ ਸਤਿਗੁਰੂ ਜੀ ਤੋਂ ਹੀ ਮਿਲ ਰਿਹਾ ਸੀ।

ਗੁਰੂ ਸਾਹਿਬ ਪਰਿਵਾਰ ਨੂੰ ਆਪਣੇ ਮਾਤਾ ਪਿਤਾ ਪਾਸ ਹੀ ਛੱਡ ਆਏ। ਬਾਬਾ ਸਿਰੀ ਚੰਦ ਜੀ ਦੀ ਉਮਰ ਉਸ ਵੇਲੇ ਦਸਾਂ ਸਾਲਾਂ ਦੀ ਸੀ, ਅਤੇ ਬਾਬਾ ਲਖਮੀ ਦਾਸ ਜੀ ਦੀ ਸੱਤਾਂ ਸਾਲਾਂ ਦੀ।

## ਮੋਦੀ ਖ਼ਾਨਾ

ਉਸ ਸਮੇਂ ਕਿਸਾਨ ਲੋਕ ਸਰਕਾਰੀ ਮਾਮਲਾ, ਆਮ ਤੌਰ ਤੇ, ਜਿਨਸ ਵਿਚ ਦਿਆ ਕਰਦੇ ਸਨ। ਸਰਕਾਰੀ ਮੁਲਾਜ਼ਮਾਂ ਨੂੰ ਤਨਖ਼ਾਹ ਦਾ ਬਹੁਤਾ ਹਿੱਸਾ ਇਸੇ ਜਿਨਸ ਵਿੱਚੋਂ ਹੀ ਮਿਲਦਾ ਸੀ। ਮੁਲਾਜ਼ਮਾਂ ਨੂੰ ਇਹ ਜਿਨਸ ਤੋਲ ਕੇ ਦੇਣੀ ਦਿਵਾਣੀ ਮੋਦੀ ਦੀ ਜ਼ਿਮੇਵਾਰੀ ਹੁੰਦੀ ਸੀ। ਵਧ ਰਹੀ ਜਿਨਸ ਵੇਚ ਕੇ ਰੁਪਇਆ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾਉਣਾ ਹੁੰਦਾ ਸੀ। ਸਾਰਾ ਸਰਕਾਰੀ ਕੰਮ ਕਾਰ ਇਸੇ ਮਹਿਕਮੇ ਦੇ ਆਸਰੇ ਸੀ। ਮੋਦੀ ਦਾ ਅਹੁਦਾ ਬੜੀ ਭਾਰੀ ਜ਼ਿਮੇਵਾਰੀ ਦਾ ਸੀ। ਇਸ ਅਹੁਦੇ ਉੱਤੇ ਕਿਸੇ ਮੰਨੇ-ਪਰਮੰਨੇ ਈਮਾਨਦਾਰ ਆਦਮੀ ਦੀ ਲੋੜ ਹੁੰਦੀ ਸੀ ਜੋ ਨਾ ਸਰਕਾਰ ਨਾਲ ਅਤੇ ਨਾ ਹੀ ਮੁਲਾਜ਼ਮਾਂ ਅਤੇ ਹੋਰ ਗਾਹਕਾਂ ਨਾਲ ਘੱਟ ਵਧ ਤੋਲਣ ਦੀ ਠੱਗੀ ਕਰੇ।

ਨਵਾਬ ਦੌਲਤ ਖ਼ਾਨ ਨੇ ਭਾਈ ਜੈਰਾਮ ਜੀ ਦੀ ਸਿਫ਼ਾਰਸ਼ ਤੇ ਗੁਰੂ ਨਾਨਕ ਦੇਵ ਜੀ ਨੂੰ ਮੋਦੀ ਦੇ ਅਹੁਦੇ ਤੇ ਰੱਖ ਲਿਆ। ਸੰਨ ੧੫੦੪ ਦੇ ਨਵੰਬਰ ਦਾ ਸ਼ੁਰੂ ਸੀ।

## ਰੋਜ਼ਾਨਾ ਕਿਰਿਆ

ਜਿਵੇਂ ਤਲਵੰਡੀ ਵਿਚ ਰਹਿੰਦਿਆਂ, ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਮਿਲ ਕੇ ਅੰਮ੍ਰਿਤ ਵੇਲੇ ਤੋਂ ਦਿਨ ਚੜ੍ਹੇ ਤੱਕ ਕੀਰਤਨ ਕਰਦੇ ਸਨ, ਹੱਟੀ-ਪੱਟੀ ਤੋਂ ਵਿਹਲੇ ਹੋ ਕੇ ਤੀਜੇ ਚੌਥੇ ਪਹਿਰ, ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਫੇਰ ਕੀਰਤਨ ਦਾ ਆਹਰ ਰੱਖਦੇ ਸਨ, ਉਸੇ ਤਰ੍ਹਾਂ, ਸੁਲਤਾਨ ਪੁਰ ਜਾ ਕੇ ਭੀ, ਅਕਾਲ ਪੁਰਖ ਦੀ ਸਿਫ਼ਤ ਸਾਲਾਹ ਵਾਲੀ ਇਹ ਕਾਰ ਜਾਰੀ ਰਹੀ। ਵੇਈਂ ਨਦੀ ਸੁਲਤਾਨਪੁਰ ਦੇ ਕੋਲੋਂ ਦੀ ਵਗਦੀ ਸੀ। ਵੇਈਂ ਨਾਂ ਦੀਆਂ ਨਦੀਆਂ ਦੋ ਹਨ, ਕਾਲੀ ਵੇਈਂ ਤੇ ਚਿੱਟੀ ਵੇਈਂ। ਕਾਲੀ ਵੇਈਂ ਜ਼ਿਲਾ ਹੁਸ਼ਿਆਰਪੁਰ ਦੀ ਤਹਸੀਲ ਦਸੂਹਾ ਦੇ ਪਿੰਡ ਟੇਰਕਿਆਣੇ ਦੇ ਛੰਭ ਵਿੱਚੋਂ ਨਿਕਲ ਕੇ, ਪੁਰਾਣੀ ਰਿਆਸਤ ਕਪੂਰਥਲੇ ਦੇ ਇਲਾਕੇ ਵਿੱਚੋਂ ਲੰਘਦੀ ਹੋਈ, ਸੁਲਤਾਨਪੁਰੋਂ ਅਗਾਂਹ ਜਾ ਕੇ ਸਤਲੁਜ ਵਿਚ ਹਰੀ ਕੇ ਪੱਤਣ ਤੋਂ ਦਸ ਕੁ ਮੀਲ ਉੱਪਰਲੇ ਪਾਸੇ, ਮਿਲ ਜਾਂਦੀ ਹੈ।

ਗੁਰੂ ਸਾਹਿਬ ਸਵਾ ਪਹਿਰ ਰਾਤ ਰਹਿੰਦੀ ਉੱਠ ਕੇ ਕਾਲੀ ਵੇਈਂ ਵਿਚ ਇਸ਼ਨਾਨ ਕਰਦੇ ਅਤੇ ਫੇਰ ਭਾਈ ਮਰਦਾਨੇ ਨਾਲ ਰਲ ਕੇ ਕੀਰਤਨ ਵਿਚ ਜੁੜਦੇ ਸਨ। ਏਥੇ ਭੀ ਕਈ ਸਤਿਸੰਗੀ ਬਣ ਗਏ। ਦਿਨੋ ਦਿਨ ਸਤਿਸੰਗ ਰੌਣਕ ਫੜਦਾ ਗਿਆ। ਏਥੇ ਸਤਿਸੰਗ ਦੀ ਬਰਕਤ ਨਾਲ ਪਿੰਡ ਮੈਲਸੀਹਾਂ ਦੇ ਨੰਬਰਦਾਰ ਭਾਈ ਭਗੀਰਥ ਨੇ ਦੁਰਗਾ ਦੀ ਪੂਜਾ ਛੱਡ ਕੇ ਸਿੱਖ-ਧਰਮ ਗ੍ਰਹਿਣ ਕੀਤਾ ਸੀ। ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਵਿੱਚੋਂ ਇਹ ਇਕ ਤੁਰਨੇ-ਫਿਰ ਸਿੱਖ ਹੋਇਆ ਹੈ।

## ਮੋਦੀ ਦੀ ਕਾਰ

ਜਿਸ ਕਿਸੇ ਨੂੰ ਭੀ ਕਦੇ ਕਚਹਿਰੀਆਂ ਜਾਂ ਮਾਲ ਦੇ ਮਹਿਕਮੇ ਵਾਲਿਆਂ ਨਾਲ ਵਾਹ ਪਿਆ ਹੈ ਉਹ ਜਾਣਦਾ ਹੈ ਕਿ ਇਨ੍ਹੀਂ ਥਾਈਂ ਰਿਸ਼ਵਤ,ਆਦਿਕ ਦਾ ਬੜਾ ਜ਼ੋਰ ਹੁੰਦਾ ਹੈ। ਕੋਈ ਵਿਰਲਾ ਹੀ ਹੁੰਦਾ ਹੈ ਜੋ ਇਸ ਬੁਰਾਈ ਤੋਂ ਬਚਿਆ ਰਹੇ। ਈਮਾਨਦਾਰ ਮਨੁੱਖ ਨਿਰੀ ਮਾਇਕ ਆਮਦਨ ਨੂੰ ਹੀ ਲੱਤ ਨਹੀਂ ਮਾਰਦਾ, ਉਸ ਨੂੰ ਅਨੇਕਾਂ ਵਿਰੋਧੀਆਂ ਨਾਲ ਭੀ ਟਾਕਰਾ ਕਰਨਾ ਪੈਂਦਾ ਹੈ। ਰਿਸ਼ਵਤ-ਖ਼ੋਰ ਕਰਮਚਾਰੀ ਆਪਣੇ ਆਪਣੇ ਮਹਿਕਮੇ ਵਿੱਚੋਂ ਈਮਾਨਦਾਰ ਮੁਲਾਜ਼ਿਮਾਂ ਦਾ ਕੰਡਾ ਕਿਸੇ ਨ ਕਿਸੇ ਤਰੀਕ ਨਾਲ ਕੱਢਣ ਦੇ ਜਤਨ ਕਰਦੇ ਰਹਿੰਦੇ ਹਨ। ਰਿਸ਼ਵਤ ਦੇਣ ਦਿਵਾਣ ਵਾਲਿਆਂ ਨੂੰ ਭੀ ਈਮਾਨਦਾਰ ਮੁਲਾਜ਼ਿਮ ਪਸੰਦ ਨਹੀਂ ਆਉਂਦਾ, ਕਿਉਂਕਿ ਉਨ੍ਹਾਂ ਦੇ ਕਈ ਯੋਗ-ਅਯੋਗ ਕੰਮ ਰੁਕ ਜਾਂਦੇ ਹਨ। ਪਰ ਆਮ ਜਨਤਾ ਨੂੰ ਈਮਾਨਦਾਰ ਮੁਲਾਜ਼ਿਮ ਬੜਾ ਪਿਆਰਾ ਲਗਦਾ ਹੈ। ਗੁਰੂ ਨਾਨਕ ਦੇਵ ਜੀ ਬਾਰੇ ਜਨਮ-ਸਾਖੀ ਵਾਲਾ ਲਿਖਦਾ ਹੈ–"ਐਸਾ ਕੰਮ ਕਰਨਿ, ਜੋ ਸਭੁ ਕੋਈ ਖ਼ੁਸ਼ੀ ਹੋਵੈ। ਸਭੁ ਲੋਕ ਆਖਨਿ ਜੋ ਵਾਹ ਵਾਹ ਕੋਈ ਭਲਾ ਹੈ। ਸਭੁ ਕੋ ਖਾਨ ਆਗੈ ਸੁਪਾਰਸ਼ ਕਰੈ। ਖਾਨੁ ਬਹੁਤ ਖੁਸ਼ੀ ਹੋਆ॥"

## ਗ਼ਰੀਬਾਂ ਲੋੜਵੰਦਾਂ ਦੀ ਸਹਾਇਤਾ

ਤਲਵੰਡੀ ਵਾਂਗ ਇੱਥੇ ਭੀ ਆਪਣੀ ਕਮਾਈ ਵਿੱਚੋਂ ਗੁਰੂ ਨਾਨਕ ਦੇਵ ਜੀ ਖੁੱਲ੍ਹੇ ਦਿਲ ਗ਼ਰੀਬਾਂ ਲੋੜਵੰਦਾਂ ਦੀ ਮਦਦ ਕਰਦੇ ਰਹੇ। ਸਿੱਖ-ਇਤਿਹਾਸ ਨੇ ਵੰਨਗੀ ਵਜੋਂ ਇੱਕੋ ਸਾਖੀ ਦਿੱਤੀ ਹੈ। ਇਹ ਸੁਣ ਕੇ, ਕਿ ਨਵਾਬ ਦਾ ਮੋਦੀ ਗ਼ਰੀਬਾਂ ਨਾਲ ਬੜਾ ਦਰਦ ਵੰਡਦਾ ਹੈ ਇਕ ਗ਼ਰੀਬ ਬ੍ਰਾਹਮਣ ਨੇ ਆ ਕੇ ਬੇਨਤੀ ਕੀਤੀ ਕਿ ਮੇਰੀ ਜਵਾਨ ਲੜਕੀ ਵਿਆਹੁਣ-ਯੋਗ ਹੋ ਗਈ ਹੈ, ਪਰ ਮੇਰੇ ਪੱਲੇ ਕੁੱਝ ਨਹੀਂ। ਵਿਆਹ ਵਿਚ ਜੋ ਜੋ ਕੁੱਝ ਚਾਹੀਦਾ ਸੀ, ਗੁਰੂ ਨਾਨਕ ਦੇਵ ਜੀ ਨੇ ਉਸ ਦੀ ਸੂਚੀ ਤਿਆਰ ਕਰਾਈ। ਕੁੱਝ ਸਮਾਨ ਐਸਾ ਸੀ ਜਿਸ ਦੇ ਖ਼ਰੀਦਣ ਲਈ ਲਾਹੌਰ ਜਾਣ ਦੀ ਲੋੜ ਪੈ ਗਈ। ਸੁਲਤਾਨਪੁਰ ਦਾ ਬਹੁਤਾ ਵਣਜ-ਵਪਾਰ ਲਾਹੌਰ ਨਾਲ ਹੀ ਹੁੰਦਾ ਸੀ, ਸੁਲਤਾਨਪੁਰ ਦੇ ਰਾਜਸੀ ਸੰਬੰਧ ਲਾਹੌਰ ਨਾਲ ਸਨ। ਲਾਹੌਰ

ਦਾ ਗਵਰਨਰ ਤਾਤਾਰ ਖ਼ਾਨ ਲੋਦੀ, ਨਵਾਬ ਦੌਲਤ ਖ਼ਾਨ ਦਾ ਪਿਉ ਸੀ। ਗੁਰੂ ਨਾਨਕ ਦੇਵ ਜੀ ਨੇ ਭਾਈ ਭਗੀਰਥ ਨੂੰ ਗ਼ਰੀਬ ਬ੍ਰਾਹਮਣ ਦੀ ਲੜਕੀ ਦੇ ਵਿਆਹ ਦੀ ਸਾਮਗ੍ਰੀ ਖ਼ਰੀਦਣ ਲਈ ਲਾਹੌਰ ਭੇਜਿਆ, ਜੋ ਉੱਥੋਂ ਦੇ ਇਕ ਵਪਾਰੀ ਮਨਸੁਖ ਨੂੰ ਜਾ ਮਿਲਿਆ।

## ਦੀਵੇ ਤੋਂ ਦੀਵਾ

ਮਨਸੁਖ ਨੂੰ ਭਾਈ ਭਗੀਰਥ ਦੇ ਜੀਵਨ ਵਿਚ ਕੋਈ ਐਸੀ ਸੁਆਦਲੀ ਖਿੱਚ ਜਾਪੀ ਕਿ ਉਸ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਸੋਭਾ-ਵਡਿਆਈ ਸੁਣ ਕੇ ਉਹ ਭੀ ਉਸ ਦੇ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਸੁਲਤਾਨਪੁਰ ਆ ਗਿਆ। ਪਹਿਲਾਂ ਉਸ ਦੇ ਮਨ ਵਿਚ ਇਹ ਗੰਢ ਬੱਝੀ ਹੋਈ ਸੀ ਕਿ ਸਭ ਸੰਤਾਂ ਸਾਧਾਂ ਨੇ ਠੱਗੀ ਹੀ ਚਲਾਈ ਹੋਈ ਹੈ, ਸਚਾਈ ਕਿਤੇ ਨਹੀਂ। ਪਰ ਗੁਰੂ ਨਾਨਕ ਦੇਵ ਜੀ ਦੀ ਰੋਜ਼ਾਨਾ ਜੀਵਨ-ਮਰਯਾਦਾ, ਰਹਿਣੀ ਬਹਿਣੀ, ਕਿਰਤ-ਕਾਰ, ਅਤੇ ਗ਼ਰੀਬ-ਪਰਵਰੀ ਵੇਖ ਕੇ ਮਨਸੁਖ ਦਾ ਮਨ ਪਤੀਜ ਗਿਆ। ਕੁੱਝ ਸਮਾਂ ਸੁਲਤਾਨਪੁਰ ਰਹਿ ਕੇ, ਸਤਿਸੰਗ ਵਿਚ ਸਿੱਖੀ ਜੀਵਨ ਦਾ ਰਸਤਾ ਦ੍ਰਿੜ੍ਹ ਕਰ ਕੇ, ਸਤਿਗੁਰੂ ਜੀ ਦੀ ਅਗਿਆ ਅਨੁਸਾਰ ਮੁੜ ਆਪਣੇ ਕਾਰ ਵਿਹਾਰ ਵਿਚ ਜਾ ਲੱਗਾ। ਮਨਸੁਖ ਵਪਾਰ ਦਾ ਕੰਮ ਕਰਦਾ ਸੀ, ਅਤੇ ਦੂਰ ਦੂਰ ਦੇ ਸ਼ਹਿਰਾਂ ਤੇ ਦੇਸ਼ਾਂ ਵਿਚ ਇਸ ਦਾ ਆਉਣ ਜਾਣ ਸੀ। ਸਿੱਖ-ਇਤਿਹਾਸ ਅਨੁਸਾਰ ਮਨਸੁਖ ਸਿੰਘਲਾਦੀਪ ਭੀ ਜਾਇਆ ਕਰਦਾ ਸੀ। ਕੁਦਰਤ ਦਾ ਨਿਯਮ ਹੈ ਕਿਸ ਦਾ ਉੱਚੇ ਜੀਵਨ ਤੋਂ ਹੀ ਨਵਾਂ ਸੁਚੱਜਾ ਜੀਵਨ ਬਣਦਾ ਹੈ। ਮਨਸੁਖ ਕਈ ਵਾਰੀ ਵਪਾਰ ਦੇ ਸੰਬੰਧ ਵਿਚ ਸਿੰਘਲਾਦੀਪ ਜਾ ਚੁੱਕਿਆ ਸੀ, ਅਨੇਕਾਂ ਵਪਾਰੀ ਤੇ ਹੋਰ ਲੰਕਾ-ਨਿਵਾਸੀ ਉਸ ਦੇ ਜਾਣੂ-ਪਛਾਣੂ ਬਣ ਚੁੱਕੇ ਹੋਏ ਸਨ। ਸਿੰਘਲਾਦੀਪ ਦੇ ਇਕ ਰਾਜੇ ਸ਼ਿਵਨਾਭ ਨਾਲ ਭੀ ਉਸ ਦੀ ਡੂੰਘੀ ਸਾਂਝ ਸੀ। ਗੁਰੂ ਨਾਨਕ ਦੇਵ ਜੀ ਤੋਂ ਨਵਾਂ ਜੀਵਨ ਲੈ ਕੇ ਜਦੋਂ ਮਨਸੁਖ ਸਿੰਘਲਾਦੀਪ ਗਿਆ ਤਾਂ ਉਸ ਦੇ ਪੁਰਾਣੇ ਜਾਣੂ ਪਛਾਣੂ ਉਸ ਦੀ ਨਵੀਂ ਰਹਿਣੀ ਬਹਿਣੀ, ਉਸ ਦੇ ਨਵੇਂ ਸੁਭਾਵ, ਉਸ ਦੇ ਨਵੇਂ ਸੁੱਚੇ ਵਣਜ-ਵਪਾਰ ਨੂੰ ਤੱਕ ਕੇ ਬੜੇ ਹੈਰਾਨ ਹੋਏ। ਕਈ ਸਿੰਘਾਲੀ ਲੋਕ ਸਤਿਸੰਗ ਦੇ ਆਸਰੇ, ਗੁਰੂ ਨਾਨਕ ਦੇਵ ਜੀ ਦੇ ਨਾਮ-ਲੇਵਾ ਬਣੇ। ਰਾਜਾ ਸ਼ਿਵਨਾਭ ਭੀ ਗੁਰੂ-ਚਰਨਾਂ ਦਾ ਭੌਰਾ ਬਣਿਆ। ਮਨਸੁਖ ਸੰਨ ੧੫੦੬-੭ ਵਿਚ ਸਿੰਘਲਾਦੀਪ ਗਿਆ ਸੀ।

## ਪਰਿਵਾਰ ਸੁਲਤਾਨਪੁਰ ਵਿਚ

ਸੁਲਤਾਨਪੁਰ ਵਿਚ ਕੁੱਝ ਦਿਨ ਸਤਿਗੁਰੂ ਜੀ ਨੇ ਰੋਟੀ ਦਾ ਪ੍ਰਬੰਧ ਵੱਡੀ ਭੈਣ ਜੀ ਦੇ ਘਰ ਹੀ ਰੱਖਿਆ, ਫੇਰ ਆਪਣੇ ਪਰਿਵਾਰ ਨੂੰ ਤਲਵੰਡੀ ਤੋਂ ਮੰਗਾ ਲਿਆ। ਸਤਿਸੰਗ ਦੇ ਵਧਣ ਨਾਲ ਕਈ ਸਤਿਸੰਗੀਆਂ ਨੂੰ ਅਤੇ ਦੂਰੋਂ ਨੇੜਿਓਂ ਆਏ ਲੋੜਵੰਦਾਂ ਨੂੰ ਪ੍ਰਸ਼ਾਦ ਛਕਾਉਣਾ ਗੁਰੂ ਨਾਨਕ ਦੇਵ ਜੀ ਦੀ ਨਿੱਤ ਦੀ ਕਾਰ ਸੀ। ਇਤਨੇ ਕੰਮ ਦਾ ਭਾਰ ਬਹੁਤਾ ਚਿਰ ਭੈਣ ਉੱਤੇ ਨਹੀਂ ਸੀ ਪਾਇਆ ਜਾ ਸਕਦਾ।

ਸਤਿਗੁਰੂ ਜੀ ਦੇ ਮਾਤਾ ਪਿਤਾ ਤਲਵੰਡੀ ਹੀ ਰਹੇ ।

## ਚੁਗਲੀਆਂ

ਬੜੇ ਹੀ ਮਹੀਨਿਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਖੁੱਲ੍ਹ-ਦਿਲੀ ਅਤੇ ਗ਼ਰੀਬ-ਪਰਵਰੀ ਦੀ ਸੋਭਾ ਚੁਫੇਰੇ ਦੂਰ ਦੂਰ ਤੱਕ ਖਿੱਲਰ ਗਈ । ਨਵਾਬ ਦੌਲਤ ਖ਼ਾਨ ਦੇ ਰਿਸ਼ਵਤ-ਖ਼ੋਰ ਕਰਮਚਾਰੀਆਂ ਨੇ ਉਸ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਨਵਾਂ ਮੋਦੀ ਸਰਕਾਰੀ-ਮੋਦੀਖ਼ਾਨਾ ਲੁਟਾਈ ਜਾ ਰਿਹਾ ਹੈ । ਇਹ ਚੁਗ਼ਲੀਆਂ ਸੁਣ ਕੇ ਨਵਾਬ ਨੂੰ ਕਈ ਵਾਰੀ ਹੌਲ ਭੀ ਪੈਂਦੇ ਹੋਣਗੇ, ਪਰ ਜਦੋਂ ਉਹ ਗੁਰੂ ਨਾਨਕ ਜੀ ਦੇ ਸੁੱਚੇ ਜੀਵਨ ਨੂੰ ਦੇਖਦਾ ਸੀ, ਤਾਂ ਉਸ ਦਾ ਮਨ ਖਲੋ ਜਾਂਦਾ ਸੀ । ਇਸ ਤਰ੍ਹਾਂ ਇਕ ਪੂਰਾ ਸਾਲ ਲੰਘ ਗਿਆ । ਲੇਖਾ ਹੋਣ ਉੱਤੇ ਨਵਾਬ ਨੂੰ ਤਸੱਲੀ ਹੋ ਗਈ । ਚੁਗਲੀਆ ਤਾਂ ਦੂਜੇ ਸਾਲ ਭੀ ਹੁੰਦੀਆਂ ਰਹੀਆਂ ਪਰ ਹੁਣ ਨਵਾਬ ਦਾ ਮਨ ਪਤੀਜ ਚੁੱਕਾ ਸੀ । ਫਿਰ ਭੀ ਉਸ ਨੂੰ ਇਤ੍ਹੋਂ ਜਾਪਦਾ ਰਹਿੰਦਾ ਸੀ ਕਿ ਗੁਰੂ ਨਾਨਕ ਦੇਵ ਜੀ ਦਾ ਮਨ ਦੁਨੀਆਦਾਰਾਂ ਵਾਂਗ ਕੰਮ ਵਿਚ ਗੱਡਿਆ ਹੋਇਆ ਨਹੀਂ ਹੈ । ਇਸ ਤਰ੍ਹਾਂ ਹੀ ਪੌਣੇ ਤਿੰਨ ਕੁ ਸਾਲ ਸਤਿਗੁਰੂ ਜੀ ਨੂੰ ਮੋਦੀਖ਼ਾਨੇ ਦੀ ਕਾਰ ਕਰਦਿਆਂ ਲੰਘ ਗਏ ।

## ਹੈ ਹੈ ਕਰਦੀ ਸੁਣੀ ਲੁਕਾਈ

ਸਿੱਖ-ਇਤਿਹਾਸ ਵਿਚ ਵੇਈਂ ਨਦੀ ਵਾਲੀ ਸਾਖੀ ਬੜੀ ਪ੍ਰਸਿੱਧ ਹੈ । ਗੁਰੂ ਨਾਨਕ ਦੇਵ ਜੀ ਸਦਾ ਵਾਂਗ, ਭਾਦਰੋਂ ਸੁਦੀ ੧੩, ਸੰਮਤ ੧੫੬੪ ਨੂੰ ਕਾਲੀ ਵੇਈਂ ਵਿਚ ਇਸ਼ਨਾਨ ਕਰਨ ਲਈ ਵੜੇ । ਈਸਵੀ ਸੰਨ ਅਨੁਸਾਰ ਮਿਤੀ ੨੩ ਅਗਸਤ ਦੇ ਕਰੀਬ ਸੀ । ਨਾਲੇ ਵਰਖਾ ਰੁੱਤ ਮੁੱਕੀ ਨਹੀਂ ਸੀ । ਹੜ੍ਹਾਂ ਦੀ ਬਹਾਰ ਸੀ । ਸਿੱਖ-ਇਤਿਹਾਸ ਅਨੁਸਾਰ ਸਤਿਗੁਰੂ ਜੀ ਇਸ਼ਨਾਨ ਕਰਨ ਗਏ ਮੁੜ ਨਦੀ ਤੋਂ ਬਾਹਰ ਨਾ ਨਿਕਲੇ । ਤਿੰਨ ਦਿਨ ਲੋਪ ਰਹੇ । ਨਾਲ ਗਿਆ ਟਹਿਲੀਆ ਦਿਨ ਚੜ੍ਹੇ ਤੱਕ ਉਡੀਕ ਕੇ ਵਾਪਸ ਘਰ ਆ ਗਿਆ ਤੇ ਖ਼ਬਰ ਕਰ ਦਿੱਤੀ । ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਤੋਂ ਸਿਵਾ ਸਭ ਨੂੰ ਇਹ ਖ਼ਿਆਲ ਬਣ ਗਿਆ ਕਿ ਉਹ ਹੜ੍ਹ ਵਿਚ ਰੁੜ੍ਹ ਗਏ ਹਨ ਜਾਂ ਡੁੱਬ ਗਏ ਹਨ ।

ਭਾਈ ਗੁਰਦਾਸ ਜੀ ਦੀ ਇਸ਼ਾਰੇ-ਮਾਤਰ ਦਿੱਤੀ ਸਾਖੀ ਤੋਂ ਪਤਾ ਚੱਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਪ੍ਰਭੂ-ਚਰਨਾਂ ਵਿਚ ਜੁੜ ਕੇ ਗ਼ਰੀਬ ਜਨਤਾ ਉੱਤੇ ਉੱਚ-ਜਾਤੀਏ ਲੋਕਾਂ ਅਤੇ ਜਾਬਿਰ ਹਾਕਮਾਂ ਵੱਲੋਂ ਹੋ ਰਹੇ ਜ਼ੁਲਮਾਂ ਨੂੰ ਦੂਰ ਕਰਨ ਬਾਰੇ, ਇਕਾਂਤ ਵਿਚ ਵਿਚਾਰਾਂ ਕਰ ਰਹੇ ਸਨ । ਇਹ ਇਕ ਬੜਾ ਮਹਾਨ ਕੰਮ ਸੀ । ਬੜੀ ਹੀ ਕੁਰਬਾਨੀ ਦੀ ਲੋੜ ਸੀ । ਇਸ ਕੰਮ ਨੂੰ ਪੂਰੀ ਕਾਮਯਾਬੀ ਨਾਲ ਸਿਰੇ ਚਾੜ੍ਹਨ ਲਈ ਬੜਾ ਵਿਚਾਰ-ਭਰਿਆ ਪ੍ਰੋਗ੍ਰਾਮ ਚਾਹੀਦਾ ਸੀ । ਜਿਹੜੇ ਧਰਮ ਅਸਥਾਨ ਜਨਤਾ ਨੂੰ ਜੀਵਨ-ਜਾਚ ਸਿਖਾਉਣ ਲਈ ਬਣੇ ਸਨ ਅੱਜ ਉਹੀ ਜਨਤਾ ਦੇ ਦੁੱਖਾਂ ਦਾ ਵਸੀਲਾ ਸਨ । ਹਿੰਦੂ ਤੀਰਥ, ਜੋਗੀਆਂ ਦੇ ਮੱਠ, ਇਸਲਾਮ ਦੇ

ਧਰਮ-ਕੇਂਦਰ,—ਸਭਨਾਂ ਥਾਵਾਂ ਦੇ ਧਰਮ-ਰੱਖਿਅਕ,ਜਨਤਾ ਨੂੰ ਪੈਰਾਂ ਹੇਠ ਲਿਤਾੜ ਰਹੇ ਸਨ। ਬ੍ਰਾਹਮਣਾਂ, ਜੋਗੀਆਂ, ਸਿੱਧਾਂ, ਸਈਅਦਾਂ, ਪੀਰਾਂ, ਫ਼ਕੀਰਾਂ, ਸਭਨਾਂ ਦੀਆਂ ਜਨਤਾ ਉੱਤੇ ਹੋ ਰਹੀਆਂ ਵਧੀਕੀਆਂ ਨਸ਼ਰ ਕਰਨੀਆਂ ਪੈਣੀਆਂ ਸਨ, ਜਿਸ ਕਰਕੇ ਇਨ੍ਹਾਂ ਦਾ ਵੈਰ ਸਹੇੜਨਾ ਪੈਣਾ ਸੀ। ਸਹਿਮੀ ਹੋਈ ਜਨਤਾ ਨੂੰ ਜਗਾਣਾ ਪੈਣਾ ਸੀ ਤੇ ਦਲੇਰ ਹੋ ਕੇ ਆਪਣੇ ਪੈਰਾਂ ਉੱਤੇ ਖਲੋਣ ਲਈ ਹਲਾ-ਸ਼ੇਰੀ ਦੇਣੀ ਪੈਣੀ ਸੀ। ਇਹ ਇਕ ਬਗਾਵਤ ਦ ਤੁੱਲ ਸੀ। ਗੁਰੂ ਨਾਨਕ ਦੇਵ ਜੀ ਦੀ ਉਮਰ ਉਸ ਵੇਲੇ ਸਾਢੇ ਅਠੱਤੀ ਸਾਲ ਸੀ। ਉਹਨਾਂ ਦੇ ਦੋਵੇਂ ਪੁੱਤਰ ਸਿਰੀ ਚੰਦ ਤੇ ਲਖਮੀਦਾਸ ਅਜੇ ਅਵਾਣ ਉਮਰ ਸਨ। ਜੇ ਗ਼ਰੀਬਾਂ ਦੀ ਦੁਖੀਆਂ ਦੀ ਬਾਂਹ ਫੜਨੀ ਸੀ, ਤਾਂ ਇਨ੍ਹਾਂ ਮਾਸੂਮ ਬੱਚਿਆਂ ਨੂੰ ਪਰ-ਅਧੀਨ ਕਰਨਾ ਪੈਣਾ ਸੀ। 'ਸੌ ਚਾਚਾ ਤੇ ਇਕ ਪਿਉ' ਦਾ ਅਖਾਣ ਕੋਈ ਝੂਠੀ ਗੱਲ ਨਹੀਂ। ਉਨ੍ਹਾਂ ਦੀ ਇਸਤ੍ਰੀ ਭੀ ਅਜੇ ਜਵਾਨ ਉਮਰ ਸੀ, ਜਿਸ ਨੂੰ ਪਤੀ ਦੇ ਸਾਥ ਦੀ ਲੋੜ ਦਾ ਅੰਦਾਜ਼ਾ ਇਸ ਪੰਜਾਬੀ ਅਖਾਣ ਤੋਂ ਲੱਗ ਸਕਦਾ ਹੈ ਕਿ 'ਅਨਾਥ ਇਸਤ੍ਰੀ ਆਟੇ ਦਾ ਪੇੜਾ ਹੈ, ਘਰ ਵਿਚ ਚੂਹੇ ਖਾਣ ਨੂੰ ਪੈਂਦੇ ਹਨ ਤੇ ਬਾਹਰ ਕਾਂ।' ਗ਼ਰੀਬਾਂ ਦੀ ਸਾਰ ਲੈਣ ਤੁਰਿਆਂ ਗੁਰੂ ਨਾਨਕ ਦੇਵ ਜੀ ਉੱਤੇ ਜੋ ਸਰੀਰਿਕ ਔਖਿਆਈਆਂ ਆਉਣੀਆਂ ਸਨ ਉਹ ਭੀ ਕੋਈ ਸਾਧਾਰਣ ਨਹੀਂ ਸਨ। ਹਜ਼ਾਰਾਂ ਮੀਲਾਂ ਦਾ ਪੈਦਲ ਸਫ਼ਰ, ਕਈ ਕਈ ਦਿਨਾਂ ਦੀ ਭੁੱਖ ਤ੍ਰੇਹ, ਕਿਤੇ ਮੀਲਾਂ ਤੱਕ ਰੇਗਿਸਤਾਨ ਹੀ ਰੇਗਿਸਤਾਨ, ਕਹਿਰ ਦੀਆਂ ਲੋਆਂ ਵਿਚ ਭੱਠ-ਤਪਤੇ ਰੇਤ ਥਲੇ, ਕਿਤੇ ਜੰਗਲ ਹੀ ਜੰਗਲ, ਜਿੱਥੇ ਲਹੂ-ਪੀਣੇ ਮੱਛਰ ਨਾ ਦਿਨੇ ਚੈਨ ਲੈਣ ਦੇਣ ਨਾ ਰਾਤ ਨੂੰ, ਨਾਮ-ਮਾਤਰ ਕੱਜਣ ਵਿਚ ਗਰਮਾਂ ਤੇ ਸਰਦੀ ਦਾ ਕਸ਼ਟ, ਓਪਰੇ ਓਪਰੇ ਬੰਦੇ, ਓਪਰੀ ਓਪਰੀ ਬੋਲੀ, ਕਿਤੇ ਸ਼ਹਿਰਾਂ ਦੇ ਚਲਾਕ ਤੇ ਕੋਰੇ ਲੋਕ, ਕਿਤੇ ਜਾਂਗਲੀ ਤੇ ਮਾਣਸ-ਖਾਣੇ ਲੋਕ।

ਜੇ ਦੁਖੀਆਂ ਦਾ ਦਰਦ ਵੰਡਣ ਤੁਰਨਾ ਸੀ ਤਾਂ ਅਜੇਹੇ ਅਨੇਕਾਂ ਭਿਆਨਕ ਔਖ ਅੱਖਾਂ ਪਾੜ ਪਾੜ ਕੇ ਵਿਖਾਲੀ ਦੇ ਰਹੇ ਸਨ। ਦੂਜਾ ਪਾਸਾ ਸੀ ਘਰ ਦਾ ਸੁਖ। ਆਗਿਆਕਾਰ ਇਸਤ੍ਰੀ ਤੇ ਤੋਤਲੀਆਂ ਗੱਲਾਂ ਕਰਦੇ ਬੱਚਿਆਂ ਦਾ ਪਿਆਰ। ਸੌਖੀ ਰੋਜ਼ੀ, ਇੱਜ਼ਤ ਤੇ ਸਤਿਕਾਰ-ਭਰੀ ਰੋਜ਼ੀ। ਨਵਾਬ ਦੌਲਤ ਖ਼ਾਨ ਨੂੰ ਭਾਗਾਂ ਨਾਲ ਇਹ ਈਮਾਨਦਾਰ ਮੋਦੀ ਮਿਲਿਆ ਸੀ, ਉਹ ਤਾਂ ਲੱਟੂ ਹੋਇਆ ਹੋਇਆ ਸੀ। ਇੱਥੋਂ ਤੱਕ ਕਿ ਭਾਈ ਗੁਰਦਾਸ ਜੀ ਉਸ ਵਿਚ ਤੇ ਸਿਦਕੀ ਸਿੱਖ ਵਿਚ ਫ਼ਰਕ ਨਹੀਂ ਲਭ ਸਕੇ, ਤੇ ਦੌਲਤ ਖ਼ਾਨ ਨੂੰ ਸਿੱਖਾਂ ਦੀ ਕਤਾਰ ਵਿਚ ਗਿਣ ਗਏ। ਮੋਦੀ ਦੇ ਕੰਮ ਵਿਚ ਗੁਰੂ ਨਾਨਕ ਸਾਹਿਬ ਦੀ ਈਮਾਨਦਾਰੀ ਤੇ ਗ਼ਰੀਬ-ਪਰਵਰੀ ਦੀ ਸੋਭਾ ਘਰ ਘਰ ਹੋ ਰਹੀ ਸੀ। ਸੁਲਤਾਨਪੁਰ ਦੀਆਂ ਗਲੀਆਂ ਤੇ ਕੱਖਾਂ ਨੂੰ ਭੀ ਜੀਭ ਲੱਗੀ ਹੋਈ ਸੀ ਤੇ ਆਖਦੇ ਸਨ 'ਧੰਨ ਨਾਨਕ ਮੋਦੀ'। ਜੇ ਸਹੀ ਥਾਂ ਦੀ ਸਾਰ ਲੈਣ ਤੁਰਨਾ ਸੀ ਤਾਂ ਇਨ੍ਹਾਂ ਸਾਰੇ ਸੁੱਖਾਂ ਨੂੰ ਲਤ ਮਾਰਨੀ ਪੈਣੀ ਸੀ। ਮਨ ਦੋਹਾਂ ਪਾਸਿਆਂ ਨੂੰ ਤਕੜੀ ਵਿਚ ਤੋਲ ਰਿਹਾ ਸੀ। ਕਲਿਜੁਗ ਬਾਜ਼ੀ ਜਿੱਤਣ ਲਈ ਪੂਰਾ ਜ਼ੋਰ ਲਾ ਰਿਹਾ ਸੀ ਪਰ ਚੁਫਾਲ ਡਿੱਗ ਪਿਆ। ਗੁਰੂ ਨਾਨਕ ਦੇਵ ਜੀ ਨੇ ਫ਼ੈਸਲਾ ਕਰ ਲਿਆ

ਕਿ ਸੜ ਰਹੀ ਧਰਤੀ ਉੱਤੇ ਠੰਢ ਵਰਤਾਉਣ ਲਈ ਨਿੱਜੀ ਸੁਖ ਕੁਰਬਾਨ ਕਰਨੇ ਹੀ ਸਹੀ ਰਸਤਾ ਹੈ ।

ਆਪ ਨੇ ਭਾਦਰੋਂ ਸੁਦੀ ੧੫ ਨੂੰ ਸਵੇਰੇ ਹੀ ਸੁਲਤਾਨਪੁਰ ਦੇ ਬਾਹਰ ਕਬਰਿਸਤਾਨ ਵਿਚ ਆ ਡੇਰਾ ਕੀਤਾ । ਪਲਾਂ ਵਿਚ ਹੀ ਘਰ ਘਰ ਖ਼ਬਰ ਖਿੱਲਰ ਗਈ ਕਿ ਉਨ੍ਹਾਂ ਦਾ ਪਿਆਰਾ ਮੋਦੀ ਜੀਉਂਦਾ ਹੈ ਤੇ ਨਗਰੋਂ ਬਾਹਰ ਕਬਰਿਸਤਾਨ ਵਿਚ ਆਇਆ ਬੈਠਾ ਹੈ । ਨਵਾਬ ਦੌਲਤ ਖ਼ਾਨ ਤੋਂ ਲੈ ਕੇ ਗ਼ਰੀਬ ਤੋਂ ਗ਼ਰੀਬ ਤੱਕ ਆ ਢੁੱਕੇ, ਪਰ ਹੁਣ ਸੁਲਤਾਨਪੁਰ ਦੇ ਨਿੱਕੇ ਜਿਹੇ ਮੋਦੀਖ਼ਾਨੇ ਵਿਚ ਬੈਠਣੋਂ ਇਨਕਾਰ ਹੋ ਚੁੱਕਾ ਸੀ। ਜਗਤ, ਉੱਚੀਆਂ ਨੀਵੀਆਂ ਜਾਤਾਂ ਦੇ ਵ੍ਰਿਤਕਰਿਆਂ, ਅਮੀਰੀ ਗ਼ਰੀਬੀ ਦੀਆਂ ਵਿੱਥਾਂ, ਅਤੇ ਹਿੰਦੂ-ਮੁਸਲਮਾਨਾਂ, ਕਾਫ਼ਿਰ-ਮੋਮਿਨ ਦੇ ਪਾੜਿਆਂ ਵਿਚ ਦੁਖੀ ਹੋ ਰਿਹਾ ਸੀ । ਸੁਲਤਾਨਪੁਰ-ਨਿਵਾਸੀ, ਬੱਚੇ ਤੋਂ ਬੁੱਢੇ ਤੱਕ, ਢਾਈਆਂ ਤਿੰਨਾਂ ਸਾਲਾਂ ਦੇ ਅੰਦਰ ਹੀ ਗੁਰੂ ਨਾਨਕ ਦੇਵ ਜੀ ਨਾਲ ਅੱਤ ਨੇੜੇ ਦੀ ਸਾਂਝ ਬਣਾ ਚੁੱਕੇ ਸਨ । ਉਹ ਇਹ ਸੁਣ ਕੇ ਘਬਰਾ ਜਿਹੇ ਗਏ ਕਿ ਉਨ੍ਹਾਂ ਦਾ ਹਰ-ਮਨ-ਪਿਆਰਾ ਮੋਦੀ ਉਨ੍ਹਾਂ ਤੋਂ ਸਦਾ ਲਈ ਵਿੱਛੜ ਚੱਲਿਆ ਹੈ । ਵੇਈਂ ਨਦੀ ਤੋਂ ਵਾਪਸ ਆ ਕੇ ਗੁਰੂ ਸਾਹਿਬ ਨੇ ਉਨ੍ਹਾਂ ਨਾਲ ਪਹਿਲੀ ਗੱਲ ਹੀ ਇਹ ਕੀਤੀ ਕਿ 'ਨਾ ਕੋਈ ਹਿੰਦੂ ਨਾ ਮੁਸਲਮਾਨ ।' ਸਮਝਾਇਆ ਇਹ ਕਿ ਹਿੰਦੂ ਮੁਸਲਮਾਨ ਵਾਲੇ ਵਿਤਕਰੇ ਛੱਡੋ, ਖ਼ਾਲਿਕ ਨੂੰ ਸਾਰੀ ਖ਼ਲਕਤ ਵਿਚ ਵੇਖੋ । ਨਵਾਬ ਦੌਲਤ ਖ਼ਾਨ ਨੂੰ ਤੇ ਸਾਰੇ ਸੁਲਤਾਨਪੁਰ ਨਿਵਾਸੀਆਂ ਨੂੰ ਦੱਸਿਆ ਕਿ ਅਸਾਂ ਦੂਰ ਦੁਰੇਡੇ ਦੇਸ਼ਾਂ ਦੇ ਚੱਕਰ ਲਾ ਕੇ ਹਿੰਦੂ ਮੁਸਲਮਾਨ ਵਾਲੀ ਵਿੱਥ ਦੂਰ ਕਰਨ ਦੇ ਜਤਨ ਕਰਨੇ ਹਨ, ਤਾ ਕਿ ਲੋਕ ਸਿਰਜਨਹਾਰ ਖ਼ਾਲਿਕ ਨੂੰ, ਉਸ ਦੀ ਰਚੀ ਖ਼ਲਕਤ ਵਿਚ ਵੇਖ ਸਕਣ ਤੇ ਜਗਤ ਵਿਚ ਠੰਢ ਸ਼ਾਂਤੀ ਵਰਤੇ ।

## ਨਵਾਬ ਤੇ ਕਾਜ਼ੀ ਨਾਲ ਨਮਾਜ਼

ਨਵਾਬ ਦੌਲਤ ਖ਼ਾਨ ਦੇ ਨਾਲ ਸੁਲਤਾਨਪੁਰ ਦਾ ਵੱਡਾ ਕਾਜ਼ੀ ਭੀ ਗੁਰੂ ਨਾਨਕ ਦੇਵ ਜੀ ਨੂੰ ਵੇਖਣ ਕਬਰਿਸਤਾਨ ਵਿਚ ਆਇਆ ਹੋਇਆ ਸੀ । ਜਦੋਂ ਉਸ ਨੇ ਸਤਿਗੁਰੂ ਜੀ ਤੋਂ ਇਹ ਸੁਣਿਆ ਕਿ ਸਾਰੀ ਖ਼ਲਕਤ ਵਿਚ ਇਕ ਖ਼ਾਲਿਕ ਵੱਸਦਾ ਹੈ ਤਾਂ ਉਨ੍ਹਾਂ ਨੂੰ ਕਹਿਣ ਲੱਗਾ ਕਿ ਅਸੀਂ ਹੁਣ ਪੇਸ਼ੀ ਦੀ ਨਮਾਜ਼* ਪੜ੍ਹਨ ਜਾ ਰਹੇ ਹਾਂ, ਜੇ ਤੁਹਾਨੂੰ ਹਿੰਦੂ ਮੁਸਲਿਮ ਸਭਨਾਂ ਵਿਚ ਇੱਕੋ ਰੱਬ ਦਿੱਸਦਾ ਹੈ ਤਾਂ ਆਓ ਸਾਡੇ ਨਾਲ ਰਲ ਕੇ ਨਮਾਜ਼ ਪੜ੍ਹੋ, ਅਸੀਂ ਉਸੇ ਸਭ-ਵਿਚ-ਵੱਸਦੇ ਰੱਬ ਦੀ ਇਬਾਦਤ ਕਰਨ ਮਸਜਿਦ ਵਿਚ ਜਾ ਰਹੇ ਹਾਂ ।

---

* ਹਦੀਸ ਅਨੁਸਾਰ ਹਰੇਕ ਮੁਸਲਮਾਨ ਨੂੰ ਹਿਦਾਇਤ ਹੈ ਕਿ ਉਹ ਪੰਜ ਵੇਲੇ ਜ਼ਰੂਰ ਨਮਾਜ਼ ਪੜ੍ਹੇ । ਉਹ ਪੰਜ ਨਮਾਜ਼ਾਂ ਇਹ ਹਨ :

੧. ਸਲਾਤੁਲ ਫ਼ਜਰ—ਨਮਾਜ਼ਿ ਸੁਬਹ—ਪਹੁ ਫੁਟਾਲੇ ਤੋਂ ਲੈ ਕੇ ਸੂਰਜ ਚੜ੍ਹਨ ਤੱਕ ਦੀ ਨਮਾਜ਼ ।

(ਬਾਕੀ ਦੇਖੋ ਸਫ਼ਾ ੧੫੫ ਦੇ ਹੇਠਾਂ)

ਗੁਰੂ ਨਾਨਕ ਦੇਵ ਜੀ ਅੰਮ੍ਰਿਤ ਵੇਲੇ ਹੀ ਕਬਰਿਸਤਾਨ ਵਿਚ ਪਹੁੰਚ ਗਏ ਸਨ। ਸੁਲਤਾਨਪੁਰ ਦੇ ਲੋਕਾਂ ਦਾ ਇਕੱਠ ਉੱਥੇ ਸਵੇਰ ਤੋਂ ਲੈ ਕੇ ਦੁਪਹਿਰ ਤੱਕ ਬਣਿਆ ਰਿਹਾ। ਜਦੋਂ ਦਿਨ ਢਲਣ ਲੱਗਾ ਤਾਂ ਕਾਜ਼ੀ ਨੇ ਪੇਸ਼ੀ ਦੀ ਨਮਾਜ਼ ਪੜ੍ਹਨ ਲਈ ਸਤਿਗੁਰੂ ਜੀ ਨੂੰ ਮਸਜਿਦ ਵਿਚ ਚੱਲਣ ਲਈ ਆਖਿਆ। ਸਤਿਗੁਰੂ ਜੀ ਨਵਾਬ ਤੇ ਕਾਜ਼ੀ ਦੇ ਨਾਲ ਤੁਰ ਪਏ। ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ—"ਤਬ ਪੇਸ਼ੀ ਕੀ ਨਵਾਜ਼ ਕਾ ਵਕਤ ਹੋਇਆ। ਸਭਿ ਉਠਿ ਕਰਿ ਨਿਵਾਜ ਗੁਜਾਰਣ ਗਏ ਅਰੁ ਬਾਬਾ ਭੀ ਨਾਲ ਗਇਆ।"

ਮਸਜਿਦ ਵਿਚ ਨਮਾਜ਼ ਪੜ੍ਹਨ ਆਏ ਸਾਰੇ ਮੁਸਲਮਾਨਾਂ ਦੇ ਅੱਗੇ ਖਲੋ ਕੇ ਕਾਜ਼ੀ ਨੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਨਾਨਕ ਦੇਵ ਜੀ ਭੀ ਉਸ ਦੇ ਪਾਸ ਖੜੇ ਹੋ ਗਏ।

ਜਦੋਂ ਸਾਡੇ ਨਾਲ ਗੱਲਾਂ ਕਰਦੇ ਕਿਸੇ ਮਨੁੱਖ ਦਾ ਮਨ ਕਿਸੇ ਹੋਰ ਪਾਸੇ ਚਲਾ ਜਾਏ, ਅਸੀਂ ਉਸ ਦੇ ਚਿਹਰੇ ਤੋਂ ਸਮਝ ਲੈਂਦੇ ਹਾਂ ਕਿ ਇਸ ਦਾ ਧਿਆਨ ਕਿਸੇ ਹੋਰ ਥਾਂ ਉੱਤੇ ਹੈ। ਮਨੁੱਖ ਦਾ ਚਿਹਰਾ ਉਸ ਦੇ ਮਨ ਦਾ ਮਾਨੋ ਸ਼ੀਸ਼ਾ ਹੈ। ਸਤਿਗੁਰੂ ਜੀ ਨੇ ਨਮਾਜ਼ ਪੜ੍ਹਦੇ ਕਾਜ਼ੀ ਵੱਲ ਤੱਕਿਆ, ਤੱਕ ਕੇ ਹੱਸ ਪਏ। ਸਾਫ਼ ਦਿੱਸ ਰਿਹਾ ਸੀ ਕਿ ਕਾਜ਼ੀ ਦੀ ਸਿਰਫ਼ ਜੀਭ ਹੀ ਰਵਾਂ ਰਵੀਂ ਕੁਰਾਨ ਦੀਆਂ ਆਇਤਾਂ ਪੜ੍ਹੀ ਜਾ ਰਹੀ ਹੈ, ਮਨ ਉੱਥੇ ਹਾਜ਼ਰ ਨਹੀਂ ਹੈ।

ਮੁਸਲਮਾਨੀ ਰਾਜ, ਮੁਸਲਮਾਨਾਂ ਦਾ ਧਰਮ-ਅਸਥਾਨ ਮਸਜਿਦ, ਸੁਲਤਾਨਪੁਰ ਦਾ ਸਭ ਤੋਂ ਵੱਡਾ ਹਾਕਮ ਤੇ ਵੱਡਾ ਕਾਜ਼ੀ ਸੈਂਕੜੇ ਮੁਸਲਮਾਨਾਂ ਸਮੇਤ ਨਮਾਜ਼ ਵਿਚ ਸ਼ਾਮਿਲ—ਕਿਸੇ ਸੂਰਮੇ ਦਾ ਹੀ ਕੰਮ ਸੀ ਕਿ ਨਮਾਜ਼ ਪੜ੍ਹਦੇ ਕਾਜ਼ੀ ਦੇ ਪਾਸ ਖਲੋ ਕੇ ਉਸ ਦੇ ਮੂੰਹ ਵਲ ਤੱਕ ਕੇ ਉਸ ਦਾ ਹਾਸਾ ਉਡਾਏ। ਨਮਾਜ਼ ਵਰਗਾ ਬੜਾ ਹੀ ਪਾਕ ਕੰਮ ਕਰਦੇ ਸਭ ਤੋਂ ਵੱਡੇ ਕਾਜ਼ੀ ਉੱਤੇ, ਉਸ ਦੇ ਕੋਲ ਖਲੋ ਕੇ ਹੱਸਦੇ ਗ਼ੈਰ-ਮੁਸਲਿਮ ਵਾਸਤੇ, ਸ਼ਰਹ ਦੇ ਹੁਕਮ ਨੂੰ ਗੁਰੂ ਨਾਨਕ ਦੇਵ ਜੀ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਦੀ ਉਮਰ ਉਸ ਵੇਲੇ ਸਾਢੇ ਅਠੱਤੀ ਸਾਲਾਂ ਦੀ ਸੀ। ਪਰ ਵੇਈਂ ਨਦੀਓਂ ਪਾਰਲੇ ਪਾਸੇ, ਜਿਸ ਰਸਤੇ ਬਾਰੇ ਦੋ ਦਿਨ ਸੋਚਦੇ ਰਹੇ ਸਨ, ਉਹ ਰਸਤਾ ਲੰਘਦਾ ਹੀ ਇਹੋ ਜਿਹੀਆਂ ਕੰਡਿਆਲੀਆਂ ਝਾੜੀਆਂ ਵਿੱਚੋਂ ਦੀ ਸੀ। ਨੌਂ ਸਾਲਾਂ ਦੀ ਉਮਰੇ ਆਪ ਹਿੰਦੂ ਭਾਈਚਾਰੇ ਦੇ ਇਕੱਠ ਵਿਚ, ਬ੍ਰਾਹਮਣ ਦੇ ਖਿਲਾਰੇ ਭਰਮ-ਜਾਲ ਦੀ ਅਸਲੀਅਤ

---

(ਸਫ਼ਾ ੧੪੪ ਦੇ ਫ਼ੁਟ-ਨੋਟ ਦਾ ਬਾਕੀ)

੨. ਸਲਾਤੁੱਜ਼ੁਹਰ—ਨਮਾਜ਼ਿ ਪੇਸ਼ੀਨ—ਸੂਰਜ ਢਲਣ ਵੇਲੇ ਦੀ ਨਮਾਜ਼।

੩. ਸਲਾਤੁਲ ਅਸਰ—ਨਮਾਜ਼ਿ ਦੀਗਰ- ਤੀਜੇ ਪਹਿਰ ਦੀ ਨਮਾਜ਼।

੪. ਸਲਾਤੁਲ ਮਗ਼ਰਿਬ—ਨਮਾਜ਼ਿ ਸ਼ਾਮ—ਸੂਰਜ ਡੁੱਬਣ ਤੋਂ ਲੈ ਕੇ ਆਕਾਸ਼ ਦੀ ਲਾਲ੍ਹਗੀ ਮਿਟ ਜਾਣ ਤੱਕ ਦੀ ਨਮਾਜ਼।

੫. ਸਲਾਤੁਲ ਇਸ਼ਾ—ਨਮਾਜ਼ਿ ਖ਼ੁਫ਼ਤਨ—ਸੌਣ ਵੇਲੇ ਦੀ ਨਮਾਜ਼।

ਦੱਸੀ ਸੀ। ਅੱਜ ਇਹ ਦੂਜਾ ਮੌਕਾ ਸੀ। ਗੁਰੂ ਨਾਨਕ ਦੇਵ ਜੀ ਦੇ ਹਰੇਕ ਨਾਮ-ਲੇਵਾ ਸਿੱਖ ਵਾਸਤੇ ਸਤਿਗੁਰੂ ਜੀ ਦੀ ਨਿਰਭੈਤਾ ਦਾ ਇਹ ਦੂਜਾ ਚਾਨਣ-ਮੁਨਾਰਾ ਹੈ ਜਿਸ ਦੀ ਰੋਸ਼ਨੀ ਨਾਲ ਉਸ ਨੇ ਵੇਖਣਾ ਹੈ ਕਿ ਨਿਰਾ ਕਰਮ-ਕਾਂਡ, ਨਿਰੀ ਸ਼ਰਹ, ਜੀਵਨ ਦਾ ਸਹੀ ਰਸਤਾ ਨਹੀਂ ਹੈ।

ਕਾਜ਼ੀ ਕਿਵੇਂ ਸਹਾਰ ਸਕਦਾ ਸੀ ਇਹ ਹਾਸਾ ? ਉਸ ਨੇ ਨਮਾਜ਼ ਖ਼ਤਮ ਹੋਣ ਉੱਤੇ ਉੱਥੇ ਹੀ ਨਵਾਬ ਨੂੰ ਆਖਿਆ। ਨਵਾਬ ਨੇ ਖ਼ੁਦ ਭੀ ਇਹ ਸਭ ਕੁੱਝ ਅਖੀਂ ਵੇਖਿਆ ਸੀ. ਉਹ ਭੀ ਪਾਸ ਹੀ ਖੜਾ ਸੀ। ਉਸ ਵੱਲੋਂ ਹਾਸੇ ਦਾ ਕਾਰਣ ਪੁੱਛਣ ਉੱਤੇ ਸਤਿਗਰੂ ਜੀ ਨੇ ਉੱਤਰ ਦਿੱਤਾ ਕਿ ਕਾਜ਼ੀ ਸਾਹਿਬ ਆਪ ਹੀ ਸੱਚ ਦੱਸ ਦੇਣ। ਇਨ੍ਹਾਂ ਦਾ ਚਿਹਰਾ ਦੱਸ ਰਿਹਾ ਸੀ ਕਿ ਇਨ੍ਹਾਂ ਦਾ ਮਨ ਨਮਾਜ਼ ਵਿਚ ਨਹੀਂ ਸੀ। ਇਸ ਗੱਲ ਦਾ ਕੀਹ ਲਾਭ ਕਿ ਨਿਰੀ ਜੀਭ ਹੀ ਰਵਾਂ ਰਵੀਂ ਕੋਈ ਲਫ਼ਜ਼ ਪੜ੍ਹਦੀ ਜਾਏ ? ਜਨਮ-ਸਾਖੀ ਵਾਲਾ ਲਿਖਦਾ ਹੈ—"ਤਬ ਬਾਬੇ ਕਹਿਆ, ਖ਼ਾਨ ਜੀ ! ਜਬ ਉਹ ਨਮਾਜ਼ ਉਪਰਿ ਖੜਾ ਥਾ ਤਬਿ ਇਨ ਕਾ ਮਨੁ ਠਉੜ ਨਾ ਥਾ। ਇਨ ਕੀ ਘੋੜੀ ਸੂਈ ਥੀ, ਵਛੇਰੀ ਜੰਮੀ ਥੀ, ਅਰੁ ਵਛੇਰੀ ਛਡਿ ਕਰਿ ਆਇਆ ਥਾ। ਅਰੁ ਵੇੜ੍ਹੇ ਵਿਚ ਖੂਹੀ ਥੀ। ਅਰੁ ਇਨਿ ਕਹਿਆ, ਮਤੁ ਵਛੇਰੀ ਖੂਹੀ ਵਿਚਿ ਪਉਂਦੀ ਹੋਵੈ। ਇਨ ਕਾ ਮਨੁ ਉਹਾਂ ਗਇਆ ਆਹਾ ਇਸ ਕੀ ਨਮਾਜ਼ ਕਬੂਲ ਨਹੀਂ ਪੜੀ।"

## ਸੁਲਤਾਨਪੁਰ ਤੋਂ ਤਿਆਰੀ

ਭਾਦਰੋਂ ਸੁਦੀ ੧੫ ਸੰਮਤ ੧੫੬੪ ਨੂੰ ਗੁਰੂ ਨਾਨਕ ਦੇਵ ਜੀ ਨੇ ਮੋਦੀਖ਼ਾਨਾ ਛੱਡ ਦਿੱਤਾ। ਸੂਰਜ ਦੇ ਹਿਸਾਬ ਤਦੋਂ ਤਕਰੀਬਨ ਪਹਿਲੀ ਅੱਸੂ ਸੀ। ਈਸਵੀ ਅਨੁਸਾਰ ਸੰਨ ੧੫੦੭, ਅਗਸਤ ਦੀ ਤਕਰੀਬਨ ੩੦ ਤਾਰੀਖ਼ ਸੀ।*

---

*ਅੱਜ ਕਲ ਅਸੀਂ ਵੇਖਦੇ ਹਾਂ ਕਿ ਅੰਗਰੇਜ਼ੀ ਮਹੀਨੇ ਦੇ ਤਕਰੀਬਨ ਅੱਧ ਵਿਚ ਜਾ ਕੇ ਦੇਸੀ ਮਹੀਨਾ ਸ਼ੁਰੂ ਹੁੰਦਾ ਹੈ ! ਅੰਗਰੇਜ਼ੀ ਤੇ ਦੇਸੀ ਮਹੀਨੇ ਇਕੱਠੇ ਸ਼ੁਰੂ ਨਹੀਂ ਹੁੰਦੇ। ਅੱਸੂ ਦੀ ਸੰਗ੍ਰਾਂਦ ਸਤੰਬਰ ਦੇ ਅੱਧ ਵਿਚ ਆਉਂਦੀ ਹੈ। ਸ਼ਰਾਧ, ਆਮ ਤੌਰ ਤੇ, ਸਤੰਬਰ ਦੇ ਅੱਧ ਵਿਚ ਆਉਂਦੇ ਹਨ, ਅਗਸਤ ਦੇ ਅਖ਼ੀਰ ਵਿਚ ਨਹੀਂ। ਭਾਦੋਂ ਸੁਦੀ ੧੫ ਨੂੰ ਪਹਿਲਾ ਸ਼ਰਾਧ ਹੁੰਦਾ ਹੈ। ਇਹ ਜ਼ਰੂਰੀ ਜਾਪਦਾ ਹੈ ਕਿ ਇਹ ਟਪਲਾ ਇੱਥੇ ਹੱਲ ਕੀਤਾ ਜਾਏ।

ਯੋਰਪ ਦੇ ਈਸਾਈ ਮੁਲਕਾਂ ਵਿਚ ਈਸਵੀ ਸੰਨ ਦੀਆਂ ਤਾਰੀਖ਼ਾਂ ਬਾਰੇ ਕਈ ਵਾਰੀ ਫ਼ਰਕ ਪੈ ਜਾਂਦਾ ਸੀ। ਉਨ੍ਹਾਂ ਮੁਲਕਾਂ ਨੇ ਉਸ ਫ਼ਰਕ ਨੂੰ ਠੀਕ ਕਰ ਕੇ ਇੱਕੋ ਤਾਰੀਖ਼ ਕਰ ਲਈ। ਪਰ ਇੰਗਲਿਸਤਾਨ ਨੇ ਨਾਂਹ ਕੀਤੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸੰਨ ੧੭੫੨ ਦੇ ਸਤੰਬਰ ਤੱਕ ਉਨ੍ਹਾਂ ਦਾ ਯੋਰਪ ਦੇ ਮੁਲਕਾਂ

(ਬਾਕੀ ਦੇਖੋ ਸਫ਼ਾ ੧੪੭ ਦੇ ਹੇਠਾਂ)

## ਮੋਦੀਖ਼ਾਨੇ ਦਾ ਲੇਖਾ

ਜਦੋਂ ਨਵਾਬ ਨੇ ਪੱਕ ਕਰ ਲਿਆ ਕਿ ਗੁਰੂ ਨਾਨਕ ਦੇਵ ਜੀ ਨੇ ਮੋਦੀਖ਼ਾਨਾ ਜ਼ਰੂਰ ਛੱਡ ਦੇਣਾ ਹੈ, ਤਾਂ ਸਾਰੇ ਹਿਸਾਬ ਦੀ ਪੜਤਾਲ ਕੀਤੀ ਗਈ। ਗ਼ਰੀਬਾਂ ਤੱਕ ਇਹ ਖ਼ਬਰ ਬਿਜਲੀ ਦੀ ਰੌ ਵਾਂਗ ਅੱਪੜ ਗਈ ਕਿ ਉਨ੍ਹਾਂ ਦਾ ਦਰਦੀ ਉਨ੍ਹਾਂ ਨੂੰ ਸਦਾ ਲਈ ਛੱਡ ਚੱਲਿਆ ਹੈ. ਅਨੇਕਾਂ ਦੀ ਭੀੜ ਉੱਥੇ ਹੋ ਗਈ। ਹਿਸਾਬ ਅਨੁਸਾਰ ਆਪਣੀ ਬਾਕੀ ਰਕਮ ਵਿੱਚੋਂ ਸਤਿਗੁਰੂ ਜੀ ਨੇ ਫੇਰ ਕਈਆਂ ਦੀ ਸਹਾਇਤਾ ਕਰ ਦਿੱਤੀ।

## ਸੁਲਤਾਨਪੁਰ ਤੋਂ ਕੂਚ

ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਆਏ ਸਨ ਤਦੋਂ ਸੰਮਤ ੧੫੪੯ ਦੇ ਮਹੀਨਾ ਮੱਘਰ ਦੀ ਤਕਰੀਬਨ ੪ ਤਾਰੀਖ਼ ਸੀ, ਈਸਵੀ ਸੰਨ ੧੫੦੨ ਦੀ ਤਕਰੀਬਨ ੩੦ ਅਕਤੂਬਰ। ਜਿਸ ਦਿਨ ਸੁਲਤਾਨਪੁਰ ਛੱਡਿਆ ਉਸ ਦਿਨ ਸੰਮਤ ੧੫੬੪ ਦੇ

---

(ਸਫ਼ਾ ੧੪੬ ਦੇ ਫ਼ੁਟ ਨੋਟ ਦਾ ਬਕਾਇਆ)
ਨਾਲੋਂ ੧੧ ਦਿਨਾਂ ਦਾ ਫ਼ਰਕ ਪੈ ਗਿਆ। ਇੰਗਲਿਸਤਾਨ ੧੧ ਦਿਨ ਪਿੱਛੇ ਰਹਿ
ਗਿਆ। ਸੰਨ ੧੭੫੨ ਤੱਕ ਜਦੋਂ ਸਾਡੇ ਦੇਸ਼ ਵਿਚ ੧ ਵੈਸਾਖ ਹੁੰਦਾ ਸੀ,
ਇੰਗਲਿਸਤਾਨ ਵਿਚ ੨੫ ਜਾਂ ੨੮ ਮਾਰਚ ਹੁੰਦਾ ਸੀ। ਅੰਗਰੇਜ਼ਾਂ ਨੇ ਯੌਰਪ ਦੇ ਦੂਜੇ
ਮੁਲਕਾਂ ਨਾਲ ਤਾਰੀਖ਼ ਦੀ ਸਾਂਝ ਰੱਖਣ ਲਈ ਇਹ ਫ਼ੈਸਲਾ ਕੀਤਾ ਕਿ ੨ ਸਤੰਬਰ
ਤੋਂ ਪਿੱਛੋਂ ੩ ਸਤੰਬਰ ਦੇ ਥਾਂ ੧੪ ਸਤੰਬਰ ਕੀਤਾ ਜਾਏ। ਜਦੋਂ ਸਾਡੇ ਦੇਸ਼ ਵਿਚ
ਸੰਮਤ ੧੭੦ ਦੇ ਅੱਸੂ ਦੀ ਸੰਗ੍ਰਾਂਦ ਸੀ ਅਤੇ ਚੰਦ੍ਰਮਾਂ ਦੇ ਹਿਸਾਬ ਭਾਦਰੋਂ ਸੁਦੀ
੬ ਸੀ ਉਸ ਦਿਨ ਇੰਗਲਿਸਤਾਨ ਵਿਚ ੨ ਸਤੰਬਰ, ਸੰਨ ੧੭੫੨ ਸੀ, ਦਿਨ ਬੁੱਧਵਾਰ;
ਅਗਲੇ ਦਿਨ ਵੀਰਵਾਰ, ੨ ਅੱਸੂ ਨੂੰ, ਅੰਗਰੇਜ਼ਾਂ ਨੇ ੧੪ ਸਤੰਬਰ ਕਰ ਲਿਆ। ਇਸ
ਦਾ ਨਤੀਜਾ ਇਹ ਹੋਇਆ ਕਿ ਅਗਲੇ ਸਾਲ ਸੰਨ ੧੭੫੩ ਵਿਚ ਸਾਡੀ ਵੈਸਾਖ
ਦੀ ਸੰਗ੍ਰਾਂਦ ਨੂੰ ਇੰਗਲਿਸਤਾਨ ਵਿਚ ੯ ਅਪ੍ਰੈਲ ਸੀ। ਫੇਰ ਆਮ ਤੌਰ ਤੇ, ੧੦
ਅਪ੍ਰੈਲ ਨੂੰ ਵੈਸਾਖ ਦੀ ਪਹਿਲੀ ਤਾਰੀਖ਼ ਹੋਣ ਲੱਗ ਪਈ। ਸੰਨ ੧੯੦੦ ਦੀ
ਵੈਸਾਖੀ ਨੂੰ ੧੧ ਅਪ੍ਰੈਲ ਸੀ। ਫਿਰ ਕਦੇ ੧੧ ਤੇ ਕਦੇ ੧੨ ਹੋਣ ਲੱਗ ਪਈ।
ਸੰਨ ੧੯੦੨ ਵਿਚ ਵੈਸਾਖੀ ੧੩ ਅਪ੍ਰੈਲ ਨੂੰ ਸੀ। ਕਦੇ ੧੨ ਕਦੇ ੧੩। ਹੁਣ ਆਮ
ਤੌਰ ਤੇ ੧੩ ਅਪ੍ਰੈਲ ਨੂੰ ਵੈਸਾਖ ਦੀ ਸੰਗ੍ਰਾਂਦ ਆਉਂਦੀ ਹੈ। ਇਸੇ ਹਿਸਾਬ ਅੱਸੂ
ਦੀ ਸੰਗ੍ਰਾਂਦ, ਸਤੰਬਰ ਦੇ ਤਕਰੀਬਨ ਅੱਧ ਵਿਚ ਆ ਜਾਂਦੀ ਹੈ। ਸੋ ਜਦੋਂ
ਤਕਰੀਬਨ ੧ ਅੱਸੂ ਨੂੰ ਸੁਲਤਾਨਪੁਰ ਛੱਡਿਆ, ਤਦੋਂ ਦੇ ਅੰਗਰੇਜ਼ਾਂ ਦੇਸ਼ ਵਿਚ ੩੦
ਅਗਸਤ ਦੇ ਕਰੀਬ ਤਾਰੀਖ਼ ਸੀ। ਇਸ ਤਰ੍ਹਾਂ ਉਸ ਸਾਲ ਸ਼ਰਾਧ ਦੇ ਅਗਸਤ ਦੇ
ਆਖ਼ੀਰ ਵਿਚ ਆ ਗਏ। ਸ਼ਰਾਧ ਸਦਾ ਭਾਦਰੋਂ, ਸੁਦੀ ੧੫ ਤੋਂ ਸ਼ੁਰੂ ਹੁੰਦੇ ਹਨ।

ਮਹੀਨਾ ਅੱਸੂ ਦੀ ਤਕਰੀਬਨ ਪਹਿਲੀ ਤਾਰੀਖ਼ ਸੀ, ਈਸਵੀ ਸੰਨ ਅਨੁਸਾਰ ੧੫੦੭ ਦੇ ਅਗਸਤ ਦੀ ੩੦ ਤਾਰੀਖ਼ ਦੇ ਕਰੀਬ। ਸਤਿਗੁਰੂ ਜੀ ਸੁਲਤਾਨਪੁਰ ਵਿਚ ਦੋ ਸਾਲ ਦਸ ਮਹੀਨੇ ਟਿਕੇ ਰਹੇ।

## ਪਰਿਵਾਰ ਦੀ ਸਪੁਰਦਗੀ

ਕਈ ਸਿੱਖ-ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਸਹੁਰਾ ਮੂਲਚੰਦ ਜੀ ਸੁਲਤਾਨਪੁਰ ਆਏ ਹੋਏ ਸਨ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਮੋਦੀਖ਼ਾਨਾ ਤਿਆਗਣ ਬਾਰੇ ਸਾਰੀ ਗੱਲ ਸਮਝਾ ਦਿੱਤੀ, ਅਤੇ ਆਪਣੇ ਪਰਿਵਾਰ ਦੀ ਸੌਂਪਣਾ ਉਨ੍ਹਾਂ ਨੂੰ ਕਰ ਦਿੱਤੀ। ਸਤਿਗੁਰੂ ਜੀ ਦੀ ਭੈਣ ਬੀਬੀ ਨਾਨਕੀ ਜੀ ਅਤੇ ਭਣਵਈਆ ਭਾਈ ਜੈਰਾਮ ਭੀ ਪਾਸ ਹੀ ਸਨ।

ਗ੍ਰਿਹਸਤੀ ਦੇ ਦ੍ਰਿਸ਼ਟੀ-ਕੋਣ ਤੋਂ ਪਰਿਵਾਰ ਤੋਂ ਵਿਛੜਨ ਦਾ ਉਹ ਸਮਾਂ ਬੜਾ ਹੀ ਪੀੜ-ਭਰਿਆ ਹੋਵੇਗਾ। ਕਈ ਸਾਲਾਂ ਦਾ ਲੰਮਾ ਸਫ਼ਰ, ਪਤਾ ਨਹੀਂ ਮੁੜ ਮਿਲਣਾ ਹੈ ਕਿ ਨਹੀਂ, ਬੱਚਿਆਂ ਦੀ ਤੇ ਇਸਤ੍ਰੀ ਦੀ ਪਰ-ਅਧੀਨਤਾ,—ਇਨ੍ਹਾਂ ਖ਼ਿਆਲਾਂ ਨੇ ਸਾਰੇ ਪਰਿਵਾਰ ਨੂੰ ਵਿਆਕੁਲ ਕਰ ਦਿੱਤਾ। ਪਰ ਇਹ ਕੁਰਬਾਨੀ ਕੀਤੇ ਬਿਨਾਂ ਸਾਰੇ ਦੇਸ਼ ਦੇ ਵਿਲਕਦਿਆਂ ਦੀ ਬਾਂਹ ਕਿਵੇਂ ਫੜੀ ਜਾ ਸਕਦੀ ਸੀ ? (ਚਲਦਾ)

## ਸੂਚਨਾਵਾਂ

੧. ਆਲੋਚਨਾ ਵਿਚ ਛਪਣ ਵਾਲੇ ਲੇਖਕ ਆਪਣੀਆਂ ਰਾਵਾਂ ਦੇ ਆਪ ਜ਼ਿੰਮੇਵਾਰ ਹੁੰਦੇ ਹਨ।

੨. ਨਿਰੋਲ ਰਾਜਨੀਤਿਕ, ਪੱਖ ਪਾਤੀ, ਅਸਭ੍ਯ ਤੇ ਅਸ਼ਲੀਲ ਲੇਖ ਛਪਣ ਲਈ ਸ੍ਵੀਕਾਰ ਨਹੀਂ ਕੀਤੇ ਜਾਂਦੇ।

੩. ਹਰ ਲੇਖ ਬਾਰੇ ਪਾਠਕਾਂ ਦੀਆਂ ਰਾਵਾਂ ਨੂੰ ਜੀ ਆਇਆਂ ਕਿਹਾ ਜਾਂਦਾ ਹੈ। ਆਮ ਤੌਰ ਉੱਤੇ, ਅੱਗੇ ਛਪ ਚੁੱਕੇ ਲੇਖਾਂ ਨੂੰ, ਦੋਬਾਰਾ ਛਾਪਣ ਤੋਂ ਸੰਕੋਚ ਕੀਤਾ ਜਾਂਦਾ ਹੈ।

੪. ਸੰਪਾਦਕ ਨਾ ਛਪ ਸਕਣ ਵਾਲੇ ਲੇਖਾਂ ਨੂੰ ਮੋੜਨ ਦਾ ਜ਼ਿੰਮੇਵਾਰ ਨਹੀਂ ਹੋਵੇਗਾ।

੫. ਆਲੋਚਨਾ ਵਿਚ ਛਪਣ ਵਾਲੀ ਸਾਮਗ੍ਰੀ ਦਾ ਸੇਵਾ-ਫਲ ੩੦੦ ਸ਼ਬਦਾਂ ਦੇ ਢਾਈ ਰੁਪੈ, ਦੀ ਦਰ ਨਾਲ ਵੱਧ ਤੋਂ ਵੱਧ ੨੫ ਰੁਪੈ ਤੱਕ, ਭੇਟ ਕੀਤਾ ਜਾਂਦਾ ਹੈ। ਇਹ ਭੇਟਾ ਅਕਾਡਮੀ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਦੇ ਰੂਪ ਵਿਚ ਉਗਰਾਹੀ ਜਾ ਸਕਦੀ ਹੈ ਜਾਂ ਪੰਜਾਬੀ ਸਾਹਿੱਤ ਅਕਾਡਮੀ ਦੀ ਜੀਵਨ-ਮੈਂਬਰੀ ਦੇ ਹਿਸਾਬ ਵਿਚ ਜਮ੍ਹਾ ਕਰਵਾਈ ਜਾ ਸਕਦੀ ਹੈ।

ਆਧੁਨਿਕ ਪੰਜਾਬੀ ਸਾਹਿੱਤ ਦਾ ਆਪਣੀ ਕਿਸਮ ਦਾ ਇੱਕੋ ਇਕ

## ਤ੍ਰੈਮਾਸਿਕ ਪੱਤਰ

# ਸੰਕੇਤ

ਜਿਸ ਵਿਚ ਪੰਜਾਬੀ ਅਤੇ ਦੂਜੀਆਂ ਭਾਰਤੀ ਤੇ ਬਦੇਸ਼ੀ ਬੋਲੀਆਂ ਦੀਆਂ ਚੋਣਵੀਆਂ ਆਧੁਨਿਕ ਕਹਾਣੀਆਂ, ਕਵਿਤਾਵਾਂ, ਨਾਟਕ, ਲੇਖ ਤੇ ਫ਼ੀਚਰ ਛਪਦੇ ਹਨ। ਹਰ ਅੰਕ ਦੇ ਲਗ-ਭਗ ਦੋ ਸੌ ਸਫ਼ੇ। ਇਸ ਦਾ 'ਕਹਾਣੀ-ਅੰਕ' ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਇਕ ਮਾਅਰਕਾ
ਤੋਂ ਗਿਆ ਹੈ। ਇਸੇ ਮਹੀਨੇ ਇਸ ਦਾ **'ਲੰਬੀ ਕਹਾਣੀ ਅੰਕ'**
ਸੰ
ਰਹਾ ਹੈ।

ਪਿਛਲਾ ਅੰਕ ਅੱਜ ਹੀ ਮੰਗਵਾ ਕੇ ਪੜ੍ਹੋ। ਹਰ ਅੰਕ ਦੀ ਛਬ ਤੇ
'ਰ ਬੇਮਿਸਾਲ ਹੁੰਦੀ ਹੈ।

ਸਾਲਾਨਾ ਚੰਦਾ : ਦੇਸ਼ : ਛੇ ਰੁਪੇ
ਪਰਦੇਸ਼ : ਬਾਰਾਂ ਰੁਪੇ

ਪਤਾ :

## ਸੰਕੇਤ ਤ੍ਰੈਮਾਸਿਕ

## ਨਵੀਨ ਸਾਹਿੱਤ ਪ੍ਰਕਾਸ਼ਨ, ਮੰਡੀ ਰੋਡ,

ਜਾਲੰਧਰ ਸ਼ਹਿਰ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸਤ੍ਰਿਤ ਤੇ ਪ੍ਰਮਾਣਿਕ ਟੀਕਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ

ਟੀਕਾਕਾਰ : ਪ੍ਰੋ. ਸਾਹਿਬ ਸਿੰਘ

ਵਿਸ਼ੇਸ਼ਤਾਵਾਂ

* ਇਸ ਟੀਕਾ ਦੇ ਲੇਖਕ ਖ਼ਾਲਸਾ ਕਾਲਜ,ਅਮ੍ਰਿਤਸਰ ਵਿਚ ਸਿੱਖ ਧਰਮ ਦੇ ਮੁੱਖ-ਅਧਿਆਪਕ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ ਦੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਰਹੇ ਹਨ ।
* ਟੀਕਾਕਾਰ, ਸੰਸਕ੍ਰਿਤ, ਫ਼ਾਰਸੀ, ਹਿੰਦੀ, ਉਰਦੂ, ਪੰਜਾਬੀ ਭਾਸ਼ਾਵਾਂ ਦੇ ਵਿਦਵਾਨ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਨੂੰ ਪੁਰਾਣੀ ਪੰਜਾਬੀ ਦੇ ਵਿਆਕਰਣ ਅਨੁਸਾਰ ਪੇਸ਼ ਕਰਨ ਦੀ ਪੱਧਤੀ ਦੇ ਮੋਢੀ ਹਨ ।
* ਟੀਕਾ ਬੜੀ ਸੌਖੀ ਤੇ ਸਰਲ ਪੰਜਾਬੀ ਵਿਚ ਹੈ, ਜਿਸ ਨੂੰ ਹਰ ਪੰਜਾਬੀ ਜਾਣਨ ਵਾਲਾ ਚੰਗੀ ਤਰ੍ਹਾਂ ਸਮਝ ਸਕਦਾ ਹੈ ।
* ਟੀਕਾ ਦੀ ਤਿਆਰੀ ਉੱਤੇ ਵਿਦਵਾਨ ਟੀਕਾਕਾਰ ਦੇ ੪੦ ਸਾਲ ਲੱਗੇ ਹਨ ।
* ਇਹ ਟੀਕਾ ੨੦×੨੬/੮ ਦੇ ੧੦,੦੦੦ ਸਫ਼ਿਆਂ ਉੱਤੇ ਫ਼ੈਲੀ ਹੋਈ ਹੈ ।
* ਪ੍ਰਕਾਸ਼ਕ ਨੇ ਇਸ ਟੀਕਾ ਦੀ ਸ਼ੁੱਧ ਛਪਾਈ ਲਈ ਲੱਖਾਂ ਰੁਪੈ ਲਾ ਕੇ ਵਧੀਆ ਕਾਗ਼ਜ਼ ਤੇ ਸੁੰਦਰ ਛਪਾਈ ਦਾ ਬੰਦੋਬਸਤ ਕੀਤਾ ਹੈ ।

ਇਕ ਪੋਥੀ ਦਾ ਮੁੱਲ : ੧੫ ਰੁਪੈ

ਦਸਾਂ ਪੋਥੀਆਂ ਦੇ ਮੁਕੰਮਲ ਸੈੱਟ ਦਾ ਮੁੱਲ : ੧੩੫ ਰੁਪੈ

ਪ੍ਰਕਾਸ਼ਕ :

## ਰਾਜ ਪਬਲਿਸ਼ਰਜ਼, ਅੱਡਾ ਹੋਸ਼ਿਆਰਪੁਰ,

ਜਾਲੰਧਰ (ਤੇ ਨਵੀਂ ਸੜਕ, ਦਿੱਲੀ)


ਪ੍ਰੋ. ਪਰਮਿੰਦਰ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਲਈ ਲਾਹੌਰ ਆਰਟ ਪ੍ਰੈਸ, ਕਾਲਜ ਰੋਡ, ਲੁਧਿਆਣਾ ਵਿੱਚ ਛਾਪ ਕੇ ਦਫ਼ਤਰ 'ਆਲੋਚਨਾ', ੧੬੯ ਮਾਡਲ ਗਰਾਮ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ ।